PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

6th - 13th March 2025 • Issue No. 3070

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com



IMMIGRATION ADVICE BUREAU

SPECIALISTS ESTD 1989

FOR FREE INITIAL ADVICE

Contact: S.S.RAI

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680

India:+91-181 5086389


## ਨਿਹੰਗ ਸਿੰਘ ਜਥੇਬੰਦੀਆਂ ਨੇ ਗਿਆਨੀ ਰਘਬੀਰ ਸਿੰਘ ਨੂੰ ਮੰਗ ਪੱਤਰ ਸੌਂਪਿਆ

### ਹਰ ਤਰ੍ਹਾਂ ਦਾ ਸਹਿਯੋਗ ਤੇ ਸਮਰਥਨ ਦੇਣ ਦਾ ਦਿੱਤਾ ਭਰੋਸਾ



## ਜਗਤਾਰ ਸਿੰਘ ਜੌਹਲ ਖਾੜਕੂਵਾਦ ਦੇ 'ਬਾਘਾ ਪੁਰਾਣਾ' ਮਾਮਲੇ ਵਿੱਚੋਂ ਬਰੀ

### ✪ ਜੌਹਲ ਉੱਤੇ 8 ਕੇਸਾਂ ਬਾਰੇ ਫੈਸਲਾ ਹੋਣਾ ਬਾਕੀ



ਖਾੜਕੂਵਾਦ ਦੇ ਦੋਸ਼ਾਂ ਵਿਚ ਸੱਤ ਸਾਲਾਂ ਤੋਂ ਭਾਰਤ ਵਿਚ ਨਜ਼ਰਬੰਦ ਯੂ.ਕੇ. ਦੇ ਇਕ ਸਿੱਖ ਜਗਤਾਰ ਸਿੰਘ ਜੌਹਲ ਨੂੰ ਉਸ ਦੇ ਵਿਰੁੱਧ 9 ਕੇਸਾਂ ਵਿਚੋਂ ਇਕ ਵਿਚ ਬਰੀ ਕਰ ਦਿੱਤਾ ਗਿਆ ਹੈ। ਡੰਬਰਟਨ (ਸਕਾਟਲੈਂਡ) ਤੋਂ ਜਗਤਾਰ ਸਿੰਘ ਜੌਹਲ ਨੂੰ 2017 ਵਿਚ ਪੰਜਾਬ ਵਿਚ ਉਸ ਦੇ ਵਿਆਹ ਤੋਂ ਕੁਝ ਹ਼ਫਤੇ ਬਾਅਦ ਗ੍ਰਿ਼ਫਤਾਰ ਕਰ ਲਿਆ ਗਿਆ ਸੀ। 2017 ਤੋਂ ਚੱਲਦੇ ਆ ਰਹੇ ਇਸ ਕੇਸ ਦਾ ਹੁਣ ਯਾਨਿ 4 ਮਾਰਚ ਨੂੰ ਫ਼ੈਸਲਾ ਐਡੀਸ਼ਨਲ ਸ਼ੈਸ਼ਨ ਜੱਜ ਅਤੇ ਯੂਏਪੀਏ ਦੇ ਸਪੈਸ਼ਲ ਜੱਜ (ਮੋਗਾ) ਹਰਜੀਤ ਸਿੰਘ ਦੀ ਅਦਾਲਤ ਨੇ ਕੀਤਾ। ਉਨ੍ਹਾਂ ਨੇ ਦੱਸਿਆ ਕਿ ਫ਼ੈਸਲੇ ਮੁਤਾਬਕ ਸਾਰੇ ਇਲਜ਼ਾਮਾਂ ਤੋਂ ਜਗਤਾਰ ਸਿੰਘ ਜੌਹਲ ਨੂੰ ਬਰੀ ਕੀਤਾ ਗਿਆ ਹੈ।

ਵੇਰਵੇ ਸਹਿਤ ਪੂਰੀ ਖਬਰ ਅੰਦਰ ਦੇਖੋ:

## ਅਕਾਲ ਤਖਤ ਦੀ ਭਰਤੀ ਕਮੇਟੀ ਬਾਦਲ ਦਲ ਦੀ ਸਿਆਸਤ ਲਈ ਨਵਾਂ ਸੰਕਟ

### ✪ ਅਕਾਲ ਤਖਤ ਦੀ 5 ਮੈਂਬਰੀ ਕਮੇਟੀ 18 ਮਾਰਚ ਤੋਂ ਸ਼ੁਰੂ ਕਰੇਗੀ ਭਰਤੀ

### ✪ ਕੀ ਹੋ ਸਕਦਾ ਏ 7 ਮਾਰਚ ਨੂੰ ਸ਼੍ਰੋਮਣੀ ਕਮੇਟੀ ਦਾ ਫੈਸਲਾ?

ਪੂਰੀ ਖਬਰ ਅੰਦਰ ਦੇਖੋ:



## ਇਟਲੀ ਵਿੱਚ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਸਨ-ਬੋਨੀਫਾਚੋ ਵਿਖੇ 'ਪੱਕੀ ਤਰੀਕ ਗੁਰਪੁਰਬ ਸਭਾ' ਵੱਲੋਂ ਨਾਨਕਸ਼ਾਹੀ ਕੈਲੰਡਰ ਕੀਤਾ ਜਾਰੀ



ਹੋਰ ਤਸਵੀਰਾਂ ਸਮੇਤ ਪੂਰੀ ਰਿਪੋਰਟ ਅੰਦਰਲੇ ਪੰਨਿਆਂ 'ਤੇ ਦੇਖੋ:

## ਕਥਿਤ ਜਾਦੂਗਰ ਪਾਸਟਰ ਬਜਿੰਦਰ ਸਿੰਘ 'ਤੇ ਸ਼ਰਧਾਲੂ ਬੀਬੀ ਨਾਲ ਜਿਨਸੀ ਛੇੜਛਾੜ ਦੇ ਦੋਸ਼ ਲਗੇ, ਕੇਸ ਦਰਜ




ਜਲੰਧਰ ਵਿੱਚ ਪੈਂਦੇ 'ਦਿ ਚਰਚ ਆਫ ਗਲੋਰੀ ਐਂਡ ਵਿਜ਼ਡਮ' ਦੇ ਸੰਸਥਾਪਕ ਪਾਸਟਰ ਬਜਿੰਦਰ ਸਿੰਘ ਵਿਵਾਦਾਂ ਵਿੱਚ ਘਿਰ ਗਏ ਹਨ ਜੋ ਕਰਾਮਾਤਾਂ ਦਿਖਾਉਣ ਤੇ ਲੋਕਾਂ ਦੇ ਦੁਖ ਖਤਮ ਕਰਨ ਦਾ ਦਾਅਵਾ ਕਰਦੇ ਹਨ। ਉਨ੍ਹਾਂ ਉੱਤੇ ਪੁਲਿਸ ਨੇ ਇੱਕ ਸ਼ਰਧਾਲੂ ਔਰਤ ਨਾਲ ਕਥਿਤ ਤੌਰ ਉੱਤੇ ਜਿਨਸੀ ਸ਼ੋਸ਼ਣ ਦੇ ਇਲਜ਼ਾਮਾਂ ਤਹਿਤ ਮਾਮਲਾ ਦਰਜ ਕੀਤਾ ਹੈ। ਪਾਸਟਰ ਬਜਿੰਦਰ ਸਿੰਘ ਵੱਲੋਂ ਪ੍ਰੈੱਸ ਕਾਨਫਰੰਸ ਕਰਕੇ ਆਪਣੇ ਉੱਤੇ ਲੱਗੇ ਇਲਜ਼ਾਮਾਂ ਨੂੰ ਸਿਰੇ ਤੋਂ ਨਕਾਰਿਆ ਗਿਆ ਹੈ। ਪੂਰੀ ਖਬਰ ਅੰਦਰ ਦੇਖੋ:

# ਟਰੰਪ ਅਤੇ ਮਸਕ ਨੂੰ ਵੱਡਾ ਝਟਕਾ, ਅਦਾਲਤ ਨੇ ਕਰਮਚਾਰੀਆਂ ਨੂੰ ਬਰਖ਼ਾਸਤ ਕਰਨ ਦੇ ਆਦੇਸ਼ 'ਤੇ ਲਗਾਈ ਰੋਕ



ਰਾਸ਼ਟਰਪਤੀ ਬਣਨ ਤੋਂ ਬਾਅਦ ਡੋਨਾਲਡ ਟਰੰਪ ਕਈ ਅਜਿਹੇ ਫ਼ੈਸਲੇ ਲੈ ਰਹੇ ਹਨ, ਜਿਨ੍ਹਾਂ ਦੀ ਕਾਫ਼ੀ ਆਲੋਚਨਾ ਵੀ ਹੋ ਰਹੀ ਹੈ। ਟਰੰਪ ਪ੍ਰਸ਼ਾਸਨ ਵੱਲੋਂ ਲਏ ਗਏ ਕਈ ਫ਼ੈਸਲਿਆਂ ਨੂੰ ਅਦਾਲਤਾਂ ਵਿੱਚ ਵੀ ਚੁਣੌਤੀ ਦਿੱਤੀ ਗਈ ਹੈ। ਅਦਾਲਤ ਨੇ ਟਰੰਪ ਪ੍ਰਸ਼ਾਸਨ ਦੇ ਇਕ ਹੋਰ ਫ਼ੈਸਲੇ 'ਤੇ ਨਾਰਾਜ਼ਗੀ ਪ੍ਰਗਟਾਈ ਹੈ। ਦਰਅਸਲ, ਹਾਲ ਹੀ ਵਿੱਚ ਟਰੰਪ ਨੇ ਸਰਕਾਰੀ ਵਿਭਾਗਾਂ ਦੇ ਵੱਡੀ ਗਿਣਤੀ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਣ ਦੇ ਆਦੇਸ਼ ਦਿੱਤੇ ਸਨ। ਜਾਣਕਾਰੀ ਮੁਤਾਬਕ ਐਲੋਨ ਮਸਕ ਦੇ ਵਿਭਾਗ (ਡੀਓਜੀਈ) ਨੇ ਇਨ੍ਹਾਂ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣ ਦਾ ਸੁਝਾਅ ਦਿੱਤਾ ਸੀ। ਅਦਾਲਤ ਨੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣ ਦੇ ਹੁਕਮਾਂ ਤੇ ਚਿੰਤਾ ਪ੍ਰਗਟਾਈ ਹੈ। ਸੈਨ ਫ਼ਰਾਂਸਿਸਕੋ ਵਿੱਚ ਇੱਕ ਸੰਘੀ ਜੱਜ ਨੇ ਵੀਰਵਾਰ ਨੂੰ ਡੋਨਾਲਡ ਟਰੰਪ ਪ੍ਰਸ਼ਾਸਨ ਦੇ ਹਜ਼ਾਰਾਂ ਨਵੇਂ ਭਰਤੀ ਕੀਤੇ ਕਰਮਚਾਰੀਆਂ ਦੀ ਛਾਂਟੀ ਕਰਨ ਦੇ ਆਦੇਸ਼ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ। ਜ਼ਿਲ੍ਹਾ ਜੱਜ ਲਿਵੀਅਮ ਅਲਸੁਪ ਨੇ ਕਿਹਾ ਕਿ ਇਨ੍ਹਾਂ ਮੁਲਾਜ਼ਮਾਂ ਦੀ ਛਾਂਟੀ ਗ਼ੈਰ-ਕਾਨੂੰਨੀ ਹੈ। ਯੂਐਸ ਆਫ਼ਿਸ ਆਫ਼ ਪਰਸੋਨਲ ਮੈਨੇਜਮੈਂਟ (OPM) ਕੋਲ ਸੰਘੀ ਏਜੰਸੀਆਂ ਦੇ ਕਰਮਚਾਰੀਆਂ ਨੂੰ ਬਰਖ਼ਾਸਤ ਕਰਨ ਦਾ ਅਧਿਕਾਰ ਨਹੀਂ ਹੈ। ਤੁਹਾਨੂੰ ਦੱਸ ਦੇਈਏ ਕਿ ਲੇਬਰ ਯੂਨੀਅਨਾਂ ਅਤੇ ਗ਼ੈਰ-ਲਾਭਕਾਰੀ ਸੰਗਠਨਾਂ ਨੇ ਟਰੰਪ ਪ੍ਰਸ਼ਾਸਨ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ।


With help and support
whenever you need it

You're better off with

Book an appointment
at specsavers.co.uk

Specsavers

Trial subject to suitability and availability. Includes one pair of reusable single-vision or multifocal lenses, five pairs of daily disposable single-vision lenses, or 10 pairs of daily disposable multifocal lenses from all of our ranges excluding coloured, gas permeable and hard lenses. Excludes lenses which have already been trialled during the previous 24 months. One free trial per person in a rolling 24-month period, from one store only. Current valid prescription required. Alternatively, an eye test will be required at our standard charge.

# ਅਕਾਲ ਤਖਤ ਦੀ ਭਰਤੀ ਕਮੇਟੀ ਬਾਦਲ ਦਲ ਦੀ ਸਿਆਸਤ ਲਈ ਨਵਾਂ ਸੰਕਟ

## ✪ ਅਕਾਲ ਤਖਤ ਦੀ 5 ਮੈਂਬਰੀ ਕਮੇਟੀ 18 ਮਾਰਚ ਤੋਂ ਸ਼ੁਰੂ ਕਰੇਗੀ ਭਰਤੀ ✪ ਕੀ ਹੋ ਸਕਦਾ ਏ 7 ਮਾਰਚ ਨੂੰ ਸ਼੍ਰੋਮਣੀ ਕਮੇਟੀ ਦਾ ਫੈਸਲਾ ?



ਇੱਕ ਪਾਸੇ ਸ਼੍ਰੋਮਣੀ ਅਕਾਲੀ ਦਲ 25 ਫਰਵਰੀ ਨੂੰ ਭਰਤੀ ਮੁਹਿੰਮ ਮੁਕੰਮਲ ਕਰ ਕੇ ਅਗਲੀ ਪ੍ਰਕਿਰਿਆ ਆਰੰਭ ਕਰ ਚੁੱਕਾ ਹੈ, ਦੂਜੇ ਪਾਸੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਆਖ ਰਹੇ ਹਨ ਕਿ ਭਰਤੀ ਸਬੰਧੀ ਜੋ ਹੁਕਮ ਕੀਤਾ ਗਿਆ ਸੀ, ਉਸ ਮੁਤਾਬਕ ਇਹ ਸ਼ੁਰੂ ਹੀ ਨਹੀਂ ਹੋਈ। ਜੇਕਰ ਹਰਜਿੰਦਰ ਸਿੰਘ ਧਾਮੀ ਅਤੇ ਕਿਰਪਾਲ ਸਿੰਘ ਬਡੂੰਗਰ ਅਸਤੀਫ਼ਾ ਵਾਪਸ ਨਹੀਂ ਲੈਣਗੇ ਤਾਂ ਪੰਜ ਮੈਂਬਰੀ ਕਮੇਟੀ ਹੁਕਮਾਂ ਮੁਤਾਬਕ ਆਪਣਾ ਕੰਮ ਕਰੇਗੀ ਅਤੇ ਇਸ ਵਿਚੋਂ ਹੀ ਇੱਕ ਮੈਂਬਰ ਕਮੇਟੀ ਦੀ ਅਗਵਾਈ ਕਰੇਗਾ। ਇਥੇ ਜ਼ਿਕਰਯੋਗ ਹੈ ਕਿ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਮਾਮਲੇ ਸਬੰਧੀ ਬਣਾਈ 7 ਮੈਂਬਰੀ ਕਮੇਟੀ ਦੇ ਬਚੇ 5 ਮੈਂਬਰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਵਰਕਾਰਾਂ ਦੀ ਭਰਤੀ ਸ਼ੁਰੂ ਕਰਨ ਤੋਂ ਪਹਿਲਾਂ ਅਰਦਾਸ ਕੀਤੀ ਸੀ। 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਨਵੀਂ ਭਰਤੀ ਕਰਨ ਲਈ ਪੰਜ ਮੈਬਰਾਂ ਵਿਚ ਸੰਤਾ ਸਿੰਘ ਉਮੈਦਪੁਰੀ, ਮਨਪ੍ਰੀਤ ਸਿੰਘ ਇਯਾਲੀ, ਇਕਬਾਲ ਸਿੰਘ ਝੂੰਦਾ, ਗੁਰਪ੍ਰਤਾਪ ਸਿੰਘ ਵਡਾਲਾ ਅਤੇ ਬੀਬੀ ਸਤਵੰਤ ਕੌਰ ਇਸ ਮੌਕੇ ਮੌਜੂਦ ਸਨ। ਉਨ੍ਹਾਂ ਨੇ ਕਿਹਾ ਕਿ 18 ਮਾਰਚ ਤੋਂ ਭਰਤੀ ਸ਼ੁਰੂ ਕੀਤੀ ਜਾਵੇਗੀ। ਜੋ ਪੂਰੀ ਇਮਾਨਦਾਰੀ, ਸਮਰਪਿਤ ਭਾਵਨਾ ਅਤੇ ਸਮੁੱਚੀਆਂ ਪੰਥਕ ਧਿਰਾਂ ਨੂੰ ਇਕੱਠਾ ਕਰਕੇ ਅਕਾਲੀ ਵਰਕਰਾਂ ਦੀ ਤਰਜਮਾਨੀ ਕਰੇਗੀ ਅਤੇ ਹਰ ਪਿੰਡ, ਕਸਬੇ, ਸ਼ਹਿਰ, ਮੁਹੱਲੇ ਤੱਕ ਪਹੁੰਚ ਕਰਕੇ ਵੱਡੇ ਪੱਧਰ 'ਤੇ ਭਰਤੀ ਕਰੇਗੀ।

ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਮੌਜੂਦਾ ਸ਼੍ਰੋਮਣੀ ਅਕਾਲੀ ਦਲ ਇਸ ਵੇਲੇ ਕਮਜ਼ੋਰ ਹੋ ਕੇ ਨਿਘਾਰ ਵੱਲ ਜਾ ਚੁੱਕਾ ਹੈ, ਜਿਸ ਕਾਰਨ ਸ੍ਰੀ ਅਕਾਲ ਤਖਤ ਵੱਲੋਂ ਸਿੱਖਾਂ ਦੀ ਇਸ ਸਿਆਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਜਥੇਬੰਦੀ ਵਜੋਂ ਉਭਾਰਨ ਲਈ ਇਸ ਦੀ ਨਵੀਂ ਭਰਤੀ ਰਾਹੀ ਨਵੀਂ ਲੀਡਰਸ਼ਿਪ ਨੂੰ ਅੱਗੇ ਲਿਆਉਣ ਦਾ ਫੈਸਲਾ ਕੀਤਾ ਗਿਆ ਸੀ। ਉਨ੍ਹਾਂ ਸਿੱਖ ਨੌਜਵਾਨ ਵਰਗ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿੱਚ ਅੱਗੇ ਆਉਣ ਤਾਂ ਜੋ ਇੱਕ ਨਵੀਂ ਲੀਡਰਸ਼ਿਪ ਨੂੰ ਉਭਾਰਿਆ ਜਾ ਸਕੇ। ਵਡਾਲਾ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਣੇ ਅਸਤੀਫੇ ਸਬੰਧੀ ਫੈਸਲੇ ਨੂੰ ਤਿਆਗ ਕੇ ਅੱਗੇ ਆਉਣ ਅਤੇ ਇਸ ਨਿਗਰਾਨ ਕਮੇਟੀ ਦੀ ਜ਼ਿੰਮੇਵਾਰੀ ਸੰਭਾਲਣ। ਉਨ੍ਹਾਂ ਕਿਹਾ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਦਿੱਤਾ ਅਸਤੀਫਾ ਵੀ ਵਾਪਸ ਲੈਣ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੀ ਜਾ ਚੁੱਕੀ ਭਰਤੀ ਸਬੰਧੀ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਵੱਲੋਂ ਇਸ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਗਿਆ ਸੀ ਅਤੇ ਕਮੇਟੀ ਵੱਲੋਂ ਹੁਣ ਤੱਕ ਭਰਤੀ ਨਹੀਂ ਕੀਤੀ ਗਈ ਹੈ। ਸ੍ਰੀ ਅਕਾਲ ਤਖਤ ਦੇ ਆਦੇਸ਼ ਮੁਤਾਬਿਕ ਇਸ ਕਮੇਟੀ ਵੱਲੋਂ ਨਵੀਂ ਭਰਤੀ 18 ਮਾਰਚ ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਇਹ ਜਵਾਬ ਨਾਲ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਹੋ ਚੁੱਕੀ ਭਰਤੀ 'ਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ।

ਸ੍ਰੀ ਅਕਾਲ ਤਖਤ ਦੇ ਅਧਿਕਾਰ ਖੇਤਰ ਨੂੰ ਸੀਮਤ ਕਰਨ ਵਾਲੇ ਬਾਦਲ ਦਲ ਪਖੀ ਸ਼੍ਰੋਮਣੀ ਕਮੇਟੀ ਦੇ ਬਿਆਨਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਦੀ ਸਥਾਪਨਾ ਸ਼੍ਰੋਮਣੀ ਕਮੇਟੀ ਤੋਂ ਵੀ ਪਹਿਲਾਂ ਹੋਈ ਸੀ। ਇਸ ਤਖਤ ਦੀ ਸਥਾਪਨਾ ਗੁਰੂ ਸਾਹਿਬ ਨੇ ਖੁਦ ਕੀਤੀ ਸੀ। ਸ੍ਰੀ ਅਕਾਲ ਤਖਤ ਦੇ ਆਦੇਸ਼ਾਂ 'ਤੇ ਸਮੁੱਚੀ ਸਿੱਖ ਕੌਮ ਨੇ ਕਈ ਮੋਰਚੇ ਲਾਏ ਹਨ ਅਤੇ ਕਈ ਜੰਗਾਂ ਵੀ ਲੜੀਆਂ ਹਨ। ਇਸ ਦੇ ਫੈਸਲੇ ਸਮੁੱਚੇ ਸਿੱਖ ਜਗਤ 'ਤੇ ਲਾਗੂ ਹੁੰਦੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਅਧਿਕਾਰ ਖੇਤਰ ਤਾਂ ਸੀਮਤ ਹੋ ਸਕਦਾ ਹੈ ਪਰ ਸ੍ਰੀ ਅਕਾਲ ਤਖਤ ਦਾ ਅਧਿਕਾਰ ਖੇਤਰ ਅਸੀਮਤ ਹੈ।

ਉਨ੍ਹਾਂ ਕਿਹਾ ਕਿ ਅਜਿਹੇ ਬਿਆਨ ਦੇਣ ਵਾਲੇ ਭਾਵੇਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ ਅਕਾਲੀ ਆਗੂ ਹੀ ਹਨ ਪਰ ਇਹ ਉਨ੍ਹਾਂ ਵਾਸਤੇ ਨਮੋਸ਼ੀ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਦੀ ਸਰਵਉਚਤਾ ਨੂੰ ਵੰਗਾਰਨ ਵਾਲੇ ਬਿਆਨਾਂ ਨਾਲ ਕੋਈ ਵੀ ਸਹਿਮਤ ਨਹੀਂ ਹੋ ਸਕਦਾ ਅਤੇ ਨਾ ਹੀ ਇਨ੍ਹਾਂ ਨੂੰ ਬਰਦਾਸ਼ਤ ਕੀਤਾ ਜਾ ਸਕਦਾ ਹੈ।

ਦੂਜੇ ਪਾਸੇ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਹੁਣ ਇਸ ਸਬੰਧੀ ਫ਼ੈਸਲਾ ਸਿੰਘ ਸਾਹਿਬਾਨ ਦੀ ਹੋਣ ਵਾਲੀ ਅਗਲੀ ਮੀਟਿੰਗ ਵਿੱਚ ਕੀਤਾ ਜਾਵੇਗਾ। ਉਨ੍ਹਾਂ ਕਮੇਟੀ ਦੀ ਢਾਈ ਮਹੀਨੇ ਦੀ ਕਾਰਗੁਜ਼ਾਰੀ ਉੱਤੇ ਫਿਲਹਾਲ ਨਾ ਖ਼ੁਸ਼ੀ ਪ੍ਰਗਟਾਈ ਹੈ।

ਅਸਲ ਵਿੱਚ ਜਥੇਦਾਰ ਰਘਬੀਰ ਸਿੰਘ ਦਾ ਤਾਜ਼ਾ ਬਿਆਨ ਪਿਛਲੇ ਸਾਲ ਦੋ ਦਸੰਬਰ 2024 ਨੂੰ ਜਾਰੀ ਕੀਤੇ ਗਏ ਹੁਕਮਨਾਮੇ ਦੇ ਸੰਦਰਭ ਵਿੱਚ ਸੀ। ਇਸ ਹੁਕਮ ਤਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸਿੰਘ ਸਹਿਬਾਨਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪੁਰਾਣੇ ਢਾਂਚੇ ਨੂੰ ਭੰਗ ਕਰ ਦਿੱਤਾ ਸੀ ਅਤੇ ਨਵੀਂ ਭਰਤੀ ਕਰਨ ਦੇ ਲਈ ਸੱਤ ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਇਸ ਕਮੇਟੀ ਨੇ ਕੰਮ ਕਰਨਾ ਸੀ ਅਤੇ ਇਸ ਵਿੱਚ ਮੈਂਬਰ ਵਜੋਂ ਕਿਰਪਾਲ ਸਿੰਘ ਬਡੂੰਗਰ, ਸਤਵੰਤ ਕੌਰ, ਸੰਤਾ ਸਿੰਘ ਉਮੈਦਪੁਰੀ, ਮਨਪ੍ਰੀਤ ਸਿੰਘ ਇਯਾਲੀ, ਇਕਬਾਲ ਸਿੰਘ ਝੂੰਦਾ ਅਤੇ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਸ਼ਾਮਲ ਕੀਤਾ ਗਿਆ ਸੀ। ਪਰ ਪਿਛਲੇ ਦਿਨੀਂ ਕਮੇਟੀ ਦੇ ਚੇਅਰਮੈਨ ਹਰਜਿੰਦਰ ਸਿੰਘ ਧਾਮੀ ਅਤੇ ਕਿਰਪਾਲ ਸਿੰਘ ਬਡੂੰਗਰ ਨੇ ਕਮੇਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਹੁਣ ਫ਼ਿਲਹਾਲ ਪੰਜ ਮੈਂਬਰੀ ਕਮੇਟੀ ਰਹਿ ਗਈ ਹੈ ਜਿਸ ਨੇ ਬੀਤੇ ਦਿਨੀਂ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਕਰ ਦਿੱਤੀ ਸੀ, ਜਿਸ ਵਿੱਚ ਉਨ੍ਹਾਂ ਆਖਿਆ ਹੈ ਕਿ ਨਵੀਂ ਭਰਤੀ ਲਈ ਸ਼੍ਰੋਮਣੀ ਅਕਾਲੀ ਦਲ ਉਨ੍ਹਾਂ ਨੂੰ ਸਹਿਯੋਗ ਨਹੀਂ ਦੇ ਰਿਹਾ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਨੇ ਭਰਤੀ ਮੁਹਿੰਮ ਉੱਤੇ ਤਸੱਲੀ ਪ੍ਰਗਟਾਉਂਦਿਆਂ ਕਿਹਾ ਹੈ ਕਿ ਪੰਜਾਬੀਆਂ ਨੇ ਇਸ ਨੂੰ ਲਾਮਿਸਾਲ ਹੁੰਗਾਰਾ ਦਿੱਤਾ ਹੈ। ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਇਹ ਭਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਕੀਤੀ ਗਈ ਹੈ।

ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਮੁਤਾਬਕ, "ਪਾਰਟੀ ਨੇ ਭਰਤੀ ਮੁਹਿੰਮ ਵਾਸਤੇ 33 ਲੱਖ ਪਰਚੀਆਂ ਜਾਰੀ ਕੀਤੀਆਂ ਸਨ। ਅਗਲੇ ਸਮੇਂ ਵਿਚ ਜ਼ਿਲ੍ਹਾ ਆਬਜ਼ਰਵਰਾਂ ਦੀ ਮੀਟਿੰਗ ਬੁਲਾਈ ਜਾਵੇਗੀ ਜੋ ਸਰਕਲ ਤੇ ਜ਼ਿਲ੍ਹਾ ਡੈਲੀਗੇਟ ਦੀ ਚੋਣ ਦੀ ਨਿਗਰਾਨੀ ਕਰਨਗੇ ਤੇ ਜ਼ਿਲ੍ਹਾ ਡੈਲੀਗੇਟ ਅੱਗੇ ਸੂਬਾ ਡੈਲੀਗੇਟ ਚੁਣਨ ਜੋ ਅੱਗੇ ਪਾਰਟੀ ਪ੍ਰਧਾਨ ਦੀ ਚੋਣ ਕਰਨਗੇ।"

ਬਾਕੀ ਹਿਸਾ ਸਫਾ 49 ਤੇ ਪੜ੍ਹੋ

## ਗੁਰਬਾਣੀ ਪ੍ਰਸਾਰਣ ਸਬੰਧੀ ਸ਼੍ਰੋਮਣੀ ਕਮੇਟੀ ਦੀ ਯੋਜਨਾ ਪ੍ਰਵਾਨ ਨਾ ਹੋਈ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਦੇ ਦੁਨੀਆ ਭਰ ਵਿਚ ਸਿੱਧੇ ਪ੍ਰਸਾਰਣ ਲਈ ਆਪਣਾ ਚੈਨਲ ਸ਼ੁਰੂ ਕਰਨ ਦੀ ਯੋਜਨਾ ਨੂੰ ਡੇਢ ਸਾਲ ਬੀਤਣ ਮਗਰੋਂ ਵੀ ਬੂਰ ਨਹੀਂ ਪਿਆ ਹੈ। ਕੇਂਦਰ ਸਰਕਾਰ ਵੱਲੋਂ ਪ੍ਰਵਾਨਗੀ ਨਾ ਮਿਲਣ ਕਾਰਨ ਸ਼੍ਰੋਮਣੀ ਕਮੇਟੀ ਦੀ ਇਹ ਯੋਜਨਾ ਸਿਰੇ ਨਹੀਂ ਚੜ੍ਹੀ। ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ਼ਾਹਬਾਜ਼ ਸਿੰਘ ਨੇ ਕਿਹਾ ਕਿ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਨੇਮਾਂ ਤਹਿਤ ਸੈਟੇਲਾਈਟ ਚੈਨਲ ਨੂੰ ਮਨਜ਼ੂਰੀ ਤਾਂ ਹੀ ਦਿੱਤੀ ਜਾਂਦੀ ਹੈ ਜਦੋਂ ਉਹ ਕਿਸੇ ਇਕ ਵਿਅਕਤੀ ਵਿਸ਼ੇਸ਼ ਦੇ ਨਾਮ ਹੇਠ ਰਜਿਸਟਰਡ ਹੋਵੇ। ਸਿੱਖ ਗੁਰਦੁਆਰਾ ਐਕਟ, 1925, ਜਿਸ ਤਹਿਤ ਸ਼੍ਰੋਮਣੀ ਕਮੇਟੀ ਦਾ ਗਠਨ ਹੋਇਆ ਹੈ, ਮੁਤਾਬਕ ਕਿਸੇ ਵੀ ਵਿਅਕਤੀ ਦੇ ਨਾਮ 'ਤੇ ਕੁਝ ਵੀ ਖ਼ਰੀਦਿਆ ਜਾਂ ਸਬਸਕ੍ਰਾਈਬ ਨਹੀਂ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਵਫ਼ਦ 2023 'ਚ ਮੰਤਰਾਲੇ ਦੇ ਤਤਕਾਲੀ ਸਕੱਤਰ ਨੂੰ ਮਿਲਿਆ ਸੀ ਤਾਂ ਜੋ ਧਾਰਮਿਕ ਸੰਸਥਾ ਸ਼੍ਰੋਮਣੀ ਕਮੇਟੀ ਦੇ ਨਾਮ 'ਤੇ ਚੈਨਲ ਦੀ ਰਜਿਸਟਰੇਸ਼ਨ ਦੀ ਇਜਾਜ਼ਤ ਲਈ ਨੇਮਾਂ ਵਿਚ ਛੋਟ ਦਿੱਤੀ ਜਾਵੇ। ਉਂਜ 24 ਜੁਲਾਈ, 2023 ਨੂੰ ਲਾਂਚ ਹੋਇਆ ਯੂਟਿਊਬ ਚੈਨਲ 'ਐੱਸਜੀਪੀਸੀ ਸ੍ਰੀ ਅੰਮ੍ਰਿਤਸਰ' ਦਿਨ ਵਿਚ ਤਿੰਨ ਵਾਰ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਕਰਦਾ ਹੈ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ ਅਤੇ ਫੇਸਬੁੱਕ 'ਤੇ ਵੀ ਗੁਰਬਾਣੀ ਕੀਰਤਨ ਦਾ ਪ੍ਰਵਾਹ ਤੜਕੇ ਤਿੰਨ ਵਜੇ ਤੋਂ ਰਾਤ 10 ਵਜੇ ਤੱਕ ਜਾਰੀ ਰਹਿੰਦਾ ਹੈ। ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਇਸ ਦੀ ਸਬਸਕ੍ਰਿਪਸ਼ਨ ਪਹਿਲਾਂ ਹੀ 11 ਲੱਖ ਤੋਂ ਵੱਧ ਹੈ, ਜਦਕਿ ਅਸਲ ਦਰਸ਼ਕਾਂ ਦੀ ਗਿਣਤੀ ਅੰਦਾਜ਼ਨ 40 ਲੱਖ ਤੋਂ ਵੱਧ ਹੈ। ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਛੇ ਮੈਂਬਰੀ ਮਾਹਿਰਾਂ ਦੀ ਟੀਮ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਣ ਦਾ ਕੰਮ ਦੇਖ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਨਾਲ ਜੁੜੇ ਟੀਵੀ ਚੈਨਲ ਪੀਟੀਸੀ ਕੋਲ ਹੀ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਣ ਦੇ ਅਧਿਕਾਰ ਨੂੰ ਲੈ ਕੇ ਵਿਵਾਦ ਪੈਦਾ ਹੋ ਗਿਆ ਸੀ। ਇਸ ਮਗਰੋਂ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ 'ਆਪ' ਸਰਕਾਰ ਨੇ ਪੀਟੀਸੀ ਚੈਨਲ ਦੇ ਏਕਾਧਿਕਾਰ ਨੂੰ ਖ਼ਤਮ ਕਰਨ ਲਈ ਸਿੱਖ ਗੁਰਦੁਆਰਾ ਸੋਧ ਬਿੱਲ, 2023 ਲਿਆਂਦਾ ਸੀ ਜਿਸ ਮਗਰੋਂ ਸ਼੍ਰੋਮਣੀ ਕਮੇਟੀ ਨੇ ਆਪਣਾ ਸੈਟੇਲਾਈਟ ਚੈਨਲ ਲਿਆਉਣ ਦਾ ਐਲਾਨ ਕੀਤਾ ਸੀ।

# ਜਗਤਾਰ ਸਿੰਘ ਜੌਹਲ ਖਾੜਕੂਵਾਦ ਦੇ ਇਕ ਮਾਮਲੇ ਵਿਚੋਂ ਬਰੀ

## ✪ ਜੌਹਲ ਉੱਤੇ 8 ਕੇਸਾਂ ਬਾਰੇ ਫੈਸਲਾ ਹੋਣਾ ਬਾਕੀ



ਚੰਡੀਗੜ੍ਹ-ਖਾੜਕੂਵਾਦ ਦੇ ਦੋਸ਼ਾਂ ਵਿਚ ਸੱਤ ਸਾਲਾਂ ਤੋਂ ਭਾਰਤ ਵਿਚ ਨਜ਼ਰਬੰਦ ਯੂ.ਕੇ. ਦੇ ਇਕ ਸਿੱਖ ਜਗਤਾਰ ਸਿੰਘ ਜੌਹਲ ਨੂੰ ਉਸ ਦੇ ਵਿਰੁੱਧ 9 ਕੇਸਾਂ ਵਿਚੋਂ ਇਕ ਵਿਚ ਬਰੀ ਕਰ ਦਿੱਤਾ ਗਿਆ ਹੈ। ਡੰਬਰਟਨ (ਸਕਾਟਲੈਂਡ) ਤੋਂ ਜਗਤਾਰ ਸਿੰਘ ਜੌਹਲ ਨੂੰ 2017 ਵਿਚ ਪੰਜਾਬ ਵਿਚ ਉਸ ਦੇ ਵਿਆਹ ਤੋਂ ਕੁਝ ਹਫ਼ਤੇ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਪੰਜਾਬ ਪੁਲਿਸ ਅਨੁਸਾਰ ਉਹ ਇਸ ਸਮੇਂ ਧਾਰਮਿਕ ਅਤੇ ਰਾਜਨੀਤਿਕ ਸ਼ਖਸੀਅਤਾਂ ਦੀਆਂ ਮਿੱਥ ਕੇ ਕੀਤੀਆਂ ਹੱਤਿਆਵਾਂ ਵਿਚ ਉਸ ਦੀ ਕਥਿਤ ਭੂਮਿਕਾ ਦੇ ਦੋਸ਼ਾਂ ਤਹਿਤ ਜੇਲ੍ਹ ਵਿਚ ਬੰਦ ਹੈ। ਮੋਗਾ ਦੀ ਜ਼ਿਲ੍ਹਾ ਅਦਾਲਤ ਨੇ ਉਸ ਨੂੰ ਦੇਸ਼ ਦੇ ਅੱਤਵਾਦ ਵਿਰੋਧੀ ਕਾਨੂੰਨ ਦੇ ਤਹਿਤ ਸਾਜ਼ਿਸ਼ ਰਚਣ ਅਤੇ ਖਾੜਕੂ ਜਥੇਬੰਦੀਆਂ ਦਾ ਮੈਂਬਰ ਹੋਣ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ। ਉਸ ਦੀ ਕਾਨੂੰਨੀ ਟੀਮ ਦਾ ਕਹਿਣਾ ਹੈ ਕਿ ਜੌਹਲ ਖ਼ਿਲਾਫ਼ ਸਾਰੇ ਕੇਸਾਂ ਵਿਚ ਦੋਸ਼, ਜਿਨ੍ਹਾਂ ਲਈ ਉਸ ਨੂੰ ਮੌਤ ਦੀ ਸਜ਼ਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਕੋ ਜਿਹੇ ਹਨ ਅਤੇ ਬਾਕੀ ਦੋਸ਼ਾਂ ਨੂੰ ਹੁਣ ਖਾਰਜ ਕਰ ਦੇਣਾ ਚਾਹੀਦਾ ਹੈ।

ਫ਼ੈਸਲੇ ਤੋਂ ਬਾਅਦ ਜੱਗੀ ਜੌਹਲ ਦੇ ਭਰਾ ਗੁਰਪ੍ਰੀਤ ਸਿੰਘ ਜੌਹਲ ਨੇ ਕਿਹਾ ਕਿ ਜੌਹਲ ਦੀ ਕਾਨੂੰਨੀ ਟੀਮ ਨੇ ਹੁਣ ਤੱਕ ਉਨ੍ਹਾਂ ਦੇ ਖ਼ਿਲਾਫ਼ ਪੇਸ਼ ਕੀਤੇ ਗਏ ਸਬੂਤਾਂ 'ਤੇ ਵੀ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਖ਼ਿਲਾਫ਼ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤੇ ਗਏ ਸਨ ਅਤੇ ਇਹ ਮਾਮਲਾ ਭਰੋਸੇਯੋਗ ਗਵਾਹਾਂ ਦੀ ਗਵਾਹੀ 'ਤੇ ਬਣਾਇਆ ਗਿਆ ਸੀ, ਜਿਨ੍ਹਾਂ ਵਿੱਚੋਂ ਕੁਝ ਨੇ ਉਨ੍ਹਾਂ ਦੇ ਖ਼ਿਲਾਫ਼ ਸਿਰਫ਼ ਇਸ ਲਈ ਬਿਆਨ ਦਿੱਤੇ ਸਨ ਕਿ ਬਾਅਦ ਵਿੱਚ ਅਦਾਲਤ ਵਿੱਚ ਇਨ੍ਹਾਂ ਨੂੰ ਵਾਪਸ ਲੈ ਲਿਆ ਜਾਵੇ।

ਉਨ੍ਹਾਂ ਕਿਹਾ ਕਿ ਜੌਹਲ ਦੇ ਖ਼ਿਲਾਫ਼ ਕਈ ਗਵਾਹਾਂ ਨੂੰ ਕਾਰਵਾਈ ਦੌਰਾਨ "ਝੂਠੇ" ਐਲਾਨ ਦਿੱਤਾ ਗਿਆ ਸੀ ਕਿਉਂਕਿ ਉਨ੍ਹਾਂ ਨੇ ਪੁਲਿਸ ਨੂੰ ਦਿੱਤੇ ਗਏ ਬਿਆਨਾਂ 'ਤੇ ਖਰਾ ਉਤਰਨ ਤੋਂ ਇਨਕਾਰ ਕਰ ਦਿੱਤਾ ਸੀ, ਜਦਕਿ ਇਸਤਗਾਸਾ ਪੱਖ ਹੋਰ ਗਵਾਹਾਂ ਨੂੰ ਪੂਰੀ ਤਰ੍ਹਾਂ ਪੇਸ਼ ਕਰਨ ਵਿੱਚ ਅਸਫਲ ਰਿਹਾ।

ਉਧਰ ਜਗਤਾਰ ਸਿੰਘ ਉਰਫ਼ ਜੱਗੀ ਜੌਹਲ ਦੇ ਸਹੁਰਾ ਬਲਜਿੰਦਰ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਸ ਫ਼ੈਸਲੇ ਨਾਲ ਤਸੱਲੀ ਮਿਲੀ ਹੈ। ਉਨ੍ਹਾਂ ਨੇ ਕਿਹਾ ਕਿ ਜੱਗੀ ਜੌਹਲ ਬਿਲਕੁਲ ਬੇਦਾਗ਼ ਸੀ ਇਸ ਲਈ ਰੱਬ ਦੇ ਘਰ ਦੇਰ ਹੈ ਅੰਧੇਰ ਨਹੀਂ ਹੈ ਅਤੇ ਉਹ ਫ਼ੈਸਲੇ ਦਾ ਸਵਾਗਤ ਕਰਦੇ ਹਨ।

ਬਲਜਿੰਦਰ ਸਿੰਘ ਨੇ ਕਿਹਾ, "ਜਦੋਂ ਜੱਗੀ ਜੌਹਲ ਭਾਰਤ ਆਏ ਸਨ ਤਾਂ ਉਨ੍ਹਾਂ ਨੇ ਛੇ ਮਹੀਨੇ ਇੱਥੇ ਰਹਿ ਕੇ ਵਿਆਹ ਦੀਆਂ ਤਿਆਰੀਆਂ ਕੀਤੀਆਂ ਸਨ। ਇਸੇ ਅਰਸੇ ਦੌਰਾਨ ਉਨ੍ਹਾਂ ਦੀ ਮੰਗਣੀ ਹੋਈ ਅਤੇ ਵਿਆਹ ਹੋਇਆ। ਜੇਕਰ ਉਨ੍ਹਾਂ ਨੂੰ ਇਹ ਪਤਾ ਹੁੰਦਾ ਕਿ ਜੱਗੀ ਜੌਹਲ ਖ਼ਿਲਾਫ਼ ਕੋਈ ਗ਼ੈਰ-ਕਾਨੂੰਨੀ ਮਾਮਲੇ ਦਰਜ ਹੋ ਸਕਦੇ ਹਨ ਤਾਂ ਉਹ ਆਪਣੀ ਧੀ ਦਾ ਵਿਆਹ ਹੀ ਨਾ ਕਰਦੇ। ਬਲਜਿੰਦਰ ਸਿੰਘ ਨੇ ਕਿਹਾ ਕਿ ਬਿਲਕੁਲ ਪੁਲਿਸ ਨੇ ਸਾਰੇ ਮਾਮਲਿਆਂ ਵਿੱਚ ਜੱਗੀ ਜੌਹਲ ਨੂੰ ਝੂਠਾ ਫਸਾਇਆ ਹੈ ਅਤੇ ਇੱਕ ਦਿਨ ਉਨ੍ਹਾਂ ਨੂੰ ਨਿਆਂ ਜ਼ਰੂਰ ਮਿਲੇਗਾ।"

ਜੱਗੀ ਜੌਹਲ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਜਿਹੜੇ ਤਿੰਨ ਵਿਅਕਤੀਆਂ ਨੂੰ ਸਜ਼ਾ ਹੋਈ ਹੈ, ਉਨ੍ਹਾਂ ਦੇ ਫੈਸਲੇ ਖਿਲਾਫ ਉਹ ਉੱਚ ਅਦਾਲਤ ਵਿੱਚ ਅਪੀਲ ਕਰਨਗੇ।

### ਕੀ ਹੈ ਪੂਰਾ ਮਾਮਲਾ

ਇਸ ਮਾਮਲੇ ਬਾਰੇ ਵਧੇਰੇ ਜਾਣਕਾਰੀ ਦਿੰਦੇ ਹੋਏ ਕੇਸ ਦੀ ਪੈਰਵੀ ਕਰ ਰਹੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਇਹ ਸਾਲ 2016 ਦਾ ਬਾਘਾ ਪੁਰਾਣਾ ਥਾਣੇ ਦਾ ਕੇਸ ਹੈ ਅਤੇ ਇਸ ਮਾਮਲੇ ਵਿੱਚ ਯੂਏਪੀਏ ਦੀ ਧਾਰਾ ਵੀ ਜੁੜੀ ਹੋਈ ਸੀ। 'ਮ' ਜਿਸ ਵਿੱਚ ਗੁਰਦੀਪ ਸਿੰਘ ਦੇ ਕਤਲ ਕੇਸ ਦੇ ਮਾਮਲੇ ਵਿੱਚ ਜੰਮੂ-ਕਸ਼ਮੀਰ ਦੇ ਇੱਕ ਨੌਜਵਾਨ ਤਿਰਲੋਕ ਸਿੰਘ ਲਾਡੀ ਨੂੰ ਰਿਮਾਂਡ 'ਤੇ ਲੈ ਕੇ ਅਤੇ ਇੱਕ ਐੱਫਆਈਆਰ ਦੇ ਵਿੱਚ ਇੱਕ ਰਿਕਵਰੀ (ਹਥਿਆਰਾਂ ਦੀ) ਦਿਖਾ ਕੇ ਉਸ ਨੂੰ ਨਾਮਜ਼ਦ ਕੀਤਾ ਗਿਆ ਸੀ। ਉਨ੍ਹਾਂ ਮੁਤਾਬਕ, "ਬਾਅਦ ਵਿੱਚ ਉਸ ਨਾਲ ਪੁੱਛਗਿੱਛ ਮਗਰੋਂ ਉਸ ਦੇ ਯੂਕੇ ਵਿੱਚ ਰਹਿੰਦੇ ਇੱਕ ਰਿਸ਼ਤੇਦਾਰ ਦਲਜੀਤ ਸਿੰਘ ਜਿੰਮੀ ਨੂੰ ਨਾਮਜ਼ਦ ਕੀਤਾ ਗਿਆ। 2017 ਵਿੱਚ ਜਦੋਂ 31 ਅਕਤੂਬਰ ਨੂੰ ਜਿੰਮੀ ਭਾਰਤ ਆਇਆ ਤਾਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਜਦੋਂ ਉਸ ਤੋਂ ਪੁੱਛਗਿੱਛ ਹੋਈ ਤਾਂ ਜਗਤਾਰ ਸਿੰਘ ਜੱਗੀ ਜੌਹਲ ਅਤੇ ਹੋਰ ਬੰਦਿਆਂ ਨੂੰ ਇਸ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ। 2017 ਤੋਂ ਚੱਲਦੇ ਆ ਰਹੇ ਇਸ ਕੇਸ ਦਾ ਹੁਣ ਯਾਨਿ 4 ਮਾਰਚ ਨੂੰ ਫ਼ੈਸਲਾ ਐਡੀਸ਼ਨਲ ਸ਼ੈਸ਼ਨ ਜੱਜ ਅਤੇ ਯੂਏਪੀਏ ਦੇ ਸਪੈਸ਼ਲ ਜੱਜ (ਮੋਗਾ) ਹਰਜੀਤ ਸਿੰਘ ਦੀ ਅਦਾਲਤ ਨੇ ਕੀਤਾ। ਉਨ੍ਹਾਂ ਨੇ ਦੱਸਿਆ ਕਿ ਫ਼ੈਸਲੇ ਮੁਤਾਬਕ ਸਾਰੇ ਇਲਜ਼ਾਮਾਂ ਤੋਂ ਜਗਤਾਰ ਸਿੰਘ ਜੌਹਲ ਨੂੰ ਬਰੀ ਕੀਤਾ ਗਿਆ ਹੈ।

ਇਸ ਮਾਮਲੇ ਵਿੱਚ ਸਿਰਫ਼ ਤਿੰਨ ਜਣਿਆ ਨੂੰ ਦੋਸ਼ੀ ਐਲਾਨਿਆ ਗਿਆ ਹੈ, ਉਨ੍ਹਾਂ ਲਈ ਵੀ ਉਹ ਹਾਈ ਕੋਰਟ ਜਾਣਗੇ ਕਿਉਂਕਿ ਅਦਾਲਤ ਵਿੱਚ ਸਬੂਤ ਪੇਸ਼ ਨਹੀਂ ਹੋਏ। ਇਸ ਤੋਂ ਇਲਾਵਾ ਉਨ੍ਹਾਂ ਨੇ ਦੱਸਿਆ ਕਿ ਜੌਹਲ ਉੱਤੇ ਬਾਕੀ ਜਿਹੜੇ 8 ਕੇਸ ਰਹਿੰਦੇ ਹਨ। ਉਨ੍ਹਾਂ ਵਿੱਚੋਂ ਇੱਕ ਕੇਸ ਵਿੱਚ ਜੌਹਲ ਨੂੰ ਜ਼ਮਾਨਤ ਮਿਲੀ ਹੋਈ ਹੈ।

## ਮਾਮਲਾ ਮਜੀਠੀਆ ਵਲੋਂ ਨਸ਼ਿਆਂ ਦੇ ਮਾਮਲੇ ਵਿਚ ਸਹਿਯੋਗ ਨਾ ਕਰਨ ਦਾ

# ਸੁਪਰੀਮ ਕੋਰਟ ਵਲੋਂ ਬਿਕਰਮ ਸਿੰਘ ਮਜੀਠੀਆ ਨੂੰ 'ਸਿੱਟ' ਅੱਗੇ ਪੇਸ਼ ਹੋਣ ਦੇ ਹੁਕਮ



ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਸਾਬਕਾ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਨਸ਼ਿਆਂ ਦੇ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਅੱਗੇ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਹਨ।

ਜਸਟਿਸ ਜੇ. ਕੇ. ਮਹੇਸ਼ਵਰੀ ਅਤੇ ਜਸਟਿਸ ਅਰਵਿੰਦ ਕੁਮਾਰ ਦੀ ਬੈਂਚ ਨੇ ਮਜੀਠੀਆ ਨੂੰ 17 ਮਾਰਚ ਨੂੰ ਸਵੇਰੇ 11 ਵਜੇ ਦੇ ਕਰੀਬ ਐਸ.ਆਈ.ਟੀ. ਸਾਹਮਣੇ ਪੇਸ਼ ਹੋਣ ਦਾ ਹੁਕਮ ਦਿੱਤਾ ਹੈ। ਇਹ ਹੁਕਮ ਪੰਜਾਬ ਸਰਕਾਰ ਦੇ ਕਹਿਣ ਤੋਂ ਬਾਅਦ ਆਇਆ ਹੈ ਕਿ ਮਜੀਠੀਆ ਜਾਂਚ ਵਿਚ ਸਹਿਯੋਗ ਕਰਨ ਤੋਂ ਇਨਕਾਰ ਕਰ ਰਿਹਾ ਹੈ। ਦੂਜੇ ਪਾਸੇ, ਮਜੀਠੀਆ ਦਾ ਕਹਿਣਾ ਹੈ ਕਿ ਉਸ ਨੂੰ ਸਿਆਸੀ ਕਾਰਨਾਂ ਕਰਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਅਦਾਲਤ ਨੂੰ ਪੁੱਛਗਿੱਛ ਲਈ ਤਰੀਕਾਂ ਤੈਅ ਕਰਨ ਲਈ ਕਿਹਾ ਹੈ। ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਕਿਹਾ ਕਿ ਜਾਂਚ 'ਚ ਸਹਿਯੋਗ ਕਰਨਾ ਜ਼ਮਾਨਤ ਲਈ ਜ਼ਰੂਰੀ ਸ਼ਰਤ ਸੀ, ਜਿਸ ਦੀ ਮਜੀਠੀਆ ਨੂੰ ਪਾਲਣਾ ਕਰਨੀ ਹੋਵੇਗੀ।

ਸਰਬਉੱਚ ਅਦਾਲਤ ਨੇ ਹੁਕਮ ਦਿੱਤਾ ਕਿ ਅਸੀਂ ਜਵਾਬਦੇਹ (ਮਜੀਠੀਆ) ਨੂੰ 17 ਮਾਰਚ ਨੂੰ ਸਵੇਰੇ 11 ਵਜੇ 'ਸਿੱਟ' ਪਟਿਆਲਾ ਸਾਹਮਣੇ ਪੇਸ਼ ਹੋਣ ਲਈ ਨਿਰਦੇਸ਼ ਦਿੰਦੇ ਹਾਂ। ਸਿਖਰਲੀ ਅਦਾਲਤ 10 ਅਗਸਤ, 2022 ਨੂੰ ਮਜੀਠੀਆ ਨੂੰ ਜ਼ਮਾਨਤ ਦੇਣ ਦੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਵਿਰੁੱਧ ਪੰਜਾਬ ਸਰਕਾਰ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ।

ਹਾਈ ਕੋਰਟ ਨੇ ਇਹ ਮੰਨਣ ਲਈ 'ਵਾਜਬ ਆਧਾਰ' ਨੋਟ ਕੀਤਾ ਕਿ ਉਹ ਦੋਸ਼ੀ ਨਹੀਂ ਹੈ ਪਰ ਉਸ ਨੇ ਆਪਣੀ ਟਿੱਪਣੀ ਸਿਰਫ ਜ਼ਮਾਨਤ ਪਟੀਸ਼ਨ ਦੇ ਫੈਸਲੇ ਤੱਕ ਸੀਮਤ ਰੱਖੀ ਸੀ। ਇਸ ਵਿਚ ਕਿਹਾ ਗਿਆ ਸੀ ਕਿ ਟਰਾਈਲ ਕੋਰਟ ਨੂੰ ਸੁਤੰਤਰ ਰੂਪ 'ਚ ਅੱਗੇ ਵਧਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਮਜੀਠੀਆ ਇਸ ਮਾਮਲੇ 'ਚ ਪੰਜ ਮਹੀਨੇ ਪਟਿਆਲਾ ਜੇਲ੍ਹ 'ਚ ਬਿਤਾਉਣ ਤੋਂ ਬਾਅਦ ਜ਼ਮਾਨਤ 'ਤੇ ਬਾਹਰ ਆਏ ਹਨ। ਮਜੀਠੀਆ ਖ਼ਿਲਾਫ਼ ਰਾਜ 'ਚ ਡਰੱਗ ਰੈਕੇਟ ਦੀ ਜਾਂਚ ਕਰ ਰਹੀ ਐਂਟੀ ਡਰੱਗ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਦੀ 2018 ਦੀ ਰਿਪੋਰਟ ਦੇ ਆਧਾਰ 'ਤੇ ਕੇਸ ਦਰਜ ਕੀਤਾ ਗਿਆ ਸੀ। ਇਹ ਰਿਪੋਰਟ ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਜਗਜੀਤ ਸਿੰਘ ਚਾਹਲ, ਜਗਦੀਸ਼ ਸਿੰਘ ਭੋਲਾ ਅਤੇ ਮਨਿੰਦਰ ਸਿੰਘ ਔਲਖ ਸਮੇਤ ਦੋਸ਼ੀਆਂ ਦੇ ਇਕਬਾਲੀਆ ਬਿਆਨਾਂ ਤੋਂ ਉਪਜੀ ਹੈ।

# ਕੀ 'ਆਪ' ਸਰਕਾਰ ਪੰਜਾਬ ਵਿਚ ਨਸ਼ੇ ਰੋਕ ਸਕੇਗੀ ?

**○ 'ਆਪ' ਸਰਕਾਰ ਨਸ਼ਿਆਂ ਖ਼ਿਲਾਫ਼ ਜੰਗ ਸਿਰਫ ਛੋਟੀਆਂ ਮੱਛੀਆਂ ਖਿਲਾਫ, ਕਿਸੇ ਵੱਡੇ ਸਰਗਨੇ ਨੂੰ ਹੱਥ ਨਾ ਪਾਇਆ ○ ਤਿੰਨ ਦਿਨਾਂ ਵਿਚ 433 ਨਸ਼ਾ ਸਮਗਲਰ ਗ੍ਰਿਫ਼ਤਾਰ, 58 ਐਫ ਆਈਆਰ, 1.82 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ○ ਪੰਜਾਬ ਵਿਚ 250 ਦੇ ਕਰੀਬ ਤਸਕਰਾਂ ਦੇ ਟਿਕਾਣਿਆਂ ਦੀ ਹੋਈ ਨਿਸ਼ਾਨਦੇਹੀ**



**ਵਿਸ਼ੇਸ਼ ਰਿਪੋਟ**

ਅਮਨ-ਕਾਨੂੰਨ ਦੇ ਪੱਖ ਤੋਂ ਪੰਜਾਬ ਨੂੰ ਇਸ ਸਮੇਂ ਅਨੇਕਾਂ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਹੱਦ ਪਾਰ ਤੋਂ ਡਰੋਨਾਂ ਰਾਹੀਂ ਅਤੇ ਦੇਸ਼ ਦੇ ਅੰਦਰੋਂ ਹੋਰ ਰਸਤਿਆਂ ਰਾਹੀਂ ਲਗਾਤਾਰ ਆ ਰਹੇ ਨਾਜਾਇਜ਼ ਹਥਿਆਰਾਂ ਤੇ ਨਸ਼ੀਲੇ ਪਦਾਰਥਾਂ ਨੇ ਇਨ੍ਹਾਂ ਚੁਣੌਤੀਆਂ ਨੂੰ ਹੋਰ ਵੀ ਵਿਆਪਕ ਬਣਾ ਦਿੱਤਾ ਹੈ। ਉਂਝ ਤਾਂ ਪਿਛਲੇ ਕਈ ਦਹਾਕਿਆਂ ਤੋਂ ਹੀ ਇਹ ਚੁਣੌਤੀਆਂ ਵੱਡੀਆਂ ਬਣੀਆਂ ਹੋਈਆਂ ਹਨ ਪਰ ਸਮੇਂ ਦੇ ਬੀਤਣ ਨਾਲ ਇਨ੍ਹਾਂ ਦਾ ਆਕਾਰ ਤੇ ਪ੍ਰਭਾਵ ਹੋਰ ਵੀ ਵਧੇਰੇ ਵਧ ਗਿਆ ਹੈ। 2022 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਉਕਤ ਚੁਣੌਤੀਆਂ ਨੂੰ ਇਕ ਵੱਡੇ ਮੁੱਦੇ ਵਜੋਂ ਪੇਸ਼ ਕਰਦਿਆਂ ਰਾਜ ਦੇ ਲੋਕਾਂ ਨੂੰ ਇਹ ਭਰੋਸਾ ਦਿਵਾਇਆ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ 'ਤੇ ਨਸ਼ੇ ਦੇ ਤਸਕਰਾਂ, ਗੈਂਗਸਟਰਾਂ ਤੇ ਹੋਰ ਅਪਰਾਧੀਆਂ 'ਤੇ ਕਾਬੂ ਪਾ ਕੇ ਅਮਨ-ਕਾਨੂੰਨ ਦੀ ਸਥਿਤੀ ਨੂੰ ਬਿਹਤਰ ਬਣਾਇਆ ਜਾਵੇਗਾ ਤਾਂ ਕਿ ਰਾਜ ਵਿਚ ਹਰ ਵਰਗ ਦੇ ਲੋਕ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ। ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕੰਮ ਕਰਦਿਆਂ ਹੁਣ ਰਾਜ ਵਿਚ ਲਗਭਗ 3 ਸਾਲ ਦਾ ਸਮਾਂ ਪੂਰਾ ਹੋ ਗਿਆ ਹੈ। ਪਰ ਕੋਈ ਪ੍ਰਗਤੀ ਨਹੀਂ ਹੋਈ।

ਹੁਣ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਮਿਲੀ ਹਾਰ ਤੋਂ ਬਾਅਦ ਪਾਰਟੀ ਨੇ ਆਪਣਾ ਵਧੇਰੇ ਧਿਆਨ ਪੰਜਾਬ 'ਤੇ ਕੇਂਦਰਿਤ ਕਰ ਦਿੱਤਾ ਹੈ। 'ਆਪ' ਸਰਕਾਰ 'ਤੇ ਦਬਾਅ ਹੈ ਕਿ ਉਹ ਇਸ ਸੰਦਰਭ ਵਿਚ ਠੋਸ ਸਿੱਟੇ ਕੱਢ ਕੇ ਦਿਖਾਵੇ। ਸ਼ਾਇਦ ਇਸੇ ਗੱਲ ਨੂੰ ਮੁੱਖ ਰੱਖਦਿਆਂ ਪੰਜਾਬ ਸਰਕਾਰ ਨੇ ਨਸ਼ਿਆਂ ਦੇ ਤਸਕਰਾਂ ਵਿਰੁੱਧ ਵੱਡੀ ਪੱਧਰ 'ਤੇ ਮੁਹਿੰਮ ਛੇੜਨ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਆਉਣ ਵਾਲੀਆਂ ਭਵਿਖੀ ਚੋਣਾਂ ਜਿੱਤ ਸਕੇ।

### ਆਪ ਸਰਕਾਰ ਦੀ ਨਸ਼ਿਆਂ ਵਿਰੁੱਧ ਬੁਲਡੋਜਰੀ ਜੰਗ

ਸੂਬਾ ਸਰਕਾਰ ਵਲੋਂ ਚਲਾਈ 'ਯੁੱਧ ਨਸ਼ੇ ਦੇ ਵਿਰੁੱਧ' ਮੁਹਿੰਮ ਤਹਿਤ ਪੰਜਾਬ ਭਰ ਵਿਚ 250 ਦੇ ਕਰੀਬ ਨਸ਼ਾ ਵੇਚਣ ਵਾਲਿਆਂ ਥਾਵਾਂ ਦੀ ਪੰਜਾਬ ਪੁਲਿਸ ਵਲੋਂ ਨਿਸ਼ਾਨਦੇਹੀ ਕੀਤੀ ਗਈ ਹੈ। ਹੁਣ ਤੱਕ ਬੀਤੇ ਦਿਨਾਂ ਦੌਰਾਨ ਪੰਜਾਬ ਪੁਲਿਸ ਨੇ ਸੂਬੇ ਭਰ ਵਿਚ 58 ਐਫਆਈਆਰਜ਼ ਦਰਜ ਕਰਨ ਉਪਰੰਤ 70 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ, ਜਿਨ੍ਹਾਂ ਵਿੱਚੋਂ ਦੋ ਤਸਕਰਾਂ ਨੂੰ ਗੋਲੀਬਾਰੀ ਤੋਂ ਬਾਅਦ ਕਾਬੂ ਕੀਤਾ ਗਿਆ ਹੈ। ਤਿੰਨ ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਗਿਣਤੀ ਹੁਣ 433 ਹੋ ਗਈ ਹੈ। ਪੁਲਿਸ ਟੀਮਾਂ ਨੇ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 5.83 ਕਿਲੋ ਹੈਰੋਇਨ, 600 ਗ੍ਰਾਮ ਗਾਂਜਾ, 200 ਗ੍ਰਾਮ ਅਫੀਮ, 1748 ਨਸ਼ੀਲੀਆਂ ਗੋਲੀਆਂ/ਟੀਕੇ ਅਤੇ 1.82 ਲੱਖ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ। ਬੁਲਡੋਜ਼ਰ ਚਲਾ ਇਮਾਰਤਾਂ ਢਾਹੁਣ ਦੇ ਮਾਮਲੇ ਪਿਛਲੇ ਦਿਨੀਂ ਉੱਤਰ ਪ੍ਰਦੇਸ਼ ਸਣੇ ਕਈ ਸੂਬਿਆਂ ਵਿੱਚ ਸੁਣਨ ਨੂੰ ਮਿਲੇ ਹਨ। ਪਰ ਹੁਣ ਪੰਜਾਬ ਵਿੱਚ ਵੀ ਪੁਲਿਸ ਵੱਲੋਂ ਬੁਲਡੋਜ਼ਰ ਨਾਲ ਇਮਾਰਤ ਢਾਹੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਦੇ ਦੋ ਮੈਂਬਰੀ ਬੈਂਚ ਨੇ ਨਵੰਬਰ, 2024 ਨੂੰ ਦੇਸ਼ ਵਿੱਚ ਬੁਲਡੋਜ਼ਰਾਂ ਨਾਲ ਜਾਇਦਾਦਾਂ ਨੂੰ ਢਾਹੁਣ ਸੰਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ।

ਜਸਟਿਸ ਬੀਆਰ ਗਵਈ ਅਤੇ ਕੇਵੀ ਵਿਸ਼ਵਨਾਥਨ ਦੇ ਬੈਂਚ ਨੇ ਕਿਹਾ ਸੀ ਕਿ ਕਿਸੇ ਵਿਅਕਤੀ ਦੇ ਘਰ ਜਾਂ ਜਾਇਦਾਦ ਨੂੰ ਸਿਰਫ਼ ਇਸ ਲਈ ਢਾਹ ਦੇਣਾ ਕਿਉਂਕਿ ਉਸ 'ਤੇ ਅਪਰਾਧ ਦੇ ਇਲਜ਼ਾਮ ਹਨ, ਕਾਨੂੰਨ ਦੇ ਰਾਜ ਦੇ ਖ਼ਿਲਾਫ਼ ਹੈ।

ਪੰਜਾਬ ਪੁਲਿਸ ਹੁਣ ਤੱਕ ਨਸ਼ਾ ਤਸਕਰੀ ਦੇ ਮੁਲਜ਼ਮਾਂ ਦੇ 6 ਘਰਾਂ ਉੱਤੇ ਇਹ ਕਾਰਵਾਈ ਕਰ ਚੁੱਕੀ ਹੈ। ਲੁਧਿਆਣਾ ਵਿੱਚ 4 ਘਰਾਂ ਉੱਤੇ ਬੁਲਡੋਜ਼ਰ ਚਲਾਇਆ ਗਿਆ, ਜਦਕਿ ਪਟਿਆਲਾ ਅਤੇ ਰੋਪੜ ਵਿੱਚ ਇੱਕ-ਇੱਕ ਘਰ ਉੱਤੇ ਬੁਲਡੋਜ਼ਰ ਚੱਲਿਆ ਹੈ। ਪਰ ਹਾਲੇ ਤੱਕ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਇਨ੍ਹਾਂ ਤਸਕਰਾਂ ਨੂੰ ਨਸ਼ਾ ਕੌਣ ਮੁਹੱਈਆ ਕਰਵਾ ਰਿਹਾ ਹੈ ਅਤੇ ਇਸ ਦੇ ਪਿੱਛੇ ਇਹ ਕੜੀ ਕਿਥੋਂ ਤੱਕ ਜੁੜੀ ਹੋਈ ਹੈ ?

ਯਾਦ ਰਹੇ ਕਿ ਇਸ ਬੁਲਡੋਜਰੀ ਕਾਰਵਾਈ ਤੋਂ ਪਹਿਲਾਂ ਨਸ਼ਿਆਂ ਨੂੰ ਰੋਕਣ ਸੰਬੰਧੀ ਰਾਜ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਚੰਡੀਗੜ੍ਹ ਵਿਚ ਰਾਜ ਦੇ ਸਿਵਲ ਅਤੇ ਪੁਲਿਸ ਅਧਿਕਾਰੀਆਂ ਦੀ ਇਕ ਅਹਿਮ ਮੀਟਿੰਗ ਕੀਤੀ ਸੀ, ਜਿਸ ਵਿਚ ਉਨ੍ਹਾਂ ਨੇ ਰਾਜ ਨੂੰ ਆਉਣ ਵਾਲੇ ਤਿੰਨ ਮਹੀਨਿਆਂ ਵਿਚ ਨਸ਼ਾ ਮੁਕਤ ਕਰਨ ਲਈ ਵੱਡੀ ਪੱਧਰ 'ਤੇ ਮੁਹਿੰਮ ਚਲਾਉਣ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਨੇ ਕਿਹਾ ਸੀ ਕਿ ਜਿਹੜੇ ਲੋਕ ਨਸ਼ੇ ਵੇਚਦੇ ਹਨ, ਉਨ੍ਹਾਂ ਨੂੰ ਫੜ ਕੇ ਜੇਲ੍ਹਾਂ ਵਿਚ ਸੁੱਟਿਆ ਜਾਵੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇਕਰ ਲੋੜ ਪਈ ਤਾਂ ਨਸ਼ੇ ਰੋਕਣ ਸੰਬੰਧੀ ਕਾਨੂੰਨ ਨੂੰ ਹੋਰ ਸਖ਼ਤ ਬਣਾਉਣ ਲਈ ਉਸ ਵਿਚ ਤਬਦੀਲੀਆਂ ਵੀ ਕੀਤੀਆਂ ਜਾ ਸਕਦੀਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਸਿਵਲ ਪ੍ਰਸ਼ਾਸਨ ਨੂੰ ਇਹ ਵੀ ਕਿਹਾ ਹੈ ਕਿ ਨਸ਼ੀਲੇ ਪਦਾਰਥਾਂ ਤੋਂ ਪੀੜਤ ਨੌਜਵਾਨਾਂ ਦੇ ਇਲਾਜ ਲਈ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਵੀ ਯੋਜਨਾਵਾਂ ਉਲੀਕੀਆਂ ਜਾਣ।

ਇਸੇ ਮਕਸਦ ਲਈ ਬੀਤੇ ਦਿਨ ਪੰਜਾਬ ਸਰਕਾਰ ਵਲੋਂ ਮੰਤਰੀ ਮੰਡਲ ਦੀ ਇਕ ਪੰਜ ਮੈਂਬਰੀ ਸਬ ਕਮੇਟੀ ਵੀ ਬਣਾਈ ਗਈ ਹੈ, ਜਿਸ ਦਾ ਮੁਖੀ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਬਣਾਇਆ ਗਿਆ ਹੈ। ਹਾਲਾਂਕਿ ਇਸ ਤਰ੍ਹਾਂ ਦੀਆਂ ਕਾਰਵਾਈਆਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ। ਹਾਲੇ ਤੱਕ ਨਸ਼ਿਆਂ ਦੇ ਵੱਡੇ ਸਰਗਨੇ ਨੂੰ ਹੱਥ ਨਹੀਂ ਪਾਇਆ ਗਿਆ। ਇਸ ਸਬੰਧੀ ਸ਼ੋਸ਼ਲ ਮੀਡੀਆ ਵਿਚ ਆਪ ਸਰਕਾਰ ਦੀ ਆਲੋਚਨਾ ਹੋ ਰਹੀ ਹੈ ਤੇ ਇਸ ਨੂੰ ਸਰਕਾਰੀ ਡਰਾਮਾ ਦਸਿਆ ਜਾ ਰਿਹਾ ਹੈ। ਨਸ਼ਿਆਂ ਦਾ ਜਾਲ ਦੇ ਇਸ ਨੈਟਵਰਕ ਪਿਛੇ ਕੁਝ ਵਡੇ ਸਿਆਸਤਦਾਨਾਂ ਤੇ ਕੁਝ ਭ੍ਰਿਸ਼ਟ ਪੁਲੀਸ ਅਫਸਰਾਂ ਦਾ ਹੱਥ ਹੈ। ਇਹ ਦੋਸ਼ ਪੰਜਾਬ ਦੇ ਲੋਕ ਲਗਾ ਚੁਕੇ ਹਨ। ਇਹ ਨਸ਼ੇ ਗੁਜਰਾਤ, ਪਾਕਿਸਤਾਨ ਤੇ ਹਿਮਾਚਲ ਤੋਂ ਆ ਰਹੇ ਹਨ। ਜੇਲ੍ਹਾਂ ਵਿਚ ਸਪਲਾਈ ਹੋ ਰਹੇ ਹਨ।

ਪੰਜਾਬ ਟਾਈਮਜ਼ ਅਨੁਸਾਰ ਨਸ਼ਾ ਛੁਡਾਊ ਕੇਂਦਰਾਂ ਤੇ ਨਿਰਧਾਰਤ ਡਰੱਗ ਵਿਕਰੀ ਨੂੰ ਨਿਯਮਤ ਕਰਨਾ ਪੰਜਾਬ ਸਰਕਾਰ ਵਲੋਂ ਸਹੀ ਦਿਸ਼ਾ ਵਿਚ ਚੁੱਕਿਆ ਗਿਆ ਕਦਮ ਹੈ ਹਾਲਾਂਕਿ ਸਰਕਾਰ ਵਡੇ ਸਰਗਨਿਆਂ ਨੂੰ ਹੱਥ ਨਹੀਂ ਪਾ ਰਹੀ। ਪੰਜਾਬ ਨੇ ਇਸ ਤਰ੍ਹਾਂ ਦੀਆਂ ਸਖ਼ਤੀਆਂ ਪਹਿਲਾਂ ਵੀ ਦੇਖੀਆਂ ਹਨ।

ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਸਾਲ 2017 ਵਿੱਚ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚਾਰ ਹਫ਼ਤਿਆਂ ਵਿੱਚ ਨਸ਼ਾ ਤਸਕਰੀ ਤੋੜਨ ਦਾ ਵਾਅਦਾ ਕੀਤਾ ਸੀ। ਉਨ੍ਹਾਂ ਦੀ ਸਰਕਾਰ ਨੇ ਕਈ ਕਦਮ ਚੁੱਕੇ ਜਿਨ੍ਹਾਂ ਵਿਚ ਸਰਕਾਰੀ ਮੁਲਾਜ਼ਮਾਂ ਦੇ ਸਾਲਾਨਾ ਡਰੱਗ ਟੈਸਟ ਅਤੇ ਨਸ਼ਾ ਰੋਕੂ ਅਧਿਕਾਰੀ ਦਾ ਉੱਦਮ ਸ਼ਾਮਿਲ ਸੀ। ਪਰ ਕੋਈ ਵੱਡਾ ਸਰਗਨਾ ਨਹੀਂ ਫੜਿਆ। ਇਸੇ ਕਰਕੇ ਨਸ਼ਾ ਸੰਕਟ ਬਰਕਰਾਰ ਹੈ। ਇਸ ਤੋਂ ਪਹਿਲਾਂ ਬਾਦਲ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਸਰਕਾਰ ਦੀ ਨਸ਼ਿਆਂ ਵਿਰੁੱਧ ਲੜਾਈ ਵੀ ਢੌਂਗ ਸਾਬਿਤ ਹੋਈ। ਵੱਖ-ਵੱਖ ਸਮੇਂ ਦੀਆਂ ਸਰਕਾਰਾਂ ਵੱਲੋਂ ਕਈ ਢੰਗ-ਤਰੀਕੇ ਅਪਣਾਏ ਗਏ ਜਿਨ੍ਹਾਂ ਦਾ ਉਮੀਦ ਮੁਤਾਬਿਕ ਨਤੀਜਾ ਨਹੀਂ ਨਿਕਲਿਆ। ਅਕਸਰ ਬਿਲਕੁਲ ਸਿਰੇ 'ਤੇ ਬੈਠਾ, ਨਸ਼ਾ ਲੈਣ ਵਾਲਾ ਗ਼ਰੀਬ ਤਬਕਾ ਹੀ ਪੁਲੀਸ ਲਈ ਸੌਖਾ ਨਿਸ਼ਾਨਾ ਰਿਹਾ ਹੈ, ਜਦੋਂਕਿ 'ਵੱਡੀਆਂ ਮੱਛੀਆਂ' ਬਚੀਆਂ ਰਹਿੰਦੀਆਂ ਹਨ। ਜੇ ਇਹੀ ਤਰੀਕਾ ਰਿਹਾ ਤਾਂ ਨਸ਼ਾ ਤਸਕਰੀ ਕਿਸੇ ਹੋਰ ਰੂਪ ਵਿੱਚ ਜਾਰੀ ਰਹੇਗੀ।

ਇਸ ਦੌਰਾਨ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ 'ਆਪ' ਸਰਕਾਰ ਨੇ 3 ਸਾਲਾਂ 'ਚ ਨਸ਼ਾ ਤਸਕਰਾਂ ਦੀ 612 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ ਜਦਕਿ ਕਾਂਗਰਸ ਦੇ 5 ਸਾਲਾਂ ਦੇ ਕਾਰਜਕਾਲ ਦੌਰਾਨ ਸਿਰਫ 142 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਸੀ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਸੂਬੇ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਬਜਾਏ ਸਰਹੱਦ ਪਾਰ ਤੋਂ ਨਸ਼ਿਆਂ ਦੀ ਤਸਕਰੀ ਦੀ ਖੁਦ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।

"ਪੰਜਾਬ ਟਾਈਮਜ਼ ਅਨੁਸਾਰ ਤਿੰਨ ਮਹੀਨਿਆਂ ਦਾ ਮਿੱਥਿਆ ਸਮਾਂ ਯਥਾਰਥਵਾਦੀ ਨਹੀਂ ਹੈ। ਸੌਖੇ ਢੰਗ-ਤਰੀਕਿਆਂ ਦੀ ਬਜਾਏ ਪੰਜਾਬ ਨੂੰ ਢਾਂਚਾਗਤ ਸੁਧਾਰਾਂ, ਕਰੜੀ ਸਰਹੱਦੀ ਨਿਗਰਾਨੀ, ਨਿਆਂਇਕ ਕੁਸ਼ਲਤਾ ਅਤੇ ਸਮਾਜ ਆਧਾਰਿਤ ਹੱਲਾਂ ਦੀ ਲੋੜ ਹੈ। ਨਹੀਂ ਤਾਂ 'ਨਸ਼ਿਆਂ ਖ਼ਿਲਾਫ਼ ਵਿੱਢੀ ਇਹ ਨਵੀਂ ਜੰਗ' ਇੱਕ ਹੋਰ ਸਿਆਸੀ ਨੁਮਾਇਸ਼ ਬਣ ਕੇ ਰਹਿ ਜਾਵੇਗੀ ਜਿਹੜੀ ਨਸ਼ਾ ਮੁਕਤ ਪੰਜਾਬ ਦਾ ਵਾਅਦਾ ਪੁਗਾਉਣ ਵਿੱਚ ਸਫਲ ਨਹੀਂ ਹੋ ਸਕੇਗੀ।"

## ਅੰਮ੍ਰਿਤਸਰ ਕੇਂਦਰੀ ਜੇਲ੍ਹ ਤੋਂ ਡਰੱਗ ਦੀ ਸਮਗਲਿੰਗ ਬਾਰੇ ਹਾਈ ਕੋਰਟ ਨੇ 'ਆਪ' ਸਰਕਾਰ ਨੂੰ ਪਾਈਆਂ ਝਾੜਾਂ

**○ ਅਦਾਲਤ ਨੇ ਕਿਹਾ ਕਿ ਇਸ ਰੈਕੇਟ ਵਿਚ ਸਿਰਫ਼ ਜੇਲ੍ਹ ਪ੍ਰਸ਼ਾਸਨ ਹੀ ਨਹੀਂ, ਸਗੋਂ ਗ੍ਰਹਿ ਵਿਭਾਗ ਦੇ ਅਧਿਕਾਰੀ ਵੀ ਸ਼ਾਮਲ ਹੋ ਸਕਦੇ ਨੇ**

ਚੰਡੀਗੜ੍ਹ-ਅੰਮ੍ਰਿਤਸਰ ਕੇਂਦਰੀ ਜੇਲ੍ਹ ਤੋਂ ਮੋਬਾਈਲ ਫ਼ੋਨਾਂ ਰਾਹੀਂ ਕੀਤੀ ਜਾ ਰਹੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਬਾਰੇ ਇਕ ਵੱਡਾ ਖੁਲਾਸਾ ਹੋਇਆ ਹੈ, ਜਿਸ ਦੇ ਪਾਕਿਸਤਾਨ ਸਮੇਤ ਕਈ ਅੰਤਰਰਾਸ਼ਟਰੀ ਤਸਕਰਾਂ ਨਾਲ ਸਬੰਧ ਹਨ। ਇਸ ਮਾਮਲੇ ਨੂੰ ਬੇਹੱਦ ਗੰਭੀਰ ਦੱਸਦਿਆਂ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਝਾੜ ਵੀ ਪਾਈ ਹੈ। ਅਦਾਲਤ ਨੇ ਸਪਸ਼ਟ ਕੀਤਾ ਕਿ ਸਿਰਫ਼ ਕੁੱਝ ਕੈਦੀਆਂ ਖ਼ਿਲਾਫ਼ ਕਾਰਵਾਈ ਕਰਨ ਨਾਲ ਸਮੱਸਿਆ ਹੱਲ ਨਹੀਂ ਹੋਵੇਗੀ ਕਿਉਂਕਿ ਇਸ ਰੈਕੇਟ ਵਿਚ ਸਿਰਫ਼ ਜੇਲ੍ਹ ਪ੍ਰਸ਼ਾਸਨ ਹੀ ਨਹੀਂ ਸਗੋਂ ਗ੍ਰਹਿ ਵਿਭਾਗ ਦੇ ਸੀਨੀਅਰ ਅਧਿਕਾਰੀ ਵੀ ਸ਼ਾਮਲ ਹੋ ਸਕਦੇ ਹਨ। ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਪੁਲਿਸ ਨੇ ਤਿੰਨ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਤੇ ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਇਆ ਕਿ ਉਨ੍ਹਾਂ ਦਾ ਇਕ ਸਾਥੀ, ਜੋ ਪਹਿਲਾਂ ਹੀ ਨਸ਼ਾ ਤਸਕਰੀ ਦੇ ਮਾਮਲੇ ਵਿਚ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚ ਬੰਦ ਸੀ, ਉੱਥੋਂ ਮੋਬਾਈਲ ਫ਼ੋਨ ਰਾਹੀਂ ਪੂਰੇ ਰੈਕੇਟ ਨੂੰ ਚਲਾ ਰਿਹਾ ਸੀ। ਜੇਲ੍ਹ ਵਿਚ ਮਾਰੇ ਛਾਪੇ ਦੌਰਾਨ ਉਸਦਾ ਫ਼ੋਨ ਜ਼ਬਤ ਕੀਤਾ, ਤਾਂ ਉਸ ਵਿਚ ਪਾਕਿਸਤਾਨ ਸਮੇਤ ਕਈ ਅੰਤਰਰਾਸ਼ਟਰੀ ਨਸ਼ਾ ਤਸਕਰਾਂ ਨਾਲ ਸੰਪਰਕ ਦੇ ਸਬੂਤ ਮਿਲੇ। ਪੰਜਾਬ ਸਰਕਾਰ ਨੇ ਹਾਈ ਕੋਰਟ ਨੂੰ ਸੂਚਿਤ ਕੀਤਾ ਕਿ ਪੰਜਾਬ ਦੇ ਜੇਲ੍ਹ ਵਿਭਾਗ ਦੇ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ ਨੇ ਐਂਟੀ-ਨਾਰਕੋਟਿਕਸ ਟਾਸਕ ਫੋਰਸ, ਮੋਹਾਲੀ ਦੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਨੂੰ ਇਕ ਪੱਤਰ ਲਿਖ ਕੇ ਇਸ ਮਾਮਲੇ ਵਿਚ ਸ਼ਾਮਿਲ ਜੇਲ੍ਹ ਅਧਿਕਾਰੀਆਂ ਦੀ ਪਛਾਣ ਕਰਨ ਲਈ ਕਿਹਾ ਗਿਆ ਹੈ। ਸੁਣਵਾਈ ਦੌਰਾਨ ਜਸਟਿਸ ਐਨ.ਐਸ. ਸ਼ੇਖਾਵਤ ਨੇ ਇਸ ਮਾਮਲੇ ਦੀ ਸਟੇਟਸ ਰਿਪੋਰਟ 25 ਅਪ੍ਰੈਲ ਨੂੰ ਅਦਾਲਤ 'ਚ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

# ਜਥੇਦਾਰ ਅਕਾਲ ਤਖਤ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾਂ ਸਮੁੱਚੇ ਖਾਲਸਾ ਪੰਥ ਦੀ ਅਗਵਾਈ ਕਰਦੇ ਹਨ ਨਾ ਕਿ ਦੋ ਧੜਿਆ ਦੀ : ਮਾਨ

## ਬੀਤੇ ਸਮੇ ਵਿਚ ਕੀਤੀਆਂ ਗਈਆਂ ਬਜਰ ਗੁਸਤਾਖੀਆਂ ਦੀ ਬਦੌਲਤ ਖਾਲਸਾ ਪੰਥ ਵਿਚੋ ਰਾਜਸੀ ਤੇ ਧਾਰਮਿਕ ਤੌਰ ਤੇ ਹੋ ਚੁੱਕੇ ਹਨ ਮਨਫੀ



ਨਵੀਂ ਦਿੱਲੀ–(ਮਨਪ੍ਰੀਤ ਸਿੰਘ ਖਾਲਸਾ):– "ਸ੍ਰੀ ਹਰਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਮੀਰੀ–ਪੀਰੀ ਦੀ ਮਹਾਨ ਸੰਸਥਾਂ ਨੂੰ ਇਸ ਲਈ ਹੋਂਦ ਵਿਚ ਲਿਆਂਦਾ ਸੀ ਤਾਂ ਕਿ ਸਮੁੱਚਾ ਖਾਲਸਾ ਪੰਥ ਧਾਰਮਿਕ ਤੇ ਸਿਆਸੀ ਤੌਰ ਤੇ ਦਰਪੇਸ ਆਉਣ ਵਾਲੀ ਕਿਸੇ ਮੁਸਕਿਲ ਵਿਚੋ ਨਿਕਲਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖੀ ਮਰਿਯਾਦਾਵਾ ਤੋ ਸੇਧ ਲੈਕੇ ਸਮੂਹਿਕ ਰੂਪ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਸਹੀ ਢੰਗ ਨਾਲ ਹੱਲ ਕੱਢਕੇ ਅੱਗੇ ਵੱਧ ਸਕੇ ।

ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾਂ ਕਿਸੇ ਇਕ ਧੜੇ ਜਾਂ ਸੰਗਠਨ ਦੀ ਅਗਵਾਈ ਨਹੀ ਕਰਦੀ, ਬਲਕਿ ਸਮੁੱਚੇ ਖਾਲਸਾ ਪੰਥ ਦੀ ਹਰ ਖੇਤਰ ਵਿਚ ਅਗਵਾਈ ਕਰਦੀ ਹੈ । ਪਰ ਦੁੱਖ ਅਤੇ ਅਫਸੋਸ ਹੈ ਕਿ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋ ਜੋ ਸ਼੍ਰੋਮਣੀ ਅਕਾਲੀ ਦਲ ਦੇ ਰਾਜਨੀਤਿਕ ਸੰਗਠਨ ਦੀ ਭਰਤੀ ਕਰਨ ਦੀ ਪ੍ਰਕਿਰਿਆ ਸੁਰੂ ਕੀਤੀ ਹੈ, ਉਹ ਕੇਵਲ ਉਨ੍ਹਾਂ ਦੋ ਧੜਿਆ ਦੇ ਆਗੂਆ ਤੇ ਸੰਬੰਧਤ ਲੋਕਾਂ ਨੂੰ ਲੈਕੇ ਸੁਰੂ ਕਰਵਾਈ ਜਾ ਰਹੀ ਹੈ ਜੋ ਅਸਲੀਅਤ ਵਿਚ ਆਪਣੇ ਵੱਲੋ ਬੀਤੇ ਸਮੇ ਵਿਚ ਕੀਤੀਆ ਗਈਆ ਬਜਰ ਗੁਸਤਾਖੀਆ ਦੀ ਬਦੌਲਤ ਖਾਲਸਾ ਪੰਥ ਵਿਚੋ ਰਾਜਸੀ ਤੇ ਧਾਰਮਿਕ ਤੌਰ ਤੇ ਮਨਫੀ ਹੋ ਚੁੱਕੇ ਹਨ । ਜਿਸ ਦਾਗੀ ਤੇ ਬਾਗੀ ਲੀਡਰਸਿਪ ਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲੋ 2 ਦਸੰਬਰ 2024 ਨੂੰ ਹੋਏ ਹੁਕਮਨਾਮਿਆ ਦੀ ਇਕ ਲਿਖਤੀ ਮਦ ਵਿਚ ਇਹ ਦਰਜ ਕਰਕੇ "ਕਿ ਇਹ ਲੀਡਰਸਿਪ ਹੁਣ ਇਖਲਾਕੀ ਤੇ ਰਾਜਨੀਤਿਕ ਤੌਰ ਤੇ ਖਾਲਸਾ ਪੰਥ ਦੀ ਅਗਵਾਈ ਕਰਨ ਦਾ ਹੱਕ ਗੁਆ ਚੁੱਕੀ ਹੈ" । ਉਸ ਪੂਰਨ ਰੂਪ ਵਿਚ ਸਿੱਖ ਕੌਮ ਵੱਲੋ ਨਕਾਰੀ ਜਾ ਚੁੱਕੀ ਲੀਡਰਸਿਪ ਨੂੰ ਜਿਉਂਦਾ ਕਰਨ ਦੇ ਹੀ ਦੁੱਖਦਾਇਕ ਅਮਲ ਹੋ ਰਹੇ ਹਨ । ਅਜਿਹੇ ਅਮਲਾਂ ਨਾਲ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨ ਸੰਸਥਾਂ ਅਤੇ ਜਥੇਦਾਰ ਦੇ ਸਤਿਕਾਰਿਤ ਰੁਤਬਿਆ ਉਤੇ ਵੱਡੇ ਪ੍ਰਸਨ ਚਿੰਨ੍ਹ ਲੱਗ ਜਾਣਗੇ। ਇਸ ਲਈ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੇਕਰ ਵਾਕਿਆ ਹੀ ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾਂ ਦੁਆਰਾ ਹੋਂਦ ਵਿਚ ਲਿਆਂਦੀ ਗਈ ਸ਼੍ਰੋਮਣੀ ਅਕਾਲੀ ਦਲ ਦੀ ਰਾਜਨੀਤਿਕ ਜਮਾਤ ਦੇ ਮਾਣ–ਸਨਮਾਨ ਨੂੰ ਬਹਾਲ ਕਰਵਾਉਣਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਸੁਹਿਰਦਤਾ ਤੇ ਦ੍ਰਿੜਤਾ ਨਾਲ ਚਾਹੀਦਾ ਹੈ ਕਿ ਦਾਗੋ ਦਾਗ ਤੇ ਬਾਗੀ ਹੋਈ ਪੂਰਨ ਰੂਪ ਵਿਚ ਦੋਸ਼ੀ ਸਾਬਤ ਹੋ ਚੁੱਕੀ ਇਨ੍ਹਾਂ ਦੋਵਾਂ ਧੜਿਆ ਦੀ ਨਿਰਾਥਕ ਲੀਡਰਸਿਪ ਜਿਸ ਨੂੰ 2 ਦਸੰਬਰ ਦੇ ਹੁਕਮਨਾਮਿਆ ਰਾਹੀ ਪੰਜ ਸਿੰਘ ਸਾਹਿਬਾਨਾਂ ਵੱਲੋ ਖੁਦ ਵੀ ਰੱਦ ਕੀਤਾ ਗਿਆ ਹੈ, ਉਸ ਨੂੰ ਪਾਸੇ ਕਰਕੇ ਸਮੁੱਚੇ ਖਾਲਸਾ ਪੰਥ ਵਿਚ ਵਿਚਰ ਰਹੀ ਸਿੱਖ ਕੌਮ ਦੀ ਸਹੀ ਢੰਗ ਨਾਲ ਭਰਤੀ ਸੁਰੂ ਕਰਵਾਉਣ ਲਈ ਸੁਹਿਰਦ ਅਤੇ ਪੰਥਕ ਆਤਮਾ ਤੇ ਅਧਾਰਿਤ ਸਮੂਹਿਕ ਸਾਂਝੀ ਸਭ ਧੜਿਆ, ਗਰੁੱਪਾਂ ਦੀ ਭਰਤੀ ਕਮੇਟੀ ਨੂੰ ਹੋਂਦ ਵਿਚ ਲਿਆਉਣ ਦੀ ਜਿੰਮੇਵਾਰੀ ਲਿਆਉਣ ਤੇ ਸਮੁੱਚੇ ਖਾਲਸਾ ਪੰਥ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਹੇਠ ਇਕੱਤਰ ਕਰਨ, ਫਿਰ ਹੀ ਕੌਮ ਪੱਖੀ ਚੰਗੇ ਨਤੀਜੇ ਨਿਕਲ ਸਕਦੇ ਹਨ ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਤੇ ਦਿਨੀਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋ ਖਾਲਸਾ ਪੰਥ ਵਿਚੋ ਨਿਕਾਰੇ ਜਾ ਚੁੱਕੇ ਦੋਵੇ ਬਾਗੀ ਤੇ ਦਾਗੀ ਧੜਿਆ ਦੀ ਦੋਸੀ ਲੀਡਰਸਿਪ ਨੂੰ 18 ਮਾਰਚ ਤੋ ਭਰਤੀ ਕਰਵਾਉਣ ਦੇ ਪੱਖਪਾਤੀ ਕਰਵਾਉਣ ਦੇ ਅਮਲਾਂ ਉਤੇ ਦੁੱਖ ਜਾਹਰ ਕਰਦੇ ਹੋਏ ਅਤੇ ਜਥੇਦਾਰ ਸਾਹਿਬਾਨ ਨੂੰ ਸਮੁੱਚੇ ਖਾਲਸਾ ਪੰਥ ਦੀ ਸਾਂਝੀ ਅਗਵਾਈ ਕਰਨ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਮੀਰੀ ਪੀਰੀ ਦੇ ਸਿਧਾਂਤ ਹੇਠ ਅਗਲੇਰੇ ਅਮਲ ਕਰਨ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਜੇਕਰ ਜਥੇਦਾਰ ਸਾਹਿਬਾਨ ਮੀਰੀ ਪੀਰੀ ਦੇ ਸਿਧਾਂਤ ਅਨੁਸਾਰ ਸਮੁੱਚੇ ਖਾਲਸਾ ਪੰਥ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਮਹਾਨ ਸਥਾਂਨ ਨੂੰ ਸਮੁੱਚੀ ਕੌਮ ਦਾ ਇਹ ਮਹੱਤਵਪੂਰਨ ਕੇਦਰ ਪ੍ਰਵਾਨ ਕਰਕੇ ਸਮੁੱਚੀ ਕੌਮ ਲਈ ਚੰਗੇਰੇ ਉਦਮ ਕਰ ਸਕਣਗੇ ਫਿਰ ਤਾਂ ਇਸ ਮਹਾਨ ਸੰਸਥਾਂ ਅਤੇ ਉਸਦੇ ਜਥੇਦਾਰ ਦੇ ਮਾਣ ਸਨਮਾਨ ਦੇ ਰੁਤਬਿਆ ਵਿਚ ਵਾਧਾ ਹੋ ਸਕੇਗਾ ਨਹੀ ਤਾਂ ਇਸ ਮਹਾਨ ਸੰਸਥਾਂ ਅਤੇ ਜਥੇਦਾਰ ਦੀ ਸਰਬਉੱਚ ਪਦਵੀ ਉਤੇ ਵੀ ਵੱਡੇ ਪ੍ਰਸਨ ਚਿੰਨ੍ਹ ਲਗਾਉਣ ਦੇ ਉਹ ਭਾਗੀ ਹੋ ਜਾਣਗੇ । ਇਸ ਲਈ ਅਸੀ ਇਹ ਉਮੀਦ ਕਰਾਂਗੇ ਕਿ ਜਥੇਦਾਰ ਸਾਹਿਬ ਸ੍ਰੀ ਹਰਗੋਬਿੰਦ ਸਾਹਿਬ ਜੀ ਵੱਲੋ ਜਿਸ ਭਾਵਨਾ ਤੇ ਕੌਮ ਪੱਖੀ ਸੋਚ ਨੂੰ ਮੁੱਖ ਰੱਖਕੇ ਮੀਰੀ ਪੀਰੀ ਦੇ ਸਿਧਾਂਤ ਹੇਠ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕੀਤੀ ਗਈ ਸੀ ਅਤੇ ਸਮੁੱਚੀ ਕੌਮ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਇਕੱਤਰ ਕਰਕੇ ਉਸ ਸਮੇ ਦੇ ਜਾਬਰ ਹਾਕਮਾਂ ਵਿਰੁੱਧ ਸੰਘਰਸ ਤੇ ਜੰਗਾਂ ਲੜਦੇ ਹੋਏ ਫਤਿਹ ਪ੍ਰਾਪਤ ਕੀਤੀ ਗਈ ਸੀ, ਉਸੇ ਭਾਵਨਾ ਤੇ ਸੋਚ ਅਨੁਸਾਰ ਜਥੇਦਾਰ ਸਾਹਿਬ ਇਕ ਦੋ ਧੜਿਆ ਦੀ ਗੱਲ ਨਾ ਕਰਕੇ ਸਮੁੱਚੀ ਕੌਮ ਤੇ ਖਾਲਸਾ ਪੰਥ ਨੂੰ ਅੱਗੇ ਲਿਜਾਣ ਅਤੇ ਦਰਪੇਸ ਆ ਰਹੇ ਸਭ ਸਿਆਸੀ, ਸਮਾਜਿਕ, ਧਾਰਮਿਕ ਮਸਲਿਆ ਦੇ ਸਹੀ ਹੱਲ ਕਰਨ ਲਈ ਸੁਹਿਰਦ ਉਦਮ ਕਰਨਗੇ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨ ਸੰਸਥਾਂ ਅਤੇ ਉਸਦੇ ਜਥੇਦਾਰ ਦੀ ਉੱਚ ਪਦਵੀ ਸੰਬੰਧੀ ਕਿਸੇ ਤਰ੍ਹਾਂ ਦੇ ਅਜਿਹੇ ਅਮਲ ਨਹੀ ਹੋਣਗੇ ਜਿਸ ਨਾਲ ਪਹਿਲੋ ਹੀ ਭੰਬਲਭੂਸੇ ਵਿਚ ਗੁਜਰ ਰਿਹਾ ਖਾਲਸਾ ਪੰਥ ਦੀ ਸਥਿਤੀ ਹੋਰ ਗੁੰਝਲਦਾਰ ਬਣ ਜਾਵੇ ।

# ਨਿਹੰਗ ਸਿੰਘ ਜਥੇਬੰਦੀਆਂ ਨੇ ਗਿਆਨੀ ਰਘਬੀਰ ਸਿੰਘ ਨੂੰ ਮੰਗ ਪੱਤਰ ਸੌਂਪਿਆ

## ✪ ਹਰ ਤਰ੍ਹਾਂ ਦਾ ਸਹਿਯੋਗ ਤੇ ਸਮਰਪਿਤਾ ਦੇਣ ਦਾ ਦਿੱਤਾ ਭਰੋਸਾ

ਅੰਮ੍ਰਿਤਸਰ-ਸਮੁੱਚੀਆਂ ਨਿਹੰਗ ਸਿੰਘ ਜਥੇਬੰਦੀਆਂ, ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਬੁੱਢਾ ਦਲ ਦੀ ਅਗਵਾਈ ਵਿਚ ਸਿੰਘ ਸਾਹਿਬ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਹਰ ਤਰ੍ਹਾਂ ਦਾ ਸਹਿਯੋਗ ਤੇ ਸਮਰਪਿਤਾ ਦੇਣ ਦਾ ਭਰੋਸਾ ਦਿੱਤਾ। ਸ੍ਰੀ ਅਕਾਲ ਤਖ਼ਤ ਸਹਿਬ ਦੇ ਸਕੱਤਰੇਤ ਵਿਖੇ ਸਿੰਘ ਸਾਹਿਬ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ



ਪੱਤਰ ਸੌਂਪਿਆ, ਜਿਸ 'ਚ ਕਿਹਾ ਗਿਆ ਕਿ ਅਕਾਲ ਤਖ਼ਤ ਸਾਹਿਬ ਤੇ ਸਿੱਖ ਨੀਤੀ ਦੀ ਪ੍ਰਭੂਸਤਾ ਨੂੰ ਪ੍ਰਚੰਡ ਰੱਖਣ ਦੀਆਂ ਵੀਚਾਰਾਂ ਹੋਣੀਆਂ ਚਾਹੀਦੀਆਂ ਹਨ, ਨਾ ਕੇ ਰਾਜਨੀਤਿਕ ਹੱਥ ਕੰਡੇ ਵਰਤੇ ਜਾਣ।

ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਮੱਥਾ ਲਾਉਣ ਵਾਲਿਆਂ ਦਾ ਇਤਿਹਾਸ ਵਿੱਚੋਂ ਨਾਮੋ ਨਿਸ਼ਾਨ ਮਿੱਟ ਗਿਆ ਹੈ। ਉਨ੍ਹਾਂ ਕਿਹਾ 2 ਦਸੰਬਰ-24 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਦੀ ਹਰ ਮੱਦ ਇੰਨ-ਬਿੰਨ ਲਾਗੂ ਹੋਣੀ ਚਾਹੀਦੀ ਹੈ, ਉਸ ਲਈ ਸਿੰਘ ਸਾਹਿਬਾਨ ਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕਰਦੇ ਹਾਂ ਕਿ ਦ੍ਰਿੜਤਾ, ਸੂਰਮਗਤੀ ਤੇ ਨਿਰਭੈਤਾ ਨਾਲ ਡਟਵਾਂ ਪਹਿਰਾ ਦਿਓ। ਸਮੁੱਚੀਆਂ ਗੁਰੂ ਜੀ ਦੀਆਂ ਲਾਡਲੀਆਂ ਨਿਹੰਗ ਸਿੰਘ ਜਥੇਬੰਦੀਆਂ ਤੁਹਾਡੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੀਆਂ ਹਨ।

ਅਕਾਲ ਤਖ਼ਤ ਸਾਹਿਬ ਤੋਂ ਪੰਥਕ ਜਗਤਿ 'ਚ ਮਰਯਾਦਾ ਦਾ ਪਾਲਣ ਕਰਦਿਆਂ ਗੁਰਮਤਾ ਕਰਨ ਵਾਲੇ ਜਥੇਦਾਰਾਂ ਖ਼ਿਲਾਫ਼ ਸੋਸ਼ਲ ਮੀਡੀਏ 'ਚ ਤੋਹਮਤ ਵਾਲੀ ਬਿਆਨਬਾਜ਼ੀ ਨਹੀਂ ਹੋਣੀ ਚਾਹੀਦੀ ਅਤੇ ਨਾ ਹੀ ਕਰਨ ਦੀ ਜ਼ੁਅਰਤ ਕਰਨੀ ਚਾਹੀਦੀ ਹੈ।

ਇਸ ਸਮੇਂ ਬਾਬਾ ਜੋਗਾ ਸਿੰਘ ਮੁਖੀ ਤਰਨਾ ਦਲ ਮਿਸਲ ਸ਼ਹੀਦ ਬਾਬਾ ਦੀਪ ਸਿੰਘ ਬਾਬਾ ਬਕਾਲਾ ਵੱਲੋਂ ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ, ਬਾਬਾ ਬਿਧੀਚੰਦ ਸਾਹਿਬ ਤਰਨਾ ਦਲ ਸੁਰਸਿੰਘ ਵੱਲੋਂ ਬਾਬਾ ਨਾਹਰ ਸਿੰਘ ਸਾਧ, ਬਾਬਾ ਮੇਜਰ ਸਿੰਘ ਸੋਢੀ ਤਰਨਾ ਦਲ, ਬਾਬਾ ਨਾਗਰ ਸਿੰਘ ਹਰੀਆਂ ਬੇਲਾਂ, ਬਾਬਾ ਗੁਰਪਿੰਦਰ ਸਿੰਘ ਸਤਲਾਣੀ ਸਾਹਿਬ, ਬਾਬਾ ਵਸਣ ਸਿੰਘ, ਬਾਬਾ ਗੁਰਮੇਲ ਸਿੰਘ ਕਨੇਡਾ, ਬਾਬਾ ਕੁਲਵਿੰਦਰ ਸਿੰਘ, ਜਥੇਦਾਰ ਰਾਜਾ ਰਾਜ ਸਿੰਘ ਅਰਬਾ ਖਰਬਾ, ਬਾਬਾ ਖੜਕ ਸਿੰਘ, ਬਾਬਾ ਰਜਿੰਦਰਪਾਲ ਸਿੰਘ ਮਾਲੂਵਾਲ, ਬਾਬਾ ਵੱਸਣ ਸਿੰਘ ਮੜ੍ਹੀਆਵਾਲੇ, ਆਦਿ ਤੋਂ ਇਲਾਵਾ ਬੇਅੰਤ ਨਿਹੰਗ ਸਿੰਘ ਫੌਜ਼ਾਂ ਹਾਜ਼ਰ ਸਨ।


## ਦਫਤਰ ਦਾ ਅਡਰੈਸ ਬਦਲਣ ਬਾਰੇ ਸੂਚਨਾ

ਇਮੀਗ੍ਰੇਸ਼ਨ ਅਡਵਾਈਸ ਬਿਊਰੋ ਵੱਲੋਂ ਸਾਰੇ ਗਾਹਕਾਂ ਤੇ ਸ਼ੁੱਭ ਚਿੰਤਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਦਫਤਰ ਦਾ ਪਤਾ ਬਦਲ ਗਿਆ ਹੈ। ਇਮੀਗ੍ਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੇ ਮਸਲੇ ਬਾਰੇ ਸਾਡੇ ਨਾਲ ਨਵੇਂ ਪਤੇ 'ਤੇ ਸੰਪਰਕ ਕਰੋ ਜੀ।



Established since 1989 we continue to serve the community and assist in any matter relating to UK Immigraton law. Free initial consultation.

**IMMIGRATION ADVICE BUREAU**

Has moved to :
112A The Green, Second Floor, Southall, UB2 4BQ
(above IWA office next to Dominion Centre).

For enquiries or appointments contact
Mr. Sukhindra Singh Rai on 020 85716680 / Mo: 07774 194 004

# ਯੂਕਰੇਨ ਯੁੱਧ ’ਤੇ ਅਮਰੀਕਾ ਦੀ ਰਣਨੀਤੀ ਕੀ ਹੈ ?

**ਵਿਸ਼ੇਸ਼ ਰਿਪੋਟ**

## ✪ ਟਰੰਪ ਰੂਸ ਦਾ ਸਮਰਥਨ ਕਰਕੇ ਅਮਰੀਕੀ ਹਿੱਤਾਂ ਨੂੰ ਕਿਵੇਂ ਸੁਰਖਿਅਤ ਕਰ ਸਕਣਗੇ ?
## ✪ ਅਮਰੀਕਾ ਨੇ ਯੂਕਰੇਨੀ ਫ਼ੌਜੀ ਸਹਾਇਤਾ ’ਤੇ ਲਗਾਈ ਪਾਬੰਦੀ, ਯੂਰਪ ਯੂਕਰੇਨ ਦੀ ਹਮਾਇਤ ਵਿਚ

ਰੂਸ-ਯੂਕਰੇਨ ਵਿਚਕਾਰ ਪਿਛਲੇ 3 ਸਾਲ ਤੋਂ ਚਲ ਰਹੇ ਯੁੱਧ ਸੰਬੰਧੀ ਅਮਰੀਕਾ ਦੀ ਨੀਤੀ ਵਿਚ ਆਈ ਨਵੀਂ ਤਬਦੀਲੀ ਨੇ ਹਾਲਾਤ ਨੂੰ ਹੋਰ ਵੀ ਗੁੰਝਲਦਾਰ ਬਣਾ ਦਿੱਤਾ ਹੈ। ਇਸ ਖ਼ੂਨੀ ਜੰਗ ਵਿਚ ਹੁਣ ਤੱਕ ਜਿੱਥੇ ਰੂਸ ਤੇ ਯੂਕਰੇਨ ਦੇ ਹਜ਼ਾਰਾਂ ਹੀ ਫ਼ੌਜੀ ਮਾਰੇ ਜਾ ਚੁੱਕੇ ਹਨ, ਉਥੇ ਵੱਡੀ ਗਿਣਤੀ ਵਿਚ ਦੋਵੇਂ ਪਾਸੇ ਆਮ ਸ਼ਹਿਰੀ ਵੀ ਮਾਰੇ ਜਾ ਚੁੱਕੇ ਹਨ। ਯੂਕਰੇਨ ਵਿਚ ਹੋਈ ਤਬਾਹੀ ਦੇ ਮੰਜ਼ਰ ਸਭ ਦੇ ਸਾਹਮਣੇ ਹਨ। ਹੁਣ ਤੱਕ ਯੂਰਪ ਦੇ ਬਹੁਤੇ ਦੇਸ਼ ਅਤੇ ਅਮਰੀਕਾ, ਕੈਨੇਡਾ ਤੇ ਆਸਟ੍ਰੇਲੀਆ ਆਦਿ ਡਟ ਕੇ ਯੂਕਰੇਨ ਨਾਲ ਖੜ੍ਹੇ ਰਹੇ ਹਨ। ਉਨ੍ਹਾਂ ਨੇ ਹਰ ਤਰ੍ਹਾਂ ਦੀ ਅਰਬਾਂ ਦੀ ਸਹਾਇਤਾ ਇਸ ਨੂੰ ਦਿੱਤੀ ਹੈ। ਹੁਣ ਤੱਕ ਅਮਰੀਕਾ ਹੀ ਯੂਕਰੇਨ ਦਾ ਆਰਥਿਕ ਅਤੇ ਹਥਿਆਰਾਂ ਦੇ ਪੱਖ ਤੋਂ ਵੱਡਾ ਮਦਦਗਾਰ ਰਿਹਾ ਹੈ। ਉਸ ਦੇ ਦਮ ’ਤੇ ਹੀ ਜ਼ੇਲੇਂਸਕੀ ਤਿੰਨ ਸਾਲ ਤੱਕ ਬੜੀ ਦ੍ਰਿੜ੍ਹਤਾ ਨਾਲ ਰੂਸ ਵਰਗੇ ਵੱਡੇ ਅਤੇ ਸ਼ਕਤੀਸ਼ਾਲੀ ਮੁਲਕ ਦੇ ਸਾਹਮਣੇ ਖੜ੍ਹਾ ਰਿਹਾ ਹੈ। ਅਮਰੀਕਾ ਦਾ ਉਸ ਤੋਂ ਮੂੰਹ ਮੋੜਨਾ, ਇਸ ਜੰਗ ਵਿਚ ਯੂਕਰੇਨ ਲਈ ਬੇਹੱਦ ਤਬਾਹਕੁੰਨ ਸਾਬਤ ਹੋ ਸਕਦਾ ਹੈ। ਜ਼ੇਲੇਂਸਕੀ ਨੇ ਤਾਂ ਟਰੰਪ ਦੇ ਕਹਿਣ ’ਤੇ ਆਪਣੇ ਦੇਸ਼ ਦੇ ਅੱਧੇ ਕੁਦਰਤੀ ਖ਼ਜ਼ਾਨਿਆਂ ’ਤੇ ਵੀ ਅਮਰੀਕਾ ਦੀ ਸਰਦਾਰੀ ਮੰਨ ਲਈ ਸੀ। ਇਸੇ ਕਰਕੇ ਉਹ ਅਜਿਹੇ ਸਮਝੌਤੇ ਦੇ ਮਸੌਦੇ ਦੇ ਨਾਲ ਹੀ ਵਾਸ਼ਿੰਗਟਨ ਗਿਆ ਸੀ। ਇਸ ਦੇ ਅੱਧ-ਵਿਚਾਲੇ ਟੁੱਟਣ ਨੇ ਦੁਨੀਆ ਭਰ ਨੂੰ ਚਿੰਤਾ ਵਿਚ ਪਾ ਦਿੱਤਾ ਹੈ, ਜਿਸ ਨਾਲ ਇਹ ਲੜਾਈ ਹੋਰ ਵੀ ਗੰਭੀਰ ਮੋੜ ’ਤੇ ਆ ਪੁੱਜੀ ਹੈ। ਇਸ ਨਾਲ ਅਮਰੀਕੀ ਰਾਸ਼ਟਰਪਤੀ ਦੀ ਨਾਰਾਜ਼ਗੀ ਵਧ ਗਈ ਸੀ। ਰੂਸ-ਯੂਕਰੇਨ ਯੁੱਧ ਨੂੰ ਲੈ ਕੇ ਟਰੰਪ ਦੀ ਰਣਨੀਤੀ ਬਾਰੇ ਕਾਫ਼ੀ ਚਰਚਾ ਹੋ ਰਹੀ ਹੈ। ਓਵਲ ਆਫਿਸ ਵਿੱਚ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨਾਲ ਉਨ੍ਹਾਂ ਦੀ ਗਰਮਾ-ਗਰਮ ਬਹਿਸ ਵੀ ਖ਼ਬਰਾਂ ਵਿੱਚ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੂਕਰੇਨ ਨੂੰ ਮਿਲਟਰੀ ਸਹਾਇਤਾ ’ਤੇ ਰੋਕ ਲਗਾ ਦਿੱਤੀ ਹੈ। ਉਸ ਨੇ ਇਹ ਪਾਬੰਦੀ ਉਦੋਂ ਤੱਕ ਲਗਾਈ ਹੈ ਜਦੋਂ ਤੱਕ ਯੂਕਰੇਨ ਦੇ ਰਾਸ਼ਟਰਪਤੀ ਵਲੋਦੋਮੀਰ ਜ਼ੇਲੈਂਸਕੀ ਰੂਸ ਨਾਲ ਜੰਗ ਖ਼ਤਮ ਕਰਨ ਦੀ ਵਚਨਬੱਧਤਾ ਨਹੀਂ ਦਿਖਾਉਂਦੇ।

### ਟਰੰਪ ਨੇ ਜ਼ੇਲੇਂਸਕੀ ਦਾ ਅਪਮਾਨ ਕੀਤਾ

ਸ਼ੁੱਕਰਵਾਰ ਨੂੰ ਓਵਲ ਦਫ਼ਤਰ ਵਿੱਚ ਟਰੰਪ ਅਤੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਵਿਚਕਾਰ ਹੋਈ ਮੁਲਾਕਾਤ ਵਿੱਚ, ਅਮਰੀਕੀ ਨੇਤਾ ਨੇ ਇੱਕ ਅਜਿਹੇ ਦੇਸ਼ ਦੇ ਲੋਕਤੰਤਰੀ ਤੌਰ ’ਤੇ ਚੁਣੇ ਗਏ ਨੇਤਾ ਨੂੰ ਜਨਤਕ ਤੌਰ ’ਤੇ ਅਪਮਾਨਿਤ ਕਰਨ ਦੀ ਕੋਸ਼ਿਸ਼ ਕੀਤੀ ਤੇ ਇਹ ਸਭ ਇਸ ਲਈ ਹੋਇਆ ਕਿਉਂਕਿ ਜ਼ੇਲੇਂਸਕੀ ਨੇ ਜੰਗਬੰਦੀ ਦੇ ਸਮਝੌਤੇ ’ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ, ਪੁਤਿਨ ਦੀ ਆਲੋਚਨਾ ਕੀਤੀ



### ਮਿਜ਼ਾਇਲਾਂ ਖਰੀਦਣ ਲਈ ਬ੍ਰਿਟੇਨ ਯੂਕਰੇਨ ਨੂੰ ਦੇਵੇਗਾ 1.6 ਬਿਲੀਅਨ ਡਾਲਰ ਦੀ ਆਰਥਿਕ ਸਹਾਇਤਾ

ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਇੱਕ ਨਵੇਂ ਸੌਦੇ ਦਾ ਐਲਾਨ ਕੀਤਾ ਹੈ ਜਿਸ ਨਾਲ ਯੂਕਰੇਨ ਨੂੰ ਹਵਾਈ ਰੱਖਿਆ ਮਿਜ਼ਾਈਲਾਂ ਖਰੀਦਣ ਲਈ 1.6 ਬਿਲੀਅਨ ਡਾਲਰ ਦੇ ਯੂਕੇ ਨਿਰਯਾਤ ਵਿੱਤ ਦੀ ਵਰਤੋਂ ਕਰਨ ਦੀ ਆਗਿਆ ਮਿਲੇਗੀ। ਉਨ੍ਹਾਂ ਕਿਹਾ ਕਿ 5,000 ਮਿਜ਼ਾਈਲਾਂ ਦਾ ਨਿਰਮਾਣ ਬੇਲਫਾਸਟ ਵਿਚ ਕੀਤਾ ਜਾਵੇਗਾ।

(ਜਿਸਨੇ ਕਈ ਮੌਕਿਆਂ ’ਤੇ ਜ਼ੇਲੇਂਸਕੀ ਨੂੰ ਮਾਰਨ ਦੀ ਕੋਸ਼ਿਸ਼ ਕੀਤੀ) ਅਤੇ ਦੇਸ਼ ਦੇ “ਸਵੈ-ਘੋਸ਼ਿਤ ਰਾਜਾ”, ਟਰੰਪ ਅੱਗੇ ਝੁਕਿਆ ਨਹੀਂ।

### ਟਰੰਪ ਦਾ ਅਮਰੀਕਾ ਰੂਸ ਪ੍ਰਤੀ ਨਰਮ ਹੋਇਆ

ਪੈਂਟਾਗਨ ਵਿਖੇ ਸਵੈ-ਵਿਨਾਸ਼ ਦੇ ਇੱਕ ਹੈਰਾਨਕੁਨ ਕਦਮ ਵਿੱਚ, ਰੱਖਿਆ ਸਕੱਤਰ ਪੀਟ ਹੇਗਸੇਥ ਨੇ ਅਮਰੀਕੀ ਸਾਈਬਰ ਕਮਾਂਡ ਨੂੰ ਰੂਸ ਨੂੰ ਨਿਸ਼ਾਨਾ ਬਣਾਉਣ ਵਾਲੇ ਸਾਰੇ ਕਾਰਜਾਂ ਨੂੰ ਰੋਕਣ ਦਾ ਆਦੇਸ਼ ਦਿੱਤਾ ਹੈ। ਅਮਰੀਕੀ ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ (ਯੂਐਸਏਡ) ਨੂੰ ਫੰਡਿੰਗ ਵਿੱਚ ਕਟੌਤੀ ਅਮਰੀਕਾ ਦੀ ਸਾਫਟ ਪਾਵਰ ਨੂੰ ਖਤਮ ਕਰ ਰਹੀ ਹੈ, ਜਿਸ ਨਾਲ ਇੱਕ ਅਜਿਹਾ ਖਲਾਅ ਪੈਦਾ ਹੋ ਰਿਹਾ ਹੈ ਜਿਸਨੂੰ ਚੀਨ ਖੁਸ਼ੀ ਨਾਲ ਭਰੇਗਾ।

### ਟਰੰਪ ਦੀ ਰਣਨੀਤੀ ਕੀ ਹੈ ?

ਟਰੰਪ ਦੇ ਵਿਨਾਸ਼ਕਾਰੀ ਕਦਮ ਦਾ ਵਿਸ਼ਵ ਪੱਧਰ ’ਤੇ ਤੂਫਾਨੀ ਪ੍ਰਭਾਵ ਪੈ ਰਿਹਾ ਹੈ। ਯੂਕਰੇਨ ਵਿਰੁੱਧ ਜੰਗ ਸ਼ੁਰੂ ਕਰਨ ਲਈ ਰੂਸ ਦੀ ਨਿੰਦਾ ਕਰਨ ਵਾਲੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਮਤੇ ਦੇ ਵਿਰੁੱਧ ਅਮਰੀਕਾ ਦੀ ਵੋਟ ਨੇ ਇਸਨੂੰ ਰੂਸ, ਬੇਲਾਰੂਸ ਅਤੇ ਉੱਤਰੀ ਕੋਰੀਆ ਦੇ ਨਾਲ ਇੱਕ ਸਮੂਹ ਵਿੱਚ ਪਾ ਦਿੱਤਾ। ਚੀਨ ਵੀ ਇਸ ਪ੍ਰਸਤਾਵ ’ਤੇ ਵੋਟਿੰਗ ਤੋਂ ਦੂਰ ਰਿਹਾ।

### ਬ੍ਰਿਟੇਨ ਵਿੱਚ ਟਰੰਪ ਦੀ ਨੀਤੀ ਵਿਰੁੱਧ ਮਾਹੌਲ

ਇੰਗਲੈਂਡ ਦੀ ਰਾਜਧਾਨੀ ਲੰਡਨ ਵਿਚ ਬੀਤੇ ਐਤਵਾਰ ਨੂੰ ਇਸ ਮਸਲੇ ’ਤੇ ਹੋਏ ਸਿਖਰ ਸੰਮੇਲਨ ਵਿਚ 44 ਯੂਰਪੀਅਨ ਦੇਸ਼ਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚੋਂ 24 ਦੇਸ਼ਾਂ ਦੇ ਮੁਖੀ ਖ਼ੁਦ ਸ਼ਾਮਿਲ ਹੋਏ, ਜਦੋਂ ਕਿ ਬਾਕੀ ਦੇਸ਼ਾਂ ਦੇ ਆਗੂ ਇਸ ਵਿਚ ਵਰਚੁਅਲੀ ਜੁੜੇ ਸਨ। ਇਸ ਤੋਂ ਇਲਾਵਾ ਯੂਰਪੀਅਨ ਯੂਨੀਅਨ ਦੀ ਮੁਖੀ ਉਰਸੁਲਾ ਵੋਨਡੇਰ ਲੇਅਨ ਵੀ ਇਸ ਵਿਚ ਸ਼ਾਮਿਲ ਹੋਈ। ਇਨ੍ਹਾਂ ਸਾਰਿਆਂ ਨੇ ਯੂਕਰੇਨ ਨਾਲ ਇਕਜੁੱਟਤਾ ਜ਼ਾਹਿਰ ਕੀਤੀ ਅਤੇ ਅਮਰੀਕਾ ਨੂੰ ਵੀ ਗੁਹਾਰ ਲਗਾਈ ਕਿ ਉਹ ਆਪਣੇ ਵਲੋਂ ਦਿੱਤੀ ਜਾਂਦੀ ਸਹਾਇਤਾ ਜਾਰੀ ਰੱਖੇ। ਬਰਤਾਨੀਆ ਅਤੇ ਫ਼ਰਾਂਸ ਇਸ ਯੁੱਧ ਨੂੰ ਖ਼ਤਮ ਕਰਵਾਉਣ ਲਈ ਇਕ ਜੰਗਬੰਦੀ ਯੋਜਨਾ ’ਤੇ ਕੰਮ ਕਰਨ ਲਈ ਵੀ ਸਹਿਮਤ ਹੋ ਗਏ ਹਨ, ਜੋ ਅਮਰੀਕਾ ਨਾਲ ਸਾਂਝੀ ਕੀਤੀ ਜਾਏਗੀ।

ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਕਿ ਇਸ ਸ਼ਾਂਤੀ ਯੋਜਨਾ ’ਤੇ ਅਮਲ ਲਈ ਉਹ ਇਕ ਪੁਲ ਦਾ ਕੰਮ ਕਰਨਗੇ, ਕਿਉਂਕਿ ਸਾਰੇ ਹੀ ਇਕੱਠੇ ਹੋਏ ਆਗੂ ਇਸ ਯੁੱਧ ਨੂੰ ਖ਼ਤਮ ਕਰਵਾਉਣ ਲਈ ਦ੍ਰਿੜ੍ਹ ਸੰਕਲਪ ਨਜ਼ਰ ਆ ਰਹੇ ਸਨ। ਬਰਤਾਨੀਆ ਨੇ ਯੂਕਰੇਨ ਨੂੰ ਹਥਿਆਰਾਂ ਦੀ ਖਰੀਦ ਲਈ ਯੂਰਪੀਅਨ ਫੰਡ ’ਚੋਂ 40 ਹਜ਼ਾਰ ਕਰੋੜ ਰੁਪਏ ਦੀ ਮਦਦ ਦੇਣ ਦਾ ਵੀ ਐਲਾਨ ਕੀਤਾ ਹੈ। ਮੀਟਿੰਗ ਵਿਚ ਇਹ ਗੱਲ ਵੀ ਚੱਲੀ ਕਿ ਇਸ ਜੰਗ ਲਈ ਯੂਰਪ ਦੀ ਸਾਂਝੀ ਫ਼ੌਜੀ ਫੋਰਸ ਵੀ ਬਣਾਈ ਜਾ ਸਕਦੀ ਹੈ। ਇਸ ਘਟਨਾਕ੍ਰਮ ਨਾਲ ਜਿੱਥੇ ਅਮਰੀਕਾ ਯੂਰਪੀਅਨ ਭਾਈਚਾਰੇ ਵਿਚ ਇਕੱਲਾ ਪੈ ਗਿਆ ਜਾਪਦਾ ਹੈ, ਉੱਥੇ ਰੂਸ ਲਈ ਵੀ ਪੈਦਾ ਹੋਈ ਇਹ ਸਥਿਤੀ ਹੋਰ ਵੱਡੀ ਚੁਣੌਤੀ ਬਣ ਸਕਦੀ ਹੈ।

### ਯੂਰਪੀਅਨ ਦੇਸ਼ਾਂ ਦਾ ਇਕੱਠੇ ਹੋਣਾ ਰੂਸ ਲਈ ਇਕ ਚਿਤਾਵਨੀ ਵੀ ਹੈ

ਯੂਕੇ ਵਿੱਚ ਇੱਕ ਯੂਗੋਵ ਸਰਵੇਖਣ ਵਿੱਚ ਪਾਇਆ ਗਿਆ ਕਿ 48 ਪ੍ਰਤੀਸ਼ਤ ਬ੍ਰਿਟਿਸ਼ ਲੋਕ ਮੰਨਦੇ ਹਨ ਕਿ ਯੂਕਰੇਨ ਦਾ ਸਮਰਥਨ ਕਰਨਾ ਅਮਰੀਕਾ ਨਾਲ ਚੰਗੇ ਸਬੰਧ ਬਣਾਈ ਰੱਖਣ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ। ਸਿਰਫ਼ 20 ਪ੍ਰਤੀਸ਼ਤ ਲੋਕ ਯੂਕਰੇਨ ਦੀ ਬਜਾਏ ਅਮਰੀਕਾ ਦਾ ਸਮਰਥਨ ਕਰਨ ਦੇ ਹੱਕ ਵਿੱਚ ਹਨ।

ਟਰੰਪ ਦਾ ਇਹ ਅਜੀਬ ਪ੍ਰਸਤਾਵ ਕਿ ਚੀਨ, ਰੂਸ ਅਤੇ ਅਮਰੀਕਾ ਆਪਣੇ-ਆਪਣੇ ਰੱਖਿਆ ਬਜਟ ਅੱਧੇ ਕਰ ਦੇਣ, ਯਕੀਨੀ ਤੌਰ ’ਤੇ ਤਾਕਤ ਦੀ ਬਜਾਏ ਕਮਜ਼ੋਰੀ ਜਾਪਦਾ ਹੈ। ਟਰੰਪ ਦਾ ਉਦੇਸ਼ ਅਮਰੀਕੀ ਕਾਰੋਬਾਰਾਂ ਨੂੰ ਉੱਚ ਟੈਰਿਫਾਂ ਨਾਲ ਘੇਰਨਾ ਜਾਪਦਾ ਹੈ ਅਤੇ ਨਾਲ ਹੀ ਰੂਸ ਨੂੰ ਚੀਨ ਤੋਂ ਦੂਰ ਕਰਨਾ ਵੀ ਹੈ। ਇਹ ਦਲੀਲਾਂ ਆਰਥਿਕ ਤੌਰ ’ਤੇ ਅਨਪੜ੍ਹ ਅਤੇ ਭੂ-ਰਾਜਨੀਤਿਕ ਤੌਰ ’ਤੇ ਮੂਰਖਤਾਪੂਰਨ ਹਨ।

### ਅਮਰੀਕਾ ਦੇ ਸਹਿਯੋਗੀਆਂ ਲਈ ਇਸਦਾ ਕੀ ਅਰਥ ਹੈ ?

ਟਰੰਪ ਦੀਆਂ ਕਾਰਵਾਈਆਂ ਨੇ ਬਿਨਾਂ ਸ਼ੱਕ ਅਮਰੀਕਾ ਦੇ ਰਵਾਇਤੀ ਵਿਰੋਧੀਆਂ ਨੂੰ ਮਜ਼ਬੂਤ ਕੀਤਾ ਹੈ ਪਰ ਇਸਦੇ ਦੋਸਤਾਂ ਨੂੰ ਵੀ ਕਮਜ਼ੋਰ ਅਤੇ ਚਿੰਤਤ ਕੀਤਾ ਹੈ। ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ, ਕੋਈ ਵੀ ਅਮਰੀਕੀ ਸਹਿਯੋਗੀ - ਭਾਵੇਂ ਯੂਰਪ ਵਿੱਚ ਹੋਵੇ ਜਾਂ ਏਸ਼ੀਆ ਵਿੱਚ - ਹੁਣ ਇਸ ਗੱਲ ’ਤੇ ਭਰੋਸਾ ਨਹੀਂ ਕਰ ਸਕਦਾ ਕਿ ਵਾਸ਼ਿੰਗਟਨ ਆਪਣੀਆਂ ਸੁਰੱਖਿਆ ਵਚਨਬੱਧਤਾਵਾਂ ਨੂੰ ਪੂਰਾ ਕਰੇਗਾ। ਫਰਵਰੀ ਵਿੱਚ ਮਿਊਨਿਖ ਸੁਰੱਖਿਆ ਕਾਨਫਰੰਸ ਵਿੱਚ, ਨਾਟੋ (ਉੱਤਰੀ ਅਟਲਾਂਟਿਕ ਸੰਧੀ ਸੰਗਠਨ) ਦੇ ਮੈਂਬਰਾਂ ਦੇ ਅਮਰੀਕੀ ਪ੍ਰਤੀਨਿਧੀਆਂ ਨੇ ਸਪੱਸ਼ਟ ਤੌਰ ’ਤੇ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਹੁਣ ਆਪਣੇ ਆਪ ਨੂੰ ਯੂਰਪੀ ਸੁਰੱਖਿਆ ਦਾ ਮੁੱਖ “ਗਾਰੰਟੀਕਰਤਾ” ਨਹੀਂ ਸਮਝਦਾ।

### ਯੂਰਪ ਦੀ ਸੁਰੱਖਿਆ ਹੁਣ ਅਮਰੀਕਾ ਦੇ ਭਰੋਸੇ ਨਹੀਂ

ਅਮਰੀਕਾ ਦੇ ਤੇਜ਼ੀ ਨਾਲ ਪਿੱਛੇ ਹਟਣ ਦਾ ਮਤਲਬ ਹੈ ਕਿ ਯੂਰਪੀ ਦੇਸ਼ਾਂ ਨੂੰ ਨਾ ਸਿਰਫ਼ ਹਥਿਆਰਾਂ ਨੂੰ ਤੇਜ਼ੀ ਨਾਲ ਇਕੱਠਾ ਕਰਨ ਦੀ ਇੱਛਾ ਸ਼ਕਤੀ ਅਤੇ ਸਾਧਨ ਇਕੱਠੇ ਕਰਨੇ ਪੈਣਗੇ, ਸਗੋਂ ਯੂਕਰੇਨ ਦੀ ਰੱਖਿਆ ਲਈ ਵੀ ਇਕੱਠੇ ਹੋਣਾ ਪਵੇਗਾ। ਇਹ ਅਜੇ ਵੀ ਸਪੱਸ਼ਟ ਨਹੀਂ ਹੈ ਕਿ ਉਹ ਅਜਿਹਾ ਕਰ ਸਕਣਗੇ ਜਾਂ ਨਹੀਂ। ਯੂਰਪ ਦਾ ਅਕਿਰਿਆਸ਼ੀਲਤਾ ਦਾ ਇਤਿਹਾਸ ਚੰਗਾ ਸੰਕੇਤ ਨਹੀਂ ਦਿੰਦਾ। ਏਸ਼ੀਆ ਵਿੱਚ ਅਮਰੀਕਾ ਦੇ ਸਹਿਯੋਗੀਆਂ ਕੋਲ ਵੀ ਬਦਲ ਹਨ। ਜਪਾਨ ਅਤੇ ਦੱਖਣੀ ਕੋਰੀਆ ਹੁਣ ਚੀਨ ਨੂੰ ਰੋਕਣ ਲਈ ਸਾਰੇ ਬਦਲਾਂ ’ਤੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ।

### ਕੀ ਟਰੰਪ ਅਰਾਜਕਤਾ ਫੈਲਾ ਰਹੇ ਹਨ ?

ਆਖ਼ਿਰਕਾਰ, ਟਰੰਪ ਨੇ ਆਪਣੇ ਦੂਜੇ ਕਾਰਜਕਾਲ ਦੌਰਾਨ ਇੰਨੇ ਘੱਟ ਸਮੇਂ ਵਿੱਚ ਜੋ ਹਫੜਾ-ਦਫੜੀ ਮਚਾ ਦਿੱਤੀ ਹੈ, ਉਹ ਅਚਾਨਕ ਅਤੇ ਹੈਰਾਨੀਜਨਕ ਹੈ। ‘ਅਮਰੀਕਾ ਫਸਟ’ ਦੇ ਆਪਣੇ ਯਤਨਾਂ ਵਿੱਚ, ਟਰੰਪ ਇਸਦੇ ਪਤਨ ਨੂੰ ਹੋਰ ਤੇਜ਼ ਕਰ ਰਿਹਾ ਹੈ। ਉਹ ਅਮਰੀਕਾ ਨੂੰ ਅਲੱਗ-ਥਲੱਗ ਕਰ ਰਿਹਾ ਹੈ ਅਤੇ ਉਸਦੇ ਨਜ਼ਦੀਕੀ ਦੋਸਤ ਉਸ ’ਤੇ ਭਰੋਸਾ ਨਹੀਂ ਕਰਦੇ। ਅਜਿਹਾ ਕਰਕੇ, ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਰਾਸ਼ਟਰ ਨੇ ਦੁਨੀਆ ਨੂੰ ਹੋਰ ਵੀ ਖ਼ਤਰਨਾਕ, ਅਨਿਸ਼ਚਿਤ ਅਤੇ ਅੰਤ ਵਿੱਚ ਇੱਕ ਬਦਸੂਰਤ ਜਗ੍ਹਾ ਬਣਾ ਦਿੱਤਾ ਹੈ।

## ਵਿਚਾਰ :– ਕੋਈ ਵੀ ਤਾਕਤ, ਅਵਾਜ ਦੇ ਕੇ ਬੀਤੇ ਸਮੇਂ ਨੂੰ ਮੋੜ ਨਹੀ ਸਕਦੀ ।



ਰਜਿੰਦਰ ਸਿੰਘ ਪੁਰੇਵਾਲ

# ਕਿਸਾਨਾਂ ਪ੍ਰਤੀ 'ਆਪ' ਸਰਕਾਰ ਦਾ ਹਿਟਲਰਸ਼ਾਹੀ ਵਰਤਾਰਾ, ਗੱਲਬਾਤ ਰੋਕ ਕੇ ਗ੍ਰਿਫ਼ਤਾਰੀਆਂ ਦਾ ਦੌਰ ਚਲਾਇਆ

ਮੁੱਖ ਮੰਤਰੀ ਭਗਵੰਤ ਮਾਨ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਵਿਚਕਾਰ ਬੀਤੇ ਸੋਮਵਾਰ ਹੋਈ ਗੱਲਬਾਤ ਵਿਚ ਪੈਦਾ ਹੋਈ ਕਸ਼ੀਦਗੀ ਦੱਸਦੀ ਹੈ ਕਿ ਪੰਜਾਬ ਦੀ ਖੇਤੀਬਾੜੀ ਅਤੇ ਕਿਸਾਨੀ ਨਾਲ ਜੁੜੇ ਮੁੱਦਿਆਂ ਨੂੰ ਮੁਖ਼ਾਤਿਬ ਹੋਣ ਲਈ ਇਸ ਵੇਲੇ ਕਾਫ਼ੀ ਦਿਆਨਤਦਾਰੀ, ਸੰਜੀਦਗੀ ਅਤੇ ਜ਼ਿੰਮੇਵਾਰੀ ਦੀ ਸਖ਼ਤ ਲੋੜ ਹੈ ਪਰ 'ਆਪ' ਸਰਕਾਰ ਨੇ ਕਿਸਾਨਾਂ ਪ੍ਰਤੀ ਹਿਟਲਰਸ਼ਾਹੀ ਵਾਲਾ ਵਰਤਾਰਾ ਅਪਨਾਇਆ ਜੋ ਅੱਜ ਤਕ ਕੋਈ ਵੀ ਸਰਕਾਰ ਨਹੀਂ ਨਿਭਾ ਸਕੀ। ਬੈਠਕ ਤੋਂ ਬਾਅਦ ਕਿਸਾਨ ਆਗੂਆਂ ਨੇ ਦਾਅਵਾ ਕੀਤਾ ਸੀ ਕਿ 18 ਕਿਸਾਨੀ ਮੰਗਾਂ ਵਿੱਚੋਂ ਸਿਰਫ਼ 8 ਮੰਗਾਂ ਉੱਤੇ ਹੀ ਚਰਚਾ ਹੋਈ ਸੀ ਕਿ ਮੁੱਖ ਮੰਤਰੀ ਬੈਠਕ ਵਿਚਾਲੇ ਛੱਡ ਕੇ ਚਲੇ ਗਏ। ਪਰ ਮੁੱਖ ਮੰਤਰੀ ਕਹਿ ਰਹੇ ਹਨ ਕਿ ਧਰਨੇ ਅਤੇ ਗੱਲਬਾਤ ਇਕੱਠੇ ਨਹੀਂ ਚੱਲ ਸਕਦੇ। ਇਸ ਤੋਂ ਬਾਅਦ ਸੋਮਵਾਰ ਰਾਤ ਤੋਂ ਹੀ ਪੰਜਾਬ ਭਰ ਵਿੱਚ ਪੁਲੀਸ ਵੱਲੋਂ ਕਿਸਾਨ ਆਗੂਆਂ ਅਤੇ ਕਾਰਕੁਨਾਂ ਦੀ ਫੜ-ਫੜਾਈ ਸ਼ੁਰੂ ਕਰ ਦਿੱਤੀ ਸੀ ਤਾਂ ਜੋ ਚੰਡੀਗੜ੍ਹ ਵਿੱਚ ਕਿਸਾਨਾਂ ਦੇ ਰੋਸ ਪ੍ਰਦਰਸ਼ਨ ਦੇ ਪ੍ਰੋਗਰਾਮ ਨੂੰ ਰੋਕਿਆ ਜਾ ਸਕੇ। ਇਸ ਤੋਂ ਇਲਾਵਾ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਿਸਾਨ ਜਥੇਬੰਦੀਆਂ ਅਤੇ ਆਗੂਆਂ ਪ੍ਰਤੀ ਜੋ ਦੋਸ਼ ਲਾਏ ਗਏ ਹਨ, ਉਹ ਵੀ ਟਕਰਾਅ ਹੋਰ ਵਧਾਉਣ ਵਾਲੇ ਹਨ ਇਹ ਪੰਜਾਬ ਦੇ ਹਾਲਾਤ ਲਈ ਚੰਗੀ ਖ਼ਬਰ ਨਹੀਂ ਹੈ। ਭਗਵੰਤ ਮਾਨ ਦੀ ਕਿਸਾਨਾਂ ਨੂੰ ਧਮਕੀ ਇਹ ਹੈ ਕਿ ਕਦੇ ਰੇਲ ਰੋਕੋ, ਕਦੇ ਸੜਕ ਰੋਕੋ ਦੇ ਐਲਾਨ ਨਾਲ ਲੋਕ ਦੁਖੀ ਹੁੰਦੇ ਹਨ ਅਤੇ ਪੰਜਾਬ ਧਰਨਿਆਂ ਵਾਲਾ ਸੂਬਾ ਬਣਦਾ ਜਾ ਰਿਹਾ ਹੈ, ਮੇਰੀ ਨਰਮਾਈ ਨੂੰ ਇਹ ਨਾ ਸਮਝੋ ਕਿ ਮੈਂ ਐਕਸ਼ਨ ਨਹੀਂ ਲੈ ਸਕਦਾ। ਇਸ ਦੇ ਸਾਫ ਅਰਥ ਹਨ ਕਿ ਭਗਵੰਤ ਮਾਨ ਸਰਕਾਰ ਡੰਡੇ ਅਧੀਨ ਕਿਸਾਨਾਂ ਨੂੰ ਦਬਾਉਣਾ ਚਾਹੁੰਦੀ ਹੈ।

ਵਿਰੋਧੀ ਧਿਰਾਂ ਨੇ ਪੰਜਾਬ ਸਰਕਾਰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਇੱਕ ਵੀਡੀਓ ਸਾਂਝੀ ਕਰਦਿਆਂ ਪੰਜਾਬ ਸਰਕਾਰ ਦੀ ਕਿਸਾਨਾਂ ਖਿਲਾਫ ਇਸ ਕਾਰਵਾਈ ਨੂੰ ਅਣਐਲਾਨੀ ਐਮਰਜੈਂਸੀ ਕਰਾਰ ਦਿੱਤਾ ਹੈ। ਖਹਿਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਸਤੋਂ ਪਹਿਲਾਂ ਬੋਲਣ ਦੇ ਅਧਿਕਾਰ, ਮੀਡੀਆ ਦਾ ਲਿਖਣ ਦਾ ਅਧਿਕਾਰ ਖੋਹ ਲਿਆ ਸੀ ਅਤੇ ਹੁਣ ਜੋ ਕਿਸਾਨ ਆਗੂਆਂ ਨੂੰ ਵੱਡੇ ਪੱਧਰ 'ਤੇ ਗ੍ਰਿਫਤਾਰ ਕੀਤੇ ਜਾਣਾ ਪੰਜਾਬ ਨੂੰ ਪੁਲਿਸ ਸਟੇਟ ਬਣਾਉਣ ਜਿਹਾ ਹੈ। ਖਹਿਰਾ ਨੇ ਪੰਜਾਬ ਸਰਕਾਰ ਦੀ ਇਸ ਕਾਰਵਾਈ ਨੂੰ ਤਾਨਾਸ਼ਾਹ ਕਰਾਰ ਵੀ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਕਾਰਵਾਈ ਨਾਲ ਬੀਜੇਪੀ ਦਾ ਰਿਕਾਰਡ ਵੀ ਤੋੜ ਦਿੱਤਾ ਹੈ।

ਬੀਤੇ ਸੋਮਵਾਰ ਨੂੰ ਚੰਡੀਗੜ੍ਹ ਵਿੱਚ ਪੰਜਾਬ ਭਵਨ ਵਿਚ ਮੁੱਖ ਮੰਤਰੀ ਨੇ ਸੰਯੁਕਤ ਕਿਸਾਨ ਮੋਰਚੇ ਨੂੰ ਗੱਲਬਾਤ ਲਈ ਬੁਲਾਇਆ ਸੀ ਅਤੇ ਜੇ ਕਿਸੇ ਕਿਸਾਨ ਆਗੂ ਨਾਲ ਸਹਿਮਤੀ ਨਹੀਂ ਬਣੀ ਸੀ ਤਾਂ ਵੀ ਸ਼ਿਸ਼ਟਾਚਾਰ ਦੇ ਤਕਾਜ਼ੇ ਮੁਤਾਬਿਕ ਉਨ੍ਹਾਂ ਨੂੰ ਵਫ਼ਦ ਦੀ ਗੱਲ ਠਰ੍ਹੰਮੇ ਨਾਲ ਸੁਣਨੀ ਚਾਹੀਦੀ ਸੀ। ਕਿਸਾਨ ਜਥੇਬੰਦੀਆਂ ਦੇ ਰੁਖ਼, ਮੰਗਾਂ ਅਤੇ ਸੰਘਰਸ਼ ਦੇ ਤੌਰ ਤਰੀਕਿਆਂ ਬਾਰੇ ਉਜ਼ਰ ਕੀਤਾ ਜਾ ਸਕਦਾ ਹੈ ਪਰ ਇਸ ਗੱਲ ਦਾ ਕੀ ਜਵਾਬ ਹੈ ਕਿ ਵਾਜਿਬ ਮੰਗਾਂ ਅਤੇ ਮਸਲਿਆਂ ਪ੍ਰਤੀ ਵੀ ਸਾਲਾਂਬੱਧੀ ਸਰਕਾਰ ਵਲੋਂ ਬੇਧਿਆਨੀ ਵਰਤੀ ਜਾ ਰਹੀ ਹੈ ਅਤੇ ਕਿਸਾਨੀ ਨੂੰ ਹੱਕ ਨਹੀਂ ਦਿਤੇ ਜਾ ਰਹੇ। ਇਹ ਇਕੱਲਾ ਕਿਸਾਨਾਂ ਦਾ ਮਸਲਾ ਨਹੀਂ ਸਗੋਂ ਮਜ਼ਦੂਰਾਂ, ਮੁਲਾਜਮਾਂ ਅਤੇ ਕੁਝ ਹੋਰਨਾਂ ਤਬਕਿਆਂ ਪ੍ਰਤੀ ਵੀ ਇਹੋ ਘਟੀਆ ਤੇ ਜ਼ਾਲਮਾਨਾ ਰਵੱਈਆ ਅਪਣਾਇਆ ਜਾਂਦਾ ਹੈ। ਸਿਰਫ਼ ਇੱਕੋ-ਇੱਕ ਕਾਰੋਬਾਰੀ ਤਬਕਾ ਹੀ ਹੈ ਜਿਨ੍ਹਾਂ ਲਈ ਵੱਡੀਆਂ ਰਿਆਇਤਾਂ ਅਤੇ ਖ਼ੈਰਾਤਾਂ ਚੁੱਪ-ਚੁਪੀਤੇ ਪ੍ਰਵਾਨ ਕਰ ਲਈਆਂ ਜਾਂਦੀਆਂ ਹਨ ਤੇ ਝੱਟਪਟ ਲਾਗੂ ਵੀ ਕਰ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਪੰਜਾਬ ਦੇ ਪਾਣੀ ਪ੍ਰਦੂਸ਼ਿਤ ਕਰਨ ਦੀ ਖੁਲ ਦਿਤੀ ਜਾ ਰਹੀ ਹੈ। ਸੰਯੁਕਤ ਕਿਸਾਨ ਮੋਰਚੇ ਵੱਲੋਂ ਹੁਣ ਅਠਾਰਾਂ ਮੰਗਾਂ ਮਨਵਾਉਣ ਲਈ ਚੰਡੀਗੜ੍ਹ ਵਿੱਚ ਪੱਕਾ ਮੋਰਚਾ ਲਗਾਇਆ ਜਾ ਰਿਹਾ ਤੇ ਪੁਲਿਸ ਰੋਕ ਰਹੀ ਹੈ।

ਪੰਜਾਬ ਦੇ ਮੁੱਖ ਮੰਤਰੀ ਪਿਛਲੇ ਕੁਝ ਸਮੇਂ ਤੋਂ ਅਚਾਨਕ ਕਾਫੀ ਹਮਲਾਵਰ ਨਜ਼ਰ ਆ ਰਹੇ ਹਨ। ਇਕੱਲੇ ਕਿਸਾਨ ਹੀ ਨਹੀਂ, ਪੰਜਾਬ ਵਿੱਚ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਦੇ ਨਾਂ ਉੱਤੇ ਅਚਾਨਕ ਪੰਜਾਬ ਭਰ ਵਿੱਚ ਕਾਰਵਾਈ ਸ਼ੁਰੂ ਹੋਈ ਅਤੇ ਕਈ ਲੋਕਾਂ ਦੇ ਘਰ ਤੱਕ ਢਾਹੇ ਗਏ ਹਨ। ਬੀਤੇ ਦਿਨ ਮਾਨ ਸਰਕਾਰ ਨੇ 14 ਤਹਿਸੀਲਦਾਰ ਸਸਪੈਂਡ ਕਰ ਦਿੱਤੇ। ਉਨ੍ਹਾਂ ਨੇ ਹੜਤਾਲ ਉੱਤੇ ਗਏ ਤਹਿਸੀਲਦਾਰਾਂ ਨੂੰ 5 ਵਜੇ ਤੱਕ ਡਿਊਟੀ ਉੱਤੇ ਪਰਤਣ ਲਈ ਕਿਹਾ ਸੀ। ਭ੍ਰਿਸ਼ਟਾਚਾਰ ਖ਼ਿਲਾਫ਼ ਕਾਰਵਾਈ ਦੇ ਨਾਂ ਉੱਤੇ ਮਾਲ ਮਹਿਕਮੇ ਦੇ ਕਈ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ ਅਤੇ ਤਹਿਸੀਲਦਾਰ ਸਮੂਹਿਕ ਛੁੱਟੀ ਉੱਤੇ ਚਲੇ ਗਏ ਹਨ। ਗੈਂਗਸਟਰਾਂ ਦੇ ਨਾਮ ਉਪਰ ਪੰਜਾਬੀ ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾਏ ਜਾ ਰਹੇ ਹਨ। ਮਿਥੀ ਸਟੋਰੀ ਇਕੋ ਹੈ ਜੋ ਖਾੜਕੂਵਾਦ ਦੇ ਦਿਨਾਂ ਦੌਰਾਨ ਸੀ। ਪੰਜਾਬ ਵਿਚ ਇਸ ਸਮੇਂ ਸਰਕਾਰੀ ਦਹਿਸ਼ਤ ਦਾ ਮਹੌਲ ਬਣਾਇਆ ਜਾ ਰਿਹਾ ਹੈ ਜੋ ਬੇਅੰਤ ਸਰਕਾਰ ਵੇਲੇ ਸੀ। ਉਨ੍ਹਾਂ ਦੇ ਮੰਤਰੀ ਅਮਨ ਅਰੋੜਾ ਅਤੇ ਹਰਪਾਲ ਚੀਮਾ ਨਸ਼ਾ ਕਾਰੋਬਾਰੀਆਂ ਖ਼ਿਲਾਫ਼ ਉਸੇ ਤਰ੍ਹਾਂ ਦੀ ਭਾਸ਼ਾ ਵਰਤ ਰਹੇ ਹਨ, ਜਿਸ ਲਈ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਆਦਿਤਿਆਨਾਥ ਵਰਤਦੇ ਸਨ, ਕਿ "ਜਾਂ ਕਾਰੋਬਾਰ ਬੰਦ ਕਰ ਦਿਓ ਜਾਂ ਸੂਬੇ ਛੱਡ ਕੇ ਚਲੇ ਜਾਓ।" ਇਹ ਆਪ ਹੀ ਅਦਾਲਤ ਬਣ ਗਏ ਹਨ। ਪਿਛਲੇ ਪੰਦਰਵਾੜੇ ਦੌਰਾਨ ਮੁੱਖ ਮੰਤਰੀ ਦੇ ਵਤੀਰੇ ਵਿੱਚ ਅਚਾਨਕ ਆਈ ਤਬਦੀਲੀ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਦਿੱਲੀ ਮਾਡਲ ਫ਼ੇਲ੍ਹ ਹੋਣ ਤੋਂ ਬਾਅਦ ਪਾਰਟੀ ਦਬਾਅ ਵਿੱਚ ਹੈ ਅਤੇ ਜੋ ਕੁਝ ਪੰਜਾਬ ਵਿੱਚ ਉਹ ਕਰ ਰਹੀ ਹੈ ਇਸ ਨਾਲ ਭਵਿੱਖ ਵਿੱਚ ਉਸ ਨੂੰ ਨੁਕਸਾਨ ਹੋ ਸਕਦਾ ਹੈ। ਪੰਜਾਬ ਦੀ ਆਰਥਿਕਤਾ ਕਿਸਾਨੀ ਦੇ ਆਲੇ-ਦੁਆਲੇ ਘੁੰਮਦੀ ਹੈ ਪਰ ਮੁੱਖ ਮੰਤਰੀ ਨੇ ਜਿਸ ਤਰੀਕੇ ਨਾਲ ਸੋਮਵਾਰ ਨੂੰ ਵਿਵਹਾਰ ਕੀਤਾ ਹੈ, ਉਸ ਨਾਲ ਪਾਰਟੀ ਦਾ ਭਵਿੱਖ ਵਿੱਚ ਨੁਕਸਾਨ ਹੋ ਸਕਦਾ ਹੈ। ਅਤੀਤ ਵਿੱਚ ਇਸ ਦੀ ਉਦਾਹਰਨ ਸ਼੍ਰੋਮਣੀ ਅਕਾਲੀ ਦਲ ਹੈ, ਜਿਸ ਦਾ ਖ਼ਮਿਆਜ਼ਾ ਹੁਣ ਵੀ ਭੁਗਤ ਰਹੀ ਹੈ। ਲੋਕਤੰਤਰ ਵਿੱਚ ਸ਼ਾਂਤਮਈ ਤਰੀਕੇ ਨਾਲ ਧਰਨਾ ਦੇਣ ਦਾ ਹਰ ਕਿਸੇ ਨੂੰ ਹੱਕ ਹੈ ਅਤੇ ਸਰਕਾਰ ਦਾ ਕੰਮ ਲੋਕਾਂ ਦੀਆਂ ਸਮੱਸਿਆਵਾਂ ਸੁਣਨੀਆਂ ਅਤੇ ਜਾਇਜ਼ ਮੰਗਾਂ ਨੂੰ ਪੂਰਾ ਕਰਨਾ ਕਰਨਾ ਹੁੰਦਾ ਹੈ, ਧਰਨਿਆਂ ਤੋਂ ਪਿੱਛੇ ਹੱਟਣ ਦਾ ਨਹੀਂ। ਆਮ ਆਦਮੀ ਪਾਰਟੀ ਖ਼ੁਦ ਧਰਨਿਆਂ ਵਿੱਚੋਂ ਨਿਕਲੀ ਹੈ ਪਰ ਹੁਣ ਉਸ ਨੂੰ ਧਰਨੇ ਪਸੰਦ ਨਹੀਂ ਹੈ, ਇਹ ਗੱਲ ਹੈਰਾਨੀਜਨਕ ਹੈ। -ਰਜਿੰਦਰ ਸਿੰਘ ਪੁਰੇਵਾਲ

## NEWS & VIEWS

# PRESIDENT TRUMP WEAKENS WESTERN ALLIANCE AND STARTS GLOBAL TRADE WAR



Gurmukh Singh OBE

Recent events remind us of a saying attributed to Lenin that *there are decades where nothing happens, and there are weeks where decades happen.* Much has happened in the last few days.

According to one comment, *President Trump has turned the world order on its head, leaving Europe reeling.* About ending the Ukraine war, he has preferred to deal directly with Russia without consulting Ukraine or Europe. Despite his clever plan to have US share in Ukrainian minerals, he seems to be pushing Ukraine to surrender to Russia.

Treatment of President Zelensky at the White House has been condemned by most European leaders. There is nothing wrong with Ukraine seeking longer term security backed by Western countries including the US, as a pre-condition to any peace deal.

Paradoxically, with his transactional politics without principles or loyalties, by switching sides in the Ukraine war, President Trump may have averted World War III at least for the time being! Instead, he has started a global trade war by imposing 25% tariffs on Canada and Mexico and 20% on China. Next, he has Europe and other countries in his sights for similar treatment. That will result in global inflation, slowing down of global trade and economic growth.

He has stopped military aid to Ukraine in the middle of the war and split trans-Atlantic NATO military umbrella alliance. In view of earlier aid and assurances by the US, this withdrawal of support has been condemned by most Western countries. European countries opposing Russian invasion of Ukraine were not prepared for this and feel a sense of betrayal. Rather belatedly, they have agreed to increase their defence budgets and setting up a European defence fund.

With authoritarian regimes like Russia, peace is only possible through a show of strength. US was the main supporter of the war effort as the leading country in the NATO military alliance. In fact, NATO expansion is the main reason behind Russian invasion of Ukraine.

Rater belatedly, there is a new awakening to ground realities in Europe. PM Starmer said at the London meeting of leading European countries (the *Coalition of the willing*),.that the security of Europe is the responsibility of Europe. Weak peace deals in the past allowed President Putin to invade again. So, President Zelensky was right in insisting on permanent security assurance from President Trump. His mistreatment at the White House by President Trump and Vice-President J D Vance for raising this issue, was a historic diplomatic blunder condemned by the free world.

As Prime Minister Starmer mentioned at the London meeting of European leaders, *since 1945 the American-led, rules-based global order has provided the conditions for peace and prosperity. Multilateral institutions have, albeit imperfectly, safeguarded stability and spread shared values….For years America pushed hard for freer trade, co-founding the World Trade Organisation to promote global free-trade agreements.* President Trump does not understand that free trade has benefitted the US as much as other countries.

President Trump should understand that transaction politics which looks for material gain alone, will not work in an ever shrinking world in which global issues have forced interdependence of nations. At a stroke, the US has lost its moral right to lead the free Western world. UK Prime Minister Sir Keir Starmer has secured a well-deserved lead in Europe.

President Zelensky will agree to any peace deal only if the freedom of Ukraine is secure.

Gurmukh Singh OBE, Ret'd Principal Civil Servant (UK) sewauk2005@yahoo.co.uk

### -ਮਾਮਲਾ ਸਿੱਖ ਬਿਜਨਸਮੈਨ ਦੇ ਸ਼ੋਆਰੂਮ ਉਪਰ ਹਮਲੇ ਤੇ ਦਸਤਾਰ ਉਤਾਰਨ ਦਾ-

# ਸਿੱਖ ਭਾਈਚਾਰੇ ਅਤੇ ਪ੍ਰੋਲੇਤਾਰੀ ਕਸਬੇ ਦੇ ਲੋਕਾਂ ਨੇ ਪੁਲਿਸ ਸਟੇਸ਼ਨ ਦਾ ਘਿਰਾਓ ਕੀਤਾ

## ✪ ਸ਼੍ਰੋਮਣੀ ਕਮੇਟੀ ਤੇ ਜਥੇਦਾਰ ਵਲੋਂ ਘੋਰ ਨਿੰਦਾ ਤੇ ਇਨਸਾਫ ਦੀ ਮੰਗ ✪ ਤਿੰਨ ਹਮਲਾਵਰ ਗ੍ਰਿਫਤਾਰ, ਤਿੰਨ ਫਰਾਰ





ਸਰਵਹਰਾ-ਉਤਰਾਖੰਡ ਦੇ ਸਰਵਹਰਾ ਨਗਰ ਵਿੱਚ ਕੌਂਸਲਰ ਅਤੇ ਸ਼ੋਅਰੂਮ ਮਾਲਕ ਵਿਚਕਾਰ ਵਿਵਾਦ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਦੋਵਾਂ ਧਿਰਾਂ ਨੇ ਥਾਣੇ ਦਾ ਘਿਰਾਓ ਕੀਤਾ ਅਤੇ ਇੱਕ ਦੂਜੇ ਵਿਰੁੱਧ ਕਾਰਵਾਈ ਦੀ ਮੰਗ ਕੀਤੀ। ਪੁਲਿਸ ਨੇ ਸਿੱਖ ਉਪਰ ਹਮਲੇ ਕਰਨ ਦੇ ਦੋਸ਼ ਵਿਚ ਤਿੰਨ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ। ਜਦੋਂ ਕਿ ਤਿੰਨ ਨਾਮਜ਼ਦ ਮੁਲਜ਼ਮ ਫਰਾਰ ਦੱਸੇ ਜਾ ਰਹੇ ਹਨ।

ਪਿਛਲੇ ਐਤਵਾਰ ਨੂੰ ਸਰਵਹਰਾ ਨਗਰ ਵਿੱਚ ਬਾਈਕ ਸ਼ੋਅਰੂਮ ਦੇ ਮਾਲਕ ਰਣਜੀਤ ਸਿੰਘ ਅਤੇ ਕੌਂਸਲਰ ਵੀਰਪਾਲ ਸਿੰਘ ਵਿਚਕਾਰ ਸ਼ੋਅਰੂਮ ਦੇ ਬਾਹਰ ਸੜਕ 'ਤੇ ਬਾਈਕ ਪਾਰਕ ਕਰਨ ਨੂੰ ਲੈ ਕੇ ਝਗੜਾ ਹੋ ਗਿਆ ਸੀ। ਝਗੜਾ ਵਧਦਾ ਹੋਇਆ ਲੜਾਈ-ਝਗੜੇ ਤੱਕ ਪਹੁੰਚ ਗਿਆ। ਦੋਵਾਂ ਧਿਰਾਂ ਵਿਚਕਾਰ ਲੜਾਈ ਹੋਈ। ਇਸ ਦੌਰਾਨ ਭੀੜ ਨੇ ਬਾਈਕ ਸ਼ੋਅਰੂਮ 'ਤੇ ਪੱਥਰਬਾਜ਼ੀ ਕੀਤੀ। ਜਿਸ ਕਾਰਨ ਸ਼ੋਅਰੂਮ ਨੂੰ ਭਾਰੀ ਨੁਕਸਾਨ ਹੋਇਆ। ਬਾਅਦ ਵਿੱਚ ਦੋਵਾਂ ਧਿਰਾਂ ਨੇ ਇੱਕ ਦੂਜੇ ਵਿਰੁੱਧ ਥਾਣੇ ਵਿੱਚ ਸ਼ਿਕਾਇਤਾਂ ਦਰਜ ਕਰਵਾਈਆਂ। ਕੌਂਸਲਰ ਨੇ ਸ਼ੋਅਰੂਮ ਦੇ ਮਾਲਕ ਅਤੇ ਉਸਦੇ ਪੁੱਤਰਾਂ 'ਤੇ ਕੁੱਟਮਾਰ ਅਤੇ ਜਾਤੀਸੂਚਕ ਸ਼ਬਦਾਂ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਸੀ। ਇਸ ਦੌਰਾਨ, ਸ਼ੋਅਰੂਮ ਸੰਚਾਲਕ ਰਣਜੀਤ ਸਿੰਘ ਨੇ ਕਰਮਚਾਰੀਆਂ 'ਤੇ ਹਮਲੇ, ਮਹਿਲਾ ਸਟਾਫ ਨਾਲ ਛੇੜਛਾੜ ਅਤੇ ਲੁੱਟ-ਖੋਹ ਦੇ ਦੋਸ਼ਾਂ ਤਹਿਤ ਸ਼ਿਕਾਇਤ ਦਰਜ ਕਰਵਾਈ ਸੀ।

ਬੀਤੇ ਸੋਮਵਾਰ ਨੂੰ ਦੋਵਾਂ ਧਿਰਾਂ ਨੇ ਥਾਣੇ ਦਾ ਘਿਰਾਓ ਕੀਤਾ। ਤਿੰਨ ਵਜੇ ਦੇ ਕਰੀਬ, ਸਿੱਖ ਭਾਈਚਾਰੇ ਦੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਪੁਲਿਸ ਸਟੇਸ਼ਨ ਦਾ ਘਿਰਾਓ ਕੀਤਾ ਅਤੇ ਮੰਗ ਕੀਤੀ ਕਿ ਕਤਲ ਦੀ ਕੋਸ਼ਿਸ਼, ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ, ਇਲਾਕੇ ਦੇ ਸਦਭਾਵਨਾ ਵਾਲੇ ਮਾਹੌਲ ਨੂੰ ਭੰਗ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਸਿੱਖ ਭਾਈਚਾਰੇ ਨੇ ਵੀ ਘਟਨਾ ਦੌਰਾਨ ਪੁਲਿਸ ਕਾਰਵਾਈ 'ਤੇ ਗੁੱਸਾ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਭੀੜ ਭੰਨਤੋੜ ਕਰ ਰਹੀ ਸੀ ਅਤੇ ਉਸ ਸਮੇਂ ਪੁਲਿਸ ਉਨ੍ਹਾਂ ਨੂੰ ਰੋਕਣ ਦੀ ਬਜਾਏ ਵੀਡੀਓ ਬਣਾ ਰਹੀ ਸੀ।

ਬਾਅਦ ਵਿੱਚ, ਪ੍ਰੋਲੇਤਾਰੀ ਸ਼ਹਿਰ ਦੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਪੁਲਿਸ ਸਟੇਸ਼ਨ ਨੂੰ ਘੇਰ ਲਿਆ। ਇਨ੍ਹਾਂ ਲੋਕਾਂ ਨੇ ਕਿਹਾ ਕਿ ਲੜਾਈ ਸ਼ੋਅਰੂਮ ਸੰਚਾਲਕ ਪੱਖ ਵੱਲੋਂ ਸ਼ੁਰੂ ਕੀਤੀ ਗਈ ਸੀ। ਹੁਣ ਸ਼ੋਅਰੂਮ ਸੰਚਾਲਕ ਇਸ ਘਟਨਾ ਨੂੰ ਧਾਰਮਿਕ ਮੋੜ ਦੇ ਰਿਹਾ ਹੈ। ਪ੍ਰੋਲੇਤਾਰੀ ਨਗਰ ਦੇ ਵਸਨੀਕਾਂ ਨੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ।

### ਦੂਜੇ ਥਾਣਿਆਂ ਤੋਂ ਪੁਲਿਸ ਬੁਲਾਈ ਗਈ

ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ, ਰਾਣੀਪੋਖਰੀ ਪੁਲਿਸ ਸਟੇਸ਼ਨ ਤੋਂ ਵੀ ਪੁਲਿਸ ਬੁਲਾਈ ਗਈ। ਦਿਹਾਤੀ ਐਸਪੀ ਜਯਾ ਬਲੂਨੀ ਅਤੇ ਸੀਓ ਸੰਦੀਪ ਸਿੰਘ ਵੀ ਉੱਥੇ ਪਹੁੰਚ ਗਏ। ਇੱਥੇ ਅਧਿਕਾਰੀਆਂ ਨੇ ਲੋਕਾਂ ਨੂੰ ਨਿਰਪੱਖ ਜਾਂਚ ਦਾ ਭਰੋਸਾ ਦਿੱਤਾ।

### ਸੂਬੇ ਭਰ ਵਿੱਚ ਵਿਰੋਧ ਪ੍ਰਦਰਸ਼ਨਾਂ ਦੀ ਚੇਤਾਵਨੀ

ਸਿੱਖ ਭਾਈਚਾਰੇ ਦੇ ਲੋਕਾਂ ਨੇ ਵੱਖ-ਵੱਖ ਥਾਵਾਂ 'ਤੇ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ ਹਨ। ਸਿੱਖ ਭਾਈਚਾਰੇ ਦੇ ਲੋਕ ਸੂਬੇ ਭਰ ਵਿੱਚ ਵਿਰੋਧ ਪ੍ਰਦਰਸ਼ਨ ਕਰਨ ਦਾ ਐਲਾਨ ਕਰ ਰਹੇ ਹਨ। ਰਿਸ਼ੀਕੇਸ਼ ਘਟਨਾ ਤੋਂ ਗੁੱਸੇ ਵਿੱਚ ਦੇਈਵਾਲਾ ਵਿਖੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਰਿਸ਼ੀਕੇਸ਼ ਪ੍ਰਸ਼ਾਸਨ ਦਾ ਪੁਤਲਾ ਸਾੜਿਆ। ਸੋਮਵਾਰ ਨੂੰ, ਇਲਾਕੇ ਦੇ ਸਿੱਖ ਭਾਈਚਾਰੇ ਅਤੇ ਬੁੱਧੀਜੀਵੀਆਂ ਨੇ ਗੁਰਦੁਆਰਾ ਲੰਗਰ ਹਾਲ ਕੰਪਲੈਕਸ ਵਿੱਚ ਇਕੱਠੇ ਹੋ ਕੇ ਰਿਸ਼ੀਕੇਸ਼ ਵਿੱਚ ਇੱਕ ਸਿੱਖ ਨੌਜਵਾਨ ਨਾਲ ਹੋਏ ਦੁਰਵਿਵਹਾਰ 'ਤੇ ਆਪਣਾ ਗੁੱਸਾ ਪ੍ਰਗਟ ਕੀਤਾ। ਉੱਥੋਂ, ਸਿੱਖ ਨਾਅਰੇ ਲਗਾਉਂਦੇ ਹੋਏ ਜਲੂਸ ਦੇ ਰੂਪ ਵਿੱਚ ਸ਼ਹਿਰ ਦੇ ਚੌਕ ਵਿੱਚ ਪਹੁੰਚੇ ਅਤੇ ਰਿਸ਼ੀਕੇਸ਼ ਪ੍ਰਸ਼ਾਸਨ ਦਾ ਪੁਤਲਾ ਸਾੜਿਆ। ਪ੍ਰਦਰਸ਼ਨ ਕਰਦੇ ਹੋਏ, ਉਹ ਤਹਿਸੀਲ ਹੈੱਡਕੁਆਰਟਰ ਪਹੁੰਚੇ ਤੇ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਤੋਂ ਬਾਅਦ, ਉਪ-ਜ਼ਿਲ੍ਹਾ ਮੈਜਿਸਟਰੇਟ ਅਪਰਨਾ ਢੌਂਡਿਆਲ ਨੂੰ ਇੱਕ ਮੰਗ ਪੱਤਰ ਸੌਂਪਿਆ। ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਗੁਰਦੀਪ ਸਿੰਘ ਨੇ ਕਿਹਾ ਕਿ ਰਿਸ਼ੀਕੇਸ਼ ਵਿੱਚ ਸਿੱਖ ਨੌਜਵਾਨਾਂ ਨਾਲ ਹੋਏ ਦੁਰਵਿਵਹਾਰ ਕਾਰਨ ਭਾਈਚਾਰੇ ਵਿੱਚ ਗੁੱਸਾ ਹੈ। ਪ੍ਰਸ਼ਾਸਨ ਨੂੰ ਇਸ ਘਟਨਾ ਸਬੰਧੀ ਠੋਸ ਕਦਮ ਚੁੱਕਣੇ ਚਾਹੀਦੇ ਹਨ।

### ਪੁਲਿਸ ਨੇ ਸਿੱਖ ਵਿਰੋਧੀ ਧਿਰ ਦੇ ਤਿੰਨ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲੈ ਲਿਆ

ਪੁਲਿਸ ਨੇ ਸ਼ੋਅਰੂਮ ਦੀ ਭੰਨਤੋੜ ਕਰਨ ਵਾਲੀ ਧਿਰ ਦੇ ਤਿੰਨ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਐਸਐਸਪੀ ਦੇਹਰਾਦੂਨ ਅਜੈ ਸਿੰਘ ਨੇ ਕਿਹਾ ਕਿ ਸ਼ੋਅਰੂਮ ਸੰਚਾਲਕ ਰਣਜੀਤ ਸਿੰਘ ਦੀ ਸ਼ਿਕਾਇਤ 'ਤੇ ਤਿੰਨ ਨਾਮਜ਼ਦ ਅਤੇ ਕੁਝ ਅਣਪਛਾਤੇ ਲੋਕਾਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਸੀਸੀਟੀਵੀ ਫੁਟੇਜ ਦੇ ਆਧਾਰ 'ਤੇ, ਤਿੰਨ ਲੋਕਾਂ ਦੀ ਪਛਾਣ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਤਿੰਨਾਂ ਮੁਲਜ਼ਮਾਂ ਦੀ ਪਛਾਣ ਧਰਮਵੀਰ, ਰਾਜਾ ਅਤੇ ਰਾਜੂ ਵਜੋਂ ਹੋਈ ਹੈ, ਜੋ ਸਾਰੇ ਸਰਵਹਰਾ ਨਗਰ ਕਾਲੇ ਕੀ ਢਾਲ ਦੇ ਰਹਿਣ ਵਾਲੇ ਹਨ। ਐਸਐਸਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਤਿੰਨ ਨਾਮਜ਼ਦ ਮੁਲਜ਼ਮ ਹਨ ਅਤੇ ਉਨ੍ਹਾਂ ਦੀ ਭਾਲ ਲਈ ਐਸਪੀ ਦੇਹਤ ਦੀ ਅਗਵਾਈ ਵਿੱਚ ਇੱਕ ਟੀਮ ਬਣਾਈ ਗਈ ਹੈ। ਇਹ ਵੀ ਜਲਦੀ ਹੀ ਗ੍ਰਿਫਤਾਰ ਕਰ ਲਏ ਜਾਣਗੇ। ਐਸਐਸਪੀ ਨੇ ਕਿਹਾ ਕਿ ਜੋ ਕੋਈ ਵੀ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ ਜਾਂ ਅਜਿਹਾ ਕੰਮ ਕਰਦਾ ਹੈ, ਉਸ ਵਿਰੁੱਧ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਜਾਵੇਗਾ।

### ਸ਼੍ਰੋਮਣੀ ਕਮੇਟੀ ਨੇ ਉੱਤਰਾਖੰਡ ਦੇ ਮੁੱਖ ਮੰਤਰੀ ਤੇ ਪੁਲਿਸ ਮੁਖੀ ਨੂੰ ਲਿਖੇ ਪੱਤਰ

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਤੇ ਪੁਲਿਸ ਮੁਖੀ ਨੂੰ ਪੱਤਰ ਲਿਖਿਆ ਤੇ ਕਿਹਾ ਕਿ ਪੁਲਿਸ ਦੋਸ਼ੀਆਂ ਖ਼ਿਲਾਫ਼ ਦਰਜ ਕੀਤੇ ਗਏ ਪਰਚੇ ਵਿਚ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਦੀਆਂ ਧਾਰਾਵਾਂ ਵੀ ਸ਼ਾਮਿਲ ਕਰੇ । ਸ. ਮੰਨਣ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਵਪਾਰੀਆਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਵਪਾਰੀ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਘਟਨਾ ਪਿੱਛੇ ਸਥਾਨਿਕ ਕਾਂਗਰਸ ਕੌਂਸਲਰ ਦਾ ਹੱਥ ਹੈ। ਮੁੱਖ ਸਕੱਤਰ ਨੇ ਸਥਾਨਿਕ ਸਰਕਾਰ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

### ਸਿੱਖ ਵਪਾਰੀ 'ਤੇ ਹਮਲਾ ਅਤਿ ਅਫ਼ਸੋਸਜਨਕ-ਬਾਬਾ ਬਲਬੀਰ ਸਿੰਘ

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਰਿਸ਼ੀਕੇਸ ਵਿਚ ਇਕ ਸਿੱਖ ਵਪਾਰੀ ਦੀ ਫਿਰਕਾਪ੍ਰਸਤ ਅਨਸਰਾਂ ਵਲੋਂ ਜਿਸ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ ਅਤੇ ਉਸ ਦੀ ਦਸਤਾਰ ਤੇ ਕੇਸਾਂ ਦੀ ਘੋਰ ਬੇਅਦਬੀ ਕੀਤੀ ਗਈ ਹੈ ਇਹ ਘੱਟ ਗਿਣਤੀ ਲੋਕਾਂ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ। ਉਨ੍ਹਾਂ ਉਤਰਾਖੰਡ ਦੇ ਮੁੱਖ ਮੰਤਰੀ ਨੂੰ ਦੋਸ਼ੀਆਂ ਵਿਰੁੱਧ ਤੁਰੰਤ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

## ਜਥੇਦਾਰ ਵੱਲੋਂ ਸਿੱਖ ਨੌਜਵਾਨਾਂ ਨਾਲ ਵਾਪਰੀ ਘਟਨਾ ਨੂੰ ਆਜ਼ਾਦੀ 'ਤੇ ਹਮਲਾ ਕਰਾਰ



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਉੱਤਰਾਖੰਡ ਦੇ ਰਿਸ਼ੀਕੇਸ਼ ਵਿਚ ਇਕ ਸਿੱਖ ਵਪਾਰੀ ਦੀ ਫਿਰਕੂ ਸਮੂਹ ਵਲੋਂ ਕੀਤੀ ਗਈ ਕੁੱਟਮਾਰ ਅਤੇ ਉਸ ਦੀ ਦਸਤਾਰ ਤੇ ਕੇਸਾਂ ਦੀ ਬੇਅਦਬੀ ਦੀ ਘਟਨਾ ਨੂੰ ਦੇਸ਼ ਅੰਦਰ ਵੱਖ-ਵੱਖ ਧਰਮਾਂ ਦੇ ਅਧਿਕਾਰਾਂ ਤੇ ਆਜ਼ਾਦੀ 'ਤੇ ਹਮਲਾ ਕਰਾਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਰਿਸ਼ੀਕੇਸ਼ ਵਿਚ ਇਕ ਮਾਮੂਲੀ ਤਕਰਾਰ ਨੂੰ ਲੈ ਕੇ ਭੜਕੀ ਭੀੜ ਵਲੋਂ ਇਕ ਸਿੱਖ ਵਪਾਰੀ ਦੀ ਦਸਤਾਰ ਅਤੇ ਕੇਸਾਂ ਨੂੰ ਨਿਸ਼ਾਨਾ ਬਣਾ ਕੇ ਹਮਲਾ ਕਰਨਾ ਇਸ ਦੇਸ਼ ਦੀ ਜਮਹੂਰੀਅਤ ਲਈ ਬੇਹੱਦ ਸ਼ਰਮਨਾਕ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਬੇਸ਼ੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਘਟਨਾ ਨੂੰ ਲੈ ਕੇ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਅਤੇ ਉੱਤਰਾਖੰਡ ਪੁਲਿਸ ਨੂੰ ਪੱਤਰ ਲਿਖ ਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਮੰਗ ਕੀਤੀ ਹੈ ਪਰ ਪੰਜਾਬ ਸਰਕਾਰ ਦਾ ਵੀ ਫਰਜ਼ ਬਣਦਾ ਹੈ ਕਿ ਉਹ ਵੀ ਉੱਤਰਾਖੰਡ ਸਰਕਾਰ ਕੋਲ ਪਹੁੰਚ ਕਰਕੇ ਦੋਸ਼ੀਆਂ ਖ਼ਿਲਾਫ ਸਖਤ ਕਾਨੂੰਨੀ ਕਾਰਵਾਈ ਯਕੀਨੀ ਬਣਾਵੇ ਤਾਂ ਜੋ ਦੇਸ਼ ਅੰਦਰ ਘੱਟ-ਗਿਣਤੀਆਂ ਦੀ ਸੁਰੱਖਿਆ ਅਤੇ ਆਜ਼ਾਦੀ ਨੂੰ ਬਰਕਰਾਰ ਰੱਖਿਆ ਜਾ ਸਕੇ।

# ਕਥਿਤ ਜਾਦੂਗਰ ਪਾਸਟਰ ਬਜਿੰਦਰ ਸਿੰਘ 'ਤੇ ਸ਼ਰਧਾਲੂ ਬੀਬੀ ਨਾਲ ਜਿਨਸੀ ਛੇੜਛਾੜ ਦੇ ਦੋਸ਼ ਲਗੇ ਕੇਸ ਦਰਜ

**ਖਾਸ ਰਿਪੋਟ**

## ✪ ਪਾਸਟਰ ਨੇ ਦੋਸ਼ਾਂ ਨੂੰ ਨਕਾਰਿਆ, ਪੀੜਤ ਲੜਕੀ ਨੇ ਕਿਹਾ ਕਿ ਮੇਰੇ ਨਾਲ ਫੋਨ ਉਪਰ ਅਸ਼ਲੀਲ ਗੱਲਾ ਕਰਦਾ ਸੀ

ਜਲੰਧਰ ਵਿੱਚ ਪੈਂਦੇ 'ਦਿ ਚਰਚ ਆਫ ਗਲੋਰੀ ਐਂਡ ਵਿਜ਼ਡਮ' ਦੇ ਸੰਸਥਾਪਕ ਪਾਸਟਰ ਬਜਿੰਦਰ ਸਿੰਘ ਵਿਵਾਦਾਂ ਵਿੱਚ ਘਿਰ ਗਏ ਹਨ ਜੋ ਕਰਾਮਾਤਾਂ ਦਿਖਾਉਣ ਤੇ ਲੋਕਾਂ ਦੇ ਦੁਖ ਖਤਮ ਕਰਨ ਦਾ ਦਾਅਵਾ ਕਰਦੇ ਹਨ। ਉਨ੍ਹਾਂ ਉੱਤੇ ਪੁਲਿਸ ਨੇ ਇੱਕ ਸ਼ਰਧਾਲੂ ਔਰਤ ਨਾਲ ਕਥਿਤ ਤੌਰ ਉੱਤੇ ਜਿਨਸੀ ਸ਼ੋਸ਼ਣ ਦੇ ਇਲਜ਼ਾਮਾਂ ਤਹਿਤ ਮਾਮਲਾ ਦਰਜ ਕੀਤਾ ਹੈ। ਪਾਸਟਰ ਬਜਿੰਦਰ ਸਿੰਘ ਵੱਲੋਂ ਪ੍ਰੈੱਸ ਕਾਨਫਰੰਸ ਕਰਕੇ ਆਪਣੇ ਉੱਤੇ ਲੱਗੇ ਇਲਜ਼ਾਮਾਂ ਨੂੰ ਸਿਰੇ ਤੋਂ ਨਕਾਰਿਆ ਗਿਆ ਹੈ। ਕਪੂਰਥਲਾ ਪੁਲਿਸ ਕੋਲ ਦਰਜ ਕਰਵਾਈ ਗਈ ਐੱਫਆਈਆਰ ਵਿੱਚ ਪੀੜਤਾ ਨੇ ਕਿਹਾ ਉਹ ਬਜਿੰਦਰ ਸਿੰਘ ਦੀ ਚਰਚ ਦੀ ਇੱਕ ਟੀਮ ਵਿੱਚ ਸਾਲ 2017 ਵਿੱਚ ਜੁੜੀ ਸੀ। ਐੱਫਆਈਆਰ ਵਿੱਚ ਇਲਜ਼ਾਮ ਲਗਾਇਆ ਗਿਆ ਕਿ ਸਾਲ 2022 ਤੋਂ ਉਕਤ ਮੁਲਜ਼ਮ ਵੱਲੋਂ ਪੀੜਤਾ ਨਾਲ ਛੇੜਛਾੜ ਕਰਨੀ ਸ਼ੁਰੂ ਕੀਤੀ ਗਈ ਅਤੇ ਉਨ੍ਹਾਂ ਨੂੰ ਕਈ ਵਾਰ ਗ਼ਲਤ ਸੁਨੇਹੇ ਵੀ ਭੇਜੇ ਗਏ। ਪੀੜਤਾ ਨੇ ਇਲਜ਼ਾਮ ਲਗਾਏ ਕਿ ਪਾਸਟਰ ਬਜਿੰਦਰ ਸਿੰਘ ਵੱਲੋਂ ਉਸ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਸਨ।

ਦੂਜੇ ਪਾਸੇ ਪਾਸਟਰ ਬਜਿੰਦਰ ਵੱਲੋਂ ਆਪਣੇ ਉੱਤੇ ਲੱਗੇ ਇਨ੍ਹਾਂ ਇਲਜ਼ਾਮਾਂ ਨੂੰ ਸਾਜਿਸ਼ ਦੱਸਿਆ ਗਿਆ ਹੈ। ਉੱਧਰ ਕਪੂਰਥਲਾ ਪੁਲਿਸ ਨੇ ਇਸ ਮਾਮਲੇ ਵਿੱਚ ਤਿੰਨ ਮੈਂਬਰੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਸਿਟ) ਦਾ ਵੀ ਗਠਨ ਕੀਤਾ ਹੈ।

### ਪੀੜਤਾ ਨੇ ਕੀ ਇਲਜ਼ਾਮ ਲਗਾਏ ਹਨ

ਪੀੜਤਾ ਨੇ ਦੱਸਿਆ ਕਿ ਉਸ ਨੇ ਜਲੰਧਰ ਜ਼ਿਲ੍ਹੇ ਦੇ ਪਿੰਡ ਤਾਜਪੁਰ ਵਿੱਚ ਸਥਿਤ ਇੱਕ ਸਤਸੰਗ, ਜਿਸ ਨੂੰ 'ਗਲੋਰੀ ਆਫ ਵਿਜ਼ਡਮ ਚਰਚ' ਕਿਹਾ ਜਾਂਦਾ ਹੈ, ਵਿੱਚ ਦਸੰਬਰ 2017 ਵਿੱਚ ਇਸ ਚਰਚ ਵਿੱਚ ਜਾਣਾ ਸ਼ੁਰੂ ਕੀਤਾ ਸੀ। ਸਾਲ 2020 ਵਿੱਚ ਉਹ ਇਸ ਚਰਚ ਦੀ ਇੱਕ ਟੀਮ ਵਿੱਚ ਸ਼ਾਮਲ ਹੋ ਗਈ ਸੀ ਅਤੇ ਪਾਸਟਰ ਦੀਆਂ ਨਜ਼ਰਾਂ ਵਿੱਚ ਆ ਗਈ ਸੀ। ਐੱਫਆਈਆਰ ਮੁਤਾਬਕ ਔਰਤਾਂ ਨੇ ਇਲਜ਼ਾਮ ਲਗਾਇਆ ਕਿ ਸਾਲ 2020 ਵਿੱਚ ਪਾਸਟਰ ਨੇ ਉਸ ਦਾ ਮੋਬਾਈਲ ਨੰਬਰ ਲੈ ਲਿਆ ਸੀ ਅਤੇ ਉਸ ਨਾਲ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ ਸੀ। ਐੱਫਆਈਆਰ ਦੇ ਅਨੁਸਾਰ, ਔਰਤ ਨੇ ਦਾਅਵਾ ਕੀਤਾ ਕਿ ਉਹ ਪਾਦਰੀ ਦੀ ਚੇਲੀ ਸੀ ਅਤੇ ਉਸ ਨੇ ਉਸ ਨੂੰ ਗ਼ਲਤ ਢੰਗ ਨਾਲ ਛੂਹਿਆ ਸੀ। ਉਸ ਨੇ ਇਲਜ਼ਾਮ ਲਗਾਇਆ ਕਿ ਮੁਲਜ਼ਮ ਨੇ ਉਸ ਨੂੰ ਕਈ ਵਾਰ ਫੋਨ 'ਤੇ ਅਣਉਚਿਤ ਟੈਕਸਟ ਸੁਨੇਹੇ ਵੀ ਭੇਜੇ।

ਔਰਤ ਨੇ ਇਲਜ਼ਾਮ ਲਗਾਇਆ ਕਿ ਪਾਦਰੀ ਨੇ ਧਮਕੀ ਵੀ ਦਿੱਤੀ ਕਿ ਜੇਕਰ ਉਸ ਨੇ ਇਸ ਬਾਰੇ ਕਿਸੇ ਨੂੰ ਸ਼ਿਕਾਇਤ ਕੀਤੀ ਤਾਂ ਉਹ ਉਸ ਨੂੰ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਖ਼ਤਮ ਕਰ ਦੇਵੇਗਾ। ਉਸ ਨੇ ਇਹ ਵੀ ਇਲਜ਼ਾਮ ਲਗਾਏ ਕਿ ਸਾਲ 2022 ਵਿੱਚ ਪਾਸਟਰ ਨੇ ਉਸ ਨੂੰ ਜੱਫੀ ਪਾਉਣ ਦੀ ਕੋਸ਼ਿਸ਼ ਅਤੇ 'ਗੰਦੇ ਤਰੀਕੇ'



ਨਾਲ ਛੂਹਿਆ। ਪਾਦਰੀ ਉਸ ਨੂੰ ਵਿਆਹ ਕਰਵਾਉਣ ਲਈ ਵੀ ਕਹਿੰਦਾ ਸੀ ਜਦਕਿ ਉਹ ਪਹਿਲਾਂ ਹੀ ਵਿਆਹਿਆ ਹੋਇਆ ਸੀ। ਇਲਜ਼ਾਮਾਂ ਵਿੱਚ ਉਸ ਨੇ ਵੀ ਕਿਹਾ ਕਿ ਜਦੋਂ ਉਹ ਕਾਲਜ ਜਾਂਦੀ ਸੀ ਤਾਂ ਮੁਲਜ਼ਮ ਉਸ ਦਾ ਪਿੱਛਾ ਕਰਦਾ ਸੀ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਜਾਨੋ ਮਾਰਨ ਦੀ ਧਮਕੀ ਵੀ ਦਿੰਦੇ ਸੀ। ਐੱਫਆਈਆਰ ਮੁਤਾਬਕ ਪੁਲਿਸ ਨੂੰ ਆਪਣੇ ਬਿਆਨ ਵਿੱਚ ਪੀੜਤਾ ਨੇ ਕਿਹਾ ਕਿ ਪਾਸਟਰ ਉਸ ਨੂੰ ਵਿਆਹ ਕਰਵਾਉਣ ਲਈ ਵੀ ਕਹਿੰਦਾ ਸੀ ਜਦਕਿ ਉਹ ਪਹਿਲਾਂ ਹੀ ਵਿਆਹਿਆ ਹੋਇਆ ਸੀ।

### ਪਾਸਟਰ ਬਜਿੰਦਰ ਸਿੰਘ ਦਾ ਸਪੱਸ਼ਟੀਕਰਨ

ਜਲੰਧਰ ਵਿੱਚ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਪਾਸਟਰ ਨੇ ਇੱਕ ਹੋਰ ਪਾਸਟਰ ਦੀ ਤਸਵੀਰ ਦਿਖਾ ਕੇ ਕਿਹਾ ਕਿ ਉਹ ਉਨ੍ਹਾਂ ਨਾਲ ਪਿਛਲੇ ਪੰਜਾਂ ਸਾਲਾਂ ਤੋਂ ਮਾੜਾ ਵਤੀਰਾ ਕਰ ਰਹੇ ਹਨ। ਉਨ੍ਹਾਂ ਨੇ ਕਿਹਾ, "ਉਹ ਬੰਦਾ ਉੱਥੇ ਹੀ ਰਹਿੰਦਾ ਹੈ ਜਿੱਥੇ ਉਹ ਰਹਿੰਦੇ ਹਨ ਅਤੇ ਉਹ ਪਹਿਲਾ ਪਾਸਟਰ ਬਣਿਆ ਮੈਂ ਬਾਅਦ ਵਿੱਚ ਬਣਿਆ। ਇਸ ਲਈ ਉਹ ਮੇਰੇ ਤੋਂ ਚਿੜਨ ਲੱਗ ਗਿਆ। ਉਸ ਨੇ ਮੇਰੇ ਬਾਰੇ ਪੁੱਠੀਆਂ-ਸਿੱਧੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ਮਰੇ ਉੱਤੇ ਇਲਜ਼ਾਮ ਲਗਾਏ ਕਿ ਇਹ ਕੁੜੀਆਂ ਰੱਖਦਾ ਹੈ। ਅਸੀਂ ਪੰਜਾਬ ਵਿੱਚ ਲੋਕਾਂ ਨੂੰ ਸਿੱਖਿਆ ਦਿੰਦੇ ਹਾਂ ਕਿ ਉਹ ਨਸ਼ੇ ਤੋਂ ਆਜ਼ਾਦ ਹੋਣ, ਰੱਬ ਦੇ ਦੱਸੇ ਮਾਰਗ 'ਤੇ ਚੱਲਣ। ਇਹ ਮੇਰੇ ਉੱਤੇ ਕੋਈ ਵੀ ਝਗੜੇ ਦੇ ਜਾਂ ਨਸ਼ੇ ਦਾ ਪਰਚਾ ਦੱਸ ਦੇਣ।"

ਇਸ ਮੌਕੇ ਉਨ੍ਹਾਂ ਵੱਲੋਂ ਉਸ ਬੰਦੇ 'ਤੇ ਉਨ੍ਹਾਂ ਵੱਲੋਂ ਕਰਵਾਈ ਗਈ ਐੱਫਆਈਆਰ ਵੀ ਦਿਖਾਈ। ਇਸ ਦੇ ਨਾਲ ਉਨ੍ਹਾਂ ਨੇ ਕਿਹਾ ਕਿ ਇਹ ਉਨ੍ਹਾਂ ਖ਼ਿਲਾਫ਼ ਸਕੈਂਡਲ ਹੈ ਅਤੇ ਤਾਂ ਹੀ ਕੁੜੀ ਨਾਲ ਪ੍ਰੈੱਸ ਕਾਨਫਰੰਸ ਵਿੱਚ ਨਜ਼ਰ ਆ ਰਿਹਾ ਹੈ। ਪਾਸਟਰ ਨੇ ਇਹ ਵੀ ਕਿਹਾ ਕਿ ਇਲਜ਼ਾਮ ਲਗਾਉਣ ਵਾਲੀ ਕੁੜੀ ਦਾ ਪਤੀ ਉਸੇ ਬੰਦੇ ਦਾ ਫੌਲੋਅਰ ਵੀ ਹੈ। ਉਨ੍ਹਾਂ ਨੇ ਦੱਸਿਆ ਕਿ ਪਹਿਲਾਂ ਇਹ ਕੁੜੀ ਉਨ੍ਹਾਂ ਦੇ ਚਰਚ ਵਿੱਚ ਆਉਂਦੀ ਸੀ। ਬਜਿੰਦਰ ਨੇ ਕਿਹਾ ਕਿ ਨਾ ਮੈਂ ਫੋਨ ਰੱਖਦਾ ਹਾਂ ਅਤੇ ਨਾ ਹੀ ਮੈਂ ਕਿਸੇ ਨੂੰ ਮਿਲਦਾ ਹਾਂ। ਮੇਰਾ ਕੰਮ ਹੈ ਪ੍ਰਾਰਥਨਾ ਕਰਨਾ। ਮੇਰੇ ਕੋਲ ਤਾਂ ਇੰਨਾ ਸਮਾਂ ਹੀ ਨਹੀਂ ਹੁੰਦਾ।

ਇਹ ਮੇਰੇ ਉੱਤੇ ਇਲਜ਼ਾਮ ਇਸ ਲਈ ਲਗਾ ਰਹੇ ਹਨ ਕਿ ਦੋ-ਢਾਈ ਸਾਲ ਪਹਿਲਾਂ ਇਹ ਇੱਥੇ ਚਰਚ ਵਿੱਚ ਵਲੰਟੀਅਰ ਸਨ। ਇਹ ਇੱਥੇ ਠੱਗੀ ਕਰਦੇ ਹੋਏ ਫੜ੍ਹੇ ਗਏ ਸਨ, ਲੋਕਾਂ ਤੋਂ ਪੈਸੇ ਮੰਗਦੇ ਹਨ। ਅਸੀਂ ਪਹਿਲਾਂ ਇਸ ਨੂੰ ਮੌਖਿਕ ਚੇਤਾਵਨੀ ਦਿੱਤੀ ਪਰ ਜਦੋਂ ਨਹੀਂ ਮੰਨੇ ਤਾਂ ਅਸੀਂ ਕੇਸ ਵੀ ਕੀਤਾ ਸੀ। ਜਿਸ ਦਿਨ ਇਸ ਨੇ ਸ਼ਿਕਾਇਤ ਕਰਵਾਈ ਉਸ ਦਿਨ ਉਸ ਦਾ ਸਕਾ ਮਾਮਾ ਇੱਥੇ ਚਰਚ ਵਿੱਚ ਸੀ ਅਤੇ ਉਹ ਬਿਲਕੁਲ ਨਾਲ-ਨਾਲ ਘਰ ਵਿੱਚ ਰਹਿੰਦੇ ਹਨ। ਉਹ (ਕੁੜੀ ਦਾ ਪਰਿਵਾਰ) ਇੱਥੇ ਕਿਉਂ ਆਉਂਦਾ ਸੀ ਅਤੇ ਬਾਅਦ ਵਿੱਚ ਉਸ ਨੇ ਮਾਮੇ ਨੂੰ ਵੀ ਆਉਣ ਤੋਂ ਹਟਾ ਦਿੱਤਾ। ਜਦਕਿ ਇਸ ਕੁੜੀ ਦਾ ਸਕਾ ਮਾਮਾ ਕਹਿੰਦਾ ਹੈ ਕਿ ਉਹ ਗ਼ਲਤ ਇਲਜ਼ਾਮ ਲਗਾ ਰਹੀ ਹੈ।

ਉਨ੍ਹਾਂ ਨੇ ਅੱਗੇ ਕਿਹਾ, "ਤੁਸੀਂ ਦੇਖ ਲਓ ਇੱਥੇ ਚਰਚ ਵਿੱਚ ਕੈਮਰੇ ਲੱਗੇ ਹੋਏ ਹਨ। ਉਨ੍ਹਾਂ ਕੋਲ ਕੋਈ ਸਬੂਤ ਨਹੀਂ ਹੈ। ਮੇਰੇ ਵੀ ਬੱਚੇ ਹਨ, ਉਹ ਵੀ ਪਰੇਸ਼ਾਨ ਹੋ ਰਹੇ ਹਨ। ਮੇਰੀ ਆਪਣੀ ਧੀ 14 ਸਾਲ ਦੀ ਹੈ, ਮੈਂ ਅਜਿਹਾ ਕੰਮ ਕਿਉਂ ਕਰਾਂਗਾ। ਮੇਰੀ ਧੀ ਮੈਨੂੰ ਸਵਾਲ ਕਰ ਰਹੀ ਹੈ। ਅਸੀਂ ਪਰਿਵਾਰ ਵਾਲੇ ਹਾਂ। ਸਾਡਾ ਕੰਮ ਸੇਵਾ ਕਰਨਾ ਹੈ ਜਾਂ ਪ੍ਰਾਰਥਨਾ ਕਰਨਾ। ਅਜਿਹੀਆਂ ਹਰਕਤਾਂ ਕਿਉਂ ਕਰਾਂਗੇ।"

ਫਿਲਹਾਲ ਕਪੂਰਥਲਾ ਪੁਲਿਸ ਨੇ ਸਿਟੀ ਥਾਣੇ ਵਿੱਚ ਆਈਪੀਸੀ ਦੀ ਧਾਰਾ ਤਹਿਤ ਕੇਸ ਦਰਜ ਕੀਤਾ ਹੈ।

### ਪਾਸਟਰ ਬਜਿੰਦਰ ਸਿੰਘ ਕੌਣ ਹਨ

ਪਾਸਟਰ ਬਰਜਿੰਦਰ ਦਾ ਸਬੰਧ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਨਾਲ ਹੈ ਅਤੇ ਉਹ ਜਾਟ ਭਾਈਚਾਰੇ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਦੀ ਚਰਚ ਦੀਆਂ ਪੂਰੇ ਦੇਸ਼ ਵਿੱਚ 260 ਇਕਾਈਆਂ ਹਨ ਅਤੇ ਸਭ ਤੋਂ ਵੱਡੀ ਬਰਾਂਚ ਮੁਹਾਲੀ ਜ਼ਿਲ੍ਹੇ ਦੇ ਨਿਊ ਚੰਡੀਗੜ੍ਹ ਵਿੱਚ ਹੈ। ਪਾਸਟਰ ਬਜਿੰਦਰ ਸਿੰਘ ਜਲੰਧਰ ਜ਼ਿਲ੍ਹੇ ਦੇ ਪਿੰਡ ਤਾਜਪੁਰ ਵਿੱਚ ਇੱਕ ਚਰਚ ਚਲਾਉਂਦੇ ਹਨ। ਜਿਸ ਨੂੰ 'ਗਲੋਰੀ ਆਫ ਵਿਜ਼ਡਮ ਚਰਚ' ਸੱਦਿਆ ਜਾਂਦਾ ਹੈ। ਹਰਿਆਣਾ ਦੇ ਯਮੁਨਾਨਗਰ ਵਿੱਚ ਇੱਕ ਜਾਟ ਪਰਿਵਾਰ ਵਿੱਚ ਜੰਮੇ, ਬਜਿੰਦਰ ਸਿੰਘ ਨੇ ਲਗਭਗ 15 ਸਾਲ ਪਹਿਲਾਂ ਇੱਕ ਕਤਲ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਹੋਣ 'ਤੇ ਈਸਾਈ ਧਰਮ ਅਪਣਾ ਲਿਆ ਸੀ।

ਪੀੜਤ ਵੱਲੋਂ ਪਾਸਟਰ ਉੱਤੇ ਲਾਏ ਗਏ ਇਲਜ਼ਾਮਾਂ ਤੋਂ ਬਿਨਾਂ ਪਹਿਲਾਂ ਵੀ ਪਾਸਟਰ ਬਜਿੰਦਰ ਸਿੰਘ ਵਿਵਾਦਾਂ ਵਿੱਚ ਘਿਰੇ ਰਹੇ ਹਨ। ਸਾਲ 2018 ਵਿੱਚ ਪਾਸਟਰ ਬਜਿੰਦਰ ਸਿੰਘ ਉੱਤੇ ਜ਼ੀਰਕਪੁਰ ਇਲਾਕੇ ਨਾਲ ਸਬੰਧਤ ਇੱਕ ਔਰਤ ਨੇ ਬਲਾਤਕਾਰ ਦੇ ਇਲਜ਼ਾਮ ਲਗਾਏ ਸਨ ਅਤੇ ਪੁਲਿਸ ਨੇ ਇਸ ਸਬੰਧੀ ਇੱਕ ਕੇਸ ਵੀ ਦਰਜ ਕੀਤਾ ਸੀ।

ਪੁਲਿਸ ਨੇ ਇਸ ਮਾਮਲੇ ਵਿੱਚ ਪਾਸਟਰ ਨੂੰ ਗ੍ਰਿਫ਼ਤਾਰ ਵੀ ਕੀਤਾ ਸੀ। ਪਾਸਟਰ ਬਜਿੰਦਰ ਨੂੰ ਇਸ ਕੇਸ ਵਿੱਚ ਜ਼ਮਾਨਤ ਮਿਲੀ ਹੋਈ ਹੈ। ਸਾਲ 2023 ਵਿੱਚ ਇਨਕਮ ਟੈਕਸ ਵਿਭਾਗ ਵੱਲੋਂ ਜਲੰਧਰ ਵਿੱਚ ਪਾਸਟਰ ਬਜਿੰਦਰ ਨਾਲ ਸਬੰਧਤ ਟਿਕਾਣਿਆਂ ਉੱਤੇ ਰੇਡ ਵੀ ਕੀਤੀ ਗਈ ਸੀ। ਇਸ ਤੋਂ ਇਲਾਵਾ ਪਾਸਟਰ ਬਜਿੰਦਰ ਕਈ ਸਾਲ ਪਹਿਲਾਂ ਕਤਲ ਦੇ ਇੱਕ ਕੇਸ ਵਿੱਚ ਜੇਲ੍ਹ ਵੀ ਗਏ ਸਨ।

ਪਾਸਟਰ ਬਜਿੰਦਰ ਸਿੰਘ ਮਨਿਸਟਰੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਗੱਲਬਾਤ ਕਰਦਿਆਂ ਸਾਰੇ ਇਲਜ਼ਾਮਾਂ ਨੂੰ ਨਕਾਰਿਆ ਹੈ। ਉਨ੍ਹਾਂ ਨੇ ਕਿਹਾ, "ਪਾਸਟਰ ਬਜਿੰਦਰ ਸਿੰਘ ਉੱਤੇ ਲੱਗੇ ਇਲਜ਼ਾਮ ਝੂਠੇ ਅਤੇ ਬੇਬੁਨਿਆਦ ਹਨ। ਇਹ ਇਲਜ਼ਾਮ ਇੱਕ ਸਾਜ਼ਿਸ਼ ਤਹਿਤ ਲਗਾਏ ਗਏ ਹਨ।" ਉਨ੍ਹਾਂ ਜਾਣਕਾਰੀ ਦਿੱਤੀ ਕਿ ਸਾਲ 2018 ਵਿੱਚ ਪਾਸਟਰ ਬਜਿੰਦਰ ਸਿੰਘ ਖ਼ਿਲਾਫ਼ ਜਿਹੜਾ ਬਲਾਤਕਾਰ ਦਾ ਮਾਮਲਾ ਜ਼ੀਰਕਪੁਰ ਵਿੱਚ ਦਰਜ ਹੋਇਆ ਸੀ, ਉਸ ਕੇਸ ਵਿੱਚ ਪਾਸਟਰ ਦੀ ਗ੍ਰਿਫ਼ਤਾਰੀ ਹੋਈ ਸੀ ਪਰ ਉਹ ਜ਼ਮਾਨਤ ਉੱਤੇ ਰਿਹਾਅ ਹੋ ਗਏ ਸਨ। ਉਨ੍ਹਾਂ ਦਾਅਵਾ ਕੀਤਾ ਕਿ ਇਹ ਕੇਸ ਵੀ ਝੂਠਾ ਸੀ।

ਅਵਤਾਰ ਨੇ ਜਾਣਕਾਰੀ ਦਿੱਤੀ ਕਿ ਇਨਕਮ ਟੈਕਸ ਵਿਭਾਗ ਵੱਲੋਂ ਜਲੰਧਰ ਵਿੱਚ ਰੇਡ ਕੀਤੀ ਗਈ ਸੀ। ਕਈ ਸਾਲ ਪਹਿਲਾਂ ਹੋਏ ਕਤਲ ਕੇਸ ਬਾਬਤ ਅਵਤਾਰ ਸਿੰਘ ਨੇ ਕਿਹਾ ਇਹ ਮਾਮਲਾ ਉਨ੍ਹਾਂ ਦੇ ਪਾਸਟਰ ਨਾਲ ਜੁੜਨ ਤੋਂ ਪਹਿਲਾਂ ਦਾ ਹੈ।

### ਪੰਜਾਬ ਵਿਚ ਈਸਾਈਆਂ ਦੀ ਗਿਣਤੀ ਤੇ ਸੰਸਥਾਵਾਂ

ਪੰਜਾਬ ਵਿੱਚ ਇਸਾਈ ਧਰਮ ਦੀ ਆਬਾਦੀ ਕੁੱਲ ਆਬਾਦੀ ਦਾ ਡੇਢ ਫ਼ੀਸਦੀ ਤੋਂ ਵੀ ਘੱਟ ਹੈ। 2011 ਤੱਕ ਇਸ ਭਾਈਚਾਰੇ ਦੀ ਆਬਾਦੀ 3 ਲੱਖ 48 ਹਜ਼ਾਰ ਦੇ ਕਰੀਬ ਸੀ। ਜਾਣਕਾਰਾਂ ਮੁਤਾਬਕ ਜ਼ਿਆਦਾਤਰ ਧਰਮ ਪਰਿਵਰਤਨ ਸਰਹੱਦੀ ਇਲਾਕੇ ਬਟਾਲਾ, ਗੁਰਦਾਸਪੁਰ, ਡੇਰਾ ਬਾਬਾ ਨਾਨਕ, ਮਜੀਠਾ, ਤਰਨਤਾਰਨ, ਅਜਨਾਲਾ ਅਤੇ ਅੰਮ੍ਰਿਤਸਰ ਵਿੱਚ ਹੋਇਆ ਹੈ। ਇਸਾਈ ਧਰਮ ਦੇ ਵਿੱਚ ਵੀ ਵੱਖ-ਵੱਖ ਵਰਗ ਹਨ ਪਰ ਪੰਜਾਬ ਵਿੱਚ ਦੋ ਮੁੱਖ ਧਾਰਾ ਦੇ ਚਰਚ ਹਨ। ਇਸ ਵਿੱਚ ਇੱਕ ਚਰਚ ਆਫ਼ ਨਾਰਥ ਇੰਡੀਆ (ਸੀਐੱਨਆਈ) ਜਿਸ ਅਧੀਨ ਉੱਤਰੀ ਭਾਰਤ ਵਿੱਚ ਜ਼ਿਆਦਾਤਰ ਪ੍ਰੋਟੈਸਟੈਂਟ ਚਰਚ ਹਨ ਅਤੇ ਦੂਜਾ ਹੈ ਜਲੰਧਰ ਡਾਇਓਸਿਸ, ਜਿਸ ਦੇ ਅਧਿਕਾਰ ਖੇਤਰ ਵਿੱਚ ਰੋਮਨ ਕੈਥੋਲਿਕ ਚਰਚ ਆਉਂਦੇ ਹਨ। ਇਸ ਦੇ ਚਰਚ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਮੌਜੂਦ ਹਨ।

ਡਾਇਓਸੀਸ ਆਫ਼ ਅੰਮ੍ਰਿਤਸਰ ਅਤੇ ਡਾਇਓਸੀਸ ਆਫ਼ ਜਲੰਧਰ ਪੂਰੀ ਤਰਾਂ ਸੰਗਠਿਤ ਹਨ ਤੇ ਇਨ੍ਹਾਂ ਦੀ ਅਗਵਾਈ ਬਿਸ਼ਪ ਵੱਲੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਸਾਲਵੇਸ਼ਨ ਆਰਮੀ, ਮੈਥੋਡਿਸਟ ਚਰਚ (ਪ੍ਰਮੁੱਖ ਚਰਚ ਬਟਾਲਾ ਅਤੇ ਪਟਿਆਲਾ) ਅਤੇ ਸੈਵਨਥ ਡੇਅ ਐਡਵੈਂਟਿਸਟ ਚਰਚ (ਐੱਸਡੀਏਸੀ) ਵੀ ਪੰਜਾਬ ਵਿੱਚ ਮੌਜੂਦ ਹਨ।

ਮੁੱਖ ਧਾਰਾ ਦੇ ਚਰਚਾਂ ਤੋਂ ਇਲਾਵਾ ਪੰਜਾਬ ਵਿੱਚ ਬਹੁਤ ਸਾਰੇ ਅਜਿਹੇ ਪਾਸਟਰ ਹਨ ਜੋ ਨਿੱਜੀ ਤੌਰ ਉੱਤੇ ਆਪਣੇ ਧਰਮ ਦਾ ਪ੍ਰਚਾਰ ਕਰ ਰਹੇ ਹਨ। ਇਨ੍ਹਾਂ ਨੇ ਆਪਣੇ ਵੱਡੇ-ਵੱਡੇ ਡੇਰੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਸਥਾਪਤ ਕਰ ਲਏ ਹਨ। ਇਨ੍ਹਾਂ ਡੇਰਿਆਂ ਨੂੰ ਮੰਨਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵੀ ਕਾਫ਼ੀ ਜ਼ਿਆਦਾ ਹੈ। ਇਨ੍ਹਾਂ ਵਿੱਚੋਂ ਪ੍ਰਮੁੱਖ ਡੇਰੇ ਹਨ ਪਾਸਟਰ ਬਜਿੰਦਰ ਸਿੰਘ, ਅੰਕੁਰ ਯੂਸਫ਼ ਨਰੂਲਾ, ਪਾਸਟਰ ਹਰਪ੍ਰੀਤ ਦਿਓਲ ਖੋਜੇਵਾਲਾ। ਇਸ ਤੋਂ ਇਲਾਵਾ ਪਾਸਟਰ ਅੰਮ੍ਰਿਤ ਸੰਧੂ, ਪਾਸਟਰ ਹਰਜੀਤ, ਪਾਸਟਰ ਮਨੀਸ਼ ਗਿੱਲ, ਪਾਸਟਰ ਕੰਚਨ ਮਿੱਤਲ, ਪਾਸਟਰ ਦਵਿੰਦਰ ਸਿੰਘ, ਪਾਸਟਰ ਰਮਨ ਦੇ ਡੇਰੇ ਵੀ ਹਨ।

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਜਨਰਲ ਬਾਡੀ ਦੀ ਮੀਟਿੰਗ ਵਿਚ ਸਭਾ ਦੇ ਮੈਂਬਰਾਂ ਨੇ ਹੀ ਖੜ੍ਹੇ ਕੀਤੇ ਸਵਾਲ

## ਅਗਲੀ ਚੋਣ ਪ੍ਰਕ੍ਰਿਆ ਲਈ ਤਿੰਨ ਟਰੱਸਟੀਆਂ ਨੂੰ ਦਿੱਤੀ ਜਿੰਮੇਂਵਾਰੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਜਨਰਲ ਬਾਡੀ ਦੀ ਮੀਟਿੰਗ ਗੁਰਦੁਆਰਾ ਪਾਰਕ ਐਵੇਨਿਊ ਵਿਖੇ ਹੋਈ। ਜਿਸ ਵਿੱਚ ਪ੍ਰਧਾਨ ਸ: ਹਿੰਮਤ ਸਿੰਘ ਸੋਹੀ ਨੇ ਆਈਆਂ ਸੰਗਤਾਂ ਨੂੰ ਜੀ ਆਇਆਂ ਕਿਹਾ। ਮੀਤ ਪ੍ਰਧਾਨ ਸ: ਕੁਲਵੰਤ ਸਿੰਘ ਭਿੰਡਰ ਨੇ ਸਟੇਜ ਦੀ ਕਾਰਵਾਈ ਨਿਭਾਉਂਦਿਆਂ ਨਿਰਪੱਖਤਾ ਨਾਲ ਬੋਲਣ ਦਾ ਸਮਾਂ ਦਿੱਤਾ। ਜਨਰਲ ਸਕੱਤਰ ਹਰਮੀਤ ਸਿੰਘ ਗਿੱਲ ਨੇ ਸਭਾ ਦੀਆਂ ਪ੍ਰਾਪਤੀਆਂ, ਕੀਤੇ ਹੋਏ ਕਾਰਜਾਂ ਦਾ ਲੇਖਾ ਜੋਖਾ ਸਾਂਝਾ ਕੀਤਾ। ਉਹਨਾਂ ਸਭਾ ਦੇ ਚੱਲ ਰਹੇ ਪ੍ਰਾਜੈਕਟਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਅਗਲੀਆਂ ਚੋਣਾਂ ਦੀ ਪ੍ਰਕ੍ਰਿਆ ਲਈ ਤਿੰਨ ਟਰੱਸਟੀਆਂ ਦੇ ਨਾਮ ਜਨਤਕ ਕੀਤ ਜਿਹਨਾਂ ਵਿੱਚ ਮਨਜੀਤ ਸਿੰਘ ਬੁੱਟਰ, ਗੁਰਪ੍ਰਤਾਪ ਸਿੰਘ ਢਿਲੋਂ ਅਤੇ ਅਮਰਦੀਪ ਸਿੰਘ ਦੁਸਾਂਝ ਦੇ ਨਾਵਾਂ ਦਾ ਐਲਾਨ ਕੀਤਾ ਹੈ। ਜਦ ਕਿ ਵਿਰੋਧੀ ਧਿਰ ਵੱਲੋਂ ਇਸ ਵਰਤਾਰੇ ਤੇ ਇਤਰਾਜ਼ ਪ੍ਰਗਟ ਕੀਤਾ ਹੈ।**

ਖਜ਼ਾਨਚੀ ਦੀ ਰਿਪੋਰਟ ਪੇਸ਼ ਕਰਦਿਆਂ ਸ: ਜੀਤਪਾਲ ਸਿੰਘ ਸਹੋਤਾ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਉਹ ਜਿਹੜੀ ਮਾਇਆ ਗੋਲਕ ਵਿੱਚੋਂ ਗਿਣ ਕੇ ਜਮ੍ਹਾ ਕਰਵਾਈ ਜਾਂਦੀ ਹੈ ਉਸ ਬਾਰੇ ਜਵਾਬ ਦੇਹ ਹਨ, ਇਸ ਤੋਂ ਇਲਾਵਾ ਉਹ ਕਿਸੇ ਵੀ ਹਿਸਾਬ ਕਿਤਾਬ ਲਈ ਜਵਾਬ ਦੇਹ ਨਹੀਂ ਹਨ ਕਿਉਂਕਿ ਹੋਰ ਕੰਮਾਂ ਵਿੱਚ ਉਹਨਾਂ ਦੀ ਸਲਾਹ ਨਹੀਂ ਲਈ ਗਈ। ਉਹਨਾਂ ਇਹ ਵੀ ਕਿਹਾ ਕਿ ਸਭਾ ਦੇ ਭਵਿੱਖ ਲਈ ਸਾਨੂੰ ਚਿੰਤਤ ਹੋਣਾ ਚਾਹੀਦਾ ਹੈ, ਕਿਉਂਕਿ ਅਗਲਾ ਸਮਾਂ ਚਣੌਤੀਆਂ ਵਾਲਾ ਹੋਵੇਗਾ। ਖਾਸ ਤੌਰ ਤੇ ਆਸ ਪਾਸ ਬਣ ਰਹੀਆਂ ਉੱਚੀਆਂ ਇਮਾਰਤਾਂ ਅਤੇ ਇਹਨਾਂ ਵਿੱਚ ਆ ਕੇ ਵੱਸਣ ਵਾਲੇ ਲੋਕਾਂ ਤੋਂ ਬਾਅਦ ਵਿੱਚ ਸਾਡਾ ਭਵਿੱਖ ਕਿਹੋ ਜਿਹਾ ਹੋਵੇਗਾ। ਸ: ਜੀਤਪਾਲ ਸਹੋਤਾ ਵੱਲੋਂ ਖੜ੍ਹੇ ਕੀਤੇ ਸਵਾਲਾਂ ਨਾਲ ਸੰਗਤ ਵਿੱਚ ਹਲਚਲ ਪੈਦਾ ਹੋ ਗਈ। ਜਿਸ ਸਬੰਧੀ ਬਾਅਦ ਵਿੱਚ ਡਾ: ਪ੍ਰਵਿੰਦਰ ਸਿੰਘ ਗਰਚਾ ਨੇ ਸ਼ਪਸ਼ਟ ਕਰਦਿਆਂ ਕਿਹਾ ਕਮੇਟੀ ਕੋਲ ਹਰ ਸਵਾਲ ਦਾ ਜਵਾਬ ਹੈ ਅਤੇ ਕੋਈ ਵੀ ਹਿਸਾਬ ਕਿਤਾਬ ਆ ਕੇ ਵੇਖ ਸਕਦਾ ਹੈ। ਬੀਬੀ ਬਲਵਿੰਦਰ ਕੌਰ ਚਾਹਲ ਨੇ ਕਾਨੂੰਨੀ ਪੱਖ ਤੋਂ ਸਭਾ ਦੇ ਮੈਂਬਰਾਂ ਨੂੰ ਸਥਿਤੀ ਸ਼ਪਸ਼ਟ ਕੀਤੀ। ਉਹਨਾਂ ਕਿਹਾ ਕਿ ਉਹ ਸਭਾ ਦੇ ਭਲੇ ਲਈ ਅਵਾਜ਼ ਬੁਲੰਦ ਕਰਦੀ ਰਹੇਗੀ। ਉਹਨਾਂ ਨੇ ਸਭਾ ਦੇ ਮਸਲਿਆਂ ਨੂੰ ਮਿਲ ਬੈਠ ਕੇ ਸੁਲਝਾਉਣ ਦੀ ਸਲਾਹ ਦਿੱਤੀ।

ਉਪਰੰਤ ਇੱਕ ਹੋਰ ਕਮੇਟੀ ਮੈਂਬਰ ਅਤੇ ਸਟੇਜ ਸਕੱਤਰ ਮਨਜੀਤ ਸਿੰਘ ਨੇ ਵੀ ਆਪਣੇ ਸਾਥੀਆਂ ਤੇ ਸਵਾਲ ਚੁੱਕਦਿਆਂ ਟਰੱਸਟੀਆਂ ਦੀ ਚੋਣ ਨੂੰ ਗੈਰਵਿਧਾਨਿਕ ਕਿਹਾ, ਉਹਨਾਂ ਇਹ ਵੀ ਕਿਹਾ ਕਿ ਸੰਵਿਧਾਨ ਦੀ ਸੋਧ ਮੌਕੇ ਕੋਈ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ। ਉਹਨਾਂ ਇਹ ਵੀ ਕਿਹਾ ਕਿ ਸਭਾ ਦਾ ਆਰਥਿਕ ਤੌਰ ਤੇ ਨੁਕਸਾਨ ਹੋ ਰਿਹਾ ਹੈ। ਇਸ ਮੌਕੇ ਇੱਕ ਹੋਰ ਮੈਂਬਰ ਨੇ ਆ ਕੇ ਸਭਾ ਦੇ ਕਮੇਟੀ ਮੈਂਬਰਾਂ ਦੀ ਯੋਗਤਾ ਨਿਰਧਾਰਤ ਕਰਨ ਦੀ ਮੰਗ ਕੀਤੀ।

ਸਾਬਕਾ ਪ੍ਰਧਾਨ ਸ: ਹਰਜੀਤ ਸਿੰਘ ਸਰਪੰਚ ਨੇ ਕਿਹਾ ਕਿ 18 ਫਰਵਰੀ 2024 ਨੂੰ ਹੋਈ ਜਨਰਲ ਬਾਡੀ ਦੀ ਮੀਟਿੰਗ ਵਿੱਚ ਟਰੱਸਟੀਆਂ ਦੀ ਚੋਣ ਅਤੇ ਸੰਵਿਧਾਨ ਦੀ ਸੋਧ ਕਰਨ ਦੀ ਪ੍ਰਕ੍ਰਿਆ ਸਹੀ ਢੰਗ ਨਾਲ ਨਹੀਂ ਕੀਤੀ ਗਈ, ਜਿਸ ਕਰਕੇ ਅਸੀਂ ਮਜ਼ਬੂਰ ਹੋ ਕੇ ਅਦਾਲਤ ਦਾ ਦਰਵਾਜ਼ਾ ਖੜ੍ਹਕਾ ਰਹੇ ਹਾਂ। ਉਹਨਾਂ ਕਿਹਾ ਕਿ ਅਸੀਂ ਵਾਰ ਵਾਰ ਗੱਲਬਾਤ ਦਾ ਸੱਦਾ ਦਿੱਤਾ ਪਰ ਕੋਈ ਸੁਣਵਾਈ ਨਹੀਂ ਹੋ ਰਹੀ। ਉਹਨਾਂ ਕਿਹਾ ਕਿ ਉਹ ਟਰੱਸਟੀਆਂ ਦੀ ਚੋਣ ਨੂੰ ਰੱਦ ਕਰਦੇ ਹਨ। ਦੂਜੇ ਪਾਸੇ ਪ੍ਰਬੰਧਕ ਕਮੇਟੀ ਦਾ ਕਹਿਣਾ ਹੈ ਕਿ ਕੋਈ ਵੀ ਚੋਣ ਗੈਰਵਿਧਾਨਿਕ ਨਹੀਂ ਹੋਈ।

ਸਾਬਕਾ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ ਨੇ ਵੀ ਸਭਾ ਦੇ ਮੌਜੂਦਾ ਪ੍ਰਬੰਧਕਾਂ ਤੇ ਧੱਕੇਸ਼ਾਹੀ ਦੇ ਦੋਸ਼ ਲਾਉਂਦਿਆਂ, ਕਈ ਸਵਾਲ ਖੜ੍ਹੇ ਕੀਤੇ। ਉਹਨਾਂ ਕਿਹਾ ਕਿ ਟਰੱਸਟੀਆਂ ਦੀ ਚੋਣ ਪ੍ਰੀਵਾਰਵਾਦ ਹੈ। ਉਹਨਾਂ ਕਿਹਾ ਕਿ ਸੰਵਿਧਾਨ ਵਿੱਚ ਕੀਤੀ ਸੋਧ ਭਵਿੱਖ ਲਈ ਠੀਕ ਨਹੀਂ ਉਸ ਮੁਤਾਬਿਕ ਕੋਈ ਵੀ ਮੈਂਬਰ ਸ਼ਿਕਾਇਤ ਹੀ ਨਹੀਂ ਕਰ ਸਕਦਾ, ਅਦਾਲਤ ਤੱਕ ਨਹੀਂ ਜਾ ਸਕਦਾ। ਉਹਨਾਂ ਕਿਹਾ ਕਿ ਵਾਰ ਵਾਰ ਕਹਿਣ ਤੇ ਵੀ ਇਸ ਮੁੱਦੇ ਨੂੰ ਸੁਲਝਾਉਣ ਦਾ ਯਤਨ ਨਹੀਂ ਕੀਤਾ ਗਿਆ। ਉਹਨਾਂ ਇਹ ਵੀ ਖਦਸ਼ਾ ਜਾਹਰ ਕੀਤਾ ਕਿ ਚੋਣਾਂ ਮੌਕੇ ਵੀ ਨਿਰਪੱਖਤਾ ਨਹੀਂ ਵਿਖਾਈ ਜਾਵੇਗੀ। ਉਹਨਾਂ ਇਹ ਵੀ ਕਿਹਾ ਕਿ ਮੈਂਬਰਸ਼ਿਪ ਲਈ ਹਰ ਸਿੱਖ ਲਈ ਦਰਵਾਜ਼ੇ ਖੁੱਲ੍ਹੇ ਹੋਣੇ ਚਾਹੀਦੇ ਹਨ, ਜਿਹੜੇ ਚਾਰ ਕੌਂਸਲਾਂ ਦੀ ਵੋਟਰ ਸੂਚੀ ਵਿੱਚ ਹਨ ਉਹਨਾਂ ਸਿੱਖਾਂ ਨੂੰ ਮੈਂਬਰ ਬਣਨ ਦੇ ਅਧਿਕਾਰ ਹੋਣੇ ਚਾਹੀਦੇ ਹਨ।

ਆਖਿਰ ਵਿੱਚ ਮੀਤ ਪ੍ਰਧਾਨ ਕੁਲਵੰਤ ਸਿੰਘ ਭਿੰਡਰ ਨੇ ਕਿਹਾ ਸਾਰੀ ਕਾਰਵਾਈ ਪਾਰਦਰਸ਼ਤਾ ਨਾਲ ਕੀਤੀ ਗਈ ਹੈ, ਚੈਰਿਟੀ ਕਮਿਸ਼ਨ ਦੇ ਨਿਯਮਾਂ ਮੁਤਾਬਿਕ ਕੀਤੀ ਗਈ ਹੈ। ਉਹਨਾਂ ਕਿਹਾ ਕਿ ਰਿਪੋਰਟ ਵਿੱਚ ਦਰਜ਼ ਸਾਰੇ ਖ਼ਰਚੇ ਸਹੀ ਹਨ, ਫਿਰ ਵੀ ਕੋਈ ਇਸ ਬਾਰੇ ਕੁਝ ਵੇਖਣਾ ਚਾਹੁੰਦਾ ਹੈ ਤਾਂ ਜਦ ਮਰਜ਼ੀ ਆ ਕੇ ਵੇਖ ਸਕਦਾ ਹੈ। ਇਸ ਮੌਕੇ ਦੋਵੇਂ ਧਿਰਾਂ ਮੈਂਬਰਸ਼ਿਪ ਨੂੰ ਲੈ ਕੇ ਵੀ ਇੱਕ ਦੂਜੇ ਤੇ ਇਲਾਜ਼ ਲਾਉਂਦੀਆਂ ਰਹੀਆਂ। ਜਦੋਂ ਹੀ ਅਮਰਜੀਤ ਸਿੰਘ ਢਿਲੋਂ ਨੇ ਵੀ ਇਤਰਾਜ਼ ਪ੍ਰਗਟ ਕੀਤਾ ਕਿ ਸਟੇਜ ਦੀ ਕਾਰਵਾਈ ਸਟੇਜ ਸਕੱਤਰ ਨੂੰ ਕਿਉਂ ਨਹੀਂ ਨਿਭਾਉਣ ਦਿੱਤੀ ਗਈ ਤਾਂ ਉਸੇ ਸਮੇਂ ਹੀ ਮੀਟਿੰਗ ਦੀ ਸਮਾਪਤੀ ਕਰਦਿਆਂ ਅਨੰਦ ਸਾਹਿਬ ਦੇ ਪਾਠ ਦੀ ਆਰੰਭਤਾ ਕਰ ਦਿੱਤੀ ਗਈ।

ਅੱਜ ਦੀ ਇਹ ਜਨਰਲ ਬਾਡੀ ਦੀ ਮੀਟਿੰਗ ਵਿੱਚ ਭਾਵੇਂ ਦੋਵੇਂ ਧਿਰਾਂ ਨੇ ਆਪਣਾ ਆਪਣਾ ਪੱਖ ਰੱਖਿਆ, ਪਰ ਭਵਿੱਖ ਵਿੱਚ ਚੋਣਾਂ ਕੀ ਸੁਖਾਵੇਂ ਮਾਹੌਲ ਵਿੱਚ ਹੋ ਸਕਣਗੀਆਂ, ਇਹ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦੀਆਂ ਹਨ।

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ ’ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ’ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਰਕ ਕਰ ਸਕਦੇ ਹੋ**

PANJAB TIMES, BRIDLE GATE LANE, ALVASTON, DERBY, DE24 0QW, U.K.
Email:panjabtimes@gmail.com, www.panjabtimes.uk
Tel: 01332 372 851 - WhatsApp No. 07966 388 388

## ਆਓ ਦੂਜੀ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...

ਪਾਠ 4

ਕ ਖ ਗ ਘ ਙ

Exercise 1 : Draw the above letters on paper and cut & paste in your notebook.
*(Material needed: Card stock, Scissors, glue)*

Exercise 2 : Write the Gurmukhi Akhars 3 times for English sounds given below.

Gaggaa ........ ........ ........

Kakkaa ........ ........ ........

Khakhaa ........ ........ ........

Angangan ........ ........ ........

Ghaggaa ........ ........ ........

Page 7 Level I

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪਾਰਕ ਐਵੇਨਿਊ ਵਿਖੇ "ਗਿਆਨੀ ਦਿੱਤ ਸਿੰਘ ਹਾਲ" ਦਾ ਉਦਘਾਟਨ

**ਲੰਡਨ-(ਮਨਪ੍ਰੀਤ ਸਿੰਘ ਬੱਧਨੀਕਲਾਂ)-ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪਾਰਕ ਐਵੇਨਿਊ ਵਿਖੇ "ਗਿਆਨੀ ਦਿੱਤ ਸਿੰਘ ਹਾਲ" ਦਾ ਉਦਘਾਟਨ ਬੀਤੀ 1 ਮਾਰਚ ਨੂੰ ਕੀਤਾ ਗਿਆ।**

ਇਸ ਮੌਕੇ ਸਭਾ ਦੇ ਪ੍ਰਧਾਨ ਸ: ਹਿੰਮਤ ਸਿੰਘ ਸੋਹੀ, ਮੀਤ ਪ੍ਰਧਾਨ ਕੁਲਵੰਤ ਸਿੰਘ ਭਿੰਡਰ, ਖਜ਼ਾਨਚੀ ਜੀਤਪਾਲ ਸਿੰਘ ਸਹੋਤਾ, ਬੀਬੀ ਤੇਜ ਕੌਰ ਗਰੇਵਾਲ, ਗੁਰਦੇਵ ਸਿੰਘ ਬਰਾੜ, ਮਨਜੀਤ ਸਿੰਘ ਬੁੱਟਰ ਜਨਰਲ ਸਕੱਤਰ ਟਰੱਸਟ, ਗੁਰਪ੍ਰਤਾਪ ਸਿੰਘ ਢਿਲੋਂ, ਡਾ: ਪ੍ਰਵਿੰਦਰ ਸਿੰਘ ਗਰਚਾ, ਡਾ: ਦਵਿੰਦਰ ਸਿੰਘ ਕੂਨਰ, ਸੁਰਿੰਦਰ ਸਿੰਘ ਭੰਗਲ, ਬਿੰਦੀ ਸੋਹੀ ਆਦਿ ਹਾਜ਼ਰ ਸਨ। ਗੁਰੂ ਘਰ ਦੇ ਜਨਰਲ ਸਕੱਤਰ ਹਰਮੀਤ ਸਿੰਘ ਗਿੱਲ ਨੇ ਦੱਸਿਆ ਕਿ ਇਹ ਹਾਲ ਅੰਤਮ ਸੰਸਕਾਰ ਮੌਕੇ ਮ੍ਰਿਤਕ ਦੇਹ ਦੇ ਅੰਤਮ ਦਰਸ਼ਨਾਂ ਲਈ ਆਉਣ ਵਾਲੀਆਂ ਸੰਗਤਾਂ ਨੂੰ ਆ ਰਹੀਆਂ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦਿਆਂ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਹਾਲ ਵਿੱਚ 200 ਦੇ ਕਰੀਬ ਸੰਗਤਾਂ ਲਈ ਸੁਵਿਧਾ ਹੈ। ਮੀਤ ਪ੍ਰਧਾਨ ਕੁਲਵੰਤ ਸਿੰਘ ਭਿੰਡਰ ਨੇ ਕਿਹਾ ਕਿ ਮੀਂਹ ਕਣੀ ਮੌਕੇ ਸੰਗਤਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਕਈ ਵਾਰ ਦੁੱਖ ਦੀ ਘੜੀ ਵਿੱਚ ਸੰਗਤਾਂ ਦਾ ਵੱਡਾ ਇਕੱਠ ਹੋ ਜਾਂਦਾ ਸੀ ਅਤੇ ਕਾਫ਼ੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ। ਇਸ ਹਾਲ ਨਾਲ ਸੰਗਤਾਂ ਨੂੰ ਕਾਫ਼ੀ ਅਸਾਨੀ ਹੋਵੇਗੀ।



ਗਿਆਨੀ ਦਿੱਤ ਸਿੰਘ ਹਾਲ ਦੇ ਉਦਘਾਟਨ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ, ਟਰੱਸਟੀ, ਸੰਗਤਾਂ ਅਤੇ ਹੇਠਾਂ ਹਾਲ

## ਕੇਜਰੀਵਾਲ ਸਰਕਾਰ ਵਲੋਂ ਬੰਦ ਕੀਤੇ ਗਏ ਪੰਜਾਬੀ ਭਾਸ਼ਾ ਅਧਿਆਪਨ ਕੇਂਦਰ ਜਲਦੀ ਸ਼ੁਰੂ ਕਰਨ ਲਈ ਸਿੱਖ ਮੰਤਰੀ ਸਿਰਸਾ ਨੂੰ ਦਿੱਤਾ ਮੰਗ ਪੱਤਰ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਪੌਡ ਸਿੱਖਿਆ ਕੇਂਦਰ ਸਕੀਮ ਤਹਿਤ ਪੰਜਾਬੀ ਭਾਸ਼ਾ ਸਿਖਾਉਣ ਦੇ ਕੇਂਦਰ ਚਲਾ ਰਹੇ ਪੰਜਾਬੀ ਭਾਸ਼ਾ ਦੇ ਅਧਿਆਪਕਾਂ ਨੇ ਦਿੱਲੀ ਦੇ ਉਪ ਰਾਜਪਾਲ ਪਾਲ ਵਿਨੈ ਸਕਸੈਨਾ, ਮੁੱਖ ਮੰਤਰੀ ਰੇਖਾ ਗੁਪਤਾ, ਸਿੱਖ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਸਮੇਤ ਕਲਾ, ਸੱਭਿਆਚਾਰ ਤੇ ਕੈਬਨਿਟ ਮੰਤਰੀ ਕਪਿਲ ਮਿਸ਼ਰਾ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਦਿੱਲੀ ਦੇ ਵੱਖ-ਵੱਖ ਖੇਤਰਾਂ ਵਿੱਚ ਪੰਜਾਬੀ ਭਾਸ਼ਾ ਸਿਖਾਉਣ ਲਈ ਪਿਛਲੇ 27 ਸਾਲਾਂ ਤੋਂ ਚੱਲ ਰਹੇ ਕੇਂਦਰ ਅਤੇ ਭਾਸ਼ਾ ਵਿਭਾਗ ਸਿੰਘ ਸਭਾ ਗੁਰਦੁਆਰੇ, ਜੋ ਕਿ ਪੰਜਾਬੀ ਅਕੈਡਮੀ ਨੂੰ ਚਲਾਉਣ ਵਾਲੀ ਗਵਰਨਿੰਗ ਬਾਡੀ ਦਾ ਗਠਨ ਨਾ ਹੋਣ ਕਾਰਨ ਅਗਸਤ 2024 ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਨ੍ਹਾਂ ਕੇਂਦਰਾਂ ਨੂੰ ਬੰਦ ਕਰ ਦਿੱਤਾ ਗਿਆ ਸੀ, ਜਿਸ ਕਾਰਨ ਪੰਜਾਬੀ ਭਾਸ਼ਾ ਸਿੱਖਣ ਦੇ ਚਾਹਵਾਨਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਜਲਦੀ ਹੀ ਪੰਜਾਬੀ ਭਾਸ਼ਾ ਪੜ੍ਹਾਉਣ ਵਾਲੇ ਕੇਂਦਰ ਨੂੰ ਦੁਬਾਰਾ ਸ਼ੁਰੂ ਕਰਨਾ ਚਾਹੀਦਾ ਹੈ। ਪੰਜਾਬੀ ਅਕਾਦਮੀ ਦੇ ਅਧੀਨ ਚੱਲ ਰਹੇ ਅਧਿਆਪਕਾਂ ਨੇ ਦੱਸਿਆ ਕਿ ਇਸ ਮਾਮਲੇ ਲਈ ਸਿੱਖ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੂੰ ਵੀ ਮਿਲਣ ਲਈ ਸਮਾਂ ਮੰਗਿਆ ਗਿਆ ਹੈਂ ਅਤੇ ਮੰਗ ਕੀਤੀ ਹੈ ਕਿ ਪੰਜਾਬੀ ਅਕਾਦਮੀ ਚਲਾ ਰਹੀ ਪੰਜਾਬੀ ਅਕਾਦਮੀ ਦੀ ਗਵਰਨਿੰਗ ਬਾਡੀ ਜਲਦੀ ਤੋਂ ਜਲਦੀ ਬਣਾਈ ਜਾਵੇ ਤਾਂ ਜੋ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵਿਚ ਪੰਜਾਬੀ ਭਾਸ਼ਾ ਪੜ੍ਹਾਉਣ ਵਾਲੇ ਕੇਂਦਰਾਂ ਨੂੰ ਮੁੜ ਤੋਂ ਸ਼ੁਰੂ ਕੀਤਾ ਜਾ ਸਕੇ। ਅਧਿਆਪਕਾਂ ਦੀ ਮੰਗ ਹੈ ਕਿ ਮਨਜਿੰਦਰ ਸਿੰਘ ਸਿਰਸਾ ਸਿੱਖ ਮੰਤਰੀ ਹਨ, ਉਹ ਇਸ ਸਮੱਸਿਆ ਦਾ ਤੁਰੰਤ ਹੱਲ ਕਰਨ ਤਾਂ ਜੋ ਪੰਜਾਬੀ ਭਾਸ਼ਾ ਦਾ ਪਹਿਲਾਂ ਵਾਂਗ ਪ੍ਰਚਾਰ ਹੋ ਸਕੇ।

## ਹਰਭਜਨ ਮਾਨ ਨੇ YouTube ਚੈਨਲ ਨੂੰ ਭੇਜਿਆ ਲੀਗਲ ਨੋਟਿਸ, ਪ੍ਰਸ਼ਾਸਨ ਤੋਂ ਕੀਤੀ ਸਖ਼ਤ ਕਾਰਵਾਈ ਦੀ ਮੰਗ

**ਪ੍ਰਸਿੱਧ ਪੰਜਾਬੀ ਗਾਇਕ ਹਰਭਜਨ ਮਾਨ ਨੇ ਇਕ ਯੂ-ਟਿਊਬ ਚੈਨਲ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਦੀ ਸ਼ੁਰੂਆਤ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਉਕਤ ਚੈਨਲ ਵੱਲੋਂ ਹਰਭਜਨ ਮਾਨ ਦੀ ਧੀ ਬਾਰੇ ਝੂਠੀ ਤੇ ਅਪਮਾਨਜਨਕ ਖ਼ਬਰ ਚਲਾਈ ਗਈ, ਜਿਸ ਨਾਲ ਉਨ੍ਹਾਂ ਦੇ ਪਰਿਵਾਰ ਤੇ ਬਹੁਤ ਬੁਰਾ ਪ੍ਰਭਾਵ ਪਿਆ। ਇਸ ਮਗਰੋਂ ਹਰਭਜਨ ਮਾਨ ਨੇ ਐਕਸ਼ਨ ਲੈਂਦੇ ਹੋਏ ਯੂ ਟਿਊਬ ਚੈਨਲ ਨੂੰ ਲੀਗਲ ਨੋਟਿਸ ਭੇਜਿਆਂ ਗਿਆ। ਇਸ ਸਬੰਧੀ ਹਰਭਜਨ ਮਾਨ ਨੇ ਸਖ਼ਤ ਲਹਿਜ਼ੇ ਵਿਚ ਪ੍ਰਤੀਕਰਮ ਦਿੰਦੇ ਹੋਏ ਕਿਹਾ ਕਿ ਉਹ ਆਪਣੇ ਪਰਿਵਾਰ ਦੀ ਇੱਜ਼ਤ ਤੇ ਹਮਲਾ ਬਰਦਾਸ਼ਤ ਨਹੀਂ ਕਰਨਗੇ। ਇਸ ਦੇ ਨਾਲ ਹੀ ਉਨ੍ਹਾਂ ਪ੍ਰਸ਼ਾਸਨ ਤੋਂ ਉਕਤ ਚੈਨਲ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਹਰਭਜਨ ਮਾਨ ਦੇ ਵਕੀਲ ਐਡਵੋਕੇਟ ਰਾਜੀਵ ਮਲਹੋਤਰਾ ਨੇ ਦੱਸਿਆ ਕਿ ਸਬੰਧਿਤ ਯੂ ਟਿਊਬ ਚੈਨਲ ਖ਼ਿਲਾਫ਼ ਸਿਵਲ ਅਤੇ ਕਰਿਮਨਲ ਐਕਸ਼ਨ ਲਿਆ ਜਾਵੇਗਾ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਮਾਮਲੇ ਸੰਬੰਧੀ ਨੈਸ਼ਨਲ ਕਮਿਸ਼ਨ ਫ਼ਾਰ ਵੂਮੈਨ ਅਤੇ ਸਟੇਟ ਕਮਿਸ਼ਨ ਫ਼ਾਰ ਵੂਮੈਨ ਵਿਚ ਵੀ ਸ਼ਿਕਾਇਤ ਦਰਜ ਕਰਾਈ ਗਈ ਹੈ। ਉਨ੍ਹਾਂ ਦੱਸਿਆਂ ਕਿ ਉਕਤ ਚੈਨਲ ਖ਼ਿਲਾਫ਼ ਆਈ ਪੀ ਸੀ ਦੀਆਂ ਧਾਰਾਵਾਂ 354, 420, 467, 468, 471, ਅਤੇ 120 ਅਧੀਨ ਕਾਰਵਾਈ ਦੀ ਮੰਗ ਕੀਤੀ ਜਾਵੇਗੀ।**

## ਕਿੰਗ ਚਾਰਲਸ ਵੱਲੋਂ ਟਰੂਡੋ ਦਾ ਸਵਾਗਤ



ਲੰਡਨ- ਬਰਤਾਨੀਆ ਦੇ ਕਿੰਗ ਚਾਰਲਸ III ਵੱਲੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਦਾ ਇੱਥੇ ਸੈਂਡ੍ਰਿੰਗਮ ਸਥਿਤ ਬਾਦਸ਼ਾਹ ਦੀ ਸ਼ਾਹੀ ਰਿਹਾਇਸ਼ ਤੇ ਨਿੱਜੀ ਮੁਲਾਕਾਤ ਦੌਰਾਨ ਨਿੱਘਾ ਸਵਾਗਤ ਕੀਤਾ ਗਿਆ। ਹਾਲਾਂਕਿ, ਸ਼ਾਹੀ ਅਧਿਕਾਰੀਆਂ ਨੇ ਨਿੱਜੀ ਮੁਲਾਕਾਤ ਬਾਰੇ ਜਾਣਕਾਰੀ ਨਹੀਂ ਦਿੱਤੀ, ਪਰ ਦੋਵਾਂ ਵੱਲੋਂ ਇਸ ਮੁਲਾਕਾਤ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡਾ ਨੂੰ ਇਸ ਦਾ 51ਵਾਂ ਸੂਬਾ ਬਣਾਉਣ ਸਬੰਧੀ ਦਿੱਤੀਆਂ ਜਾ ਰਹੀਆਂ ਧਮਕੀਆਂ ਬਾਰੇ ਚਰਚਾ ਕੀਤੇ ਜਾਣ ਦੀ ਸੰਭਾਵਨਾ ਹੈ।

ਗ਼ੌਰਤਲਬ ਹੈ ਕਿ ਰਾਸ਼ਟਰਪਤੀ ਟਰੰਪ ਵੱਲੋਂ ਕੈਨੇਡਾ ਨੂੰ ਅਮਰੀਕਾ ਨਾਲ ਮਿਲਾਉਣ ਦੀਆਂ ਧਮਕੀਆਂ ਬਾਰੇ ਚੁੱਪ ਰਹਿਣ ਲਈ ਕੈਨੇਡਾ ਵਿੱਚ ਬਾਦਸ਼ਾਹ ਚਾਰਲਸ ਦੀ ਨਿਖੇਧੀ ਹੋ ਰਹੀ ਹੈ। ਟਰੂਡੋ ਨੇ ਐਤਵਾਰ ਨੂੰ ਲੰਡਨ ਵਿੱਚ ਕਿਹਾ ਸੀ ਕਿ ਉਹ ਚਾਰਲਸ ਨਾਲ ਕੈਨੇਡੀਅਨਾਂ ਲਈ ਅਹਿਮ ਮਾਮਲਿਆਂ ਤੇ ਚਰਚਾ ਕਰਨਗੇ ਅਤੇ ਕਿਹਾ, ਇਸ ਸਮੇਂ ਕੈਨੇਡੀਅਨਾਂ ਲਈ ਆਪਣੀ ਪ੍ਰਭੂਸੱਤਾ ਅਤੇ ਦੇਸ਼ ਵਜੋਂ ਆਪਣੀ ਆਜ਼ਾਦੀ ਲਈ ਖੜ੍ਹੇ ਹੋਣ ਤੋਂ ਵੱਧ ਕੁਝ ਵੀ ਅਹਿਮ ਨਹੀਂ ਜਾਪਦਾ।

ਗ਼ੌਰਤਲਬ ਹੈ ਕਿ ਕੈਨੇਡਾ ਵਿੱਚ ਰਾਜ ਦਾ ਰਾਸ਼ਟਰ ਮੁਖੀ ਕਿੰਗ ਚਾਰਲਸ ਹਨ ਅਤੇ ਕੈਨੇਡਾ, ਬਰਤਾਨੀਆ ਦੀਆਂ ਸਾਬਕਾ ਬਸਤੀਆਂ ਤੇ ਆਧਾਰਤ ਬ੍ਰਿਟਿਸ਼ ਰਾਸ਼ਟਰਮੰਡਲ ਦਾ ਮੈਂਬਰ ਹੈ। ਭਾਰਤ ਤੇ ਪਾਕਿਸਤਾਨ ਸਮੇਤ ਹੋਰ ਅਜਿਹੇ ਮੁਲਕ ਵੀ ਰਾਸ਼ਟਰਮੰਡਲ ਦਾ ਹਿੱਸਾ ਹਨ। ਕੁੱਲ ਮਿਲਾ ਕੇ ਕੈਨੇਡਾ ਵਿੱਚ ਬਰਤਾਨਵੀ ਰਾਜਸ਼ਾਹੀ ਵਿਰੋਧੀ ਲਹਿਰ ਬਹੁਤੀ ਵੱਡੀ ਤਾਂ ਨਹੀਂ ਹੈ ਪਰ ਟਰੰਪ ਦੀਆਂ ਧਮਕੀਆਂ ਤੇ ਚਾਰਲਸ ਦੀ ਖ਼ਾਮੋਸ਼ੀ ਨੇ ਹਾਲ ਹੀ ਦੇ ਦਿਨਾਂ ਵਿੱਚ ਅਜਿਹੀ ਚਰਚਾ ਨੂੰ ਹੁਲਾਰਾ ਦਿੱਤਾ ਹੈ।

ਕੈਨੇਡੀਅਨ ਸੂਬੇ ਅਲਬਰਟਾ ਦੇ ਸਾਬਕਾ ਪ੍ਰੀਮੀਅਰ ਜੇਸਨ ਕੇਨੀ ਨੇ ਕਿਹਾ ਕਿ ਕੈਨੇਡੀਅਨਾਂ ਲਈ ਨਿਰਾਸ਼ਾ ਵਾਲੀ ਗੱਲ ਹੈ ਕਿ ਚਾਰਲਸ ਨੇ ਟਰੰਪ ਦੀਆਂ ਧਮਕੀਆਂ ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਉਹ ਸਿਰਫ਼ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਸਲਾਹ ਤੇ ਹੀ ਕੰਮ ਕਰ ਸਕਦੇ ਹਨ। ਕੇਨੀ ਨੇ ਐਕਸ ਉੱਤੇ ਪਾਈ ਪੋਸਟ ਵਿੱਚ ਕਿਹਾ, ਕੈਨੇਡਾ ਸਰਕਾਰ ਨੂੰ ਰਾਸ਼ਟਰ ਮੁਖੀ ਨੂੰ ਕੈਨੇਡੀਅਨ ਪ੍ਰਭੂਸੱਤਾ ਨੂੰ ਉਜਾਗਰ ਕਰਨ ਲਈ ਕਹਿਣਾ ਚਾਹੀਦਾ ਹੈ।



British Heart Foundation


"ਮੈਨੂੰ ਲੱਗਾ ਕਿ ਮੇਰੀ ਕੋਈ ਨੱਸ ਖਿੱਚ ਗਈ ਹੈ। ਪਰ ਬਹੁਤ ਜ਼ਿਆਦਾ ਦਰਦ ਮਹਿਸੂਸ ਹੋਣ ਤੋਂ ਬਾਅਦ, ਮੈਨੂੰ ਸਮਝ ਆਇਆ ਕਿ ਕੋਈ ਹੋਰ ਗੰਭੀਰ ਸਮੱਸਿਆ ਸੀ। ਮੈਨੂੰ ਬਾਅਦ ਵਿੱਚ ਪਤਾ ਲੱਗਿਆ ਕਿ ਮੈਨੂੰ ਹਾਰਟ ਅਟੈਕ ਆ ਰਿਹਾ ਸੀ। ਹੁਣ, ਮੈਂ ਦਿਲ ਦੀ ਸਿਹਤ ਬਾਰੇ ਜਾਗਰੂਕਤਾ ਫੈਲਾਉਣ ਲਈ ਪ੍ਰਤੀਬੱਧ ਹਾਂ। BHF ਨੂੰ ਦਾਨ ਕਰਨਾ ਬਹੁਤ ਜਰੂਰੀ ਹੈ।"

**ਜਾਣੋ ਕਿ ਤੁਸੀਂ ਆਪਣੀ ਵਸੀਅਤ ਵਿੱਚ ਕਿਵੇਂ ਦਾਨ ਛੱਡ ਸਕਦੇ ਹੋ ਤਾਂ ਜੋ ਪਰਿਵਾਰਾਂ ਨੂੰ ਆਪਣੇ ਪਿਆਰਿਆਂ ਨਾਲ ਰਹਿਣ ਲਈ ਹੋਰ ਜ਼ਿਆਦਾ ਸਮਾਂ ਮਿਲ ਸਕੇ।**

ਆਪਣੇ ਮੁਫਤ ਵਸੀਅਤ ਗਾਈਡ ਨੂੰ ਡਾਊਨਲੋਡ ਕਰਨ ਲਈ 'BHF Wills' ਨੂੰ ਲੱਭੋ ਜਾਂ QR ਕੋਡ ਨੂੰ ਸਕੈਨ ਕਰੋ।

FR Registered with FUNDRAISING REGULATOR

Reg charity nos. 225971 in England & Wales, SC039426 in Scotland, & 1295 in the Isle of Man.





# UK AID TO CUT

UK has cut its aid budget at 0.3% of GPD the lowest level in decades. This follows the dramtic restructuring at US aid isn't a coincidence. We are watching a problem unfold with right wing political momentum, defence spending pressures, and aging demographics. The uk government has decided to announce devastating plans to make deep cuts to the aid budget, claming it choice between defence spending or humanitarian aid. They do not need to take away from the world most vulnerable people. However they could instead decide to raise more money from those who can afford it. A tax of just 2% on wealth over £10 million would raise at least £ 20 billion every year. The report from the



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

ICAI has included where UK aid spending currently goes. A third of Uk aid was spent within the UK in 2023 .There was £4.3 billion spent in the UK







on refugee and asylum seekers support 28% of the total budget. Ukraine is now the top recipient of Uk aid. The rollback in funding from 0.5% per cent of gross national income to 0.3% per cent brings it to the lowest level over 25 years which equates to an estimated £5.5 billion its important to keep sight, with sustained actions, investment and innovative solutions. Emphasising on the matter means Humanitarian aid is seeing significant reductions in long running crisis zones. 73% of people are in extreme poverty in conflict and climate affected area's. Recent cuts to foreign aid are putting millions of people including children in life threatening situations. These cuts mean many will go out with meals, face forced labour or marriage and suffer trauma alone. The impact is devastating. Foreign aid isnt just about survival its about hope, peace and creating a pathway for better future. Now coming to the conflict in the middle east people gather across Israel in mourning and heartbreak for Shiri, and her two children Ariel and Kfir who where kidnapped and killed. it pains me to think what they have endured in captivity. There are still hostages in Gaza that have been separated from their familes since October 7th these atrocities must never be forgotten and brutal reminder of darkness that exist in the world. Although the attack was the most horrific case, it does not give Israel the right to attack the entire Palestinian population.


Innocent people and Children in Gaza have been paying the heaviest price for a unrelenting war they played no part in, children have died at a unprecedented rate and with the first phase of the ceasefire Israel has now decided to block aid until the hostages are freed. Every war is against humanity, lets pray for peace, may hatred and war and poverty be eradicated from this world.

**From: LAMBARDAR DHARMVEER SINGH CLAIRE COVENTRY**

# ਪੰਜਾਬ ਹਾਈ ਕੋਰਟ ਨੇ ਅੰਮ੍ਰਿਤਪਾਲ ਨੂੰ ਨੋਟਿਸ ਦੇਣ ਲਈ ਗੁਹਾਟੀ ਹਾਈ ਕੋਰਟ ਦੇ ਰਜਿਸਟਰਾਰ ਤੋਂ ਮੰਗੀ ਸਹਾਇਤਾ

## ✪ ਪਟੀਸ਼ਨ ਵਿਚ ਦੋਸ਼ ਲਗਾਇਆ ਗਿਆ ਹੈ ਕਿ ਅੰਮ੍ਰਿਤਪਾਲ ਨੇ ਧਾਰਮਿਕ ਪਛਾਣ ਦੀ ਵਰਤੋਂ ਕਰਕੇ ਵੋਟਾਂ ਮੰਗੀਆਂ ✪ ਨਾਮਜ਼ਦਗੀ ਪੱਤਰ ਵੀ ਅਧੂਰੇ, ਅਗਲੀ ਸੁਣਵਾਈ 8 ਅਪ੍ਰੈਲ 2025 ਨੂੰ ਹੋਵੇਗੀ

ਚੰਡੀਗੜ੍ਹ-ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅੰਮ੍ਰਿਤਪਾਲ ਸਿੰਘ ਨੂੰ ਨੋਟਿਸ ਦੇਣ ਲਈ ਗੁਹਾਟੀ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਤੋਂ ਸਹਾਇਤਾ ਮੰਗੀ ਹੈ। ਅੰਮ੍ਰਿਤਪਾਲ ਸਿੰਘ ਦੀ ਚੋਣ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ, ਹਾਈ ਕੋਰਟ ਨੇ ਗੁਹਾਟੀ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਅੰਮ੍ਰਿਤਪਾਲ ਸਿੰਘ ਨੂੰ ਨੋਟਿਸ ਦੇਣ ਵਿਚ ਸਹਾਇਤਾ ਕਰਨ ਦੀ ਬੇਨਤੀ ਕੀਤੀ ਹੈ। ਅੰਮ੍ਰਿਤਪਾਲ ਸਿੰਘ ਇਸ ਸਮੇਂ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ। ਖਡੂਰ ਸਾਹਿਬ ਲੋਕ ਸਭਾ ਸੀਟ ਤੋਂ ਆਜ਼ਾਦ ਉਮੀਦਵਾਰ ਰਹੇ ਵਿਕਰਮਜੀਤ ਸਿੰਘ ਨੇ ਜੂਨ 2024 ਵਿਚ ਅੰਮ੍ਰਿਤਪਾਲ ਸਿੰਘ ਦੀ ਚੋਣ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ। ਪਟੀਸ਼ਨ ਵਿਚ ਦੋਸ਼ ਲਗਾਇਆ ਗਿਆ ਹੈ ਕਿ ਅੰਮ੍ਰਿਤਪਾਲ ਸਿੰਘ ਨੇ ਧਾਰਮਿਕ ਪਛਾਣ ਦੀ ਵਰਤੋਂ ਕਰਕੇ ਵੋਟਾਂ ਮੰਗੀਆਂ, ਜੋ ਕਿ ਲੋਕ ਪ੍ਰਤੀਨਿਧਤਾ ਐਕਟ ਦੇ ਤਹਿਤ ਭ੍ਰਿਸ਼ਟ ਅਭਿਆਸ ਦੇ ਬਰਾਬਰ ਹੈ। ਪਟੀਸ਼ਨਕਰਤਾ ਦਾ ਕਹਿਣਾ ਹੈ ਕਿ ਅੰਮ੍ਰਿਤਪਾਲ ਸਿੰਘ ਜੇਲ੍ਹ ਵਿਚ ਹੋਣ ਕਰਕੇ, ਉਸਦੇ ਪਰਿਵਾਰ ਤੇ ਟੀਮ ਨੇ ਵੱਖ-ਵੱਖ ਧਾਰਮਿਕ ਸਥਾਨਾਂ, ਗੁਰਦੁਆਰਿਆਂ ਅਤੇ ਧਾਰਮਿਕ ਨਗਰ ਕੀਰਤਨਾਂ ਵਿਚ ਪ੍ਰਚਾਰ ਕੀਤਾ ਤੇ ਉਸਦਾ ਚੋਣ ਮੈਨੀਫੈਸਟੋ ਵੀ ਗੁਰਦੁਆਰੇ ਤੋਂ ਜਾਰੀ ਕੀਤਾ ਗਿਆ।




ਪਟੀਸ਼ਨ ਵਿਚ ਇਹ ਵੀ ਦੋਸ਼ ਲਗਾਇਆ ਗਿਆ ਹੈ ਕਿ ਚੋਣ ਪ੍ਰਚਾਰ ਦੌਰਾਨ, ਇੰਟਰਨੈੱਟ ਮੀਡੀਆ 'ਤੇ ਬਿਨਾਂ ਇਜਾਜ਼ਤ ਦੇ ਪ੍ਰਚਾਰ ਸਮੱਗਰੀ ਚਲਾਈ ਗਈ, ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਕੀਤੀ ਗਈ ਤੇ ਨਾਮਜ਼ਦਗੀ ਪੱਤਰ ਵੀ ਅਧੂਰੇ ਸਨ। ਪਟੀਸ਼ਨ ਅਨੁਸਾਰ ਐਨ. ਐਸ. ਏ. ਤਹਿਤ ਨਜ਼ਰਬੰਦ ਹੋਣ ਕਾਰਨ ਚੋਣਾਂ ਵਿਚ ਨਾਮਜ਼ਦਗੀ ਦਾਖਲ ਕਰਨ ਲਈ ਵਿਸ਼ੇਸ਼ ਇਜਾਜ਼ਤ ਦੀ ਲੋੜ ਸੀ, ਜਿਸਨੂੰ ਕਿ ਸਮਰੱਥ ਅਧਿਕਾਰੀਆਂ ਤੋਂ ਹਾਸਲ ਨਹੀਂ ਕੀਤਾ ਗਿਆ। ਪਟੀਸ਼ਨਕਰਤਾ ਦਾ ਦਾਅਵਾ ਹੈ ਕਿ ਰਿਟਰਨਿੰਗ ਅਧਿਕਾਰੀ ਨੇ ਦਸਤਾਵੇਜ਼ਾਂ ਦੀ ਸਹੀ ਢੰਗ ਨਾਲ ਜਾਂਚ ਨਹੀਂ ਕੀਤੀ ਤੇ ਵਿਰੋਧੀ ਉਮੀਦਵਾਰਾਂ ਵਲੋਂ ਚੁੱਕੇ ਗਏ ਇਤਰਾਜ਼ਾਂ 'ਤੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਚੋਣਾਂ ਦੌਰਾਨ ਹੋਏ ਖ਼ਰਚੇ ਦਾ ਵੀ ਪੂਰਾ ਵੇਰਵਾ ਨਹੀਂ ਦਿੱਤਾ ਹੈ। ਉਨ੍ਹਾਂ ਨੇ ਚੋਣ ਪ੍ਰਚਾਰ ਲਈ ਕੀਤੀਆਂ ਜਾਣ ਵਾਲੀਆਂ ਰੋਜ਼ਾਨਾ ਮੀਟਿੰਗਾਂ, ਵਾਹਨਾਂ ਤੇ ਚੋਣ ਸਮੱਗਰੀ ਦਾ ਕੋਈ ਵੇਰਵਾ ਨਹੀਂ ਦਿੱਤਾ ਹੈ। ਚੋਣ ਪ੍ਰਚਾਰ ਲਈ ਕੀਤਾ ਗਿਆ ਖ਼ਰਚ ਕਿੱਥੋਂ ਆਇਆ ਇਸਦਾ ਵੀ ਖ਼ੁਲਾਸਾ ਨਹੀਂ ਕੀਤਾ ਗਿਆ।

ਪਟੀਸ਼ਨਕਰਤਾ ਨੇ ਅਦਾਲਤ ਤੋਂ ਮੰਗ ਕੀਤੀ ਹੈ ਕਿ ਅੰਮ੍ਰਿਤਪਾਲ ਸਿੰਘ ਦੀ ਚੋਣ ਨੂੰ ਗੈਰ-ਕਾਨੂੰਨੀ ਐਲਾਨਣ ਅਤੇ ਇਸਨੂੰ ਰੱਦ ਕਰਨ ਦੀ ਅਪੀਲ ਕੀਤੀ ਹੈ। ਅਦਾਲਤ ਨੇ ਕਿਹਾ ਕਿ ਪਟੀਸ਼ਨਕਰਤਾ ਨੂੰ ਰਜਿਸਟਰਡ ਡਾਕ ਰਾਹੀਂ ਜਾਣਕਾਰੀ ਭੇਜਣੀ ਹੋਵੇਗੀ ਤਾਂ ਜੋ ਗੁਹਾਟੀ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਨੋਟਿਸ ਦੇਣ ਵਿਚ ਸਹੂਲਤ ਮਿਲ ਸਕੇ। ਇਸ ਮਾਮਲੇ ਦੀ ਅਗਲੀ ਸੁਣਵਾਈ 8 ਅਪ੍ਰੈਲ 2025 ਨੂੰ ਹੋਵੇਗੀ।

# ਤਾਂਤਰਿਕ ਬਾਬੇ ਨੇ ਪੈਸੇ ਦੁਗਣੇ ਕਰਨ ਦਾ ਲਾਲਚ ਦੇਕੇ ਔਰਤ ਨੂੰ ਲੁੱਟਿਆ

## ✪ ਪੁਲਸ ਨੇ ਅਣਪਛਾਤੇ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕੀਤਾ ਕੈਮਰੇ ਦੇ ਫੁਟੇਜ ਦੀ ਜਾਂਚ ਸ਼ੁਰੂ ਕੀਤੀ

ਕਪੂਰਥਲਾ-ਪਿੰਡ ਆਰੀਆਂਵਾਲ ਦੀ ਇਕ ਔਰਤ ਨੂੰ ਇਕ ਅਖੌਤੀ ਤਾਂਤਰਿਕ ਬਾਬੇ ਨੇ ਹਿਪਨੋਟਾਈਜ਼ ਕਰਕੇ ਲੱਖਾਂ ਰੁਪਏ ਦੀ ਨਕਦੀ ਅਤੇ ਸੋਨੇ ਦੇ ਗਹਿਣੇ ਲੁੱਟ ਲਏ। ਘਟਨਾ ਸਬੰਧੀ ਥਾਣਾ ਸਦਰ ਦੀ ਪੁਲਸ ਨੇ ਅਣਪਛਾਤੇ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ ਅਤੇ ਘਟਨਾ ਵਾਲੀ ਥਾਂ ਨੇੜੇ ਲੱਗੇ ਸੀ. ਸੀ. ਟੀ. ਵੀ. ਫੁਟੇਜ ਦੀ ਜਾਂਚ ਕੀਤੀ ਹੈ। ਕੈਮਰੇ ਦੀ ਫੁਟੇਜ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਪਿੰਡ ਆਰੀਆਂਵਾਲ ਦੀ ਰਹਿਣ ਵਾਲੀ ਪੀੜਤ ਆਸ਼ਾ ਰਾਣੀ ਨੇ ਦੱਸਿਆ ਕਿ ਉਹ ਬੀਤੇ ਸ਼ਨੀਵਾਰ ਨੂੰ ਸਿਵਲ ਹਸਪਤਾਲ ਕਪੂਰਥਲਾ ਆਪਣੀ ਦਵਾਈ ਲੈਣ ਆਈ ਸੀ। ਦੁਪਹਿਰ ਕਰੀਬ 1.30 ਵਜੇ ਉਹ ਡਾਕਟਰ ਵੱਲੋਂ ਦੱਸੀ ਗਈ ਦਵਾਈ ਲੈਣ ਲਈ ਸਿਵਲ ਹਸਪਤਾਲ ਦੇ ਸਾਹਮਣੇ ਇਕ ਮੈਡੀਕਲ ਸਟੋਰ 'ਤੇ ਗਈ। ਫਿਰ ਇਕ ਸ਼ੱਕੀ ਵਿਅਕਤੀ ਉੱਥੇ ਆਇਆ ਅਤੇ ਉਸ ਤੋਂ ਪਤਾ ਪੁੱਛਿਆ, ਜਿਸ 'ਤੇ ਉਸ ਨੇ ਜਵਾਬ ਦਿੱਤਾ ਕਿ ਉਸ ਨੂੰ ਪਤਾ ਨਹੀਂ ਹੈ।

ਪੀੜਤ ਔਰਤ ਨੇ ਦੱਸਿਆ ਕਿ ਜਦੋਂ ਉਹ ਦਵਾਈ ਲੈ ਕੇ ਸੜਕ ਦੇ ਦੂਜੇ ਪਾਸੇ ਸਿਵਲ ਹਸਪਤਾਲ ਆਈ ਤਾਂ ਇਕ ਔਰਤ ਨੇ ਉਸ ਨੂੰ ਦੱਸਿਆ ਕਿ ਉਕਤ ਬਾਬੇ ਦਾ ਬਹੁਤ ਪ੍ਰਭਾਵ ਹੈ। ਉਹ ਤੁਹਾਡਾ ਵੀ ਭਲਾ ਕਰੇਗਾ ਅਤੇ ਉਸ ਨੇ ਬਾਬੇ ਕੋਲ ਜਾਣ ਲਈ ਕਿਹਾ। ਇਸ ਦੇ ਬਾਵਜੂਦ ਪੀੜਤ ਔਰਤ ਨੇ ਜਾਣ ਤੋਂ ਇਨਕਾਰ ਕਰ ਦਿੱਤਾ। ਫਿਰ ਬਾਬਾ ਅਤੇ ਔਰਤ ਦੋਵੇਂ ਉਸ ਕੋਲ ਆਏ ਅਤੇ ਉਸ ਨਾਲ ਗੱਲਬਾਤ ਕੀਤੀ ਅਤੇ ਉਸ ਦੇ ਪੈਸੇ ਨੂੰ ਕਈ ਗੁਣਾ ਵਧਾ ਕੇ ਉਸ ਦਾ ਭਲਾ ਕਰਨ ਦਾ ਵਾਅਦਾ ਕੀਤਾ। ਇਸ 'ਤੇ ਆਸ਼ਾ ਰਾਣੀ ਨੇ ਕਿਹਾ ਕਿ ਉਸ ਕੋਲ ਸਿਰਫ਼ ਦਵਾਈਆਂ ਲਈ ਪੈਸੇ ਹਨ। ਇਸ ਲਈ ਬਾਬਾ ਨੇ ਔਰਤ ਨੂੰ ਆਪਣੇ ਘਰ ਜਾ ਕੇ ਪੈਸੇ ਵਧਾਉਣ ਦਾ ਲਾਲਚ ਦਿੱਤਾ ਅਤੇ ਉਹ ਸਾਰੇ ਇਕ ਈ-ਰਿਕਸ਼ਾ ਲੈ ਕੇ ਪਿੰਡ ਆਰੀਆਂਵਾਲ ਵਿਚ ਉਸ ਦੇ ਘਰ ਪਹੁੰਚੇ। ਰਸਤੇ ਵਿਚ ਉਨ੍ਹਾਂ ਦੇ ਕੋਲ ਬੈਠੇ ਉਕਤ ਬਾਬਾ ਆਪਣੇ ਹੱਥ 'ਤੇ ਫੂਕ ਮਾਰਦੇ ਹੋਏ ਕੁਝ ਮੰਤਰਾਂ ਦਾ ਜਾਪ ਕਰਦੇ ਰਹੇ।



ਔਰਤ ਦੇ ਘਰ ਪਹੁੰਚਣ ਤੋਂ ਬਾਅਦ ਬਾਬਾ ਨੇ ਉਸ ਨੂੰ ਵੱਖ-ਵੱਖ ਅਲਮਾਰੀਆਂ ਵਿਚ ਪਏ 4.5 ਲੱਖ ਰੁਪਏ ਕੱਢਣ ਅਤੇ ਇਕ ਲਿਫ਼ਾਫ਼ੇ ਵਿਚ ਰੱਖਣ ਲਈ ਕਿਹਾ ਅਤੇ ਸੋਨੇ ਦੇ ਗਹਿਣੇ ਵੀ ਉਤਾਰਨ ਲਈ ਕਿਹਾ। ਇਸ 'ਤੇ ਔਰਤ ਨੇ ਬਾਬਾ ਨੂੰ ਦੱਸਿਆ ਕਿ ਗਹਿਣੇ ਬੈਂਕ ਦੇ ਲਾਕਰ ਵਿਚ ਪਏ ਹਨ। ਇਸ ਲਈ ਬਾਬਾ ਨੇ ਬੈਂਕ ਦੇ ਲਾਕਰ ਦੀ ਚਾਬੀ ਲੈ ਲਈ ਅਤੇ ਔਰਤ ਨੂੰ ਬੈਂਕ ਵਿਚੋਂ ਗਹਿਣੇ ਕੱਢ ਕੇ ਉਸ ਨੂੰ ਦੇਣ ਲਈ ਮਨਾ ਲਿਆ। ਇਸ ਤੋਂ ਬਾਅਦ ਉਹ ਸਾਰੇ ਈ-ਰਿਕਸ਼ਾ ਰਾਹੀਂ ਸਿਵਲ ਹਸਪਤਾਲ ਨੇੜੇ ਪੰਜਾਬ ਨੈਸ਼ਨਲ ਬੈਂਕ ਆਏ ਅਤੇ ਪੀੜਤ ਔਰਤ ਨੇ ਖ਼ੁਦ ਆਪਣੇ ਬੈਂਕ ਲਾਕਰ ਵਿਚੋਂ ਲਗਭਗ 15 ਤੋਲੇ ਸੋਨੇ ਦੇ ਗਹਿਣੇ ਕੱਢ ਕੇ ਉਕਤ ਬਾਬਾ ਅਤੇ ਉਸ ਦੀ ਮਹਿਲਾ ਸਾਥੀ ਨੂੰ ਦੇ ਦਿੱਤੇ, ਜਿਸ ਤੋਂ ਬਾਅਦ ਬਾਬਾ ਅਤੇ ਔਰਤ ਇਕ ਹੋਰ ਬਾਈਕ ਸਵਾਰ ਨਾਲ ਮੌਕੇ ਤੋਂ ਭੱਜ ਗਏ। ਦੁਪਹਿਰ ਕਰੀਬ 3:30 ਵਜੇ ਪੀੜਤ ਆਸ਼ਾ ਰਾਣੀ ਨੂੰ ਅਹਿਸਾਸ ਹੋਇਆ ਕਿ ਉਸ ਨੂੰ ਲੱਖਾਂ ਰੁਪਏ ਲੁੱਟ ਲਏ ਗਏ ਹਨ। ਜਿਸ ਤੋਂ ਬਾਅਦ ਪੁਲਸ ਨੂੰ ਸੂਚਿਤ ਕੀਤਾ ਗਿਆ। ਇਸ ਦੌਰਾਨ ਡੀ. ਐੱਸ. ਪੀ. ਸਬ-ਡਿਵੀਜ਼ਨ ਦੀਪਕਰਨ ਸਿੰਘ ਨੇ ਕਿਹਾ ਕਿ ਪੀੜਤ ਔਰਤ ਦੇ ਬਿਆਨ ਦੇ ਆਧਾਰ 'ਤੇ ਥਾਣਾ ਸਦਰ ਪੁਲਸ ਵੱਲੋਂ ਅਣਪਛਾਤੇ ਮੁਲਜ਼ਮਾਂ ਵਿਰੁੱਧ ਐੱਫ਼. ਆਈ. ਆਰ. ਦਰਜ ਕਰ ਲਈ ਗਈ ਹੈ ਅਤੇ ਘਟਨਾ ਵਾਲੀ ਥਾਂ ਦੇ ਆਲੇ-ਦੁਆਲੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਕੈਮਰਿਆਂ ਦੀ ਜਾਂਚ ਕਰਕੇ ਮੁਲਜ਼ਮਾਂ ਦੀ ਪਛਾਣ ਕੀਤੀ ਜਾ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜਲਦ ਹੀ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਜਾਵੇਗਾ।

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਅਤੇ ਅਜ਼ਾਦ ਪ੍ਰਭੂਸੱਤਾ ਕਾਇਮ ਰੱਖਣ ਵਾਸਤੇ ਬਰਤਾਨੀਆ ਦੇ ਸਿੱਖਾਂ ਵੱਲੋਂ ਪੰਥਕ ਇਕੱਤਰਤਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਅਤੇ ਅਜ਼ਾਦ ਪ੍ਰਭੂਸੱਤਾ ਕਾਇਮ ਰੱਖਣ ਵਾਸਤੇ ਬਰਤਾਨੀਆ ਦੇ ਸਿੱਖਾਂ ਵੱਲੋਂ ਗੁਰੂ ਨਾਨਕ ਗੁਰ-ਦੁਆਰਾ ਸਮੈਦਿਕ ਵਿਖੇ ਪੰਥਕ ਇਕੱਤਰਤਾ ਕੀਤੀ ਗਈ। ਜਿਸ ਵਿੱਚ ਇੰਗਲੈਂਡ ਦੇ ਗੁਰਦੁ-ਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਹੋਏ। ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਕੁਲਦੀਪ ਸਿੰਘ ਦਿਓਲ ਨੇ ਆਈਆਂ ਸੰਗਤਾਂ ਨੂੰ ਜੀ ਆਇਆਂ ਕਿਹਾ ਅਤੇ ਭਾਈ ਰਾਜਮਨਵਿੰਦਰ ਸਿੰਘ ਸਾਬਕਾ ਪ੍ਰਧਾਨ ਗੁਰਦੁਆਰਾ ਗੁਰੂ ਤੇਗ ਬਹਾਦਰ ਲੈਸਟਰ ਨੇ ਸਿੱਖ ਇਤਿਹਾਸ ਦੇ ਹਵਾਲੇ ਦਿੰਦਿਆਂ ਸਿੱਖਾਂ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਯਾਦਾ ਕਾਇਮ ਰੱਖਣ ਦੀ ਗੱਲ ਕੀਤੀ, ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਇਸ ਮੌਕੇ ਸਿੱਖ ਕੌਮ ਨੂੰ ਇਕੱਠੇ ਹੋ ਕੇ ਜੱਥੇਦਾਰ ਸਾਹਿਬ ਨਾਲ ਖੜ੍ਹਨਾ ਚਾਹੀਦਾ ਹੈ ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ। ਭਾਈ ਕੁਲਦੀਪ ਸਿੰਘ ਚਹੇੜੂ ਨੇ ਸਰਬਸੰਮਤੀ ਨਾਲ ਮਤਿਆਂ ਦੀ ਪ੍ਰਵਾਨਗੀ ਲਈ ਜਿਸ ਵਿੱਚ ਕਿਹਾ ਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਅਤੇ ਅਜ਼ਾਦ ਪ੍ਰਭੂਸੱਤਾ ਵਾਸਤੇ ਰਣਨੀਤੀ ਤਿਆਰ ਕਰਨੀ ਚਾਹੀਦੀ ਹੈ ਜਿਸ ਵਿੱਚ ਵਿਸ਼ਵ ਭਰ ਦੇ ਸਿੱਖਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ। ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਆਏ ਆਦੇਸ਼ਾਂ ਨੂੰ ਇੰਨ ਬਿੰਨ ਮੰਨਣ ਅਤੇ ਲਾਗੂ ਕਰਵਾਉਣ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ ਗਈ।


ਗੁਰਦੁਆਰਾ ਸਮੈਦਿਕ ਵਿਖੇ ਪੰਥਕ ਇਕੱਠ ਵਿੱਚ ਵੱਖ ਵੱਖ ਸ਼ਹਿਰਾਂ ਤੋਂ ਪਹੁੰਚੇ ਸਿੱਖ ਆਗੂ

2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਆਏ ਇਤਿਹਾਸਕ ਆਦੇਸ਼ਾਂ ਦੀ ਅੱਜ ਦੇ ਪੰਥਕ ਇਕੱਠ ਵਿੱਚ ਯੂ ਕੇ ਦੀਆਂ ਸਮੁੱਚੀਆਂ ਸੰਗਤਾਂ ਵੱਲੋਂ ਸ਼ਲਾਘਾ ਕੀਤੀ। ਅਤੇ ਨਾਲ ਹੀ ਇਹਨਾਂ ਆਦੇਸ਼ਾਂ ਤੋਂ ਬਾਅਦ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿੱਜੀ ਤੌਰ ਤੇ ਕਿਰਦਾਰਕੁਸ਼ੀ ਕਰਨ ਦੀ ਸਖ਼ਤ ਨਿੰਦਾ ਕੀਤੀ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸਮੇਂ ਦੀ ਨਿਯਾਕਤ ਨੂੰ ਪਹਿਚਾਣਦਿਆਂ ਵਿਸ਼ਵ ਸਿੱਖ ਸੰਮੇਲਨ ਸੱਦਣ ਦੀ ਅਪੀਲ ਕੀਤੀ ਅਤੇ ਇਹ ਵੀ ਐਲਾਨ ਕੀਤਾ ਗਿਆ ਕਿ ਜੇ ਜੱਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਹਟਾਇਆ ਗਿਆ ਤਾਂ ਵਿਸ਼ਵ ਭਰ ਦੇ ਸਿੱਖਾਂ ਵੱਲੋਂ ਸਖ਼ਤ ਵਿਰੋਧ ਕੀਤਾ ਜਾਵੇਗਾ। ਭਾਈ ਕਪਤਾਨ ਸਿੰਘ, ਭਾਈ ਗੁਰਨਾਮ ਸਿੰਘ ਪ੍ਰਧਾਨ ਗੁਰਦੁਆਰਾ ਗੁਰੂ ਤੇਗ ਬਹਾਦਰ ਲੈਸਟਰ, ਜਸਪਾਲ ਸਿੰਘ ਨਿੱਜਰ ਪ੍ਰਧਾਨ ਸੈਜਲੀ ਸਟ੍ਰੀਟ ਵੁਲਵਰਹੈਂਪਟਨ, ਰਘਬੀਰ ਸਿੰਘ ਪ੍ਰਧਾਨ ਗੁਰ-ਦੁਆਰਾ ਬਾਬਾ ਸੰਗ, ਰਜਿੰਦਰ ਸਿੰਘ ਚਿੱਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਡਾ: ਸਾਧੂ ਸਿੰਘ, ਤਰਸੇਮ ਸਿੰਘ ਦਿਉਲ ਬ੍ਰਿਟਸ਼ ਸਿੱਖ ਕੌਂਸਲ, ਭਾਈ ਚਰਨ ਸਿੰਘ ਪ੍ਰਧਾਨ ਗੁਰੂ ਹਰਗੋਬਿੰਦ ਸਾਹਿਬ, ਸ: ਗੁਰਦੇਵ ਸਿੰਘ ਚੌਹਾਨ, ਭਾਈ ਬਲਦੇਵ ਸਿੰਘ ਸਪਰੀਮ ਸਿੱਖ ਕੌਂਸਲ, ਭਾਈ ਬਲਵਿੰਦਰ ਸਿੰਘ, ਰਘਵੀਰ ਸਿੰਘ ਅਵਾਜੇ ਕੌਮ, ਦਰਸ਼ਨ ਸਿੰਘ ਲੋਟੇ, ਭਾਈ ਜਸਵਿੰਦਰ ਸਿੰਘ ਮੱਖਣ ਸ਼ਾਹ ਲੁਬਾਣਾ ਟਰੱਸਟ ਯੂ ਕੇ ਆਦਿ ਨੇ ਵੀ ਸੰਬੋਧਨ ਕੀਤਾ।

## ਉੱਘੇ ਕਾਰੋਬਾਰੀ ਜੋਗਿੰਦਰ ਸਾਂਗਰ ਨਹੀਂ ਰਹੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਉੱਘੇ ਪੰਜਾਬੀ ਕਾਰੋਬਾਰੀ ਜੋਗਿੰਦਰ ਸਾਂਗਰ ਦਾ ਬੀਤੇ ਕੱਲ ਦਿਹਾਂਤ ਹੋ ਗਿਆ। ਉਹ ਕੁਝ ਸਮੇਂ ਤੋਂ ਬਿਮਾਰ ਚੱਲੇ ਆ ਰਹੇ ਸਨ। ਪੰਜਾਬ ਦੇ ਜਲੰਧਰ ਜਿਲ੍ਹੇ ਦੇ ਪਿੰਡ ਅੱਪਰਾ ਦੇ ਜੰਮਪਲ ਜੋਗਿੰਦਰ ਸਾਂਗਰ ਨੇ ਆਮ ਸਧਾਰਨ ਕਾਮੇ ਤੋਂ ਲੈ ਕੇ ਲੰਡਨ ਦੇ ਮਸ਼ਹੂਰ ਕਾਰੋਬਰੀ ਬਣਨ ਤੱਕ ਦਾ ਮੇਹਨਤੀ ਸਫ਼ਰ ਤੈਅ ਕੀਤਾ। ਸ੍ਰੀ ਸਾਂਗਰ ਉਹਨਾਂ ਦਾਨੀ ਪੰਜਾਬੀਆਂ ਵਿੱਚੋਂ ਇੱਕ ਸਨ ਜਿਹਨਾਂ ਨੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦਾ ਕਰਜ਼ਾ ਉਤਾਰਨ ਲਈ ਮੋਹਰੀ ਰੋਲ ਅਦਾ ਕੀਤਾ ਸੀ। ਉਹ ਆਪਣੇ ਪਿੱਛੇ ਇੱਕ ਬੇਟਾ,ਬੇਟੀ ਅਤੇ ਪ੍ਰੀਵਾਰ ਛੱਡ ਗਏ ਹਨ। ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਦਲਜੀਤ ਸਿੰਘ ਸਹੋਤਾ ਕਨਵੀਨਰ ਆਈ ਓ ਸੀ ਯੂ ਕੇ ਅਤੇ ਯੂਰਪ, ਅਵਤਾਰ ਸਿੰਘ ਕੰਗ ਆਦਿ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਾਂਗਰ ਪ੍ਰੀਵਾਰ ਅਤੇ ਪੰਜਾਬੀ ਭਾਈਚਾਰੇ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ।


ਜੋਗਿੰਦਰ ਸਾਂਗਰ

ਐਸ ਐਸ ਧਾਲੀਵਾਲ ਕੇਟਰਿੰਗ, ਗਰੀਨਫੋਰਡ
ਪੀਜ਼ਾ ਅਤੇ ਲਜ਼ੀਜ਼ ਦੇਸੀ/ਪੰਜਾਬੀ ਖਾਣੇ

EST: 35 YEARS
Gary of GREENFORD
Open 7 Days a week: 1:00pm to 10:00pm
Now on Just Eat and Uber Eats
Collection Only
Buy One Pizza Get One FREE

Weddings - Anniversaries, Birthdays- Engagements, Receptions - Corporate Events, Exhibitions - Private Parties
ਵਿਆਹ, ਜਨਮ ਦਿਨ, ਵਰ੍ਹੇਗੰਢ, ਮੰਗਣੀ/ ਕੁੜਮਾਈ ਅਤੇ ਹਰ ਤਰ੍ਹਾਂ ਦੀਆਂ ਵੱਡੀਆਂ ਛੋਟੀਆਂ ਪਾਰਟੀਆਂ ਲਈ ਕੇਟਰਿੰਗ ਕਰਦੇ ਹਾਂ:
ਬੁੱਕ ਕਰਨ ਤੇ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
SS DHALIWAL CATERING
Tel: 0208 575 3600 / Mo: 07910 922 879
65 Marnham Crescent, Greenford, Middx, UB6 9SP

VACANCIES
JSR CONTRACTS LTD.
ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ
Carpenters required at various sites in Manchester
**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.
**Annual pay is - £ 30,960.**
**The required training will be provided.**
Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.
Contact Mr. Randhawa via email below:
Email: jsrcontractslimited@gmail.com

# ਹੈਪਟਨ ਕੋਰਟ ਪੈਲਿਸ (ਲੰਡਨ) ਵਿੱਚ ਭਾਰਤੀਆਂ ਫੌਜੀਆਂ ਦੀ ਆਮਦ ਸਬੰਧੀ ਪ੍ਰਦਰਸ਼ਨੀ ਪਹਿਲੀ ਵਿਸ਼ਵ ਯੁੱਧ ਦੇ ਪੰਜਾਬੀ ਫੌਜੀਆਂ ਦੀ ਸੂਚੀ ਕਈ ਸਵਾਲ ਖੜ੍ਹੇ ਕਰਦੀ ਹੈ


ਤਸਵੀਰ: ਜੌਰਜ ਅੱਠਵੇਂ ਦੀ ਤਾਜ਼ਪੋਸ਼ੀ ਮੌਕੇ ਹੈਂਮਪਟਨ ਕੋਰਟ ਪੈਲੇਸ ਵਿੱਚ ਭਾਰਤੀ ਫੌਜੀ ਅਤੇ ਗੱਲ ਕਰਦੇ ਹੋਏ ਤੇਜਪਾਲ ਸਿੰਘ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਸ਼ਾਸ਼ਕ ਹੈਨਰੀ ਅੱਠਵੇਂ ਦੀ ਰਿਹਾਇਸ਼ ਹੈਪਟਨ ਕੋਰਟ ਪੈਲੇਸ ਵਿੱਚ 4000 ਭਾਰਤੀਆਂ ਫੌਜੀਆਂ ਦੀ ਇੰਗਲੈਂਡ ਫੈਰੀ ਦੇ ਸਬੰਧ ਵਿੱਚ ਪ੍ਰਦਰਸ਼ਨੀ ਲੱਗੀ ਹੈ, ਜੋ ਜਨਰਵੀ 2026 ਤੱਕ ਜਾਰੀ ਰਹੇਗੀ। ਜਿਸ ਵਿੱਚ ਉਸ ਸਮੇਂ ਦੀਆਂ ਤਸਵੀਰਾਂ, ਮੀਡੀਆਂ ਖ਼ਬਰਾਂ, ਫੌਜੀਆਂ ਦੀਆਂ ਚਿੱਠੀਆਂ, ਕੱਪੜੇ, ਰਾਜਕੁਮਾਰੀ ਸੋਫੀਆ ਦਲੀਪ ਸਿੰਘ ਦੀਆਂ ਤਸਵੀਰਾਂ ਅਤੇ ਹੋਰ ਸਮਾਨ ਪ੍ਰਦਰਸ਼ਿਤ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਤੇਜਪਾਲ ਸਿੰਘ ਰਾਲਮਿਲ ਨੇ ਦੱਸਿਆ ਕਿ 1902, 1911, 1937 ਮੌਕੇ ਤੇ ਬਰਤਾਨਵੀ ਸ਼ਸ਼ਕਾਂ ਦੀ ਤਾਜਪੋਸ਼ੀ ਸਮਾਰੋਹਾਂ ਵਿੱਚ ਅਤੇ 1919 ਵਿੱਚ ਪਹਿਲੀ ਵਿਸ਼ਵ ਯੁੱਧ ਸ਼ਾਮਿਲ ਹੋਣ ਵਾਲੇ ਭਾਰਤੀ ਫੌਜੀਆਂ ਨੂੰ ਹੈਪਟਨ ਕੋਰਟ ਪੈਲਿਸ ਵਿੱਚ ਠਹਿਰਾਇਆ ਗਿਆ ਸੀ।

ਉਸ ਸਮੇਂ ਦੀਆਂ ਯਾਦਾਂ ਨੂੰ ਇਸ ਪ੍ਰਦਰਸ਼ਨੀ ਵਿੱਚ ਦਰਸਾਇਆ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਪਹਿਲੀ ਵਿਸ਼ਵ ਯੁੱਧ ਵਿੱਚ ਹਿੱਸਾ ਲੈਣ ਵਾਲੇ ਪੰਜਾਬੀ ਮੂਲ ਦੇ ਫੌਜੀਆਂ ਦੀ ਸੂਚੀ ਜੋ ਇੱਕ ਰਜਿਸਟਰ ਦੇ ਰੂਪ ਵਿੱਚ ਲਾਹੌਰ ਅਜਾਇਬ ਘਰ ਤੋਂ ਪ੍ਰਾਪਤ ਹੋਈ ਹੈ ਬਾਰੇ ਦੱਸਿਆ ਕਿ ਇਸ ਬਾਰੇ ਗਰੀਨਵਿਚ ਯੂਨੀਵਰਸਿਟੀ ਲੰਡਨ, ਯੂ ਕੇ ਪੀ ਐਚ ਏ ਨਾਲ ਮਿਲ ਕੇ ਵੱਖ ਵੱਖ ਪਹਿਲੂਆਂ ਤੇ ਖੋਜ਼ ਕੀਤੀ ਜਾ ਰਹੀ ਹੈ। ਕਿਉਂਕਿ ਪੰਜਾਬ ਤੋਂ ਬਿਨ੍ਹਾ ਹੋਰ ਕਿਸੇ ਖਿੱਤੇ ਬਾਰੇ ਇਸ ਤਰ੍ਹਾਂ ਦੀ ਜਾਣਕਾਰੀ ਨਹੀਂ ਮਿਲਦੀ। ਉਕਤ ਰਜਿਸਟਰ ਵਿੱਚ ਫੌਜੀ ਸਿਪਾਹੀ ਦਾ ਨਾਮ, ਪਿਤਾ ਦਾ ਨਾਮ, ਧਰਮ, ਜਾਤ ਤੋਂ ਇਲਾਵਾ ਉਸ ਦੇ ਮਰਨ, ਜਾਂ ਫੌਜ ਨੂੰ ਛੱਡਣ ਜਾਂ ਫੌਜ ਵਿੱਚੋਂ ਕੱਢਣ, ਉਹਨਾਂ ਦਿੱਤੀ ਜਾਣ ਵਾਲੀ ਪੈਨਸ਼ਨ ਆਦਿ ਤੱਕ ਦੇ ਵੇਰਵੇ ਦਰਜ਼ ਹਨ। ਤੇਜਪਾਲ ਸਿੰਘ ਨੇ ਇਸ ਮੌਕੇ ਬੱਧਨੀ ਕਲਾਂ ਦੇ 44 ਫੌਜੀਆਂ ਦੀ ਸੂਚੀ ਵੀ ਸੌਂਪੀ ਅਤੇ ਦੱਸਿਆ ਕਿ ਇਹ ਵੇਰਵੇ ਕਈ ਤਰ੍ਹਾਂ ਦੇ ਸਵਾਲ ਵੀ ਖੜ੍ਹੇ ਕਰਦੇ ਹਨ, ਜਿਸ ਬਾਰੇ ਭਵਿੱਖ ਵਿੱਚ ਪਤਾ ਲੱਗੇਗਾ। ਉਹਨਾਂ ਕਿਹਾ ਕਿ ਇਹ ਪਤਾ ਨਹੀਂ ਲੱਗ ਸਕਿਆ ਕਿ ਹੋਰ ਕਿਸੇ ਖਿੱਤੇ ਦੀ ਵੀ ਸੂਚੀ ਬਣਾਈ ਹੈ ਜਾਂ ਨਹੀਂ, ਉਹਨਾਂ ਇਹ ਵੀ ਕਿਹਾ ਕਿ ਕਈ ਫੌਜੀਆਂ ਨੂੰ ਇਸ ਕਰਕੇ ਵੀ ਫੌਜ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਸੀ ਕਿਉਂਕਿ ਉਹਨਾਂ ਦੀ ਅਜ਼ਾਦੀ ਗਤੀ ਵਿਧੀਆਂ ਵਿੱਚ ਵੀ ਸ਼ਮੂਲੀਅਤ ਸੀ।

## ਆਕਸਫੋਰਡ ਸ਼ਹਿਰ ਵਿੱਚ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਪੰਜਾਬੀਆਂ ਨੇ ਮਨਾਇਆਂ ਮਾਂ ਬੋਲੀ ਦਿਵਸ


ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਲੇਖਕ ਕਿਤਾਬਾਂ ਜਾਰੀ ਕਰਦੇ ਹੋਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਆਕਸਫੋਰਡ ਸ਼ਹਿਰ ਵਿੱਚ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਪੰਜਾਬੀ ਲੇਖਿਕਾਂ ਵੱਲੋਂ ਮਾਂ ਬੋਲੀ ਦਿਵਸ ਮਨਾਇਆ ਗਿਆ। ਨੁਜ਼ਤ ਆਬਾਸ ਅਤੇ ਨਾਜ਼ਮ ਮਹਿਮੂਦ ਦੇ ਯਤਨਾਂ ਸਦਕਾ ਸਲਾਨਾ ਸਮਾਗਮ ਵਿੱਚ ਪੰਜਾਬੀ ਬੋਲੀ ਦੇ ਵਿਕਾਸ ਅਤੇ ਵਿਦੇਸ਼ਾਂ ਵੱਚ ਰਹਿ ਰਹੀ ਅਗਲੀ ਪੀੜੀ ਨੂੰ ਪੰਜਾਬੀ ਨਾਲ ਜੋੜ੍ਹਨ ਲਈ ਵਿਚਾਰ ਚਰਚਾ ਹੋਈ, ਇਸ ਤੋਂ ਇਲਾਵਾ ਸਜੀ ਕਾਵਿ ਮਹਿਫਲ ਵਿੱਚ ਮੁਹੰਮਦ ਅੱਬਾਸ, ਨੁਜ਼ਤ ਅੱਬਾਸ, ਅਯੂਬ ਸੰਘਿਆ, ਭਿੰਦਰ ਜਲਾਲਾਬਾਦੀ, ਮੂਸਾ ਐਮ ਵੜੈਚ, ਕੁਲਵੰਤ ਢਿੱਲੋਂ, ਕੰਵਲ ਧਾਲੀਵਾਲ, ਕੁਲਦੀਪ ਕਿੱਟੀ ਬੱਲ, ਤਨਵੀਰ ਜ਼ਮਾਨ, ਸੱਜਾਦ ਅਲੀ, ਮਨਜੀਤ ਪੱਡਾ, ਮੇਦੀਹਾ ਅਹਿਮਦ, ਯਸ਼ ਸਾਥੀ, ਨਿਸ਼ਠਾ ਸੂਦ ਰਬਾਬ, ਪਰਵੇਜ਼ ਫਤਿਹ, ਅਮਰ ਜੋਤੀ, ਬਲਵਿੰਦਰ ਸਿੰਘ, ਨਛੱਤਰ ਭੋਗਲ, ਰੂਪ ਢਿੱਲੋਂ, ਜਸਵੀਰ ਸਿੰਘ, ਮਹਿੰਦਰ ਪਾਲ ਧਾਲੀਵਾਲ, ਨਾਹਰ ਸਿੰਘ ਗਿੱਲ, ਮਨਜਿੰਦਰ ਸਿੰਘ ਚਾਹਲ, ਸਈਅਦ ਫਖਰ ਇਮਾਮ ਕਾਜ਼ਮੀ, ਉਮਾਮਾ ਫੀਮੀਆ, ਮੁਬਸਿਰਾ ਉਮਰ, ਖਦੀਜਾ ਉਮਰ, ਸ਼ਾਜ਼ੀਆ ਅੰਜੁਮ, ਡਾ: ਮਾਰੀਆ ਮਜਾਜਨ, ਮਹਿਬੂਬ ਇਲਾਹੀ ਬੱਟ, ਲੁਕ ਸਿੰਘ ਚੀਮਾ ਆਦਿ ਨੇ ਹਿੱਸਾ ਲਿਆ। ਇਸ ਮੌਕੇ ਹਰਫੂਲ ਸਿੰਘ ਮੰਡੀ ਕਲਾਂ ਦੀ ਕਿਤਾਬ "ਆਪੇ ਦੇ ਰੂਬਰੂ", ਡਾ: ਆਸਮਾਂ ਕਾਦਰੀ ਦੀ ਕਿਤਾਬ "ਜਿਮੀ ਪੁਛੈ ਅਸਮਾਨ" ਜਾਰੀ ਕੀਤੀਆਂ ਗਈਆਂ।

## ਮਾਮਲਾ ਅਰਦਾਸ ਨਾਲ ਛੇੜਖਾਣੀ ਦਾ ਗੁਰਦੁਆਰਾ ਕਮੇਟੀ ਨੇ ਮੰਗੀ ਮੁਆਫੀ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਦਿੱਲੀ ਦੇ ਇੰਦਰਲੋਕ ਗੁਰਦੁਆਰਾ ਸਾਹਿਬ ਅੰਦਰ ਬੀਤੀ 23 ਫਰਵਰੀ ਨੂੰ ਪ੍ਰੋ ਦਰਸ਼ਨ ਸਿੰਘ ਜਿਨ੍ਹਾਂ ਨੂੰ ਅਕਾਲ ਤਖਤ ਸਾਹਿਬ ਵਲੋਂ ਪੰਥ ਵਿੱਚੋ ਖਾਰਿਜ ਕੀਤਾ ਹੋਇਆ ਹੈਂ ਦੇ ਕਰਵਾਏ ਗਏ ਕੀਰਤਨ ਪ੍ਰੋਗਰਾਮ ਉਪਰੰਤ ਕੀਤੀ ਗਈ ਅਰਦਾਸ ਅੰਦਰ ਦਵਿੰਦਰ ਸਿੰਘ ਹੈਪੀ ਵਲੋਂ ਛੇੜਖਾਣੀ ਬਾਰੇ ਗੱਲਬਾਤ ਕਰਦਿਆਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਰਦਾਰ ਦਰਸ਼ਨ ਸਿੰਘ ਚੱਢਾ ਨੇ ਕਿਹਾ ਕਿ ਗੁਰੂਘਰ ਅੰਦਰ ਕੀਤੀ ਗਈ ਅਰਦਾਸ ਨਾਲ ਅਸੀਂ ਸਹਿਮਤ ਨਹੀਂ ਹਾਂ । ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਹਾਜਿਰ ਨਾ ਹੋਣ ਕਰਕੇ ਦਵਿੰਦਰ ਸਿੰਘ ਨੇ ਅਰਦਾਸ ਕੀਤੀ ਓਸ ਸਮੇਂ ਅਸੀਂ ਹਾਜਿਰ ਨਹੀਂ ਸੀ ਜ਼ੇਕਰ ਓਥੇ ਹਾਜਿਰ ਹੁੰਦੇ ਤਾਂ ਅਸੀਂ ਜਰੂਰ ਉਨ੍ਹਾਂ ਨੂੰ ਰੋਕਦੇ। ਉਨ੍ਹਾਂ ਕਿਹਾ ਕਿ ਅਕਾਲ ਤਖਤ ਸਾਹਿਬ ਇਕ ਕਮੇਟੀ ਬੀਤੇ ਦਿਨ ਸਾਡੇ ਕੋਲ ਆਈ ਸੀ ਤੇ ਅਸੀਂ ਉਨ੍ਹਾਂ ਨੂੰ ਲਿਖਤੀ ਸਪਸ਼ਟੀਕਰਨ ਦੇ ਦਿੱਤਾ ਹੈਂ ਅਤੇ ਇਸ ਮਾਮਲੇ ਵਿਚ ਅਕਾਲ ਤਖਤ ਸਾਹਿਬ ਤੋ ਜੋ ਆਦੇਸ਼ ਜਾਰੀ ਹੋਏਗਾ ਅਸੀਂ ਓਸ ਨੂੰ ਮਨਿਆਂ ਜਾਏਗਾ । ਉਨ੍ਹਾਂ ਨੂੰ ਪੁਛੇ ਗਏ ਸੁਆਲ ਕਿ ਜਦੋ ਪ੍ਰੋ ਦਰਸ਼ਨ ਸਿੰਘ ਨੂੰ ਪੰਥ ਵਿੱਚੋ ਖਾਰਿਜ ਕੀਤਾ ਗਿਆ ਹੈਂ ਫੇਰ ਪ੍ਰੋਗਰਾਮ ਕਿਉਂ ਕਰਵਾਇਆ ਗਿਆ ਤਾਂ ਉਨ੍ਹਾਂ ਕਿਹਾ ਕਿ ਅਸੀਂ ਉਨ੍ਹਾਂ ਦੇ ਮੁਰੀਦ ਹਾਂ ।

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD Supporting a greener future
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

# ਜ਼ੇਲੈਂਸਕੀ ਅਮਨ ਨਹੀਂ ਚਹੁੰਦਾ ਉਹ ਤੀਸਰਾ ਵਿਸ਼ਵ ਯੁਧ ਚਹੁੰਦਾ ਹੈ-ਟਰੰਪ

**✪ ਰਾਸ਼ਟਰਪਤੀ ਟਰੰਪ ਤੇ ਜ਼ੇਲੈਂਸਕੀ ਵਿਚਾਲੇ ਮੀਟਿੰਗ ਦੌਰਾਨ ਹੋਈ ਤਕਰਾਰ ਉਪਰੰਤ ਜ਼ੇਲੈਂਸਕੀ ਨੂੰ ਵਾਈਟ ਹਾਊਸ ਵਿਚੋਂ ਚਲੇ ਜਾਣ ਲਈ ਕਿਹਾ ✪ ਖਣਿਜ ਪਦਾਰਥਾਂ ਬਾਰੇ ਸਮਝੌਤੇ ਉਪਰ ਨਹੀਂ ਹੋਏ ਦਸਤਖਤ, ਸਾਂਝੀ ਪ੍ਰੈਸ ਕਾਨਫਰੰਸ ਵੀ ਹੋਈ ਰੱਦ**

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਯੁਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਵਿਚਾਲੇ ਵਾਈਟ ਹਾਊਸ ਵਿਚ ਹੋਈ ਮੀਟਿੰਗ ਦੌਰਾਨ ਦੋਨਾਂ ਆਗੂਆਂ ਵਿਚਾਲੇ ਤਕਰਾਰ ਹੋਣ ਦੀ ਖਬਰ ਹੈ। ਮੀਟਿੰਗ ਵਿਚ ਉੱਪ ਰਾਸ਼ਟਰਪਤੀ ਜੇ ਡੀ ਵੈਂਸ ਵੀ ਮੌਜੂਦ ਸਨ। ਬਿਨਾਂ ਕਿਸੇ ਸਿੱਟੇ ਦੇ ਖਤਮ ਹੋਈ ਮੀਟਿੰਗ ਦੌਰਾਨ ਸਥਿੱਤੀ ਇਸ ਹੱਦ ਤੱਕ ਅਣਸੁਖਾਵੀਂ ਬਣ ਗਈ ਕਿ ਟਰੰਪ ਨੇ ਯੁਕਰੇਨੀ ਰਾਸ਼ਟਰਪਤੀ ਨੂੰ ਵਾਈਟ ਹਾਊਸ ਵਿਚੋਂ ਚਲੇ ਜਾਣ ਲਈ ਕਹਿ ਦਿੱਤਾ।

ਵਾਈਟ ਹਾਊਸ ਦੇ ਇਕ ਅਧਿਕਾਰੀ ਅਨੁਸਾਰ ਬਾਅਦ ਵਿਚ ਜ਼ੇਲੈਂਸਕੀ ਤੁਰੰਤ ਵਾਈਟ ਹਾਊਸ ਛੱਡ ਕੇ ਚਲੇ ਗਏ। ਮੀਟਿੰਗ ਵਿਚ ਯੁਕਰੇਨ ਦੇ ਕੁੱਦਰਤੀ ਖਣਿਜ ਪਦਾਰਥਾਂ ਸਬੰਧੀ ਦੋਨਾਂ ਦੇਸ਼ਾਂ ਵਿਚਾਲੇ ਸਮਝੌਤੇ ਉਪਰ ਦਸਤਖਤ ਕੀਤੇ ਜਾਣੇ ਸਨ ਪਰੰਤੂ ਅਜਿਹਾ ਸੰਭਵ ਨਹੀਂ ਹੋ ਸਕਿਆ। ਮੀਟਿੰਗ ਵਿਚ ਉੱਪ ਰਾਸ਼ਟਰਪਤੀ ਜੇ ਡੀ ਵੈਂਸ ਨੇ ਜ਼ੇਲੈਂਸਕੀ ਨੂੰ ਕਿਹਾ ਕਿ ਉਹ ਟਰੰਪ ਪ੍ਰਤੀ ਅਣਉੱਚਿਤ ਰਵਈਆ ਰਖਦੇ ਹਨ। ਤੁਹਾਨੂੰ ਰੂਸ ਨਾਲ ਜੰਗ ਦੇ ਕਾਰਨਾਂ ਬਾਰੇ ਭਾਸ਼ਣ ਦੇਣ ਦੀ ਬਜਾਏ



*ਵਾਈਟ ਹਾਊਸ ਵਿਚ ਮੀਟਿੰਗ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਯੁਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ*


ਅਮਰੀਕਾ ਦਾ ਧੰਨਵਾਦ ਕਰਨਾ ਚਾਹੀਦਾ ਹੈ। ਮੀਟਿੰਗ ਤੋਂ ਕੁਝ ਸਮੇ ਬਾਅਦ ਟਰੰਪ ਨੇ ਕਿਹਾ ਕਿ "ਰਾਸ਼ਟਰਪਤੀ ਜ਼ੇਲੈਂਸਕੀ ਅਮਨ ਲਈ ਤਿਆਰ ਨਹੀਂ ਹੈ। ਉਸ ਨੇ ਓਵਾਲ ਦਫਤਰ ਵਿਚ ਅਮਰੀਕਾ ਦਾ ਅਪਮਾਨ ਕੀਤਾ ਹੈ। ਹੁਣ ਉਹ ਓਦੋਂ ਹੀ ਵਾਪਿਸ ਆ ਸਕਦਾ ਹੈ ਜਦੋਂ ਅਮਨ ਲਈ ਤਿਆਰ ਹੋਵੇਗਾ।" ਮੀਟਿੰਗ ਉਪਰੰਤ ਟਰੰਪ ਤੇ ਜ਼ੇਲੈਂਸਕੀ ਦੀ ਰੱਖੀ ਸਾਂਝੀ ਪ੍ਰੈਸ ਕਾਨਫਰੰਸ ਨੂੰ ਰੱਦ ਕਰ ਦਿੱਤਾ ਗਿਆ। ਰਾਸ਼ਟਰਪਤੀ ਟਰੰਪ ਵੱਲੋਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਯੁਕਰੇਨ ਨਾਲ ਜੰਗ ਖਤਮ ਕਰਨ ਬਾਰੇ ਕੀਤੀ ਗੱਲਬਾਤ ਉਪਰੰਤ ਇਹ ਮੀਟਿੰਗ ਸੰਭਵ ਹੋਈ ਸੀ। ਮੀਟਿੰਗ ਵਿਚ ਉਸ ਵੇਲੇ ਪਾਰਾ ਸਿਖਰ 'ਤੇ ਪੁੱਜ ਗਿਆ ਜਦੋਂ ਜ਼ੇਲੈਂਸਕੀ ਨੇ ਕਿਹਾ ਅਮਰੀਕਾ ਹੁਣ ਪਿੱਛੇ ਹਟ ਰਿਹਾ ਹੈ ਪਰੰਤੂ ਇਸ ਬਾਰੇ ਤੁਹਾਨੂੰ ਭਵਿੱਖ ਵਿਚ ਅਹਿਸਾਸ ਹੋਵੇਗਾ। ਇਸ 'ਤੇ ਟਰੰਪ ਨੇ ਕਿਹਾ ਸਾਨੂੰ ਇਹ ਦੱਸਣ ਦੀ ਕੋਸ਼ਿਸ ਨਾ ਕਰੋ ਕਿ ਅਸੀਂ ਕਿਵੇਂ ਮਹਿਸੂਸ ਕਰਾਂਗੇ, ਅਸੀਂ ਇਕ ਸਮੱਸਿਆ ਹੱਲ ਕਰਨ ਦਾ ਯਤਨ ਕਰ ਰਹੇ ਹਾਂ। ਜ਼ੇਲੈਂਸਕੀ ਨੇ ਟੋਕਦਿਆਂ ਕਿਹਾ "ਮੈ ਤੁਹਾਨੂੰ ਸਮਝਾ ਨਹੀਂ ਰਿਹਾ"। ਇਸ 'ਤੇ ਵੈਂਸ ਨੇ ਕਿਹਾ "ਹਾਂ ਬਿਲਕੁੱਲ ਇਹ ਹੀ ਤਾਂ ਤੂੰ ਕਰ ਰਿਹਾ ਹੈ।" ਤੈਸ਼ ਵਿਚ ਆਏ ਟਰੰਪ ਨੇ ਕਿਹਾ " ਤੂੰ ਇਸ ਸਮੇ ਸਾਨੂੰ ਹੁਕਮ ਦੇਣ ਦੀ ਸਥਿੱਤੀ ਵਿਚ ਨਹੀਂ ਹੈ। ਅਸੀਂ ਬਹੁਤ ਚੰਗਾ ਤੇ ਬਹੁਤ ਮਜਬੂਤ ਅਹਿਸਾਸ ਕਰਾਂਗੇ ਪਰੰਤੂ ਇਸ ਵੇਲੇ ਤੇਰੀ ਹਾਲਤ ਬਹੁਤੀ ਚੰਗੀ ਨਹੀਂ ਹੈ। ਤੂੰ ਚੰਗੀ ਸਥਿੱਤੀ ਵਿਚ ਨਹੀਂ ਹੈ।" ਟਰੰਪ ਨੇ ਆਪਣੀ ਗਲ ਜਾਰੀ ਰਖਦਿਆਂ ਕਿਹਾ ਤੂੰ ਲੱਖਾਂ ਲੋਕਾਂ ਦੀ ਜਾਨ ਨਾਲ ਜੂਆ ਖੇਡ ਰਿਹਾ ਹੈ, ਤੂੰ ਤੀਸਰੀ ਵਿਸ਼ਵ ਜੰਗ ਦਾ ਜੂਆ ਖੇਡ ਰਿਹਾ ਹੈ ਜੋ ਤੂੰ ਕਰ ਰਿਹਾ ਹੈ ਉਹ ਇਸ ਦੇਸ਼ ਦਾ ਅਪਮਾਨ ਹੈ। ਵਾਈਟ ਹਾਊਸ ਵਿਚੋਂ ਚਲੇ ਜਾਣ ਉਪਰੰਤ ਐਕਸ ਉਪਰ ਪਾਏ ਇਕ ਬਿਆਨ ਵਿਚ ਜ਼ੇਲੈਂਸਕੀ ਨੇ ਅਮਰੀਕਾ ਦਾ ਧੰਨਵਾਦ ਕਰਦਿਆਂ ਕਿਹਾ "ਸਮਥਰਨ ਕਰਨ ਲਈ ਧੰਨਵਾਦ ਅਮਰੀਕਾ, ਇਸ ਮੀਟਿੰਗ ਲਈ ਧੰਨਵਾਦ। ਯੁਕਰੇਨ ਨੂੰ ਅਮਨ ਦੀ ਲੋੜ ਹੈ, ਅਸੀਂ ਇਸ ਵਾਸਤੇ ਕੰਮ ਕਰ ਰਹੇ ਹਾਂ।" ਰੂਸੀ ਆਗੂਆਂ ਨੇ ਟਰੰਪ ਤੇ ਜ਼ੇਲੈਂਸਕੀ ਵਿਚਾਲੇ ਹੋਈ ਤਕਰਾਰ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ "ਢੀਠ ਸੂਰ ਨੂੰ ਆਖਰਕਾਰ ਓਵਾਲ ਦਫਤਰ ਵਿਚ ਉਚਿੱਤ ਥਪੜ ਪਿਆ ਹੈ। ਉਹ ਇਸ ਦਾ ਹੀ ਹੱਕਦਾਰ ਹੈ।" ਰਸ਼ੀਅਨ ਫੈਡਰੇਸ਼ਨ ਸਕਿਉਰਿਟੀ ਕੌਂਸਲ ਦੇ ਉੱਪ ਪ੍ਰਧਾਨ ਤੇ ਸਾਬਕਾ ਰੂਸੀ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦਮਿਤਰੀ ਮੈਡਵੇਡੇਵ ਐਕਸ ਉਪਰ ਪਾਈ ਇਕ ਪੋਸਟ ਵਿਚ ਕਿਹਾ ਹੈ "ਰਾਸ਼ਟਰਪਤੀ ਟਰੰਪ ਸਹੀ ਹਨ। ਕੀਵ ਹਕੂਮਤ ਤੀਸਰੀ ਵਿਸ਼ਵ ਜੰਗ ਦਾ ਜੂਆ ਖੇਡ ਰਹੀ ਹੈ।"

## ਪ੍ਰੋਬੇਸ਼ਨਰੀ ਮੁਲਾਜ਼ਮਾਂ ਨੂੰ ਵਿਆਪਕ ਤੌਰ 'ਤੇ ਕੰਮ ਤੋਂ ਹਟਾਉਣਾ ਗੈਰ ਕਾਨੂੰਨੀ-ਅਦਾਲਤ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸੈਨਫਰਾਂਸਿਸਕੋ ਵਿਚ ਇਕ ਸੰਘੀ ਜੱਜ ਨੇ ਆਪਣੇ ਇਕ ਆਦੇਸ਼ ਵਿਚ ਕਿਹਾ ਹੈ ਕਿ ਪ੍ਰੋਬੇਸ਼ਨਰੀ ਮੁਲਾਜ਼ਮਾਂ ਨੂੰ ਕੰਮ ਤੋਂ ਸਮੂਹਿਕ ਤੌਰ 'ਤੇ ਫਾਰਗ ਕਰਨਾ ਕਾਨੂੰਨੀ ਨਹੀਂ ਹੈ। ਜੱਜ ਦੇ ਇਸ ਆਦੇਸ਼ ਨਾਲ ਲੇਬਰ ਯਨੀਅਨਾਂ ਤੇ ਸੰਗਠਨਾਂ ਦੇ ਗਠਜੋੜ ਨੂੰ ਆਰਜੀ ਰਾਹਤ ਮਿਲੀ ਹੈ ਜਿਨਾਂ ਨੇ ਦਾਇਰ ਪਟੀਸ਼ਨ ਵਿਚ ਮੰਗ ਕੀਤੀ ਹੈ ਕਿ ਟਰੰਪ ਪ੍ਰਸ਼ਾਸਨ ਨੂੰ ਸੰਘੀ ਕਾਮਿਆਂ ਨੂੰ ਸਮੂਹਿਕ ਤੌਰ 'ਤੇ ਨੌਕਰੀ ਤੋਂ ਹਟਾਉਣ ਤੋਂ ਰੋਕਿਆ ਜਾਵੇ। ਯੂ ਐਸ ਡਿਸਟ੍ਰਿਕਟ ਜੱਜ ਵਿਲੀਅਮ ਐਲਸਪ ਨੇ ਪ੍ਰਸੋਨਲ ਮੈਨਜਮੈਂਟ ਦੇ ਦਫਤਰ ਨੂੰ ਆਦੇਸ਼ ਦਿੱਤਾ ਹੈ ਕਿ ਵਿਸ਼ੇਸ਼ ਸੰਘੀ ਏਜੰਸੀਆਂ ਨੂੰ ਸੂਚਿਤ ਕੀਤਾ ਜਾਵੇ ਕਿ ਉਨਾਂ ਨੂੰ ਰਖਿਆ ਵਿਭਾਗ ਸਮੇਤ ਹੋਰ ਵਿਭਾਗਾਂ ਦੇ ਪ੍ਰਬੇਸ਼ਨਰੀ ਮੁਲਾਜ਼ਮਾਂ ਨੂੰ ਕੰਮ ਤੋਂ ਹਟਾਉਣ ਦਾ ਕੋਈ ਅਧਿਕਾਰ ਨਹੀਂ ਹੈ। ਜੱਜ ਨੇ ਕਿਹਾ ਹੈ ਕਿ ਪ੍ਰਸੋਨਲ ਮੈਨਜਮੈਂਟ ਦਫਤਰ ਕਿਸੇ ਵੀ ਵਿਵਸਥਾ ਤਹਿਤ ਮੁਲਾਜ਼ਮਾਂ ਨੂੰ ਹਟਾ ਨਹੀਂ ਸਕਦਾ।

## ਲੋਇਸਿਆਨਾ ਵਿਚ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਪ੍ਰਾਪਤ ਕੈਦੀ ਦੀ ਜੇਲ ਵਿਚ ਹੋਈ ਮੌਤ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਲੋਇਸਿਆਨਾ ਵਿਚ ਇਕ 81 ਸਾਲਾ ਕੈਦੀ ਜਿਸ ਨੂੰ ਆਪਣੇ ਮਤਰੇਏ ਪੁੱਤਰ ਦੀ ਹੱਤਿਆ ਦੇ ਮਾਮਲੇ ਵਿਚ ਕੁਝ ਦਿਨਾਂ ਬਾਅਦ ਫਾਂਸੀ ਦਿੱਤੀ ਜਾਣੀ ਸੀ, ਦੀ ਜੇਲ ਵਿਚ ਮੌਤ ਹੋ ਜਾਣ ਦੀ ਖਬਰ ਹੈ। ਵਕੀਲ ਨੇ ਕਿਹਾ ਹੈ ਕਿ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਕ੍ਰਿਸਟੋਫਰ ਸੈਪੁਲਵਾਡੋ ਲੰਬੇ ਸਮੇ ਤੋਂ ਬਿਮਾਰ ਸੀ। ਉਹ ਵੀਲਚੇਅਰ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਸੀ। ਉਹ ਕਈ ਬਿਮਾਰੀਆਂ ਤੋਂ ਪੀੜਤ ਸੀ। ਉਸ ਦੀ ਮੌਤ ਦੇ ਵਾਰੰਟ ਜਾਰੀ ਹੋਣ ਤੋਂ ਕੁਝ ਦਿਨ ਪਹਿਲਾਂ ਉਸ ਨੂੰ ਨਿਊ ਓਰਲੀਨਜ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ ਜਿਥੋਂ ਛੁੱਟੀ ਮਿਲਣ ਉਪਰੰਤ ਉਹ ਲੋਇਸਿਆਨਾ ਦੀ ਅੰਗੋਲਾ ਸਥਿੱਤ ਸਟੇਟ ਜੇਲ ਵਿਚ ਪਰਤ ਆਇਆ ਸੀ। ਜਨਤਿਕ ਸੁਰੱਖਿਆ ਤੇ ਜੇਲਾਂ ਸਬੰਧੀ ਸਟੇਟ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਸੈਪੁਲਵਾਡੋ ਦੀ ਮੌਤ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਉਸ ਦੀ ਮੌਤ ਕੁਦਰਤੀ ਕਾਰਨਾਂ ਕਰਕੇ ਹੋਈ ਹੈ।



## ਸੰਘੀ ਪ੍ਰਸੋਨਲ ਮੈਨਜਮੈਂਟ ਦਫਤਰ ਤੇ ਕਈ ਹੋਰ ਵਿਭਾਗਾਂ ਵੱਲੋਂ ਮੁਲਾਜ਼ਮਾਂ ਨੂੰ ਐਲਨ ਮਸਕ ਦੇ ਦਿਸ਼ਾ ਨਿਰਦੇਸ਼ਾਂ ਨੂੰ ਨਾ ਮੰਨਣ ਦੀਆਂ ਹਦਾਇਤਾਂ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਰਬਪਤੀ ਐਲਨ ਮਸਕ ਦੀ ਅਗਵਾਈ ਵਾਲੇ ਸਰਕਾਰੀ ਕੁਸ਼ਲਤਾ ਵਿਭਾਗ (ਡੀ ਓ ਜੀ ਈ) ਅਤੇ ਸੰਘੀ ਪ੍ਰਸੋਨਲ ਮੈਨਜਮੈਂਟ ਦਫਤਰ ਸਮੇਤ ਹੋਰ ਕਈ ਵਿਭਾਗਾਂ ਵਿਚਾਲੇ ਟਕਰਾਅ ਦੀ ਸਥਿੱਤੀ ਬਣ ਗਈ ਹੈ। ਸੰਘੀ ਪ੍ਰਸੋਨਲ ਮੈਨਜਮੈਂਟ ਦਫਤਰ ਨੇ ਆਪਣੇ ਵਰਕਰਾਂ ਨੂੰ ਕਿਹਾ ਹੈ ਕਿ ਉਹ ਐਲਨ ਮਸਕ ਵੱਲੋਂ ਜਾਰੀ ਤਾਜਾ ਨਿਰਦੇਸ਼ ਨੂੰ ਮੰਨਣ ਲਈ ਪਾਬੰਦ ਨਹੀਂ ਹਨ, ਉਹ ਇਸ ਨੂੰ ਅੱਖੋਂ ਪਰੋਖੇ ਕਰ ਸਕਦੇ ਹਨ।

ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਲਾਹਕਾਰ ਅਰਬਪਤੀ ਐਲਨ ਮਸਕ ਨੂੰ ਇਹ ਵੱਡਾ ਝਟਕਾ ਸਮਝਿਆ ਜਾ ਰਿਹਾ ਹੈ ਜਿਸ ਨੇ ਆਪਣੇ ਤਾਜਾ ਨਿਰਦੇਸ਼ ਵਿਚ ਚਿਤਾਵਨੀ ਦਿੱਤੀ ਹੈ ਕਿ ਜੋ ਵਰਕਰ ਉਸ ਦੇ ਵਿਭਾਗ ਵੱਲੋਂ ਮੰਗੀ ਜਾਣਕਾਰੀ ਨਹੀਂ ਦੇਣਗੇ ਉਨਾਂ ਨੂੰ ਫਾਰਗ ਕਰ ਦਿੱਤਾ ਜਾਵੇਗਾ। ਸਰਕਾਰੀ ਕੁਸ਼ਲਤਾ ਵਿਭਾਗ ਨੇ ਪ੍ਰਸੋਨਲ ਮੈਨਜਮੈਂਟ ਦਫਤਰ ਰਾਹੀਂ ਅਨੁਮਾਨਤ 20 ਲੱਖ ਵਰਕਰਾਂ ਨੂੰ ਚਿਤਾਵਨੀ ਭਰਪੂਰ ਈ ਮੇਲੀ ਭੇਜੀ ਹੈ ਜਿਸ ਵਿਚ ਸਾਰੇ ਸੰਘੀ ਵਰਕਰਾਂ ਨੂੰ ਕੁਝ ਵਿਸ਼ੇਸ਼ ਜਾਣਕਾਰੀ ਸਾਂਝੀ ਕਰਨ ਲਈ ਕਿਹਾ ਗਿਆ ਹੈ। ਮਸਕ ਵੱਲੋਂ ਐਕਸ ਉਪਰ ਪਾਈ ਇਕ ਪੋਸਟ ਵਿਚ ਚਿਤਾਵਨੀ ਦਿੱਤੀ ਗਈ ਹੈ ਕਿ ਜਵਾਬ ਨਾ ਦੇਣ ਵਾਲੇ ਵਰਕਰ ਦਾ ਇਹ ਕਦਮ ਅਸਤੀਫਾ ਸਮਝਿਆ ਜਾਵੇਗਾ। ਈਮੇਲ ਵਿਚ ਵਰਕਰਾਂ ਲਈ ਜਵਾਬ ਦੇਣ ਵਾਸਤੇ ਸੋਮਵਾਰ ਅੱਧੀ ਰਾਤ ਤੱਕ ਦੀ ਸਮਾਂ ਸੀਮਾ ਮਿੱਥੀ ਗਈ ਸੀ ਜਦ ਕਿ ਬਾਅਦ ਵਿਚ ਸਰਕਾਰੀ ਕੁਸ਼ਲਤਾ ਵਿਭਾਗ ਨੇ ਭੇਜੀ ਇਕ ਹੋਰ ਈ ਮੇਲ ਵਿਚ ਕਿਹਾ ਕਿ ਜਵਾਬ ਦੇਣਾ "ਸਵੈਇਛੁੱਕ" ਹੈ। ਦਰਜਨ ਤੋਂ ਵਧ ਏਜੰਸੀਆਂ ਪਹਿਲਾਂ ਹੀ ਮੁਲਾਜ਼ਮਾਂ ਨੂੰ ਕਹਿ ਚੁੱਕੀਆਂ ਹਨ ਕਿ ਉਹ ਮਸਕ ਦਾ ਜਵਾਬ ਨਾ ਦੇਣ ਕਿਉਂਕਿ ਉਹ ਉਨਾਂ ਦਾ "ਬੌਸ" ਨਹੀਂ ਹੈ। ਨੈਸ਼ਨਲ ਇੰਟੈਲੀਜੈਂਸ ਡਾਇਰੈਕਟਰ ਤੁਲਸੀ ਗੈਬਰਡ ਤੇ ਐਫ ਬੀ ਆਈ ਮੁੱਖੀ ਕਾਸ਼ ਪਟੇਲ ਨੇ ਵੀ ਖੁਫੀਆ ਅਫਸਰਾਂ ਨੂੰ ਆਦੇਸ਼ ਦਿੱਤਾ ਹੈ ਕਿ ਉਹ ਮਸਕ ਦੀ ਉਸ ਈ ਮੇਲ ਦਾ ਜਵਾਬ ਨਾ ਦੇਣ ਜਿਸ ਵਿਚ 5 ਚੀਜ਼ਾਂ ਬਾਰੇ ਜਾਣਕਾਰੀ ਮੰਗੀ ਗਈ ਹੈ ਤੇ ਅਜਿਹਾ ਨਾ ਕਰਨ 'ਤੇ ਸੇਵਾਵਾਂ ਖਤਮ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ। ਗੈਬਰਡ ਨੇ ਮਸਕ ਦੀ ਈ ਮੇਲ ਤੋਂ ਕੁਝ ਘੰਟੇ ਬਾਅਦ ਭੇਜੇ ਨਿਰਦੇਸ਼ ਵਿਚ ਗੁਪਤ ਜਾਣਕਾਰੀ ਮੰਗਣ 'ਤੇ ਸਵਾਲ ਉਠਾਏ ਹਨ ਤੇ ਇਸ ਨੂੰ ਕੌਮੀ ਸੁਰੱਖਿਆ ਲਈ ਖਤਰਾ ਕਰਾਰ ਦਿੱਤਾ ਹੈ। ਕਾਸ਼ ਪਟੇਲ ਨੇ ਜਾਰੀ ਹਦਾਇਤਾਂ ਵਿਚ ਕਿਹਾ ਹੈ ਕਿ ਕੇਵਲ ਐਫ ਬੀ ਆਈ ਨੂੰ ਹੀ ਆਪਣੀ ਅੰਦਰੂਨੀ ਪ੍ਰਕ੍ਰਿਆ ਦਾ ਜਾਇਜਾ ਲੈਣ ਦਾ ਅਧਿਕਾਰ ਹੈ। ਰਖਿਆ ਵਿਭਾਗ ਨੇ ਵੀ ਆਪਣੇ ਮੁਲਾਜ਼ਮਾਂ ਨੂੰ ਮਸਕ ਨੂੰ ਜਵਾਬ ਨਾ ਭੇਜਣ ਲਈ ਕਿਹਾ ਹੈ ਜਦ ਕਿ ਵਿਦੇਸ਼ ਵਿਭਾਗ ਦੇ ਅਧਿਕਾਰੀ ਟਿਬਰ ਨੇਗੀ ਨੇ ਸਟਾਫ ਨੂੰ ਯਕੀਨ ਦਵਾਇਆ ਹੈ ਕਿ ਜੇਕਰ ਜਵਾਬ ਦੇਣਾ ਜਰੂਰੀ ਹੋਇਆ ਤਾਂ ਵਿਭਾਗ ਖੁਦ ਇਸ ਨੂੰ ਵੇਖ ਲਵੇਗਾ। ਤੁਹਾਨੂੰ ਚਿੰਤਾ ਕਰਨ ਦੀ ਲੋੜ ਨਹੀਂ ਹੈ।

# ਮਾਤ ਭਾਸ਼ਾ ਵਿਰੋਧੀ ਕੇਂਦਰੀ ਨੀਤੀਆਂ ਖਿਲਾਫ ਤਾਮਿਲਨਾਡੂ ਤੇ ਪੰਜਾਬ ਸਰਕਾਰ ਡਟੀ

**ਵਿਸ਼ੇਸ਼ ਰਿਪੋਟ**

**✪ ਪੰਜਾਬ ਸਰਕਾਰ ਨੇ ਸਭ ਸਕੂਲਾਂ ਲਈ ਪੰਜਾਬੀ ਨੂੰ ਲਾਜ਼ਮੀ ਮੁੱਖ ਵਿਸ਼ਾ ਬਣਾਉਣ ਲਈ ਨੋਟੀਫਿਕੇਸ਼ਨ ਕੀਤਾ ਜਾਰੀ ✪ ਸੀਬੀਐੱਸਈ ਨੇ ਵਿਵਾਦ ਭਖ਼ਣ ਮਗਰੋਂ ਪੰਜਾਬੀ ਵਿਸ਼ਾ ਜਾਰੀ ਰੱਖਣ ਦਾ ਕੀਤਾ ਦਾਅਵਾ ✪ ਸੀਬੀਐੱਸਈ ਸਕੂਲਾਂ ਵਿਚ ਪੰਜਾਬੀ ਭਾਸ਼ਾ ਵਿਰੁੱਧ ਪਾਬੰਦੀਆਂ ਜਾਰੀ**

**ਪੰਜਾਬ ਟਾਈਮਜ ਅਨੁਸਾਰ ਪ੍ਰਾਂਤਿਕ ਭਾਸ਼ਾ ਤੇ ਮਾਂ ਬੋਲੀ ਦਾ ਮੁੱਦਾ ਸਿਰਫ਼ ਪੰਜਾਬ ਤੱਕ ਸੀਮਤ ਨਹੀਂ ਹੈ। ਪੂਰੇ ਭਾਰਤ ਵਿਚ ਭਾਸ਼ਾ ਨਾਲ ਜੁੜੀਆਂ ਨੀਤੀਆਂ 'ਤੇ ਬਹਿਸ ਭਖ਼ ਗਈ ਹੈ, ਖ਼ਾਸ ਤੌਰ 'ਤੇ ਤਿੰਨ ਭਾਸ਼ਾਈ ਫਾਰਮੂਲੇ ਦੁਆਲੇ। ਦੱਖਣ ਭਾਰਤੀ ਰਾਜਾਂ ਨੇ ਹਿੰਦੀ ਥੋਪਣ ਦੀਆਂ ਕੋਸ਼ਿਸ਼ਾਂ ਦਾ ਵਿਰੋਧ ਕੀਤਾ ਹੈ, ਜਦੋਂਕਿ ਉੱਤਰ-ਪੂਰਬ ਵਿੱਚ ਵੀ ਬਹੁਤੇ ਰਾਜ ਆਪਣੀਆਂ ਮੂਲ ਭਾਸ਼ਾਵਾਂ ਨੂੰ ਵੱਧ ਮਾਨਤਾ ਦੇਣ ਦੀ ਮੰਗ ਲਗਾਤਾਰ ਕਰਦੇ ਰਹੇ ਹਨ। ਰਾਸ਼ਟਰੀ ਸਿੱਖਿਆ ਨੀਤੀ (ਐੱਨਈਪੀ) 2020 ਬਹੁਭਾਸ਼ਾਈਵਾਦ ਨੂੰ ਉਤਸ਼ਾਹਿਤ ਕਰਦੀ ਹੈ ਪਰ ਇਸ ਨੂੰ ਇਕਸਾਰਤਾ ਨਾਲ ਲਾਗੂ ਨਹੀਂ ਕੀਤਾ ਜਾ ਸਕਿਆ ਹੈ। ਅਕਸਰ ਖੇਤਰੀ ਜ਼ੁਬਾਨਾਂ ਨਾਲੋਂ ਪ੍ਰਮੁੱਖ ਭਾਸ਼ਾਵਾਂ ਦਾ ਵੱਧ ਪੱਖ ਪੂਰਿਆ ਗਿਆ ਹੈ। ਕੇਂਦਰ ਸਰਕਾਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕਿਸੇ ਇੱਕ ਭਾਸ਼ਾ ਨੂੰ ਦੇਸ਼ ਦੇ ਬਹੁ-ਭਾਸ਼ਾਈ ਅਤੇ ਬਹੁ-ਧਰਮੀ ਤੇ ਬਹੁ-ਸਭਿਆਚਾਰਕ ਚਰਿੱਤਰ ਉੱਪਰ ਠੋਸਣ ਨਾਲ ਰਾਸ਼ਟਰੀ ਏਕਤਾ ਜਾਂ ਸੰਚਾਰ ਨੂੰ ਕੋਈ ਫ਼ਾਇਦਾ ਨਹੀਂ ਹੋਣਾ ਸਗੋਂ ਆਪਸੀ ਦੂਰੀਆਂ ਵਧਣਗੀਆਂ। ਪੰਜਾਬ ਸਰਕਾਰ ਨੂੰ ਸੀਬੀਐੱਸਈ ਨਾਲ ਸਬੰਧਿਤ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਨਾਲ ਕੀਤੇ ਜਾ ਰਹੇ ਮਾੜੇ ਸਲੂਕ ਦਾ ਵੀ ਨੋਟਿਸ ਲੈ ਕੇ ਇਸ ਦੀ ਵਿਆਪਕ ਜਾਂਚ ਕਰਵਾ ਕੇ ਠੋਸ ਨੀਤੀਆਂ ਘੜਨ ਦੀ ਲੋੜ ਹੈ।**

ਬੀਤੇ ਦਿਨੀਂ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀਬੀਐੱਸਈ) ਵੱਲੋਂ ਨਵਾਂ ਪ੍ਰੀਖਿਆ ਪ੍ਰਬੰਧ ਲਿਆ ਕੇ ਖੇਤਰੀ ਭਾਸ਼ਾਵਾਂ ਵਿਚੋਂ ਪੰਜਾਬੀ ਭਾਸ਼ਾ ਨੂੰ ਦਰਕਿਨਾਰ ਕੀਤੇ ਜਾਣ ਨਾਲ ਪੰਜਾਬ ਵਿੱਚ ਸਿਆਸੀ ਵਿਵਾਦ ਪੈਦਾ ਹੋ ਗਿਆ ਸੀ। ਪੰਜਾਬ ਸਰਕਾਰ ਨੇ ਫ਼ੌਰੀ ਇਸ ਕੇਂਦਰੀ ਫ਼ੈਸਲੇ ਨੂੰ ਪੰਜਾਬੀ 'ਤੇ ਹਮਲਾ ਦੱਸਿਆ ਸੀ ਜਦੋਂ ਕਿ ਵਿਰੋਧੀ ਧਿਰਾਂ ਨੇ ਵੀ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਸੀ। ਸਿਆਸੀ ਰੌਲਾ-ਰੱਪਾ ਪੈਣ ਮਗਰੋਂ ਸੀਬੀਐੱਸਈ ਨੇ ਸਪੱਸ਼ਟ ਕੀਤਾ ਹੈ ਕਿ ਦਸਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਦੇ ਖਰੜਾ ਮਾਪਦੰਡ ਸਿਰ਼ਫ ਸੰਕੇਤਕ ਹਨ ਅਤੇ ਕਿਸੇ ਵੀ ਵਿਸ਼ੇ ਨੂੰ ਛੱਡਿਆ ਨਹੀਂ ਜਾਵੇਗਾ।

ਇਸ ਦੇ ਬਾਵਜੂਦ ਪੰਜਾਬ ਸਰਕਾਰ ਨੇ ਬੀਤੇ ਦਿਨੀਂ ਸੂਬੇ ਭਰ ਦੇ ਸਾਰੇ ਸਕੂਲਾਂ ਵਿੱਚ ਪੰਜਾਬੀ ਨੂੰ ਲਾਜ਼ਮੀ ਮੁੱਖ ਵਿਸ਼ਾ ਬਣਾਉਣ ਲਈ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਇੱਕ ਕਦਮ ਅੱਗੇ ਵਧਾਉਣ ਦਾ ਐਲਾਨ ਕੀਤਾ ਸੀ, ਭਾਵੇਂ ਉਹ ਕਿਸੇ ਵੀ ਵਿਦਿਅਕ ਬੋਰਡ ਨਾਲ ਸੰਬੰਧਿਤ ਹਨ। ਇਸ ਨੋਟੀ਼ਫਿਕੇਸ਼ਨ ਮੁਤਾਬਕ ਪੰਜਾਬੀ ਨੂੰ ਮੁੱਖ ਵਿਸ਼ੇ ਵਜੋਂ ਨਾ ਪੜ੍ਹਾਉਣ ਵਾਲੇ ਸਕੂਲਾਂ ਦੇ ਸਰਟੀਫਿਕੇਟਾਂ ਨੂੰ ਮਾਨਤਾ ਨਹੀਂ ਦਿੱਤੀ ਜਾਵੇਗੀ। ਇਸ ਦੌਰਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਵੱਲੋਂ ਆਪਣੀ ਸਿੱਖਿਆ ਨੀਤੀ ਲਿਆਂਦੀ ਜਾਵੇਗੀ ਅਤੇ ਇਸ ਮੰਤਵ ਲਈ ਜਲਦੀ ਹੀ ਮਾਹਿਰਾਂ ਦੀ ਇੱਕ ਕਮੇਟੀ ਬਣਾਈ ਜਾਵੇਗੀ। ਇਥੇ ਵਰਨਣਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਸਰਕਾਰ ਦੁਆਰਾ ਪੰਜਾਬ ਲਰਨਿੰਗ ਆ਼ਫ ਪੰਜਾਬੀ ਐਂਡ ਅਦਰ ਲੈਂਗੂਏਜਜ਼ ਐਕਟ, 2008 ਰਾਹੀਂ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਪੰਜਾਬੀ ਸਿੱਖਣਾ ਲਾਜ਼ਮੀ ਕਰ ਦਿੱਤਾ ਗਿਆ ਸੀ।

ਬਾਅਦ ਵਿੱਚ, ਨਵੰਬਰ 2021 ਵਿੱਚ, ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਐਕਟ ਵਿੱਚ ਸੋਧ ਰਾਹੀਂ ਹੁਕਮ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਲਈ ਜੁਰਮਾਨੇ ਵਧਾ ਦਿੱਤੇ ਸਨ। ਹਾਲਾਂਕਿ, ਇਹ ਮੁੱਦਾ ਸਕੂਲਾਂ ਵਿੱਚ ਪੰਜਾਬੀ ਦੀ ਲਾਜ਼ਮੀ ਸਿੱਖਿਆ ਤੋਂ ਪਰੇ ਹੈ, ਕਿਉਂਕਿ ਸ਼ਹਿਰਾਂ ਅਤੇ ਹੋਰ ਸ਼ਹਿਰੀ ਖੇਤਰਾਂ ਵਿੱਚ ਬਹੁਤ ਸਾਰੇ ਪ੍ਰਾਈਵੇਟ ਸਕੂਲ ਵਿਦਿਆਰਥੀਆਂ ਨੂੰ ਪੰਜਾਬੀ ਵਿੱਚ ਗੱਲਬਾਤ ਕਰਨ ਤੋਂ ਸਰਗਰਮੀ ਨਾਲ ਰੋਕਦੇ ਹਨ ਤੇ ਪੰਜਾਬੀ ਭਾਸ਼ਾ ਨੂੰ ਟਿਚ ਜਾਣਦੇ ਹਨ। ਪਰ ਪੰਜਾਬ ਸਰਕਾਰ ਕੋਈ ਕਾਰਵਾਈ ਨਹੀਂ ਕਰ ਰਹੀ। ਇਸ ਤੋਂ ਪਰਤਖ ਹੈ ਕਿ ਪੰਜਾਬ ਸਰਕਾਰ ਨੇ ਕੋਈ ਨਵਾਂ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ।

ਪਿਛਲੇ 10 ਸਾਲਾਂ ਵਿੱਚ ਆਪਣੇ ਘੱਟੋ-ਘੱਟ ਦੋ ਪੱਤਰਾਂ ਵਿੱਚ, ਰਾਜ ਦੇ ਸਿੱਖਿਆ ਵਿਭਾਗ ਨੇ ਇਸ ਰੁਝਾਨ ਨੂੰ ਦੇਖਦੇ ਹੋਏ ਇਸਦੇ ਵਿਰੁੱਧ ਸ਼ਖ਼ਤੀ ਨਾਲ ਨਿਪਟਣ ਦੀ ਸਲਾਹ ਦਿੱਤੀ ਹੈ। ਹਾਲਾਂਕਿ, ਜ਼ਮੀਨੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਇਹ ਰੁਝਾਨ ਬੇਰੋਕ ਜਾਰੀ ਹੈ। ਉਸ ਸਮੇਂ ਦੀ ਸਕੂਲ ਸਿੱਖਿਆ ਪ੍ਰਮੁੱਖ ਸਕੱਤਰ ਅੰਜਲੀ ਭਾਵੜਾ ਨੇ 19 ਫਰਵਰੀ, 2015 ਨੂੰ 21 ਫਰਵਰੀ ਨੂੰ ਆਉਣ ਵਾਲੇ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦੀ ਪੂਰਵ ਸੰਧਿਆ 'ਤੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਲਿਖੇ ਇੱਕ ਪੱਤਰ ਵਿੱਚ, ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਸੀ ਕਿ ਪੰਜਾਬ ਸਰਕਾਰੀ ਭਾਸ਼ਾ ਐਕਟ 2008 ਦੇ ਅਨੁਸਾਰ ਦਸਵੀਂ ਜਮਾਤ ਤੱਕ ਸਾਰੇ ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਸਹੀ ਢੰਗ ਨਾਲ ਪੜ੍ਹਾਈ ਜਾਵੇ। ਉਨ੍ਹਾਂ ਦੇ ਪੱਤਰ ਵਿੱਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਸਰਕਾਰ ਨੂੰ ਰਿਪੋਰਟਾਂ ਮਿਲੀਆਂ ਹਨ ਕਿ ਵਿਦਿਆਰਥੀਆਂ ਨੂੰ ਪੰਜਾਬੀ ਵਿੱਚ ਬੋਲਣ ਕਾਰਣ ਸਜ਼ਾ ਦਿੱਤੀ ਜਾ ਰਹੀ ਹੈ, ਜੋ ਕਿ ਨਾ ਸਿਰ਼ਫ ਮਾਂ-ਬੋਲੀ ਦਾ ਨਿਰਾਦਰ ਹੈ ਬਲਕਿ ਬੱਚਿਆਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਵੀ ਹੈ।

ਫਰਵਰੀ 2019 ਵਿੱਚ, ਤਤਕਾਲੀ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨੇ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ ਅਤੇ ਭਾਰਤੀ ਸਕੂਲ ਸਰਟੀਫਿਕੇਟ ਪ੍ਰੀਖਿਆ ਪ੍ਰੀਸ਼ਦ ਨੂੰ ਲਿਖੇ ਆਪਣੇ ਪੱਤਰ ਵਿੱਚ ਇੱਕ ਵਾਰ ਫਿਰ ਇਹ ਮੁੱਦਾ ਉਠਾਇਆ। ਉਨ੍ਹਾਂ ਦੋਵਾਂ ਸੰਸਥਾਵਾਂ ਦੇ ਪ੍ਰਧਾਨਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਪੰਜਾਬ ਵਿੱਚ ਉਨ੍ਹਾਂ ਨਾਲ ਸਬੰਧਤ ਸਾਰੇ ਸਕੂਲ ਪੰਜਾਬੀ ਨੂੰ ਇੱਕ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ, ਜਿਵੇਂ ਕਿ ਰਾਜ ਦੇ ਕਾਨੂੰਨ ਦੁਆਰਾ ਲਾਜ਼ਮੀ ਹੈ, ਅਤੇ ਉਨ੍ਹਾਂ ਨੂੰ ਇਹ ਵੀ ਹਦਾਇਤਾਂ ਜਾਰੀ ਕਰਨ ਲਈ ਕਿਹਾ ਕਿ ਉਨ੍ਹਾਂ ਦੇ ਸਕੂਲ ਬੱਚਿਆਂ ਨੂੰ ਪੰਜਾਬੀ ਬੋਲਣ ਤੋਂ ਨਾ ਰੋਕਣ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਵਿਭਾਗ ਨੂੰ ਸ਼ਿਕਾਇਤਾਂ ਮਿਲੀਆਂ ਹਨ ਕਿ ਕੁਝ ਸਕੂਲ ਵਿਦਿਆਰਥੀਆਂ ਨੂੰ ਸਕੂਲ ਸਮੇਂ ਦੌਰਾਨ ਵਿਦਿਆਰਥੀਆਂ ਵਿਚਕਾਰ ਜਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚਕਾਰ ਗੈਰ-ਰਸਮੀ ਚਰਚਾਵਾਂ ਵਿੱਚ ਪੰਜਾਬੀ ਵਿੱਚ ਬੋਲਣ ਤੋਂ ਰੋਕ ਰਹੇ ਹਨ। ਕ੍ਰਿਸ਼ਨ ਕੁਮਾਰ ਨੇ ਆਪਣੇ ਪੱਤਰ ਵਿੱਚ ਦਲੀਲ ਦਿੱਤੀ ਕਿ ਇਹ ਵਿਦਿਆਰਥੀਆਂ ਦੇ ਮਾਨਸਿਕ ਵਿਕਾਸ 'ਤੇ ਮਾੜਾ ਪ੍ਰਭਾਵ ਪਾਉਂਦਾ ਹੈ ਕਿਉਂਕਿ ਉਨ੍ਹਾਂ ਵਿੱਚੋਂ ਕੁਝ ਨੂੰ ਆਪਣੇ ਆਪ ਨੂੰ ਪ੍ਰਗਟ ਕਰਨ ਵਿੱਚ ਮੁਸ਼ਕਲ ਆ ਸਕਦੀ ਹੈ। ਉਨ੍ਹਾਂ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ (ਸੈਕੰਡਰੀ) ਨੂੰ ਵੀ ਹਦਾਇਤਾਂ ਜਾਰੀ ਕੀਤੀਆਂ ਕਿ ਜੇਕਰ ਅਜਿਹੀ ਕੋਈ ਸ਼ਿਕਾਇਤ ਉਨ੍ਹਾਂ ਦੇ ਧਿਆਨ ਵਿੱਚ ਆਉਂਦੀ ਹੈ ਤਾਂ ਕਾਰਵਾਈ ਕੀਤੀ ਜਾਵੇ।

2019 ਵਿੱਚ, ਰਾਜ ਦੇ ਸਿੱਖਿਆ ਮੰਤਰੀ ਓ.ਪੀ. ਸੋਨੀ ਨੇ ਕਿਹਾ ਸੀ ਕਿ ਕਿਸੇ ਵੀ ਵਿਅਕਤੀ ਜਾਂ ਸਕੂਲ ਨੂੰ ਪੰਜਾਬੀ ਬੋਲਣ ਤੋਂ ਰੋਕ ਕੇ ਜਾਂ ਰਾਜ ਦੇ ਕਾਨੂੰਨ ਅਨੁਸਾਰ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਤੌਰ 'ਤੇ ਨਾ ਪੜ੍ਹਾ ਕੇ, ਬੱਚਿਆਂ ਵਿੱਚ ਉਨ੍ਹਾਂ ਦੀ ਮਾਤ ਭਾਸ਼ਾ ਪ੍ਰਤੀ ਹੀਣ ਭਾਵਨਾ ਪੈਦਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਪੰਜਾਬ ਜਾਗ੍ਰਿਤੀ ਮੰਚ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਨੇ ਕਿਹਾ, "ਜ਼ਿਆਦਾਤਰ ਪ੍ਰਾਈਵੇਟ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪੰਜਾਬੀ ਵਿੱਚ ਗੱਲਬਾਤ ਕਰਨ ਤੋਂ ਰੋਕਣ ਅਤੇ ਉਨ੍ਹਾਂ ਵਿੱਚ ਹੀਣ ਭਾਵਨਾ ਪੈਦਾ ਕਰਨ ਦਾ ਇੱਕ ਮਜ਼ਬੂਤ ਰੁਝਾਨ ਪ੍ਰਚਲਿਤ ਹੈ। ਰਾਜ ਸਰਕਾਰ ਨੂੰ ਇਸ ਪੰਜਾਬੀ ਵਿਰੋਧੀ ਰੁਝਾਨ ਵਿਰੁੱਧ ਕਾਰਵਾਈ ਕਰਨ ਦੀ ਲੋੜ ਹੈ, ਜੋ ਪੰਜਾਬੀ ਭਾਸ਼ਾ ਅਤੇ ਇੱਥੋਂ ਦੇ ਲੋਕਾਂ ਦੀ ਪਛਾਣ ਨੂੰ ਬਹੁਤ ਨੁਕਸਾਨ ਪਹੁੰਚਾ ਰਿਹਾ ਹੈ। ਸੀਬੀਐਸਈ ਅਤੇ ਸੀਆਈਐਸਸੀਈ ਨੂੰ ਵੀ ਪੰਜਾਬ ਵਿੱਚ ਆਪਣੇ ਸੰਬੰਧਿਤ ਸਕੂਲਾਂ ਨੂੰ ਇਸ ਸਬੰਧ ਵਿੱਚ ਨਿਰਦੇਸ਼ ਜਾਰੀ ਕਰਨੇ ਚਾਹੀਦੇ ਹਨ।"

## ਅਕਾਲੀ ਦਲ ਵਿਰੋਧ ਕਰੇਗਾ: ਸੁਖਬੀਰ

ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬੀ ਮਾਂ ਬੋਲੀ 'ਤੇ ਕੇਂਦਰੀ ਹਮਲੇ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਇਸ ਖ਼ਿਲਾ਼ਫ ਸਮੁੱਚੇ ਪੰਜਾਬੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ।

## ਕੇਂਦਰ ਦੀ ਨਵੀਂ ਸਿਖਿਆ ਨੀਤੀ ਰੱਦ ਕਰੇ ਪੰਜਾਬ ਸਰਕਾਰ : ਪਰਗਟ ਸਿੰਘ

ਸੂਬੇ ਦੇ ਸਿੱਖਿਆ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ 7 ਨਵੰਬਰ, 2021 ਦੀ ਆਪਣੀ ਫੇਸਬੁੱਕ ਪੋਸਟ ਸਾਂਝੀ ਕਰਦੇ ਹੋਏ, ਕਾਂਗਰਸੀ ਵਿਧਾਇਕ ਪ੍ਰਗਟ ਸਿੰਘ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟਸ 'ਤੇ ਪੋਸਟ ਕੀਤਾ ਕਿ 'ਨਵੀਂ ਸਿੱਖਿਆ ਨੀਤੀ' ਤਹਿਤ ਪੰਜਾਬੀ ਭਾਸ਼ਾ ਨੂੰ ਝਟਕਾ ਲੱਗਣ ਤੋਂ ਬਾਅਦ, ਭਗਵੰਤ ਮਾਨ ਸਰਕਾਰ ਵੱਲੋਂ ਬੀਤੇ ਦਿਨੀਂ ਸਾਰੇ ਸਕੂਲਾਂ ਵਿੱਚ ਪੰਜਾਬੀ ਨੂੰ ਲਾਜ਼ਮੀ ਵਿਸ਼ਾ ਬਣਾਉਣ ਲਈ ਜਾਰੀ ਕੀਤਾ ਗਿਆ ਨੋਟੀਫਿਕੇਸ਼ਨ ਸਿਰਫ਼ ਇੱਕ ਰਸਮੀ ਕਾਰਵਾਈ ਹੈ ਅਤੇ ਪੰਜਾਬੀਆਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਹੈ। ਮੈਂ ਸਾਰਿਆਂ ਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਮੈਂ ਸਿੱਖਿਆ ਮੰਤਰੀ ਹੋਣ ਦੇ ਨਾਤੇ, ਅਸੀਂ ਆਪਣੀ ਸਰਕਾਰ ਵਲੋਂ ਨਵੰਬਰ 2021 ਵਿੱਚ 'ਪੰਜਾਬੀ ਅਤੇ ਹੋਰ ਭਾਸ਼ਾਵਾਂ ਸਿੱਖਿਆ ਐਕਟ-2008' ਵਿੱਚ ਸੋਧ ਕਰਕੇ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਸਖ਼ਤੀ ਨਾਲ ਲਾਗੂ ਕਰ ਦਿੱਤਾ ਸੀ। ਅਸਲ ਸਵਾਲ ਇਹ ਹੈ ਕਿ ਜੇਕਰ ਮੌਜੂਦਾ ਭਗਵੰਤ ਮਾਨ ਸਰਕਾਰ ਭਾਜਪਾ ਅਤੇ ਆਰਐਸਐਸ ਦੇ ਏਜੰਡੇ 'ਤੇ ਨਹੀਂ ਚੱਲ ਰਹੀ ਹੈ, ਤਾਂ ਇਹ ਕੇਂਦਰ ਵੱਲੋਂ ਪੰਜਾਬ ਵਿਧਾਨ ਸਭਾ ਰਾਹੀਂ ਲਾਗੂ ਕੀਤੀ ਗਈ 'ਨਵੀਂ ਸਿੱਖਿਆ ਨੀਤੀ' ਨੂੰ ਰੱਦ ਕਿਉਂ ਨਹੀਂ ਕਰਦੀ ਅਤੇ ਸੂਬੇ ਲਈ ਆਪਣੀ ਸਿੱਖਿਆ ਨੀਤੀ ਕਿਉਂ ਨਹੀਂ ਬਣਾਉਂਦੀ?

## 'ਹਿੰਦੀ ਨੇ 100 ਸਾਲ ਪੁਰਾਣੀ 25 ਭਾਸ਼ਾਵਾਂ ਖਤਮ ਕੀਤੀਆਂ'! 'ਅਸੀਂ ਹਿੰਦੀ ਨਹੀਂ ਲਾਗੂ ਹੋਣ ਦੇਵਾਂਗੇ'-ਸਟਾਲਨ

ਇਸੇ ਪ੍ਰਸੰਗ ਵਿੱਚ ਤਾਮਿਲ ਨਾਡੂ ਦੇ ਮੁੱਖ ਮੰਤਰੀ ਐੱਮਕੇ ਸਟਾਲਿਨ ਦਾ ਬਿਆਨ ਧਿਆਨ ਖਿੱਚਦਾ ਹੈ ਕਿ ਕੇਂਦਰ ਵੱਲੋਂ ਨਵੀਂ ਸਿੱਖਿਆ ਨੀਤੀ ਦੀ ਆੜ ਹੇਠ ਹਿੰਦੀ ਠੋਸਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਅਤੇ ਉਨ੍ਹਾਂ ਦਾ ਸੂਬਾ 'ਭਾਸ਼ਾ ਦੀ ਇੱਕ ਹੋਰ ਲੜਾਈ' ਲਈ ਤਿਆਰ ਹੈ। ਉਨ੍ਹਾਂ ਮੁਤਾਬਿਕ, "ਜੇ ਤਾਮਿਲਨਾਡੂ ਨੂੰ 2000 ਕਰੋੜ ਰੁਪਏ ਦੇ ਫੰਡਾਂ ਖ਼ਾਤਿਰ ਨਵੀਂ ਸਿੱਖਿਆ ਨੀਤੀ ਉੱਪਰ ਸਹੀ ਪਾਉਣੀ ਪੈ ਗਈ ਤਾਂ ਸੂਬਾ 2000 ਸਾਲ ਪਿੱਛੇ ਚਲਿਆ ਜਾਵੇਗਾ। ਨਵੀਂ ਸਿੱਖਿਆ ਨੀਤੀ ਸਾਡੇ ਬੱਚਿਆਂ ਦੇ ਭਵਿੱਖ ਲਈ ਸਿੱਧਾ ਖ਼ਤਰਾ ਹੈ।" ਤਾਮਿਲਨਾਡੂ ਦੇ ਮੁੱਖ ਮੰਤਰੀ ਸਟਾਲਿਨ ਨੇ ਵੱਡਾ ਇਲਜ਼ਾਮ ਲਗਾਉਂਦੇ ਹੋਏ ਦਾਅਵਾ ਕੀਤਾ ਕਿ ਹਿੰਦੂ ਥੋਪਨ ਦੀ ਵਜ੍ਹਾ ਕਰਕੇ 100 ਪੁਰਾਣੀ 25 ਭਾਰਤੀ ਭਾਸ਼ਾਵਾਂ ਖਤਮ ਹੋ ਗਈਆਂ ਹਨ। ਸਟਾਲਿਨ ਨੇ ਕਿਹਾ ਇੱਕ ਅਖੰਡ ਹਿੰਦੀ ਪਹਿਚਾਣ ਦੀ ਕੋਸ਼ਿਸ਼ ਪੁਰਾਣੀ ਭਾਸ਼ਾਵਾਂ ਨੂੰ ਖਤਮ ਕਰ ਰਹੀ ਹੈ। ਸਟਾਲਿਨ ਨੇ ਕਿਹਾ ਦੂਜੇ ਸੂਬਿਆਂ ਵਿੱਚ ਰਹਿਣ ਵਾਲੇ ਲੋਕਾਂ ਨੇ ਕਦੇ ਇਹ ਸੋਚਿਆ ਹੈ ਕਿ ਹਿੰਦੀ ਨੇ ਤੁਹਾਡੀ ਭਾਸ਼ਾਵਾਂ ਨੂੰ ਨਿਗਲ ਲਿਆ ਹੈ ? ਭੋਜਪੁਰੀ, ਮੈਥਿਲੀ, ਅਵਧੀ, ਬ੍ਰਜ, ਬੁੰਦੇਲੀ, ਗੜਵਾਲੀ, ਕੁਾਉਨੀ, ਮਗਮੀ, ਛਤੀਸਗੜ੍ਹੀ ਇਹ ਸਾਰੀਆਂ ਭਾਸ਼ਾਵਾਂ ਦੀ ਹੋਂਦ ਹੀ ਖਤਮ ਹੋ ਗਈ ਹੈ। ਸਟਾਲਿਨ ਨੇ ਕਿਹਾ ਹਿੰਦੀ ਮੁਖੌਟਾ ਅਤੇ ਸੰਸਕ੍ਰਿਤ ਛੁਪਿਆ ਹੋਇਆ ਚਿਹਰਾ ਹੈ।

# ਗੋਦੀ ਮੀਡੀਆ ਦਾ ਬੋਲਬਾਲਾ ਕਿਉਂ ? ਖ਼ਬਰਾਂ ਅਤੇ ਰਾਏ ਵਿਚਲਾ ਫ਼ਰਕ ਖਤਮ ਹੋ ਗਿਆ ?

**ਖਾਸ ਖਬਰ** ✪ ਗਲਤ ਜਾਣਕਾਰੀ ਕਿਉ ਫੈਲਾ ਰਿਹਾ ਹੈ ਮੀਡੀਆ ? ✪ ਮੁਲਕ ਵਿਚ ਪਿਛਲੇ ਕੁਝ ਸਾਲਾਂ ਵਿੱਚ ਪ੍ਰਸਿੱਧ ਸੰਪਾਦਕ ਅਤੇ ਲੇਖਿਕਾ ਗੌਰੀ ਲੰਕੇਸ਼ ਸਣੇ ਸੌ ਤੋਂ ਵੱਧ ਪੱਤਰਕਾਰ ਮਾਰੇ ਗਏ ✪ ਵਸ਼ਿੰਗਟਨ ਟਾਈਮਜ਼ ਦੀ ਨਿਰਪੱਖਤਾ ਅਗੇ ਲੱਗੇ ਪ੍ਰਸ਼ਨ ਚਿੰਨ

ਅਜੋਕੇ ਯੁਗ ਦੌਰਾਨ ਅਖ਼ਬਾਰ ਬੌਣੇ ਹੋ ਗਏ ਹਨ, ਲੋਕਾਂ ਨੇ ਟੀਵੀ 'ਤੇ ਖ਼ਬਰਾਂ ਦੇਖਣੀਆਂ ਬੰਦ ਕਰ ਦਿੱਤੀਆਂ ਹਨ ਅਤੇ ਨਕਾਰਾਤਮਕ ਖ਼ਬਰਾਂ ਭਾਰੂ ਹੋ ਗਈਆਂ ਹਨ। ਖ਼ਬਰਾਂ ਅਤੇ ਰਾਏ ਵਿਚਲਾ ਫ਼ਰਕ ਖਤਮ ਹੋ ਗਿਆ ਹੈ, ਗਲਤ ਜਾਣਕਾਰੀ ਬਹੁਤ ਜ਼ਿਆਦਾ ਫੈਲੀ ਹੋਈ ਹੈ। ਮੀਡੀਆ ਦੀ ਹਾਲਤ ਬਹੁਤ ਵਿਗੜ ਗਈ ਹੈ। ਪ੍ਰੈਸ ਨੂੰ ਖਰੀਦ ਕੇ ਕਾਰਪੋਰੇਟਾਈਜ਼ ਕਰ ਦਿੱਤਾ ਗਿਆ ਹੈ। ਖ਼ਬਰਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾਣ ਲੱਗਾ ਅਤੇ ਜਨਤਾ ਦੀ ਵੋਟ ਤੇ ਜਮਹੂਰੀਅਤ ਨੂੰ ਕੁਚਲ ਦਿੱਤਾ ਗਿਆ। ਹਾਲ ਹੀ ਦੇ ਸਾਲਾਂ ਵਿੱਚ ਇੰਡੀਆ ਵਿਚ ਵੀ ਇਹੀ ਕੁਝ ਵਾਪਰਿਆ ਹੈ, ਜੋ ਵੀ ਹਿੰਮਤ ਦਿਖਾਉਂਦਾ ਹੈ, ਉਸ 'ਤੇ ਮਾਣਹਾਨੀ, ਦੇਸ ਧ੍ਰੋਹ ਜਾਂ ਅਪਰਾਧਿਕ ਮਾਮਲੇ ਦਰਜ ਕੀਤੇ ਜਾਂਦੇ ਹਨ। ਜੇਲ੍ਹ ਦੀਆਂ ਸਲਾਖਾਂ ਪਿੱਛੇ ਭੇਜਿਆ ਜਾਂਦਾ ਹੈ। ਪ੍ਰੈਸ ਆਜ਼ਾਦੀ ਸੂਚਕ ਅੰਕ ਵਿੱਚ 180 ਦੇਸ਼ਾਂ ਵਿਚੋਂ 159ਵੇਂ ਸਥਾਨ 'ਤੇ ਇੰਡੀਆ ਹੈ। ਪੱਤਰਕਾਰਾਂ ਨੂੰ ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏਪੀਏ) ਸਣੇ ਹੋਰ ਧਾਰਾਵਾਂ ਤਹਿਤ ਗ੍ਰਿਫ਼ਤਾਰ ਕਰਨ ਵਰਗੇ ਮਾਮਲੇ ਇੰਡੀਆ ਵਿਚ ਵਾਪਰ ਚੁਕੇ ਹਨ। ਮੁਲਕ ਵਿਚ ਪਿਛਲੇ ਕੁਝ ਸਾਲਾਂ ਵਿੱਚ ਪ੍ਰਸਿੱਧ ਸੰਪਾਦਕ ਅਤੇ ਲੇਖਿਕਾ ਗੌਰੀ ਲੰਕੇਸ਼ ਸਣੇ ਸੌ ਤੋਂ ਵੱਧ ਪੱਤਰਕਾਰ ਮਾਰੇ ਗਏ ਹਨ।

ਪੱਤਰਕਾਰ ਹੋਣਾ ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਖਤਰੇ ਭਰਪੂਰ ਹੈ। ਸੰਪਾਦਕ ਪੱਤਰਕਾਰਾਂ ਨੂੰ ਕਹਿੰਦੇ ਹਨ ਕਿ ਉਨ੍ਹਾਂ ਨੂੰ ਅਜਿਹੀਆਂ ਖ਼ਬਰਾਂ ਲਿਆਉਣੀਆਂ ਚਾਹੀਦੀਆਂ ਹਨ ਜੋ ਉਨ੍ਹਾਂ ਅਤੇ ਉਨ੍ਹਾਂ ਦੇ ਮਾਲਕਾਂ ਲਈ ਫਾਇਦੇਮੰਦ ਹੋਣ। ਇਸ ਤੋਂ ਇਲਾਵਾ, ਪੱਤਰਕਾਰਾਂ ਨੂੰ ਤੋਤੇ ਵਾਂਗ ਸਰਕਾਰ ਦੇ ਪ੍ਰਚਾਰ ਨੂੰ ਦੁਹਰਾਉਣ ਲਈ ਕਿਹਾ ਜਾਂਦਾ ਹੈ। ਹਰ ਚੀਜ਼ ਦਾ ਕਾਰਪੋਰੇਟੀਕਰਨ ਕਰ ਦਿੱਤਾ ਗਿਆ ਹੈ ਅਤੇ ਸਰਕਾਰ ਦੇ ਰੰਗ ਵਿੱਚ ਰੰਗ ਦਿੱਤਾ ਗਿਆ ਹੈ। ਸ਼ਬਦਾਂ ਅਤੇ ਭਾਸ਼ਾ ਸ਼ੈਲੀ ਦਾ ਹੁਣ ਕੋਈ ਮਹੱਤਵ ਨਹੀਂ ਰਿਹਾ। ਸਟੇਟ ਮੀਡੀਆ ਰਾਹੀਂ ਆਪਣਾ ਸੱਜੇ-ਪੱਖੀ ਏਜੰਡਾ ਅੱਗੇ ਵਧਾਉਂਦੀ ਹੈ। ਖੱਬੇ-ਪੱਖੀ ਉਸਦਾ ਵਿਰੋਧ ਕਰਦੇ ਹਨ। ਜਿਸ ਨੂੰ ਸੱਚ ਮੰਨਿਆ ਜਾਂਦਾ ਹੈ, ਉਹ ਅਕਸਰ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਸਬੰਧਤ ਪੱਤਰਕਾਰ ਕਿਸ ਰਾਜਨੀਤਿਕ ਵਿਚਾਰਧਾਰਾ ਦਾ ਪਾਲਣ ਕਰਦਾ ਹੈ। ਇਹੀ ਕਾਰਣ ਹੈ ਕਿ ਕੁਝ ਸਮਾਂ ਪਹਿਲਾਂ ਪ੍ਰਸਿਧ ਪੱਤਰਕਾਰ ਰਿਵੀਸ਼ ਨੂੰ ਐਨਡੀ ਟੀਵੀ ਛੱਡਣਾ ਪਿਆ ਅੱਜਕਲ ਉਹ ਆਪਣਾ ਯੂ ਟਿਊਬ ਚੈਨਲ ਚਲਾ ਰਿਹਾ ਹੈ।

ਸੋ ਪੱਤਰਕਾਰ ਡਾਇਨਾਸੋਰਾਂ ਵਾਂਗ ਗਾਇਬ ਹੋ ਚੁਕੇ ਹਨ। ਹੁਣ ਜਾਂ ਤਾਂ ਸਰਕਾਰ ਦੀਆਂ ਕਠਪੁਤਲੀਆਂ ਹਨ ਜਾਂ ਕਾਰਪੋਰੇਟਾਂ ਦੇ ਗੁਲਾਮ ਬਚੇ ਹਨ। ਪੱਤਰਕਾਰਾਂ ਦੀ ਹੁਣ ਕੋਈ ਲੋੜ ਨਹੀਂ ਹੈ। ਕਿਉਂ ਕਿ ਏਆਈ ਸਿਸਟਮ ਇਸ ਦਾ ਬਦਲ ਬਣ ਰਿਹਾ ਹੈ ?

ਮੀਡੀਆ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ ਜਾਂ ਘੱਟੋ ਘੱਟ ਇਸਨੂੰ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਲਈ ਸਾਰੇ




ਯਤਨ ਕੀਤੇ ਜਾ ਰਹੇ ਹਨ। ਇਸ ਹਫ਼ਤੇ, ਵਾਸ਼ਿੰਗਟਨ ਪੋਸਟ ਦੇ ਮਾਲਕ ਜੈਫ ਬੇਜੋਸ ਨੇ ਉਹੀ ਕੀਤਾ ਜੋ ਭਾਰਤ ਵਿੱਚ ਘੱਟੋ-ਘੱਟ 11 ਸਾਲਾਂ ਤੋਂ ਹੋ ਰਿਹਾ ਹੈ। ਜਿਸ ਵਿਅਕਤੀ ਨੇ 2013 ਵਿੱਚ ਅਖਬਾਰ ਨੂੰ ਵਿੱਤੀ ਤਬਾਹੀ ਤੋਂ ਬਚਾਉਣ ਲਈ ਖਰੀਦਿਆ ਸੀ, ਉਸ ਨੇ ਇੱਕ ਸਖ਼ਤ ਐਲਾਨ ਕੀਤਾ ਹੈ ਕਿ ਅਖਬਾਰ ਦੇ ਰਾਏ ਪੰਨਿਆਂ 'ਤੇ ਸਿਰਫ਼ ਉਹੀ ਵਿਚਾਰ ਪ੍ਰਕਾਸ਼ਿਤ ਹੋਣਗੇ ਜੋ ਵਿਅਕਤੀਗਤ ਆਜ਼ਾਦੀ ਅਤੇ ਖੁੱਲ੍ਹੇ ਬਾਜ਼ਾਰਾਂ ਦਾ ਸਮਰਥਨ ਕਰਨ ਵਾਲੇ ਹੋਣਗੇ । ਇਸ ਐਲਾਨ ਤੋਂ ਬਾਅਦ, ਅਖਬਾਰ ਦੇ ਚੋਟੀ ਦੇ ਰਾਏ ਸੰਪਾਦਕ, ਡੇਵਿਡ ਸ਼ਿਪਲੇ, ਜੋ ਪਾਬੰਦੀਆਂ ਦੇ ਹੱਕ ਵਿੱਚ ਨਹੀਂ ਸਨ, ਨੇ ਤੁਰੰਤ ਅਸਤੀਫਾ ਦੇ ਦਿੱਤਾ। ਅਤੇ ਉਸਨੇ ਸਹੀ ਕੰਮ ਕੀਤਾ।

ਇਹ ਖ਼ਬਰ ਹੈਰਾਨ ਕਰਨ ਵਾਲੀ ਸੀ ਅਤੇ ਇਸ ਨੇ ਸਪੱਸ਼ਟ ਕਰ ਦਿੱਤਾ ਕਿ ਬੇਜੋਸ ਇੱਕ ਸੁਤੰਤਰ ਨਿਊਜ਼ ਮਾਧਿਅਮ ਦਾ ਮਾਲਕ ਨਹੀਂ ਰਹਿਣਾ ਚਾਹੁੰਦਾ ਸੀ। ਉਹ ਇੱਕ ਭੌਂਪੂ ਚਾਹੁੰਦੇ ਹਨ, ਇੱਕ ਰਾਜਨੀਤਿਕ ਔਜ਼ਾਰ ਜੋ ਉਨ੍ਹਾਂ ਦੇ ਵਪਾਰਕ ਹਿੱਤਾਂ ਨੂੰ ਲਾਭ ਪਹੁੰਚਾਏ।

ਫੇਸਬੁੱਕ ਦੇ ਮਾਲਕ ਮੈਟਾ ਅਤੇ ਏਬੀਸੀ ਨਿਊਜ਼ ਨੇ ਮਾਣਹਾਨੀ ਦੇ ਮਾਮਲਿਆਂ ਵਿੱਚ ਟਰੰਪ ਨੂੰ ਅਦਾਲਤ ਤੋਂ ਬਾਹਰ ਸਮਝੌਤੇ ਵਿੱਚ ਲੱਖਾਂ ਡਾਲਰ ਦਾ ਭੁਗਤਾਨ ਕੀਤਾ ਹੈ, ਅਤੇ ਰਾਸ਼ਟਰਪਤੀ ਅਜੇ ਵੀ ਸੀਬੀਐਸ ਨਿਊਜ਼ ਵਿਰੁੱਧ 10 ਬਿਲੀਅਨ ਡਾਲਰ ਤੱਕ ਦੇ ਹਰਜਾਨੇ ਦੀ ਮੰਗ ਕਰਦੇ ਹੋਏ ਮੁਕੱਦਮਾ ਲੜ ਰਹੇ ਹਨ। ਇਹ ਮੁਕੱਦਮਾ ਕਮਲਾ ਹੈਰਿਸ ਨਾਲ ਇੱਕ ਇੰਟਰਵਿਊ ਦੇ ਕਥਿਤ ਭਰਮਾਊ ਸੰਪਾਦਨ ਨਾਲ ਸਬੰਧਤ ਹੈ ਜੋ ਪ੍ਰੋਗਰਾਮ 60 ਮਿੰਟ ਵਿੱਚ ਪ੍ਰਸਾਰਿਤ ਹੋਇਆ ਸੀ। ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਵ੍ਹਾਈਟ ਹਾਊਸ 'ਤੇ ਪ੍ਰੈਸ ਦੀ ਆਜ਼ਾਦੀ ਨਾਲ ਸਮਝੌਤਾ ਕਰਨ ਦਾ ਦੋਸ਼ ਲਗਾਇਆ ਜਾ ਰਿਹਾ ਹੈ ਕਿਉਂਕਿ ਇਹ ਐਲਾਨ ਕੀਤਾ ਗਿਆ ਸੀ ਕਿ ਵ੍ਹਾਈਟ ਹਾਊਸ ਇਹ ਫੈਸਲਾ ਕਰੇਗਾ ਕਿ ਕਿਹੜੇ ਪੱਤਰਕਾਰਾਂ ਅਤੇ ਨਿਊਜ਼ ਸੰਗਠਨਾਂ ਨੂੰ ਟਰੰਪ ਨਾਲ ਨੇੜਿਓਂ ਗੱਲਬਾਤ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਪਹਿਲਾਂ, ਪ੍ਰੈਸ ਪੂਲ ਸੰਬੰਧੀ ਫੈਸਲੇ ਵ੍ਹਾਈਟ ਹਾਊਸ ਕੌਰਸਪੌਂਡੈਂਟਸ ਐਸੋਸੀਏਸ਼ਨ ਨਾਮਕ ਇੱਕ ਸੁਤੰਤਰ ਸੰਸਥਾ ਦੁਆਰਾ ਲਏ ਜਾਂਦੇ ਸਨ।

ਦੁਨੀਆ ਭਰ ਦੇ ਲੋਕਪ੍ਰਿਯ ਨੇਤਾ ਪ੍ਰੈਸ ਦਾ ਗਲਾ ਘੁੱਟਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਵਾਰ-ਵਾਰ ਮੀਡੀਆ ਨੂੰ ਜਨਤਾ ਦਾ ਦੁਸ਼ਮਣ ਕਹਿ ਕੇ ਨਿਸ਼ਾਨਾ ਬਣਾ ਰਹੇ ਹਨ। ਮੀਡੀਆ ਦੀ ਭਰੋਸੇਯੋਗਤਾ ਖਤਮ ਹੋ ਗਈ ਹੈ। ਅਤੇ ਜੋ ਕੁਝ ਵੀ ਬਚਿਆ ਸੀ - ਘੱਟੋ ਘੱਟ ਭਾਰਤ ਵਿੱਚ - ਉਹ ਵੀ ਪੱਤਰਕਾਰਾਂ ਦੇ ਭ੍ਰਿਸ਼ਟ ਮੁਜਰਾ ਤੋਂ ਬਾਅਦ ਖਤਮ ਹੋ ਗਿਆ ਹੈ।

ਇਹ ਕਿੰਨਾ ਦੁਖਦਾਈ ਹੈ। ਲੋਕਤੰਤਰ ਹਨੇਰੇ ਵਿੱਚ ਡੁੱਬਦਾ ਜਾ ਰਿਹਾ ਹੈ ਅਤੇ ਮਰ ਰਿਹਾ ਹੈ। ਲੋਕਤੰਤਰ ਦੇ ਝੰਡਾਬਰਦਾਰਾਂ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਹਨ ਕਿਉਂਕਿ ਪੱਤਰਕਾਰ ਭਵਿੱਖ ਦੇ ਤਾਨਾਸ਼ਾਹ ਦੇ ਔਜ਼ਾਰ ਬਣਨ ਲਈ ਖੁਸ਼ੀ ਨਾਲ ਸਹਿਮਤ ਹੋ ਗਏ ਹਨ। ਅਜ਼ਾਦ ਪੱਤਰਕਾਰੀ ਨੇ ਸਟੇਟ ਤੇ ਕਾਰਪੋਰੇਟ ਦੀ ਗੁਲਾਮੀ ਸਵੀਕਾਰ ਕਰ ਲਈ ਹੈ ਜੋ ਆਪਣੇ ਆਲੋਚਕਾਂ ਨੂੰ ਡਰਾਉਣ ਦੀ ਕੋਸ਼ਿਸ਼ ਕਰਦੇ ਹਨ। ਡਰੀ ਤੇ ਵਿਕਾਊ ਪੱਤਰਕਾਰੀ ਲੋਕਾਂ ਤੇ ਲੋਕ ਹਿਤਾਂ ਦੀ ਬੁਲਾਰਾ ਕਿਵੇਂ ਹੋ ਸਕਦੀ ਹੈ। ਲੋਕਤੰਤਰੀ ਵਿਵਸਥਾ ਫਿਰ ਕਿਵੇ ਬੱਚ ਸਕਦੀ ਹੈ ?

ਮੀਡੀਆ ਦੀ ਅਜ਼ਾਦੀ ਦੇ ਮਾਮਲੇ ਵਿੱਚ ਭਾਰਤ ਦੀ ਮੰਦੀ ਹੋ ਰਹੀ ਹਾਲਤ ਅਸਲ ਵਿੱਚ ਇੱਥੇ ਫਾਸ਼ੀਵਾਦ ਦੇ ਮਜਬੂਤ ਹੁੰਦੇ ਜਾਣ ਦਾ ਹੀ ਪ੍ਰਤੀਕ ਹੈ। ਅਜਿਹੀ ਹਾਲਤ ਦਾ ਟਾਕਰਾ ਕਰਨਾ ਰਵਾਇਤੀ ਮੀਡੀਆ ਦੇ ਵੱਸੋਂ ਬਾਹਰੀ ਗੱਲ ਹੈ। ਇਸ ਹਾਲਤ ਦਾ ਟਾਕਰਾ ਅਜਿਹਾ ਮੀਡੀਆ ਹੀ ਕਰ ਸਕਦਾ ਹੈ ਜਿਹੜਾ ਮੀਡੀਆ ਸਿੱਧੀ ਤਰ੍ਹਾਂ ਲੋਕਾਂ ਦੀ ਇਨਕਲਾਬੀ ਜੱਦੋ-ਜਹਿਦ ਨਾਲ਼ ਜੁੜਿਆ ਹੋਵੇ, ਜੋ ਪੂਰੀ ਤਰ੍ਹਾਂ ਲੋਕਾਂ ਲਈ ਸਮਰਪਿਤ ਹੋਵੇ ਤੇ ਲੋਕਾਂ ਦੇ ਦਮ ਉੱਪਰ ਚੱਲੇ। ਇੰਝ ਫਾਸ਼ੀਵਾਦ ਖਿਲਾਫ ਜਥੇਬੰਦ ਰੂਪ ਵਿੱਚ ਇਨਕਲਾਬੀ ਸੰਘਰਸ਼ਾਂ ਦੇ ਅੰਗ ਵਜੋਂ ਇਨਕਲਾਬੀ ਮੀਡੀਆ ਹੀ ਮੌਜੂਦਾ ਹਾਲਤਾਂ ਵਿੱਚ ਹਾਕਮ ਜਮਾਤ ਦੇ ਹਮਲੇ ਤੋਂ ਕਾਫੀ ਹੱਦ ਤੱਕ ਬਚਿਆ ਰਹਿ ਸਕਦਾ ਹੈ ਤੇ ਲੋਕਾਂ ਦੀ ਧਿਰ ਮੱਲਦੇ ਹੋਏ ਅਸਲ ਪੱਤਰਕਾਰੀ ਕਰ ਸਕਦਾ ਹੈ।

## ਮਾਇਆਵਤੀ ਵਲੋਂ ਜਾਨਸ਼ੀਨ ਭਤੀਜਾ ਪਾਰਟੀ ਤੋਂ ਫਿਰ ਕੀਤਾ ਲਾਂਭੇ



ਲਖਨਊ-ਬਸਪਾ ਸੁਪਰੀਮੋ ਮਾਇਆਵਤੀ ਨੇ ਆਪਣੇ ਜਾਨਸ਼ੀਨ ਤੇ ਨੈਸ਼ਨਲ ਕੋਆਰਡੀਨੇਟਰ ਭਤੀਜੇ ਆਕਾਸ਼ ਆਨੰਦ ਨੂੰ ਬੀਤੇ ਐਤਵਾਰ ਪਾਰਟੀ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਸੀ। ਮਾਇਆਵਤੀ ਨੇ ਕਿਹਾ ਕਿ ਪਾਰਟੀ ਦੇ ਹਿੱਤਾਂ ਵਿੱਚ ਆਕਾਸ਼ ਨੂੰ ਸਾਰੇ ਅਹੁਦਿਆਂ ਤੋਂ ਹਟਾਇਆ ਗਿਆ ਹੈ। ਮਾਇਆਵਤੀ ਨੇ ਕੁਝ ਦਿਨ ਪਹਿਲਾਂ ਆਕਾਸ਼ ਦੇ ਸਹੁਰੇ ਤੇ ਸਾਬਕਾ ਰਾਜ ਸਭਾ ਮੈਂਬਰ ਅਸ਼ੋਕ ਸਿਧਾਰਥ ਨੂੰ ਪਾਰਟੀ ਵਿਰੋਧੀ ਸਰਗਰਮੀਆਂ ਤੇ ਗੁਟਬਾਜ਼ੀ ਦੇ ਦੋਸ਼ਾਂ ਵਿੱਚ ਪਾਰਟੀ ਵਿੱਚੋਂ ਕੱਢ ਦਿੱਤਾ ਸੀ। ਬਸਪਾ ਮੁਖੀ ਨੇ ਹੁਣ ਆਪਣੇ ਭਰਾ ਤੇ ਆਕਾਸ਼ ਦੇ ਪਿਤਾ ਆਨੰਦ ਕੁਮਾਰ ਅਤੇ ਰਾਜ ਸਭਾ ਮੈਂਬਰ ਰਾਮਜੀ ਗੌਤਮ ਨੂੰ ਕੌਮੀ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਆਨੰਦ ਕੁਮਾਰ ਦਿੱਲੀ ਵਿੱਚ ਰਹਿ ਕੇ ਸਰਗਰਮੀ ਕਰਨਗੇ, ਜਦਕਿ ਗੌਤਮ ਦੇਸ਼ ਭਰ ਵਿੱਚ ਪਾਰਟੀ ਹਮਾਇਤੀਆਂ ਨਾਲ ਸੰਪਰਕ ਕਰਨਗੇ। ਯੂ ਪੀ ਦੀ ਸਾਬਕਾ ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਹੁਣ ਉਸ ਦੇ ਜਿਊਂਦੇ ਜੀਅ ਪਾਰਟੀ ਵਿੱਚ ਕੋਈ ਜਾਨਸ਼ੀਨ ਨਹੀਂ ਹੋਵੇਗਾ। ਉਨ੍ਹਾ ਜ਼ੋਰ ਦਿੰਦਿਆਂ ਕਿਹਾ ਕਿ ਉਨ੍ਹਾ ਲਈ ਪਾਰਟੀ ਸਰਵਉੱਚ ਹੈ ਤੇ ਰਿਸ਼ਤੇਦਾਰੀ ਬਾਅਦ ਵਿਚ। ਆਨੰਦ (30) ਬਸਪਾ ਦਾ ਕੌਮੀ ਕੋਆਰਡੀਨੇਟਰ ਅਤੇ ਮਾਇਆਵਤੀ ਦਾ ਸਿਆਸੀ ਜਾਨਸ਼ੀਨ ਸੀ। ਮਾਇਆਵਤੀ ਨੇ ਪਿਛਲੇ ਸਾਲ ਵੀ ਲੋਕ ਸਭਾ ਚੋਣਾਂ ਦੌਰਾਨ ਆਨੰਦ ਨੂੰ ਜਾਨਸ਼ੀਨ ਤੇ ਨੈਸ਼ਨਲ ਕੋਆਰਡੀਨੇਟਰ ਦੇ ਅਹੁਦਿਆਂ ਤੋਂ ਬਰਖਾਸਤ ਕਰ ਦਿੱਤਾ ਸੀ। ਹਾਲਾਂਕਿ ਬਾਅਦ ਵਿੱਚ ਚੋਣਾਂ ਦੇ ਨਤੀਜਿਆਂ ਤੋਂ ਇਕ ਮਹੀਨੇ ਬਾਅਦ ਉਸ ਨੂੰ ਬਹਾਲ ਕਰ ਦਿੱਤਾ ਸੀ। ਬਸਪਾ ਨੂੰ ਚੋਣਾਂ ਵਿੱਚ ਕੋਈ ਸੀਟ ਨਹੀਂ ਮਿਲੀ ਸੀ। ਮੀਟਿੰਗ, ਜਿਸ ਵਿੱਚ ਕਈ ਸੂਬਾਈ ਪ੍ਰਧਾਨ ਵੀ ਸ਼ਾਮਲ ਹੋਏ, ਵਿਚ 2027 ਵਿੱਚ ਯੂ ਪੀ ਅਸੈਂਬਲੀ ਦੀਆਂ ਚੋਣਾਂ ਤੋਂ ਪਹਿਲਾਂ ਪਾਰਟੀ ਨੂੰ ਮਜ਼ਬੂਤ ਕਰਨ ਬਾਰੇ ਵਿਚਾਰਾਂ ਹੋਈਆਂ। ਮੀਟਿੰਗ ਵਿੱਚ ਮਾਇਆਵਤੀ ਦੇ ਭਰਾ ਆਨੰਦ ਤੋਂ ਇਲਾਵਾ ਕੌਮੀ ਜਨਰਲ ਸਕੱਤਰ ਸਤੀਸ਼ ਚੰਦਰਾ ਵੀ ਸ਼ਾਮਲ ਹੋਏ, ਪਰ ਆਕਾਸ਼ ਆਨੰਦ ਨਹੀਂ ਆਇਆ। ਮਾਇਆਵਤੀ ਨੇ ਕਿਹਾ ਕਿ ਆਕਾਸ਼ ਆਨੰਦ ਦੇ ਸਿਆਸੀ ਕੈਰੀਅਰ ਨੂੰ ਉਸ ਦੇ ਸਹੁਰੇ ਨੇ ਬਰਬਾਦ ਕਰ ਦਿੱਤਾ ਹੈ ਅਤੇ ਉਹ ਆਪਣੀ ਧੀ ਤੇ ਆਕਾਸ਼ ਦੀ ਪਤਨੀ ਪ੍ਰਗਿਆ ਰਾਹੀਂ ਅੱਗੇ ਵੀ ਅਸਰ ਪਾ ਸਕਦਾ ਹੈ।

# ਅਕਾਲ ਤਖਤ ਸਾਹਿਬ ਪਿਛੇ ਉਸਰਨ ਲੱਗੀ ਬਹੁਮੰਜ਼ਿਲਾ ਇਮਾਰਤ

## ✪ ਅਕਾਲ ਤਖਤ ਸਾਹਿਬ ਦੀ 450 ਸਾਲਾ ਆਭਾ ਤੇ ਵਿਰਾਸਤ ਨੂੰ ਲੱਗੀ ਢਾਹ, ਸ਼੍ਰੋਮਣੀ ਕਮੇਟੀ ਨੇ ਨੋਟਿਸ ਨਾ ਲਿਆ



ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਰ ਸੇਵਾ ਤਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਗਲਿਆਰੇ ਵਿਚ ਸਿੰਘ ਸਾਹਿਬਾਨ ਦੀ ਰਿਹਾਇਸ਼ ਲਈ ਉਸਾਰੀ ਅਧੀਨ ਬਹੁਮੰਜ਼ਿਲਾ ਇਮਾਰਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀਆਂ ਪਰਿਕਰਮਾ ਵਿਚੋਂ ਹੀ ਦਿਸਣ ਲੱਗ ਪਈ ਹੈ। ਜਦਕਿ ਇਸ ਇਮਾਰਤ ਉਪਰ ਹੋਰ ਵੀ ਮੰਜਿਲਾਂ ਅਜੇ ਬਣਨੀਆਂ ਹਨ। ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਇਸ ਇਮਾਰਤ ‘ਤੇ ਇਤਰਾਜ਼ ਕੀਤਾ ਗਿਆ ਹੈ। ਸਰਪ੍ਰਸਤ ਮਨਮੋਹਨ ਸਿੰਘ ਬਰਾੜ, ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ, ਹਰਦੀਪ ਸਿੰਘ ਚਾਹਲ ਅਤੇ ਕਾਰਜਕਾਰੀ ਪ੍ਰਧਾਨ ਰਾਜਵਿੰਦਰ ਸਿੰਘ ਗਿੱਲ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ 450 ਸਾਲ ਪੁਰਾਣੀ ਵਿਰਾਸਤੀ ਮਹਿਮਾ ਅਤੇ ਆਭਾ ਨੂੰ ਇਹ ਇਮਾਰਤ ਢਾਹ ਲਗਾ ਰਹੀ ਹੈ ਜਿਸ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਜਾਂਦੀ ਹੈ। ਉਨ੍ਹਾਂ ਇਸ ਕੁਤਾਹੀ ਨੂੰ ਗੰਭੀਰਤਾ ਸਹਿਤ ਵਿਚਾਰਦੇ ਹੋਏ ਪੁਰਜ਼ੋਰ ਸ਼ਬਦਾਂ ਵਿੱਚ ਮੰਗ ਕੀਤੀ ਹੈ ਕਿ ਮੀਰੀ ਪੀਰੀ ਦੇ ਸਰਬਸ੍ਰੇਸ਼ਟ ਸੰਕਲਪ ਦੇ ਵਿਸ਼ਵੀ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਗਲਿਆਰੇ ਵਿੱਚ ਸਿੰਘ ਸਾਹਿਬਾਨ ਦੀ ਰਹਾਇਸ਼ ਲਈ ਉਸਾਰੀ ਅਧੀਨ ਬਹੁਮੰਜ਼ਿਲਾ ਇਮਾਰਤ ਦੀ ਹੋਰ ਉਸਾਰੀ ਤੁਰੰਤ ਰੋਕ ਦਿੱਤੀ ਜਾਵੇ ਅਤੇ ਉਪਰਲੀਆਂ ਮੰਜ਼ਿਲਾਂ, ਜੋ ਘੰਟਾ ਘਰ ਦੇ ਪਰਿਵੇਸ਼ ਦੁਆਰ ਤੋਂ ਦ੍ਰਿਸ਼ਟੀਗੋਚਰ ਹਨ ਉਸ ਨੂੰ ਢਾਹ ਦਿੱਤਾ ਜਾਵੇ। ਸਮੇਂ ਦੀਆਂ ਵੱਧ ਰਹੀਆਂ ਜ਼ਰੂਰਤਾਂ ਮੁਤਾਬਿਕ ਨਵੀਆਂ ਇਮਾਰਤਾਂ ਦੀ ਉਸਾਰੀ ਤਾਂ ਜਾਇਜ਼ ਹੈ, ਪ੍ਰੰਤੂ ਧਾਰਮਿਕ ਮਹੱਤਤਾ ਵਾਲੇ ਹਰੇਕ ਪਵਿੱਤਰ ਧਾਮ ਦੇ ਨਜ਼ਦੀਕ ਅਤੇ ਆਲੇ ਦੁਆਲੇ ਉਸਾਰੀ ਜਾਣ ਵਾਲੀ ਨਵੀਂ ਇਮਾਰਤ ਦਾ ਨਕਸ਼ਾ ਅਤੇ ਉਸਾਰੀ ਵਿਰਾਸਤੀ ਮਾਹਿਰਾਂ ਅਤੇ ਹੁਨਰਮੰਦਾਂ ਦੀ ਦੇਖ ਰੇਖ ਹੇਠ ਕਰਵਾਈ ਜਾਣੀ ਲਾਜ਼ਮੀ ਹੈ। ਪ੍ਰੰਤੂ ਲਗਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜ਼ਿੰਮੇਵਾਰ ਅਹੁਦੇਦਾਰ ਅਤੇ ਅਧਿਕਾਰੀ ਕਾਰ ਸੇਵਾ ਦੀ ਮਰਿਆਦਾ ਲਾਗੂ ਕਰਦਿਆ ਹੋਇਆ ਨਵੀਂ ਉਸਾਰੀ ਲਈ ਜ਼ਰੂਰੀ ਸ਼ਰਤਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ।

## ਸਪੇਨ ਵਿਖੇ ਰੇਨਏਅਰ ਏਅਰਲਾਈਨ ਵਿਚ ਪਹਿਲਾ ਸਿੱਖ ਗਭਰੂ ਮਨਰਾਜ ਸਿੰਘ ਪਾਇਲਟ ਬਣਿਆ



ਅੰਮ੍ਰਿਤਸਰ-ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਰੇਨਏਅਰ ਏਅਰਲਾਈਨ ਸਪੇਨ ਵਿਖੇ ਨਿਯੁਕਤ ਹੋਣ ਤੋਂ ਬਾਅਦ ਪਾਇਲਟ ਮਨਰਾਜ ਸਿੰਘ ਔਜਲਾ ਪਰਿਵਾਰ ਸਮੇਤ ਨਤਮਸਤਕ ਹੋਣ ਲਈ ਪਹੁੰਚੇ। ਗੁਰੂ ਘਰ ਸ਼ੁਕਰਾਨੇ ਲਈ ਪਹੁੰਚੇ ਮਨਰਾਜ ਸਿੰਘ ਔਜਲਾ ਨੂੰ ਪਰਿਵਾਰ ਸਮੇਤ ਸੂਚਨਾ ਕੇਂਦਰ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਸਰਬਜੀਤ ਸਿੰਘ, ਰਣਜੀਤ ਸਿੰਘ ਆਦਿ ਵਲੋਂ ਸਨਮਾਨਿਤ ਕੀਤਾ ਗਿਆ। ਮਨਰਾਜ ਸਿੰਘ ਨੇ ਦੱਸਿਆ ਕਿ 18 ਸਾਲ ਦੀ ਉਮਰ ਹੁੰਦਿਆਂ ਹੀ ਉਸ ਨੇ ਪਾਇਲਟ ਬਣਨ ਲਈ ਪੜ੍ਹਾਈ ਸ਼ੁਰੂ ਕਰ ਦਿੱਤੀ ਸੀ ਜੋ ਤਿੰਨਾਂ ਸਾਲਾਂ ਵਿੱਚ ਪੂਰੀ ਕਰਨ ਤੋਂ ਬਾਅਦ ਹੁਣ ਉਹ ਰੇਨਏਅਰ ਏਅਰਲਾਈਜ ਸਪੇਨ ਵਿੱਚ ਪਹਿਲੇ ਸਿੱਖ ਪਾਇਲਟ ਵਜੋਂ ਨਿਯੁਕਤ ਹੋਏ ਹਨ। ਉਨ੍ਹਾਂ ਦੱਸਿਆ ਕਿ ਸਪੇਨ ਵਿੱਚ ਰੇਨਏਅਰ ਏਅਰਲਾਈਨ ਵਿੱਚ ਉਹ ਪਹਿਲੇ ਸਿੱਖ ਹਨ ਜੋ ਪਾਇਲਟ ਵਜੋਂ ਕੰਮ ਕਰਨਗੇ।

# ਕੈਨੇਡਾ ਦੇ ਪਹਿਲੇ ਦਸਤਾਰਧਾਰੀ ਸਿੱਖ ਪੁਲਿਸ ਅਫਸਰ ਸ. ਬਲਤੇਜ ਸਿੰਘ ਢਿੱਲੋਂ ਨੇ ਸੈਨਟਰ ਵਜੋਂ ਅਹੁਦਾ ਸੰਭਾਲਿਆ



ਸਰੀ (ਡਾ. ਗੁਰਵਿੰਦਰ ਸਿੰਘ ਦੀ ਕਲਮ ਤੋਂ)-ਕੈਨੇਡਾ ਦੇ ਇਤਿਹਾਸ ਵਿੱਚ ਸਿੱਖਾਂ ਲਈ ਵਿਸ਼ੇਸ਼ ਕਰਕੇ ਅਤੇ ਬਹੁਤ ਸੱਭਿਆਚਾਰਕ ਢਾਂਚੇ ਵਜੋਂ ਆਮ ਕਰਕੇ, ਇਹ ਪੰਨਾ ਸੁਨਹਿਰੀ ਹੋ ਨਿਬੜਿਆ, ਜਦੋਂ ਸਿੱਖ ਭਾਈਚਾਰੇ ਦੀ ਸ਼ਖਸੀਅਤ ਬਲਤੇਜ ਸਿੰਘ ਢਿੱਲੋਂ ਨੇ ਕੈਨੇਡਾ ਦੇ ਸੈਨੇਟਰ ਵਜੋਂ ਅਹੁਦਾ ਸੰਭਾਲਿਆ ਹੈ। ਸਿਰਫ ਕੈਨੇਡਾ ਹੀ ਨਹੀਂ, ਬਲਕਿ ਸੰਸਾਰ ਭਰ ’ਚ ਵੱਸਦੇ ਸਿੱਖਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਦੀ ਧਰਤੀ ’ਤੇ ਰੌਇਲ ਕੈਨੇਡੀਅਨ ਮੌਂਟਿਡ ਪੁਲਿਸ੍ ਛੰਫ ਦੇ ਪਹਿਲੇ ਦਸਤਾਰਧਾਰੀ ਸਿੱਖ ਅਫਸਰ ਸ. ਬਲਤੇਜ ਸਿੰਘ ਢਿੱਲੋਂ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ, ਕੈਨੇਡਾ ਦੇ ਸੈਨੇਟਰ ਵਜੋਂ ਨਿਯੁਕਤ ਕੀਤਾ ਗਿਆ। ਸੰਨ 1991 ਵਿੱਚ ਬਲਤੇਜ ਸਿੰਘ ਢਿੱਲੋਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਕੈਨੇਡਾ ਦੀ ਪੁਲਿਸ ਵਿੱਚ ਦਸਤਾਰ ਸਜਾਉਣ ਵਾਲੇ ਪਹਿਲੇ ਅਧਿਕਾਰੀ ਬਣੇ ਸਨ ਉਹ 16 ਸਾਲ ਦੀ ਉਮਰੇ ਆਪਣੇ ਮਾਤਾ ਜੀ ਤੇ ਭੈਣਾਂ ਨਾਲ ਕੈਨੇਡਾ ਦੀ ਧਰਤੀ ’ਤੇ ਆਏ ਅਤੇ ਲੰਮੇ ਸੰਘਰਸ਼ ਵਿੱਚੋਂ ਦੀ ਲੰਘੇ।

ਇੱਥੇ ਵੱਡੇ ਭਾਈ ਤੇ ਭਰਜਾਈ ਦੇ ਸਹਿਯੋਗ ਨਾਲ ਉਹ ਅਗਾਂਹ ਵਧਦੇ ਗਏ। ਨਸਲਵਾਦੀ ਮੁਸ਼ਕਲਾਂ ਵਿੱਚੋਂ ਦੀ ਲੰਘ ਕੇ ਉਹ ਜ਼ਿੰਦਗੀ ਦੇ ਉੱਚੇ ਥਾਂ ’ਤੇ ਪਹੁੰਚੇ। ਕੈਨੇਡਾ ਵਸਦੇ ਸਿੱਖਾਂ ਸਮੇਤ, ਬਹੁ-ਸੱਭਿਆਚਾਰਕ ਭਾਈਚਾਰਿਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਅਜਿਹੇ ਵਿਅਕਤੀ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਸੈਨੇਟਰ ਚੁਣਿਆ ਹੈ। ਸੈਨੇਟਰ ਦੀ ਉਪਾਧੀ ਕੈਨੇਡਾ ਵਿੱਚ ਉੱਪਰਲੇ ਸਦਨ ਵਿੱਚ ਸਨਮਾਨਯੋਗ ਮੰਨੀ ਜਾਂਦੀ ਹੈ।

ਸ. ਬਲਤੇਜ ਸਿੰਘ ਢਿੱਲੋਂ ਬੇਹੱਦ ਨਰਮ, ਸਾਦੇ, ਗੁਰਬਾਣੀ ਨਾਲ ਜੁੜੇ ਅਤੇ ਕੈਨੇਡਾ ਦੇ ਬਹੁ ਸੱਭਿਆਚਾਰਕ ਢਾਂਚੇ ਦੇ ਪ੍ਰਤੀਕ ਵਜੋਂ ਮੰਨੇ ਜਾਂਦੇ ਹਨ। ਉਹ ਅਕਸਰ ਗੁਰਮਤਿ ਦੇ ਆਸ਼ੇ ਅਨੁਸਾਰ ਕੀਰਤਨ ਅਤੇ ਗੁਰਮਤਿ ਵਿਚਾਰਾਂ ਕਰਨ ਦੇ ਨਾਲ-ਨਾਲ, ਵਿਆਹ-ਸ਼ਾਦੀਆਂ ਅਤੇ ਹੋਰਨਾਂ ਸਮਾਗਮਾਂ ਵਿੱਚ ਸੰਗਤਾਂ ਨੂੰ ਸੰਬੋਧਨ ਵੀ ਕਰਦੇ ਰਹਿੰਦੇ ਹਨ। ਸਰਦਾਰ ਬਲਤੇਜ ਸਿੰਘ ਢਿੱਲੋਂ ਦੀ ਕੈਨੇਡਾ ਦੇ ਸੈਨੇਟਰ ਵਜੋਂ ਨਿਯੁਕਤੀ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਕੈਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ ਅਤੇ ਸਮੂਹ ਕੈਨੇਡਾ ਵਾਸੀਆਂ ਦਾ ਧੰਨਵਾਦ ਹੈ, ਜਿਨਾਂ ਨੇ ਸਿੱਖੀ ਦੇ ਜਜ਼ਬੇ ਨੂੰ ਸਮਰਪਿਤ ਆਲਾ ਦਰਜੇ ਦੇ ਅਫਸਰ ਅਤੇ ਸਾਊ ਇਨਸਾਨ ਨੂੰ ਇਸ ਮੁਕਾਮ ਤੱਕ ਪਹੁੰਚਾਇਆ।

## ਬਾਦਲ ਅਕਾਲੀ ਦਲ ਲੁਧਿਆਣਾ ਪੱਛਮੀ ਤੋਂ ਚੋਣ ਲੜੇਗਾ

### ✪ ਜ਼ਿਮਨੀ ਚੋਣ ਲਈ ਪਾਰਟੀ ਬਕਾਇਦਾ ਆਗੂਆਂ ਦੀ ਡਿਊਟੀ ਲਗਾਏਗੀ-ਚੀਮਾ



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਲੁਧਿਆਣਾ (ਪੱਛਮੀ) ਦੀ ਜ਼ਿਮਨੀ ਚੋਣ ਤੋਂ ਇਲਾਵਾ ਬਲਾਕ ਸਮਿਤੀ ਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਲੜਨ ਦਾ ਫ਼ੈਸਲਾ ਕੀਤਾ ਹੈ। ਹਾਲੇ ਚੋਣ ਕਮਿਸ਼ਨ ਨੇ ਜ਼ਿਮਨੀ ਚੋਣ ਦੀ ਤਰੀਕ ਐਲਾਨੀ ਨਹੀਂ ਹੈ ਪਰ ਅਕਾਲੀ ਦਲ ਨੇ ਆਪਣੀ ਸਥਾਨਕ ਲੀਡਰਸ਼ਿਪ ਨੂੰ ਰਣਨੀਤੀ ਤਿਆਰ ਕਰਨ ਲਈ ਆਖ ਦਿੱਤਾ ਹੈ। ਡਾ. ਚੀਮਾ ਨੇ ਕਿਹਾ ਕਿ ਜ਼ਿਮਨੀ ਚੋਣ ਲਈ ਪਾਰਟੀ ਬਕਾਇਦਾ ਆਗੂਆਂ ਦੀ ਡਿਊਟੀ ਲਗਾਏਗੀ। ਉਨ੍ਹਾਂ ਦੱਸਿਆ ਕਿ ਮਈ ਮਹੀਨੇ ਵਿੱਚ ਹੋਣ ਵਾਲੀਆਂ ਬਲਾਕ ਸਮਿਤੀ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਵੀ ਪਾਰਟੀ ਲੜੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਗੁਰਦੁਆਰਾ ਚੋਣ ਕਮਿਸ਼ਨ ਕੋਲ ਜੋ ਸ਼ਿਕਾਇਤ ਕੀਤੀ ਗਈ ਸੀ, ਉਸ ਦਾ ਜੁਆਬ ਪਾਰਟੀ ਨੂੰ ਮਿਲ ਗਿਆ ਹੈ। ਚੀਮਾ ਨੇ ਕਿਹਾ ਕਿ ਹਰ ਵੋਟਰ ਦੇ ਨਾਮ ਨਾਲ ਕੌਰ ਜਾਂ ਸਿੰਘ ਲੱਗਿਆ ਹੋਣਾ ਲਾਜ਼ਮੀ ਹੈ ਪ੍ਰੰਤੂ ਜੋ ਕਮਿਸ਼ਨ ਨੇ ਮੁਹੰਮਦ ਸਦੀਕ ਬਨਾਮ ਦਰਬਾਰਾ ਸਿੰਘ ਗੁਰੂ ਦੇ ਕੇਸ ਦੇ ਹਵਾਲੇ ਨਾਲ ਜੁਆਬ ਭੇਜਿਆ ਹੈ, ਉਸ ਦੀ ਕਾਨੂੰਨੀ ਮਾਹਿਰਾਂ ਤੋਂ ਘੋਖ ਕਰਵਾਈ ਜਾਵੇਗੀ ਅਤੇ ਇਸ ਉਪਰੰਤ ਮੁੜ ਪਾਰਟੀ ਗੁਰਦੁਆਰਾ ਚੋਣ ਕਮਿਸ਼ਨ ਨੂੰ ਮਿਲੇਗੀ।

ਮਾਮਲਾ 1993 ਦੇ ਝੂਠੇ ਪੁਲਿਸ ਮੁਕਾਬਲਾ ਦਾ

# ਸਾਬਕਾ ਐਸ.ਐਚ.ਓ. ਸਮੇਤ 2 ਪੁਲਿਸ ਮੁਲਾਜ਼ਮ ਦੋਸ਼ੀ ਕਰਾਰ

## 6 ਮਾਰਚ ਨੂੰ ਦੋਸ਼ੀਆਂ ਨੂੰ ਸਜ਼ਾ ਸੁਣਾਏਗੀ ਅਦਾਲਤ



ਐੱਸ. ਏ. ਐੱਸ. ਨਗਰ-ਮੁਹਾਲੀ ਦੀ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ 1993 ਦੇ ਇਕ ਫਰਜ਼ੀ ਪਲਿਸ ਮੁਕਾਬਲੇ ਦੇ ਮਾਮਲੇ ਵਿਚ ਫ਼ੈਸਲਾ ਸੁਣਾਉਂਦਿਆਂ ਦੋ ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਜਾਣਕਾਰੀ ਅਨੁਸਾਰ ਸੀ.ਬੀ.ਆਈ ਨੇ ਸੁਪਰੀਮ ਕੋਰਟ ਦੇ ਹੁਕਮਾਂ ਦੇ ਆਧਾਰ 'ਤੇ ਇਸ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਸੀ। ਇਸ ਮਾਮਲੇ ਸੰਬੰਧੀ ਸ਼ੁਰੂਆਤੀ ਜਾਂਚ ਕਰਕੇ 27.ਨਵੰਬਰ 1996 ਨੂੰ ਸੀ. ਬੀ. ਆਈ. ਨੇ ਗਵਾਹ ਗਿਆਨ ਸਿੰਘ ਦਾ ਬਿਆਨ ਦਰਜ ਕੀਤਾ ਸੀ, ਜਿਸ ਤੋਂ ਬਾਅਦ ਫਰਵਰੀ 1997 ਵਿਚ ਸੀ.ਬੀ.ਆਈ. ਵਲੋਂ ਪੁਲਿਸ ਚੌਕੀ ਕੈਰੋਂ ਅਤੇ ਥਾਣਾ ਪੱਟੀ ਦੇ ਏ. ਐਸ. ਆਈ. ਨੌਰੰਗ ਸਿੰਘ ਅਤੇ ਹੋਰਨਾਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਸੀ ਉਕਤ ਮਾਮਲੇ ਬਾਰੇ ਸੀ. ਬੀ. ਆਈ. ਦੇ ਸਰਕਾਰੀ ਵਕੀਲ ਅਨਮੋਲ ਨਾਰੰਗ ਨੇ ਦੱਸਿਆ ਕਿ ਅਦਾਲਤ ਨੇ ਮੁਲਜ਼ਮ ਸੀਤਾ ਰਾਮ ਤੇ ਸਹਿ-ਮੁਲਜ਼ਮ ਰਾਜਪਾਲ (57) ਨੂੰ ਅਪਰਾਧ ਕਰਨ ਲਈ ਦੋਸ਼ੀ ਠਹਿਰਾਇਆ ਹੈ। ਅਨਮੋਲ ਨਾਰੰਗ ਵਲੋਂ ਇਹ ਵੀ ਜਾਣਕਾਰੀ ਸਾਂਝੀ ਕੀਤੀ ਗਈ ਕਿ ਸੀ.ਬੀ.ਆਈ. ਦੀ ਜਾਂਚ ਇਹ ਸਾਬਤ ਕਰਦੀ ਹੈ ਕਿ 30. ਜਨਵਰੀ. 1993 ਨੂੰ ਗੁਰਦੇਵ ਸਿੰਘ ਉਰਫ਼ ਦੇਬਾ ਪੁੱਤਰ ਗਿਆਨ ਸਿੰਘ ਵਾਸੀ ਗਲੀਲੀਪੁਰ (ਤਰਨ ਤਾਰਨ) ਨੂੰ ਪੁਲਿਸ ਚੌਕੀ ਕਰਨ (ਤਰਨ ਤਾਰਨ) ਦੇ ਮੁਖੀ ਏ. ਐੱਸ. ਆਈ. ਨੌਰੰਗ ਸਿੰਘ ਦੀ ਅਗਵਾਈ ਵਾਲੀ ਪੁਲਿਸ ਪਾਰਟੀ ਵਲੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਹਿਰਾਸਤ ਵਿਚ ਲਿਆ ਸੀ ਅਤੇ ਇਸ ਤੋਂ ਬਾਅਦ 05.02.1993 ਨੂੰ ਇਕ ਹੋਰ ਨੌਜਵਾਨ ਸੁਖਵੰਤ ਸਿੰਘ ਨੂੰ ਏ. ਐਸ. ਆਈ. ਦੀਦਾਰ ਸਿੰਘ ਦੀ ਅਗਵਾਈ ਵਾਲੀ ਪੁਲਿਸ ਪਾਰਟੀ ਵਲੋਂ ਪਿੰਡ ਬਾਹਮਣੀਵਾਲਾ (ਤਰਨ ਤਾਰਨ) ਤੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਹਿਰਾਸਤ ਵਿਚ ਲਿਆ ਗਿਆ ਸੀ। ਇਸ ਤੋਂ ਬਾਅਦ ਵਿਚ ਉਨ੍ਹਾਂ ਦੋਵਾਂ ਨੂੰ 6.ਫ਼ਰਵਰੀ.1993 ਨੂੰ ਥਾਣਾ ਪੱਟੀ ਦੇ ਭਾਗੂਪੁਰ ਇਲਾਕੇ ਵਿਚ ਇਕ ਮੁਕਾਬਲਾ ਵਿਖਾ ਕੇ ਮਾਰ ਦਿੱਤਾ ਗਿਆ ਸੀ ਅਤੇ ਮੁਕਾਬਲੇ ਦੀ ਝੂਠੀ ਕਹਾਣੀ ਬਣਾ ਕੇ ਥਾਣਾ ਪੱਟੀ ਵਿਖੇ ਐਫ. ਆਈ. ਆਰ. ਦਰਜ ਕੀਤੀ ਗਈ ਸੀ। ਦੋਵਾਂ ਮਿਬਕਾਂ ਦੀਆਂ ਲਾਸ਼ਾਂ ਦਾ ਸਸਕਾਰ ਪੁਲਿਸ ਵਲੋਂ ਲਾਵਾਰਸ ਦੱਸ ਕੇ ਕਰ ਦਿੱਤਾ ਸੀ। ਉਸ ਸਮੇਂ ਪੁਲਿਸ ਵਲੋਂ ਦਾਅਵਾ ਕੀਤਾ ਗਿਆ ਸੀ ਕਿ ਉਹ ਦੋਵੇਂ ਕਤਲ ਤੇ ਜ਼ਬਰਦਸਤੀ ਆਦਿ ਅਪਰਾਧਾਂ ਦੇ 300 ਮਾਮਲਿਆਂ ਵਿਚ ਸ਼ਾਮਿਲ ਹਨ, ਪਰ ਜਾਂਚ ਦੌਰਾਨ ਇਹ ਤੱਥ ਗ਼ਲਤ ਪਾਇਆ ਗਿਆ। 2000 ਵਿਚ ਮਾਮਲੇ ਦੀ ਜਾਂਚ ਪੂਰੀ ਹੋਣ ਉਪਰੰਤ ਸੀ.ਬੀ.ਆਈ. ਨੇ ਤਰਨ ਤਾਰਨ ਦੇ 11 ਪੁਲਿਸ ਅਧਿਕਾਰੀਆਂ, ਜਿਨ੍ਹਾਂ ਵਿਚ ਨੌਰੰਗ ਸਿੰਘ ਤਤਕਾਲੀ ਇੰਚਾਰਜ ਪੀ. ਪੀ. ਕੈਰੋਂ, ਏ. ਐੱਸ. ਆਈ. ਦੀਦਾਰ ਸਿੰਘ, ਕਸ਼ਮੀਰ ਸਿੰਘ ਤਤਕਾਲੀ ਡੀ. ਐੱਸ. ਪੀ. ਪੱਟੀ, ਸੀਤਾ ਰਾਮ ਤਤਕਾਲੀ ਐੱਸ. ਐੱਚ. ਓ. ਪੱਟੀ, ਦਰਸ਼ਨ ਸਿੰਘ, ਗੋਬਿੰਦਰ ਸਿੰਘ ਤਤਕਾਲੀ ਐੱਸ. ਐੱਚ. ਓ. ਵਲਟੋਹਾ, ਏ. ਐੱਸ. ਆਈ. ਸ਼ਮੀਰ ਸਿੰਘ, ਏ. ਐੱਸ. ਆਈ ਫਕੀਰ ਸਿੰਘ, ਕਾਂਸਟੇਬਲ ਸਰਦੂਲ ਸਿੰਘ, ਕਾਂਸਟੇਬਲ ਰਾਜਪਾਲ ਅਤੇ ਕਾਂਸਟੇਬਲ ਅਮਰਜੀਤ ਸਿੰਘ ਵਿਰੁੱਧ ਦੋਸ਼ ਪੱਤਰ ਪੇਸ਼ ਕੀਤਾ ਸੀ ਅਤੇ ਉਨ੍ਹਾਂ ਵਿਰੁੱਧ 2001 ਵਿਚ ਦੋਸ਼ ਤੈਅ ਕੀਤੇ ਗਏ ਸਨ। ਇਸ ਤੋਂ ਬਾਅਦ ਪੰਜਾਬ ਡਿਸਟਰਬਡ ਏਰੀਆ ਐਕਟ 1983 ਦੇ ਤਹਿਤ ਲੋੜੀਂਦੀ ਮਨਜ਼ੂਰੀ ਦੀ ਅਪੀਲ ਦੇ ਆਧਾਰ 'ਤੇ ਉੱਚ ਅਦਾਲਤਾਂ ਵਲੋਂ 2021 ਤੱਕ ਕੇਸ 'ਤੇ ਰੋਕ ਲਗਾ ਦਿੱਤੀ ਗਈ ਸੀ, ਜਿਸ ਨੂੰ ਬਾਅਦ ਵਿਚ ਖਾਰਜ ਕਰ ਦਿੱਤਾ ਗਿਆ ਸੀ।

ਪੀੜਤ ਪਰਿਵਾਰਾਂ ਦੇ ਵਕੀਲ ਸਰਬਜੀਤ ਸਿੰਘ ਵੇਰਕਾ ਦਾ ਕਹਿਣਾ ਹੈ ਕਿ ਸੀ. ਬੀ. ਆਈ. ਨੇ ਇਸ ਕੇਸ ਵਿਚ 48 ਗਵਾਹਾਂ ਦਾ ਹਵਾਲਾ ਦਿੱਤਾ ਸੀ, ਪਰ ਮੁਕੱਦਮੇ ਦੌਰਾਨ ਸਿਰਫ਼ 22 ਗਵਾਹਾਂ ਨੂੰ ਹੀ ਪੇਸ਼ ਕੀਤਾ ਗਿਆ ਸੀ ਕਿਉਂਕਿ 23 ਗਵਾਹਾਂ ਦੀ ਕਾਰਵਾਈ ਲੰਬਿਤ ਹੋਣ ਕਾਰਨ ਮੌਤ ਹੋ ਗਈ ਸੀ। ਇਸ ਮਾਮਲੇ ਦੀ ਸੁਣਵਾਈ ਦੀ ਕਾਰਵਾਈ ਸ਼ੁਰੂ ਹੋਣ ਤੋਂ 2 ਸਾਲਾਂ ਦੇ ਅੰਦਰ ਸੀ. ਬੀ. ਆਈ. ਦੇ ਵਿਸ਼ੇਸ਼ ਜੱਜ ਰਾਕੇਸ਼ ਕੁਮਾਰ ਗੁਪਤਾ ਦੀ ਅਦਾਲਤ ਨੇ ਫ਼ੈਸਲਾ ਸੁਣਾਇਆ ਅਤੇ ਉਕਤ 2 ਮੁਲਜ਼ਮਾਂ ਨੂੰ ਦੋਸ਼ੀ ਠਹਿਰਾਇਆ, ਜਦਕਿ 5 ਮੁਲਜ਼ਮਾਂ ਨੂੰ ਸ਼ੱਕ ਦਾ ਲਾਭ ਦੇ ਕੇ ਬਰੀ ਕਰ ਦਿੱਤਾ। ਸੀ. ਬੀ. ਆਈ ਦੀ ਵਿਸ਼ੇਸ਼ ਅਦਾਲਤ ਵਲੋਂ ਸਜ਼ਾ ਤੈਅ ਕਰਨ ਲਈ ਉਕਤ ਮਾਮਲੇ ਦੀ ਸੁਣਵਾਈ 6 ਮਾਰਚ ਤੱਕ ਮੁਲਤਵੀ ਕਰ ਦਿੱਤੀ ਗਈ ਹੈ।

# ਕਿਉਂ ਪੁਲਿਸ ਮੁਕਾਬਲੇ ਹੋ ਰਹੇ ਨੇ ਪੰਜਾਬ ਵਿਚ ?

**ਅੰਮ੍ਰਿਤਸਰ ਵਿਚ ਗ੍ਰਨੇਡ ਹਮਲੇ ਕਰਨ ਵਾਲੇ ਦਾ ਪੁਲਿਸ ਮੁਕਾਬਲੇ ਪਿਛੇ ਕੀ ਸੱਚਾਈ ਹੈ ! ਪੁਲਸ ਵੱਲੋਂ ਐਨਕਾਊਂਟਰ ਕੀਤੇ ਮੋਹਿਤ ਦਾ ਪਰਿਵਾਰ ਨੇ ਦਸਿਆ ਸੱਚ**



ਬਟਾਲਾ-ਪੁਲਸ ਨੇ ਕਾਰਵਾਈ ਕਰਦਿਆਂ ਅੰਮ੍ਰਿਤਸਰ ਦੇ ਜੈਂਤੀਪੁਰ ਅਤੇ ਬਟਾਲਾ ਦੇ ਰਾਇਮਲ ਵਿਖੇ ੀ ਬੰਬ ਧਮਾਕਿਆਂ ਦੇ ਕੇਸ ਵਿੱਚ ਸ਼ਾਮਲ ਮੁੱਖ ਦੋਸ਼ੀ, ਜਿਸ ਦੀ ਪਛਾਣ ਮੋਹਿਤ ਵਜੋਂ ਹੋਈ ਹੈ, ਨੂੰ ਪੰਜਾਬ ਪੁਲਸ ਦੀਆਂ ਟੀਮਾਂ ਨੇ ਵੀਰਵਾਰ ਦੇਰ ਸ਼ਾਮ ਬਟਾਲਾ ਵਿਚ ਹੋਏ ਪੁਲਸ ਮੁਕਾਬਲੇ ਦੌਰਾਨ ਕੀਤੀ ਗਈ ਜਵਾਬੀ ਗੋਲੀਬਾਰੀ ਵਿੱਚ ਮਾਰ ਮੁਕਾਇਆ ਸੀ। ਪੁਲਿਸ ਅਨੁਸਾਰ ਇਸ ਦੌਰਾਨ ਇੱਕ 30 ਬੋਰ ਦਾ ਪਿਸਤੌਲ, ਜਿਸਦੀ ਵਰਤੋਂ ਮੋਹਿਤ ਨੇ ਪੁਲਸ ਪਾਰਟੀ 'ਤੇ ਗੋਲੀਬਾਰੀ ਕਰਨ ਲਈ ਕੀਤੀ ਸੀ, ਬਰਾਮਦ ਕੀਤਾ ਗਿਆ। ਇਸ ਤੋਂ ਇਲਾਵਾ ਵਿਸ਼ਾਲ ਭੱਟੀ ਪੁੱਤਰ ਸੱਜਣ, ਵਾਸੀ ਬਸਰਪੁਰਾ, ਬਟਾਲਾ ਵੀ ਗ੍ਰਿਫਤਾਰ ਹੋ ਚੁੱਕਿਆ ਹੈ ਤੇ ਰਵਿੰਦਰ ਸਿੰਘ, ਵਾਸੀ ਬੁੱਢੇ ਦੀ ਖੂਈ ਤੇ ਰਾਜਬੀਰ ਪੁੱਤਰ ਅਮਰਬੀਰ ਵਾਸੀ ਬੁੱਢੇ ਦੀ ਖੂਈ ਦੀ ਗ੍ਰਿਫਤਾਰੀ ਅਜੇ ਬਾਕੀ ਹੈ।

### ਕੀ ਹੈ ਇਸ ਪਿਛੇ ਸਚਾਈ

ਇਸ ਸਭ ਤੋਂ ਬਾਅਦ ਮੋਹਿਤ ਦੇ ਪਰਿਵਾਰ ਦਾ ਬਿਆਨ ਸਾਹਮਣੇ ਆਇਆ ਹੈ। ਮਾਪਿਆਂ ਨੇ ਕਿਹਾ ਕਿ ਉਨ੍ਹਾਂ ਦਾ ਪੁੱਤ ਗੁਰੂ ਘਰ ਨਾਲ ਜੁੜਿਆ ਹੋਇਆ ਸੀ ਅਤੇ ਗੁਰੂ ਘਰ ਸੇਵਾ ਕਰਦਾ ਸੀ। ਸਾਨੂੰ ਯਕੀਨ ਹੈ ਸਾਡਾ ਪੁੱਤ ਅਪਰਾਧ ਨਹੀਂ ਕਰ ਸਕਦਾ, ਪੁਲਸ ਵਲੋਂ ਨਾਜਾਇਜ਼ ਸਾਡੇ ਪੁੱਤ ਦਾ ਐਨਕਾਊਂਟਰ ਕੀਤਾ ਗਿਆ ਹੈ। ਮਾਪਿਆਂ ਨੇ ਕਿਹਾ ਕਿ ਇਕ ਮਹੀਨਾ ਹੀ ਕੰਮ ਦੇ ਜਾਂਦੇ ਹੋਇਆ ਸੀ ਅਤੇ ਰੋਜ਼ ਘਰ ਆਉਂਦਾ ਸੀ ਪਰ ਪਿਛਲੇ 2 ਦਿਨ ਤੋਂ ਘਰ ਨਹੀਂ ਆਇਆ ਜਿਸ ਤੋਂ ਬਾਅਦ ਬੀਤੀ ਰਾਤ ਖ਼ਬਰਾਂ ਤੋਂ ਪਤਾ ਲਗਾ ਕਿ ਸਾਡੇ ਪੁੱਤ ਦਾ ਪੁਲਸ ਵੱਲੋਂ ਐਨਕਾਊਂਟਰ ਕਰ ਦਿੱਤਾ ਗਿਆ ਹੈ।

ਸ਼ੋਸ਼ਲ ਮੀਡੀਆ ਉਪਰ ਅਕਾਲੀ ਆਗੂ ਕਰਨੈਲ ਸਿੰਘ ਪੰਜੋਲੀ ਤੇ ਮਨੁੱਖੀ ਅਧਿਕਾਰਾਂ ਦੇ ਆਗੂ ਆਖ ਰਹੇ ਕਨ ਕਿ ਪੰਜਾਬ ਨੂੰ ਇੱਕ ਵਾਰ ਮੁੜ ਮੁਕੰਮਲ ਪੁਲਸ ਰਾਜ ਵਿੱਚ ਬਦਲਣ ਦੀ ਸ਼ਾਜਿਸ਼ ਕੇਂਦਰ ਸਰਕਾਰ ਦੇ ਇਸ਼ਾਰਾ ਉਪਰ ਆਰੰਭ ਹੋ ਚੁੱਕੀ ਹੈ। ਮਨੁੱਖੀ ਅਧਿਕਾਰ ਸੰਗਠਨ ਅਨੁਸਾਰ ਆਮ ਆਦਮੀ ਪਾਰਟੀ ਦੇ ਪਿਛਲੇ ਦੋ ਸਾਲ ਦੇ ਕਾਰਜਕਾਲ ਦੌਰਾਨ ਪੰਜਾਬ ਪੁਲਸ ਕਰੀਬ ਦੋ ਦਰਜਨ ਨੌਜਵਾਨਾਂ ਨੂੰ ਗੈਂਗਸਟਰਾਂ ਦੇ ਲੇਬਲ ਹੇਠ ਝੂਠੇ ਮੁਕਾਬਲੇ ਬਣਾ ਚੁੱਕੀ ਹੈ। ਪੰਜਾਬ ਦੀ ਕਿਸੇ ਵੀ ਰਾਜਸੀ ਪਾਰਟੀ ਨੇ ਇਸ ਪੁਲਸ ਦਮਨ ਚੱਕਰ ਖਿਲਾਫ ਬਣਦੀ ਆਵਾਜ਼ ਨਹੀਂ ਉਠਾਈ। ਹੁਣ ਤੱਕ ਨਾ ਹੀ ਇਸ ਮਸਲੇ ਪ੍ਰਤੀ ਕਿਸੇ ਜੱਥੇਬੰਦੀ ਨੇ ਤੱਥਾਂ ਦੀ ਪੜਤਾਲ ਕੀਤੀ ਅਤੇ ਨਾ ਹੀ ਅਦਾਲਤਾਂ ਨੇ ਪੁਲਸ ਮੁਕਾਬਲਿਆਂ ਦੇ ਦਾਅਵਿਆਂ ਦੀ ਕੋਈ ਜਾਂਚ ਕਰਵਾਈ ਹੈ। ਕਿਸੇ ਨੂੰ ਕੋਈ ਸ਼ੱਕ ਹੈ ਕਿ ਇਹ ਹਿਰਾਸਤੀ ਕਤਲ ਨਹੀਂ ਹੈ ?

ਜਿਹੜੀ ਸਕ੍ਰਿਪਟ ਪੁਲਿਸ ਨੇ ਮੋਹਿਤ ਦੇ ਕਤਲ ਤੋਂ ਬਾਅਦ ਦੱਸੀ ਹੈ, ਇਹ ਪੰਜਾਬ ਵਿੱਚ ਵੱਖ-ਵੱਖ ਥਾਵਾਂ 'ਤੇ ਹੁਣ ਤੱਕ ਦਰਜਨਾਂ ਵਾਰ ਦੁਹਰਾਈ ਜਾ ਚੁੱਕੀ ਹੈ। ਪਹਿਲਾਂ ਇਹ ਸਕ੍ਰਿਪਟ ਹਿਰਾਸਤ ਵਿਚਲੇ ਕਥਿਤ ਗੈਂਗਸਟਰਾਂ ਜਾਂ ਹੋਰ ਦੋਸ਼ੀਆਂ ਨੂੰ ਜ਼ਖਮੀ ਕਰਨ ਲਈ ਵਰਤੀ ਜਾ ਰਹੀ ਸੀ ਪਰ ਹੁਣ ਇਹ ਸਿੱਧੀ-ਸਿੱਧੀ ਕਤਲਾਂ ਲਈ ਵੀ ਦੁਹਰਾਈ ਜਾਣ ਲੱਗ ਪਈ ਹੈ। ਇਹ ਉਹੀ ਸਰਕਾਰੀ ਅਤੇ ਪੁਲਿਸ ਸਥਾਪਤੀ ਹੈ, ਜਿਹੜੀ ਲਾਰੈਂਸ ਬਿਸ਼ਨੋਈ ਦੀ ਪੁਲਿਸ ਹਿਰਾਸਤ ਵਿੱਚੋਂ ਹੋਈ ਇੰਟਰਵਿਊ 'ਤੇ ਡੇਢ ਸਾਲ ਕੋਈ ਸੱਚ ਨਹੀਂ ਦੱਸਦੀ ਤੇ ਉਸ ਲਈ ਜ਼ਿੰਮੇਵਾਰ ਸੀਨੀਅਰ ਅਧਿਕਾਰੀਆਂ ਨੂੰ ਬਚਾਉਂਦੀ ਹੈ।

ਮਨੁੱਖੀ ਅਧਿਕਾਰ ਦੇ ਆਗੂ ਅਮਰੀਕ ਸਿੰਘ ਅਨੁਸਾਰ ਭਗਵੰਤ ਮਾਨ ਪੰਜਾਬ ਦਾ ਨਿਹਾਇਤ ਨਿਕੰਮਾ ਅਤੇ ਕਮਜ਼ੋਰ ਮੁੱਖ ਮੰਤਰੀ ਸਾਬਤ ਹੋਇਆ। ਜੋ ਸਿਆਸੀ, ਪ੍ਰਸ਼ਾਸਨਿਕ ਅਤੇ ਅਮਨ ਕਾਨੂੰਨ ਜਿਹੇ ਮਹੱਤਵਪੂਰਨ ਮਸਲਿਆਂ ਪ੍ਰਤੀ ਦਿੱਲੀ ਤੋ ਮਿਲੇ ਇਸ਼ਾਰਿਆਂ ਨਾਲ ਇੱਕ ਕਠਪੁਤਲੀ ਦੀ ਤਰ੍ਹਾਂ ਕੰਮ ਕਰਦਾ।

"ਪੰਜਾਬ ਟਾਈਮਜ ਅਨੁਸਾਰ ਝੂਠੇ ਮੁਕਾਬਲਿਆਂ ਦੇ ਨਾਲ ਪੁਲਸ ਵੱਲੋਂ ਯੋਗੀ ਸਰਕਾਰ ਦੀ ਤਰਜ਼ ਉੱਤੇ ਬੁਲਡੋਜ਼ਰ ਯੋਜਨਾ ਵੀ ਲਿਆਉਂਦੀ ਗਈ ਹੈ। ਅੱਜ ਭਾਵੇਂ ਡਰੱਗ ਡੀਲਰਾਂ ਦੇ ਘਰ ਢਾਹਣ ਦੇ ਦਾਅਵੇ ਕੀਤੇ ਜਾ ਰਹੇ ਹਨ, ਕੱਲ ਨੂੰ ਇਹ ਨੀਤੀ ਦੇਸ਼ ਦੀ ਅਖੌਤੀ ਏਕਤਾ ਨੂੰ ਚਨੌਤੀ ਦੇਣ ਵਾਲਿਆਂ ਤੇ ਇਸਤੇਮਾਲ ਕੀਤੀ ਜਾ ਸਕਦੀ ਹੈ।"

## -ਖੋਜ ਵਿੱਚ ਹੈਰਾਨ ਕਰਨ ਵਾਲਾ ਖੁਲਾਸਾ-

# ਦਿਲ ਅਤੇ ਗੁਰਦੇ ਫੇਲ੍ਹ ਹੋ ਰਹੇ ਹਨ, 3 ਸਾਲ ਬਾਅਦ ਵੀ ਕੋਰੋਨਾ ਜਾਨਾਂ ਲੈ ਰਿਹਾ ਹੈ !

### ਖਾਸ ਖਬਰ

ਲੰਡਨ-ਕੋਰੋਨਾਵਾਇਰਸ ਨੇ ਸਿਰਫ਼ ਜਾਨਾਂ ਹੀ ਨਹੀਂ ਲਈਆਂ ਸਗੋਂ ਅਣਗਿਣਤ ਲੋਕਾਂ ਦੀ ਸਿਹਤ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਕੋਰੋਨਾ ਦੀ ਦਹਿਸ਼ਤ ਭਾਵੇਂ ਖਤਮ ਹੋ ਗਈ ਹੈ, ਪਰ ਇਸਦੇ ਮਾੜੇ ਪ੍ਰਭਾਵ ਤਿੰਨ ਸਾਲਾਂ ਬਾਅਦ ਵੀ ਲੋਕਾਂ ਦੇ ਜੀਵਨ 'ਤੇ ਪ੍ਰਭਾਵ ਪਾ ਰਹੇ ਹਨ। ਇਹ ਹੈਰਾਨ ਕਰਨ ਵਾਲਾ ਤੱਥ ਹਾਲ ਹੀ ਵਿੱਚ ਹੋਈ ਖੋਜ ਵਿੱਚ ਸਾਹਮਣੇ ਆਇਆ ਹੈ ਕਿ ਕੋਰੋਨਾ ਤੋਂ ਬਾਅਦ, ਦਿਲ ਅਤੇ ਗੁਰਦੇ ਫੇਲ੍ਹ ਹੋਣ ਦੇ ਮਾਮਲੇ ਵਧ ਗਏ ਹਨ। ਹਾਲ ਹੀ ਵਿੱਚ ਪੈਰਿਸ ਦੇ ਬਿਚੈਟ ਹਸਪਤਾਲ ਦੇ ਖੋਜਕਰਤਾਵਾਂ ਨੇ ਇਸਦਾ ਅਧਿਐਨ ਕੀਤਾ। ਅਧਿਐਨ ਵਿੱਚ ਪਾਇਆ ਗਿਆ ਕਿ ਕੋਵਿਡ-19 ਨਾਲ ਹਸਪਤਾਲ ਵਿੱਚ ਭਰਤੀ ਲੋਕਾਂ ਵਿੱਚ ਛੁੱਟੀ ਤੋਂ ਬਾਅਦ 30 ਮਹੀਨਿਆਂ ਤੱਕ ਵੱਖ-ਵੱਖ ਅੰਗਾਂ ਦੀਆਂ ਬਿਮਾਰੀਆਂ ਕਾਰਨ ਮੌਤ ਜਾਂ ਹਸਪਤਾਲ ਵਿੱਚ ਭਰਤੀ ਹੋਣ ਦਾ ਜੋਖਮ ਵੱਧ ਜਾਂਦਾ ਹੈ।

ਇਸ ਤਾਜ਼ਾ ਅਧਿਐਨ ਤੋਂ ਪਤਾ ਲੱਗਾ ਹੈ ਕਿ ਕੋਰੋਨਾ ਤੋਂ ਬਾਅਦ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਢਾਈ ਸਾਲ ਬਾਅਦ ਵੀ, ਇਨ੍ਹਾਂ ਲੋਕਾਂ ਨੂੰ ਮੌਤ ਜਾਂ ਅੰਗਾਂ ਨਾਲ ਸਬੰਧਤ ਬਿਮਾਰੀਆਂ ਦਾ ਖ਼ਤਰਾ ਬਣਿਆ ਰਹਿੰਦਾ ਹੈ। ਪਹਿਲਾਂ ਦੇ ਅਧਿਐਨਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ 'ਲੰਬੇ ਕੋਵਿਡ' ਤੋਂ ਪੀੜਤ ਲਗਭਗ 60 ਪ੍ਰਤੀਸ਼ਤ ਮਰੀਜ਼ਾਂ ਦੇ ਅੰਗਾਂ ਨੂੰ ਨੁਕਸਾਨ ਹੁੰਦਾ ਹੈ। 'ਲੰਬੇ ਕੋਵਿਡ' ਦਾ ਮਤਲਬ ਹੈ ਕਿ ਬਿਮਾਰੀ ਤੋਂ ਠੀਕ ਹੋਣ ਤੋਂ ਬਾਅਦ ਵੀ ਥਕਾਵਟ ਵਰਗੇ ਲੱਛਣ ਬਣੇ ਰਹਿੰਦੇ ਹਨ।



ਪੈਰਿਸ ਦੇ ਬਿਚੈਟ ਹਸਪਤਾਲ ਦੇ ਖੋਜਕਰਤਾਵਾਂ ਦੁਆਰਾ ਕੀਤੇ ਗਏ ਇਸ ਅਧਿਐਨ ਵਿੱਚ ਲਗਭਗ 64,000 ਫਰਾਂਸੀਸੀ ਨਾਗਰਿਕ ਸ਼ਾਮਲ ਸਨ। ਇਸ ਵਿੱਚ ਇਹ ਵੀ ਪਾਇਆ ਗਿਆ ਕਿ ਕੋਵਿਡ-19 ਲਈ ਹਸਪਤਾਲ ਵਿੱਚ ਭਰਤੀ ਲੋਕਾਂ ਵਿੱਚ, ਕਿਸੇ ਵੀ ਕਾਰਨ ਮੌਤ ਦੀ ਦਰ ਉਨ੍ਹਾਂ ਲੋਕਾਂ ਨਾਲੋਂ ਵੱਧ ਸੀ ਜੋ ਹਸਪਤਾਲ ਵਿੱਚ ਭਰਤੀ ਨਹੀਂ ਸਨ। ਯਾਨੀ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਬਾਅਦ ਵੀ ਉਹ ਪੂਰੀ ਤਰ੍ਹਾਂ ਤੰਦਰੁਸਤ ਨਹੀਂ ਹੋ ਸਕਿਆ।

### ਦਿਲ, ਦਿਮਾਗ ਅਤੇ ਸਾਹ ਲੈਣ 'ਤੇ ਦਿਕਤ

ਟੀਮ ਨੇ ਰਿਪੋਰਟ ਦਿੱਤੀ ਕਿ ਕੋਵਿਡ-19 ਦੇ ਮਰੀਜ਼ਾਂ ਨੂੰ ਕਿਸੇ ਵੀ ਕਾਰਨ ਕਰਕੇ ਹਸਪਤਾਲ ਵਿੱਚ ਭਰਤੀ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ, ਖਾਸ ਕਰਕੇ ਨਿਊਰੋਲੋਜੀਕਲ, ਮਨੋਵਿਗਿਆਨਕ, ਦਿਲ ਅਤੇ ਸਾਹ ਦੀਆਂ ਸਮੱਸਿਆਵਾਂ ਲਈ। ਔਰਤਾਂ ਨੂੰ ਪੁਰਸ਼ਾਂ ਦੇ ਮੁਕਾਬਲੇ ਮਾਨਸਿਕ ਕਾਰਨਾਂ ਕਰਕੇ ਹਸਪਤਾਲ ਵਿੱਚ ਭਰਤੀ ਹੋਣ ਦਾ ਖ਼ਤਰਾ ਵਧੇਰੇ ਪਾਇਆ ਗਿਆ।

ਬਿਚੈਟ ਹਸਪਤਾਲ ਵਿਚ ਬਿਮਾਰੀਆਂ ਦੇ ਮਾਹਿਰ ਡਾ. ਸਾਰਾਹ ਟਿਊਬੀਆਨਾ ਨੇ ਕਿਹਾ ਕਿ "ਕਰੋਨਾ ਦੇ ਜਨਤਕ ਸਿਹਤ ਲਈ ਮਹੱਤਵਪੂਰਨ ਲੰਬੇ ਸਮੇਂ ਦੇ ਪ੍ਰਭਾਵ ਹਨ, ਕਿਉਂਕਿ ਸਾਡੀ ਖੋਜ ਦਰਸਾਉਂਦੀ ਹੈ ਕਿ ਕੋਵਿਡ-19 ਲਈ ਹਸਪਤਾਲ ਵਿੱਚ ਦਾਖਲ ਲੋਕ ਮਹੀਨਿਆਂ ਅਤੇ ਸਾਲਾਂ ਬਾਅਦ ਵੀ ਗੰਭੀਰ ਸਿਹਤ ਪੇਚੀਦਗੀਆਂ ਦੇ ਜੋਖਮ ਵਿੱਚ ਰਹਿੰਦੇ ਹਨ।" ਸਰਲ ਸ਼ਬਦਾਂ ਵਿੱਚ, ਕੋਰੋਨਾ ਕਾਰਨ ਹਸਪਤਾਲ ਵਿੱਚ ਦਾਖਲ ਹੋਣ ਵਾਲਿਆਂ ਨੂੰ ਆਪਣੀ ਸਿਹਤ ਦਾ ਖਾਸ ਧਿਆਨ ਰੱਖਣਾ ਹੋਵੇਗਾ।

### ਪੁਰਾਣੇ ਅੰਕੜਿਆਂ ਦੇ ਆਧਾਰਿਤ ਪਰ ਚੇਤਾਵਨੀ ਗੰਭੀਰ

ਖੋਜਕਰਤਾਵਾਂ ਨੇ ਜਨਵਰੀ ਅਤੇ ਅਗਸਤ 2020 ਦੇ ਵਿਚਕਾਰ ਕੋਵਿਡ-19 ਦੇ ਕਾਰਣ ਹਸਪਤਾਲ ਵਿੱਚ ਦਾਖਲ ਹੋਏ 63,990 ਬਾਲਗਾਂ ਨੂੰ 30 ਮਹੀਨਿਆਂ ਤੱਕ ਪਾਲਣ ਕੀਤਾ।

ਉਨ੍ਹਾਂ ਨੇ ਮੌਤਾਂ ਅਤੇ ਹਸਪਤਾਲ ਵਿੱਚ ਭਰਤੀ ਹੋਣ ਦੀਆਂ ਘਟਨਾਵਾਂ ਉਪਰ ਨਜ਼ਰ ਰਖੀ । ਅਧਿਐਨ ਵਿੱਚ ਸ਼ਾਮਲ ਲੋਕਾਂ ਦੀ ਔਸਤ ਉਮਰ 65 ਸਾਲ ਸੀ। ਰਾਸ਼ਟਰੀ ਸਿਹਤ ਬੀਮਾ ਦਾਅਵਿਆਂ ਦੇ ਡੇਟਾਬੇਸ ਦਾ ਵਿਸ਼ਲੇਸ਼ਣ ਕੀਤਾ ਗਿਆ। ਇਸ ਤੋਂ ਇਲਾਵਾ, ਆਮ ਆਬਾਦੀ ਦੇ ਲਗਭਗ 3.2 ਲੱਖ ਲੋਕ ਵੀ ਸ਼ਾਮਲ ਕੀਤੇ ਗਏ ਸਨ, ਜਿਨ੍ਹਾਂ ਨੂੰ ਉਸੇ ਸਮੇਂ ਦੌਰਾਨ ਕੋਵਿਡ-19 ਕਾਰਨ ਹਸਪਤਾਲ ਵਿੱਚ ਦਾਖਲ ਨਹੀਂ ਕਰਵਾਇਆ ਗਿਆ ਸੀ।

ਮਾਹਿਰਾਂ ਨੇ ਲਿਖਿਆ, "ਕੋਵਿਡ-19 ਨਾਲ ਹਸਪਤਾਲ ਵਿੱਚ ਭਰਤੀ ਹੋਏ ਲੋਕਾਂ ਵਿੱਚ ਛੁੱਟੀ ਤੋਂ ਬਾਅਦ 30 ਮਹੀਨਿਆਂ ਤੱਕ ਵੱਖ-ਵੱਖ ਅੰਗਾਂ ਦੀਆਂ ਬਿਮਾਰੀਆਂ ਲਈ ਮੌਤ ਜਾਂ ਹਸਪਤਾਲ ਵਿੱਚ ਦਾਖਲ ਹੋਣ ਦਾ ਜੋਖਮ ਵੱਧ ਗਿਆ ਸੀ, ਜੋ ਕਿ ਬਿਮਾਰੀ ਦੇ ਬਹੁ-ਪ੍ਰਭਾਵ ਤੇ ਨਤੀਜਿਆਂ ਨੂੰ ਦਰਸਾਉਂਦਾ ਹੈ।"

ਹਾਲਾਂਕਿ, ਮਾਹਿਰਾਂ ਨੇ ਇਹ ਵੀ ਸਵੀਕਾਰ ਕੀਤਾ ਕਿ ਇਹ ਅਧਿਐਨ 2020 ਦੇ ਸ਼ੁਰੂ ਵਿੱਚ ਸੰਕਰਮਿਤ ਮਰੀਜ਼ਾਂ 'ਤੇ ਅਧਾਰਿਤ ਸੀ, ਇਸ ਲਈ ਇਹ ਕਰੋਨਾ ਦੇ ਨਵੇਂ ਰੂਪਾਂ ਦੇ ਲਈ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਸਕਦਾ। ਫਿਰ ਵੀ, ਇਹ ਅਧਿਐਨ ਕੋਵਿਡ-19 ਦੇ ਕਾਰਨ ਹਸਪਤਾਲ ਵਿੱਚ ਦਾਖਲ ਲੋਕਾਂ ਲਈ ਨਿਰੰਤਰ ਸਿਹਤ ਸੰਭਾਲ ਅਤੇ ਨਿਗਰਾਨੀ ਦੀ ਜ਼ਰੂਰਤ 'ਤੇ ਜ਼ੋਰ ਦਿੰਦਾ ਹੈ।

# ਆਈ ਆਈ ਟੀ ਬਾਬਾ ਖ਼ਿਲਾਫ਼ ਜੈਪੁਰ ਵਿਚ ਮਾਮਲਾ ਦਰਜ

## ✪ ਬਾਬੇ ਨੇ ਦਿੱਤੀ ਸੀ ਭੰਗ ਦੇ ਨਸ਼ੇ ਵਿਚ ਖੁਦਕੁਸ਼ੀ ਦੀ ਧਮਕੀ, ਜਮਾਨਤ ਉਪਰ ਬਾਬਾ ਰਿਹਾਅ

ਨਵੀਂ ਦਿੱਲੀ-ਆਈਆਈਟੀ ਬਾਬਾ (ਅਭੈ ਸਿੰਘ) ਦੀ ਇਨ੍ਹੀਂ ਦਿਨੀਂ ਸੋਸ਼ਲ ਮੀਡੀਆ 'ਤੇ ਬਹੁਤ ਚਰਚਾ ਹੋ ਰਹੀ ਹੈ। ਹੁਣ ਇੱਕ ਵਾਰ ਫਿਰ ਆਈਆਈਟੀ ਬਾਬਾ ਖ਼ਬਰਾਂ ਵਿੱਚ ਹੈ। ਪੁਲਿਸ ਨੇ ਉਸ ਵਿਰੁੱਧ ਜੈਪੁਰ ਵਿੱਚ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਅਨੁਸਾਰ, ਸ਼ਿਪਰਾ ਪਥ ਪੁਲਿਸ ਸਟੇਸ਼ਨ ਨੂੰ ਸੂਚਨਾ ਮਿਲੀ ਸੀ ਕਿ ਆਈਆਈਟੀ ਬਾਬਾ ਇੱਕ ਹੋਟਲ ਵਿੱਚ ਠਹਿਰਿਆ ਹੋਇਆ ਹੈ ਅਤੇ ਉਸਨੇ ਉੱਥੇ ਹੰਗਾਮਾ ਕਰਨਾ ਸ਼ੁਰੂ ਕਰ ਦਿੱਤਾ।

ਇਹ ਦਾਅਵਾ ਕੀਤਾ ਗਿਆ ਸੀ ਕਿ ਆਈਆਈਟੀ ਬਾਬਾ ਨੇ ਸੋਸ਼ਲ ਮੀਡੀਆ 'ਤੇ ਖੁਦਕੁਸ਼ੀ ਦੀ ਧਮਕੀ ਵੀ ਦਿੱਤੀ ਸੀ। ਇਸ ਤੋਂ ਬਾਅਦ ਸ਼ਿਪਰਾ ਪਥ ਪੁਲਿਸ ਸਟੇਸ਼ਨ ਰਿਧੀ ਸਿੱਧੀ ਪਾਰਕ ਕਲਾਸਿਕ ਹੋਟਲ ਪਹੁੰਚੀ, ਜਿਸ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੇ ਆਈਆਈਟੀ ਬਾਬਾ ਤੋਂ ਪੁੱਛਗਿੱਛ ਕੀਤੀ। ਇਸ ਦੌਰਾਨ ਪੁਲਿਸ ਨੇ ਉਸਦੇ ਕਮਰੇ ਦੀ ਵੀ ਤਲਾਸ਼ੀ ਲਈ।

### ਕੀ ਹੈ ਪੂਰਾ ਮਾਮਲਾ

ਦਰਅਸਲ, ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਆਈਆਈਟੀ ਬਾਬਾ ਵਜੋਂ ਮਸ਼ਹੂਰ ਅਭੈ ਸਿੰਘ ਜੈਪੁਰ ਦੇ ਇੱਕ ਹੋਟਲ ਵਿੱਚ ਠਹਿਰੇ ਹੋਏ ਸਨ। ਇਸ ਦੌਰਾਨ ਉਸਨੇ ਹੰਗਾਮਾ ਕੀਤਾ ਅਤੇ ਖੁਦਕੁਸ਼ੀ ਕਰਨ ਦੀ ਧਮਕੀ ਦਿੱਤੀ। ਜਿਵੇਂ ਹੀ ਪੁਲਿਸ ਨੂੰ ਇਸ ਬਾਰੇ ਜਾਣਕਾਰੀ ਮਿਲੀ, ਸ਼ਿਪਰਾ ਪਥ ਥਾਣਾ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਆਈਆਈਟੀ ਬਾਬਾ ਤੋਂ ਪੁੱਛਗਿੱਛ ਕੀਤੀ ਪੁੱਛਗਿੱਛ ਦੌਰਾਨ, ਆਈਆਈਟੀ ਬਾਬਾ ਨੇ ਦੱਸਿਆ ਕਿ ਉਹ ਭੰਗ ਦੇ ਪ੍ਰਭਾਵ ਹੇਠ ਸੀ। ਉਸਨੂੰ ਨਹੀਂ ਪਤਾ ਕਿ ਉਸਨੇ ਨਸ਼ੇ ਵਿਚ ਕੀ ਕਿਹਾ। ਉਸਨੇ ਪੁਲਿਸ ਨੂੰ ਨੇੜੇ ਰੱਖਿਆ ਭੰਗ ਵੀ ਦਿਖਾਇਆ। ਪੁਲਿਸ ਨੇ ਉਸ ਤੋਂ ਭੰਗ ਜ਼ਬਤ ਕਰ ਲਈ ਅਤੇ ਉਸ ਵਿਰੁੱਧ ਐਨਡੀਪੀਐਸ ਐਕਟ (ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ) ਤਹਿਤ ਮਾਮਲਾ ਦਰਜ ਕਰ ਲਿਆ।



### ਪੁਲਿਸ ਨੇ ਕੀ ਕਿਹਾ ?

ਇਸ ਪੂਰੇ ਮਾਮਲੇ ਵਿੱਚ ਸ਼ਿਪਰਾਪਥ ਪੁਲਿਸ ਸਟੇਸ਼ਨ ਦੇ ਐਸਐਚਓ ਰਾਜੇਂਦਰ ਗੋਦਾਰਾ ਨੇ ਨਿਊਜ਼ ਏਜੰਸੀ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸਾਨੂੰ ਜਾਣਕਾਰੀ ਮਿਲੀ ਸੀ ਕਿ ਉਹ (ਆਈਆਈਟੀ ਬਾਬਾ) ਖੁਦਕੁਸ਼ੀ ਕਰ ਸਕਦਾ ਹੈ। ਜਦੋਂ ਅਸੀਂ ਮੌਕੇ 'ਤੇ ਪਹੁੰਚੇ, ਤਾਂ ਉਸਨੇ (ਆਈਆਈਟੀ ਬਾਬਾ) ਕਿਹਾ ਕਿ ਮੈਂ ਭੰਗ ਦਾ ਸੇਵਨ ਕਰਦਾ ਹਾਂ ਅਤੇ ਇਹ ਮੇਰੇ ਕੋਲ ਹੈ। ਭੰਗ ਦਾ ਸੇਵਨ ਕਰਨਾ ਅਤੇ ਰੱਖਣਾ ਇੱਕ ਅਪਰਾਧ ਹੈ। ਜਦੋਂ ਗਾਂਜਾ ਐਨਡੀਪੀਐਸ ਐਕਟ ਤਹਿਤ ਮਿਲਿਆ ਤਾਂ ਇਸਨੂੰ ਜ਼ਬਤ ਕਰ ਲਿਆ ਗਿਆ ਅਤੇ ਉਸਨੂੰ (ਆਈਆਈਟੀ ਬਾਬਾ) ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਕਿਉਂਕਿ ਗਾਂਜੇ ਦੀ ਮਾਤਰਾ ਬਹੁਤ ਘੱਟ ਸੀ, ਉਸਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਜਦੋਂ ਵੀ ਜਾਂਚ ਦੀ ਲੋੜ ਹੋਵੇਗੀ, ਉਸਨੂੰ ਦੁਬਾਰਾ ਪੇਸ਼ ਹੋਣਾ ਪਵੇਗਾ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਕੇਂਦਰ ਪੰਜਾਬ ਤੇ ਸਿੱਖਾਂ ਨਾਲ ਵਿਤਕਰਾ ਕਰਨ ਤੇ ਸਾਜਿਸ਼ਾਂ ਰਚਨ ਤੋਂ ਗੁਰੇਜ਼ ਕਰੇ

## ✪ ਕਕਾਰਾਂ ਉਪਰ ਪਾਬੰਦੀਆਂ ਤੇ ਗੁਰਦੁਆਰਿਆਂ ਵਿਚ ਸਰਕਾਰੀ ਦਖਲ ਅੰਦਾਜ਼ੀ ਜਾਰੀ ✪ ਪੰਜਾਬ ਦੇ ਹੱਕ ਕਿਉਂ ਨਿਗਲੇ ਜਾ ਰਹੇ ਨੇ ?

ਕਾਫੀ ਸਮੇਂ ਤੋਂ ਕੇਂਦਰ ਸਰਕਾਰ ਪੰਜਾਬ ਤੇ ਸਿੱਖਾਂ ਨੂੰ ਕੋਈ ਨਾ ਕੋਈ ਚੂੰਢੀ ਵੱਢ ਕੇ ਦੇਖਦੀ ਹੈ ਕਿ ਪੰਜਾਬੀ ਤੇ ਸਿੱਖ ਸੁੱਤੇ ਪਏ ਹਨ ਕਿ ਜਾਗਦੇ ਹਨ? ਕਦੇ ਉਹ ਲੰਮੇ ਸੰਘਰਸ਼ ਕਾਰਨ ਵਾਪਸ ਲਏ ਖੇਤੀ ਕਾਨੂੰਨਾਂ ਨੂੰ ਫਿਰ ਲਾਗੂ ਕਰਨ ਲਈ ਨਵਾਂ ਖੇਤੀ ਮੰਡੀਕਰਨ ਖਰੜਾ ਜਾਰੀ ਕਰ ਦਿੰਦੀ ਹੈ, ਕਦੇ ਚੰਡੀਗੜ੍ਹ ਵਿਚ ਕਮਿਸ਼ਨਰ ਨਿਯੁਕਤ ਕਰਦੀ ਹੈ। ਕਦੇ ਚੰਡੀਗੜ੍ਹ ਦੇ ਕਰਮਚਾਰੀਆਂ ਨੂੰ ਯੂ.ਟੀ. ਕੇਡਰ ਵਿਚ ਸ਼ਾਮਿਲ ਕਰਦੀ ਹੈ।

ਕਦੇ ਹਰਿਆਣਾ ਨੂੰ ਨਵੀਂ ਵਿਧਾਨ ਸਭਾ ਬਣਾਉਣ ਲਈ ਚੰਡੀਗੜ੍ਹ ਵਿਚ ਜ਼ਮੀਨ ਅਲਾਟ ਕਰਦੀ ਹੈ। ਕਦੇ ਪੰਜਾਬ ਯੂਨੀਵਰਸਿਟੀ ਤੇ ਪੰਜਾਬ ਦਾ ਹੱਕ ਖ਼ਤਮ ਕਰਨ ਦੀ ਕੋਸ਼ਿਸ਼ ਕਰਦੀ ਹੈ। ਦੇਸ਼ ਵਿਚ ਕਈ ਇਤਿਹਾਸਕ ਗੁਰਦੁਆਰੇ ਝਗੜੇ ਵਿਚ ਹਨ, ਕੋਈ ਸੁਣਵਾਈ ਨਹੀਂ। ਸਰਕਾਰ ਬੋਰਡ ਬਣਾਕੇ ਆਪਣੇ ਕਬਜ਼ੇ ਕਰ ਰਹੀ ਹੈ। ਕਦੇ ਦੇਸ਼ ਭਰ ਵਿਚ ਸਿੱਖਾਂ ਦੇ ਕਿਰਪਾਨ ਪਹਿਨਣ ਦੀ ਆਜ਼ਾਦੀ ਦੇ ਬਾਵਜੂਦ ਏਅਰ ਲਾਈਨ ਕਰਮਚਾਰੀਆਂ, ਹਵਾਈ ਅੱਡੇ 'ਤੇ ਕੰਮ ਕਰਦੇ ਸਿੱਖਾਂ ਲਈ ਕਿਰਪਾਨ ਪਹਿਨਣ 'ਤੇ ਪਾਬੰਦੀ ਦੇ ਹੁਕਮ ਜਾਰੀ ਹੁੰਦੇ ਹਨ।

ਭਾਰਤ ਦੇ ਹਵਾਈ ਅੱਡਿਆਂ 'ਤੇ ਨੌਕਰੀ ਕਰਨ ਵਾਲੇ ਅੰਮ੍ਰਿਤਧਾਰੀ ਕਰਮਚਾਰੀਆਂ ਨੂੰ ਕਿਰਪਾਨ ਧਾਰਨ ਕਰਨ ਤੋਂ ਰੋਕਣਾ ਜਿੱਥੇ ਅਸਿੱਧੇ ਤੌਰ 'ਤੇ ਸਿੱਖਾਂ ਨੂੰ ਦੇਸ਼ ਦੀਆਂ ਵੱਖ-ਵੱਖ ਸੇਵਾਵਾਂ ਤੋਂ ਵਾਂਝੇ ਕਰਨ ਦੇ ਤੁਲ ਹੈ, ਉੱਥੇ ਸਿੱਖਾਂ ਦੀ ਧਾਰਮਿਕ ਤੇ ਸੰਵਿਧਾਨਕ ਆਜ਼ਾਦੀ 'ਤੇ ਸਿੱਧਾ ਤੇ ਅਸਹਿਣਯੋਗ ਹਮਲਾ ਹੈ।



**ਪੰਜਾਬ ਟਾਈਮਜ ਅਨੁਸਾਰ ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੇ ਹੀ ਦੇਸ਼ ਦੇ ਇਕ ਸਰਹੱਦੀ ਸੂਬੇ ਅਤੇ ਇਕ ਦੇਸ਼ ਭਗਤ ਘੱਟ-ਗਿਣਤੀ ਦੇ ਜਜ਼ਬਾਤਾਂ ਨਾਲ ਕੋਈ ਸਾਜ਼ਿਸ਼ੀ ਖੇਡ ਨਾ ਖੇਡੇ, ਇਸ ਦੇ ਸਿੱਟੇ ਚੰਗੇ ਨਹੀਂ ਨਿਕਲਣਗੇ। ਇਸ ਨਾਲ ਸਿਖਾਂ ਦੀਆਂ ਭਾਰਤ ਨਾਲ ਦੂਰੀਆਂ ਵਧਦੀਆਂ ਜਾਣਗੀਆਂ। ਸਰਕਾਰ ਨੂੰ ਸਿੱਖਾਂ ਦੇ ਸੰਵਿਧਾਨਕ ਹੱਕ ਨਹੀਂ ਖੋਹਣੇ ਚਾਹੀਦੇ।**

ਨਵੰਬਰ 2024 ਨੂੰ ਜਥੇਦਾਰ ਅਕਾਲ ਤਖਤ ਸਾਹਿਬ ਨੇ ਸ਼੍ਰੋਮਣੀ ਕਮੇਟੀ ਨੂੰ ਨਿਰਦੇਸ਼ ਦਿੱਤਾ ਸੀ ਕਿ ਫੌਰੀ ਭਾਰਤ ਦੇ ਗ੍ਰਹਿ ਮੰਤਰਾਲੇ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਨੂੰ ਪੱਤਰ ਲਿਖ ਕੇ ਇਸ ਪਾਬੰਦੀ ਵਿਰੁੱਧ ਸਿੱਖ ਕੌਮ ਦੀਆਂ ਭਾਵਨਾਵਾਂ ਤੋਂ ਜਾਣੂ ਕਰਵਾਇਆ ਜਾਵੇ ਅਤੇ ਜਲਦ ਹੀ ਭਾਰਤ ਸਰਕਾਰ ਦੇ ਨਾਲ ਇਸ ਸਬੰਧੀ ਗੱਲਬਾਤ ਕਰਕੇ ਹਵਾਈ ਅੱਡਿਆਂ 'ਤੇ ਨੌਕਰੀ ਕਰਦੇ ਅੰਮ੍ਰਿਤਧਾਰੀ ਕਰਮਚਾਰੀਆਂ ਨੂੰ ਕਿਰਪਾਨ ਧਾਰਨ ਕਰਨ ਦਾ ਅਧਿਕਾਰ ਦਿਵਾਉਣ ਸਬੰਧੀ ਇਕ ਉੱਚ ਪੱਧਰੀ ਵਫਦ ਬਣਾ ਕੇ ਭੇਜਿਆ ਜਾਵੇ। ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਦੇ ਸਬੰਧਤ ਵਿਭਾਗ ਨੂੰ ਪੱਤਰ ਭੇਜਿਆ ਸੀ, ਪਰ ਹੁਣ ਤਕ ਕੇਂਦਰ ਸਰਕਾਰ ਵਲੋਂ ਕੋਈ ਜਵਾਬ ਨਹੀਂ ਆਇਆ ।

ਇਥੋਂ ਤੱਕ ਸਿੱਖ ਬਚਿਆਂ ਦੇ ਇਮਤਿਹਾਨਾਂ ਵਿਚ ਕੜੇ ਤੇ ਕਕਾਰ ਲੁਹਾਏ ਜਾਂਦੇ ਹਨ। ਭਾਖੜਾ ਮੈਨੇਜਮੈਂਟ ਬੋਰਡ ਵਿਚੋਂ ਪੰਜਾਬ ਨੂੰ ਬਾਹਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਹੁਣੇ ਜਿਹੇ ਸ਼ੋਸ਼ਲ ਮੀਡੀਆ ਉਪਰ ਵੀਡੀਓ ਵਿਚ ਦਿਖਾਇਆ ਗਿਆ ਕਿ ਕਿਸਾਨ ਅੰਦੋਲਨ ਨੂੰ ਕੁਚਲਣ ਵਾਲੀਆਂ ਫੋਰਸਾਂ ਨੇ ਗੁਰਦੁਆਰਿਆਂ ਦੇ ਕਮਰਿਆਂ ਉਪਰ ਜਬਰੀ ਕਬਜ਼ੇ ਕੀਤੇ ਹੋਏ ਹਨ। ਉਨ੍ਹਾਂ ਕਮਰਿਆਂ ਵਿਚੋਂ ਸ਼ਰਾਬ ਦੀਆਂ ਬੋਤਲਾਂ ਤੇ ਤਮਾਕੂ ਵੀ ਬਰਾਮਦ ਹੋਏ ਹਨ। ਸਿੱਖਾਂ ਨੇ ਇਸ ਘਟਨਾ ਬਾਰੇ ਰੋਸ ਵੀ ਪ੍ਰਗਟਾਇਆ ਹੈ। ਜੇਕਰ ਡੇਰਾ ਸੌਦਾ ਸਾਧ ਨੂੰ ਘੜੀ ਮੁੜੀ ਪੈਰੋਲ ਛੁੱਟੀ ਮਿਲ ਸਕਦੀ ਹੈ ਤਾਂ ਫਿਰ ਜਥੇਦਾਰ ਜਗਤਾਰ ਸਿੰਘ ਹਵਾਰਾ ਨੂੰ ਕਿਉਂ ਨਹੀਂ ਜੋ ਕਿ ਉਹ ਆਪਣੀ ਸਜ਼ਾ ਪੂਰੀ ਕਰਨ ਦੇ ਬਾਵਜੂਦ ਵੀ ਜੇਲ ਕੱਟ ਰਹੇ ਹਨ । ਹੋਰ ਬੰਦੀ ਸਿੱਖਾਂ ਦੀ ਰਿਹਾਈ ਨਹੀਂ ਕੀਤੀ ਜਾ ਰਹੀ।

ਕਦੇ ਸਿੱਖ ਐਮ.ਪੀ. ਤਨਮਨਜੀਤ ਸਿੰਘ ਢੇਸੀ ਤੇ ਧਨਾਢ ਸਿੱਖ ਦਰਸ਼ਨ ਸਿੰਘ ਰੱਖੜਾ ਨੂੰ ਹਵਾਈ ਅੱਡੇ 'ਤੇ ਰੋਕਿਆ ਜਾਂਦਾ ਹੈ। ਪਰ ਬਾਅਦ ਵਿਚ ਸ਼ਾਇਦ ਇਸੇ ਦਬਾਅ ਅਧੀਨ ਹੀ ਉਹੀ ਰੱਖੜਾ ਸਹਿਬ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਦੇ ਅਤਿਅੰਤ ਨਜ਼ਦੀਕੀ ਹੋ ਜਾਂਦੇ ਹਨ।

# ਅੰਮ੍ਰਿਤਪਾਲ ਨੂੰ ਹਿਰਾਸਤ ਵਿਚ ਰੱਖਣ ਲਈ ਪੁਲੀਸ ਨੇ ਇਕ ਹੋਰ ਫਿਲਮੀ ਕਹਾਣੀ ਘੜੀ

## ✪ ਅੰਮ੍ਰਿਤਪਾਲ ਸਿੰਘ ਦੇ ਗੈਂਗਸਟਰ ਮਾਰੇ ਗਏ ਜੈਪਾਲ ਨਾਲ ਸਬੰਧ ਭਾਲਣ ਲੱਗੀ ✪ ਹਾਲ ਦੀ ਘੜੀ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਹੋਣੀ ਮੁਸ਼ਕਲ

ਕੋਲਕਾਤਾ ਵਿੱਚ ਇਕ ਮੁਕਾਬਲੇ ਵਿਚ ਪੰਜਾਬ ਦੇ ਖ਼ਤਰਨਾਕ ਗੈਂਗਸਟਰ ਜੈਪਾਲ ਭੁੱਲਰ ਦੇ ਮਾਰੇ ਜਾਣ ਤੋਂ ਤਿੰਨ ਸਾਲ ਬਾਅਦ ਪੁਲੀਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਜਥੇਬੰਦੀ ਦੀ ਪੰਜਾਬ ਤੋਂ ਇਲਾਵਾ ਵਿਦੇਸ਼ ਵਿੱਚ ਜਮ੍ਹਾਂ ਗੈਂਗਸਟਰ ਦੇ ਧਨ ਤੱਕ ਪਹੁੰਚ ਸੀ। ਅੰਮ੍ਰਿਤਪਾਲ ਨੂੰ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਤਹਿਤ ਹਿਰਾਸਤ ਵਿੱਚ ਲਿਆ ਗਿਆ ਹੈ।

ਪੁਲੀਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ ਗੈਂਗਸਟਰ ਦੇ ਧਨ ਤੱਕ ਪਹੁੰਚ ਬਾਰੇ ਇਹ 'ਭੇਤ' ਹੀ ਪਿਛਲੇ ਸਾਲ ਅਕਤੂਬਰ ਵਿੱਚ ਫ਼ਰੀਦਕੋਟ ਦੇ ਗੁਰਪ੍ਰੀਤ ਸਿੰਘ ਹਰੀ ਨੌਂ ਦੀ ਹੋਈ ਹੱਤਿਆ ਪਿਛਲਾ ਮਕਸਦ ਸੀ। ਪੁਲੀਸ ਇਹ ਜਾਂਚ ਵੀ ਕਰ ਰਹੀ ਹੈ ਕਿ ਕੀ ਜੈਪਾਲ ਦੇ ਛੁਪਾਏ ਹੋਏ ਪੈਸੇ ਦਾ ਇਸਤੇਮਾਲ ਗੁਰਪ੍ਰੀਤ ਦੀ ਹੱਤਿਆ ਬਦਲੇ ਸ਼ੂਟਰਾਂ ਤੇ ਉਨ੍ਹਾਂ ਦੇ ਲੀਡਰ ਅਰਸ਼ ਡੱਲਾ ਨੂੰ ਦੇਣ ਲਈ ਕੀਤਾ ਗਿਆ ਸੀ ਪੁਲਿਸ ਅਨੁਸਾਰ ਅਰਸ਼ ਡੱਲਾ ਇਕ ਖਾਲਿਸਤਾਨੀ ਪਖੀ ਗੈਂਗਸਟਰ ਹੈ। ਅੰਮ੍ਰਿਤਪਾਲ ਸਿੰਘ ਨੂੰ 9 ਜਨਵਰੀ ਨੂੰ ਗੈਰ-ਕਾਨੂੰਨੀ ਗਤੀਵਿਧੀ (ਰੋਕਥਾਮ) ਐਕਟ (ਯੂਏਪੀਏ) ਤਹਿਤ ਹੱਤਿਆ ਦੇ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਸੀ। ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠਲੀ ਜਥੇਬੰਦੀ 'ਵਾਰਿਸ ਪੰਜਾਬ ਦੇ' ਇਕ ਸਮਾਂ ਖ਼ਜ਼ਾਨਚੀ ਰਹੇ ਗੁਰਪ੍ਰੀਤ ਦੇ ਬਾਅਦ ਵਿੱਚ ਅੰਮ੍ਰਿਤਪਾਲ ਨਾਲ ਸਬੰਧ ਵਿਗੜ ਗਏ ਸਨ ਅਤੇ ਉਹ



ਅੰਮ੍ਰਿਤਪਾਲ ਸਿੰਘ ਦਾ ਆਲੋਚਕ ਬਣ ਗਿਆ ਸੀ। ਪੰਜਾਬ ਦੇ ਸਭ ਤੋਂ ਖ਼ਤਰਨਾਕ ਗੈਂਗਸਟਰਾਂ ਵਿਚੋਂ ਇਕ ਜੈਪਾਲ ਕਈ ਸੂਬਿਆਂ ਵਿੱਚ ਅਪਰਾਧਿਕ ਮਾਮਲਿਆਂ ਵਿਚ ਲੋੜੀਂਦਾ ਸੀ। ਉਹ 2008 ਤੋਂ ਜੂਨ 2021 ਵਿੱਚ ਹੋਈ ਉਸ ਦੀ ਮੌਤ ਤੱਕ ਸਰਗਰਮ ਰਿਹਾ। ਉਹ ਕਈ ਅਪਰਾਧਿਕ ਨੈਟਵਰਕਾਂ ਨਾਲ ਜੁੜਿਆ ਹੋਇਆ ਸੀ ਅਤੇ ਸ਼ੇਰਾ ਖੁੱਬਣ ਤੇ ਰਾਜੀਵ ਰਾਜਾ ਸਣੇ ਹੋਰ ਗੈਂਗਸਟਰਾਂ ਦੇ ਨਾਲ ਉਸ ਦੇ ਗੂੜ੍ਹੇ ਸਬੰਧ ਸਨ। ਸਮੇਂ ਦੇ ਨਾਲ, ਉਸ ਨੇ ਆਪਣਾ ਖੁਦ ਦਾ ਗਰੋਹ ਬਣਾਇਆ, ਜਿਸ ਨੇ ਗੈਂਗਸਟਰ-ਸਿਆਸਤਦਾਨ ਜਸਵਿੰਦਰ ਸਿੰਘ ਰੌਕੀ ਦੀ ਹੱਤਿਆ ਅਤੇ ਜਗਰਾਓਂ ਵਿੱਚ ਦੋ ਸਹਾਇਕ ਸਬ ਇੰਸਪੈਕਟਰਾਂ ਦੀ ਹੱਤਿਆ ਵਰਗੇ ਅਪਰਾਧਾਂ ਨੂੰ ਅੰਜਾਮ ਦਿੱਤਾ। ਜੂਨ 2021 ਵਿੱਚ ਕੋਲਕਾਤਾ ਵਿਚ ਪੱਛਮੀ ਬੰਗਾਲ ਪੁਲੀਸ ਨਾਲ ਹੋਏ ਮੁਕਾਬਲੇ ਵਿੱਚ ਜੈਪਾਲ ਮਾਰਿਆ ਗਿਆ ਸੀ। ਹਾਲਾਂਕਿ, ਪੁਲੀਸ ਨੇ ਉਸ ਦੇ ਗਰੋਹ ਦਾ ਪਰਦਾਫਾਸ਼ ਕੀਤਾ ਪਰ ਲੱਖਾਂ ਰੁਪਏ ਜਾਂ ਇੱਥੋਂ ਤੱਕ ਕਿ ਕੁਝ ਸ਼ੱਕੀਆਂ ਦਾ ਕਹਿਣਾ ਹੈ ਕਿ ਜਬਰੀ ਵਸੂਲੀ ਰਾਹੀਂ ਉਸ ਨੇ ਜੋ ਕਰੋੜਾਂ ਰੁਪਏ ਇਕੱਤਰ ਕੀਤੇ ਸਨ, ਉਨ੍ਹਾਂ ਦਾ ਕੋਈ ਸੁਰਾਗ ਨਹੀਂ ਸੀ ਮਿਲਿਆ। ਪੁਲੀਸ ਸੂਤਰਾਂ ਨੇ ਕਿਹਾ ਕਿ ਗੁਰਪ੍ਰੀਤ ਮਾਮਲੇ ਦੀ ਪੜਤਾਲ ਦੌਰਾਨ ਜੈਪਾਲ ਦੇ ਛੁਪੇ ਹੋਏ ਪੈਸੇ ਤੱਕ ਅੰਮ੍ਰਿਤਪਾਲ ਦੀ ਕਥਿਤ ਪਹੁੰਚ ਸਾਹਮਣੇ ਆਈ ਹੈ। ਗੁਰਪ੍ਰੀਤ ਦੀ 9 ਅਕਤੂਬਰ 2024 ਨੂੰ ਫ਼ਰੀਦਕੋਟ ਦੇ ਪਿੰਡ ਦੇ ਗੁਰਦੁਆਰੇ ਵਿੱਚ ਘਰ ਪਰਤਦੇ ਸਮੇਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਪੁਲੀਸ ਨੇ ਜਾਂਚ ਦੇ ਸਬੰਧ ਵਿੱਚ ਮੂੰਹ ਬੰਦ ਕੀਤਾ ਹੋਇਆ ਹੈ। ਕਈ ਪੁਲੀਸ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਜਾਂਚ ਦੌਰਾਨ ਅੰਮ੍ਰਿਤਪਾਲ ਅਤੇ ਜੈਪਾਲ ਤੇ ਉਸ ਦੇ ਧਨ ਵਿਚਾਲੇ ਸਬੰਧ ਸਾਹਮਣੇ ਆਏ ਪਰ ਉਨ੍ਹਾਂ ਨੇ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ।ਅੰਮ੍ਰਿਤਪਾਲ ਦੇ ਚਾਚਾ ਤੇ ਪੰਜਾਬ ਪੁਲੀਸ ਦੇ ਸਾਬਕਾ ਇੰਸਪੈਕਟਰ ਸੁਖਚੈਨ ਸਿੰਘ ਨੇ ਕਿਹਾ ਕਿ ਜੈਪਾਲ ਨਾਲ ਸਬੰਧਾਂ ਬਾਰੇ ਸੰਸਦ ਮੈਂਬਰ ਕੋਲੋਂ ਪੁੱਛ ਪੜਤਾਲ ਨਹੀਂ ਕੀਤੀ ਗਈ। ਉਨ੍ਹਾਂ ਕਿਹਾ, "ਸਾਨੂੰ ਇਸ ਬਾਰੇ ਸੂਚਿਤ ਨਹੀਂ ਕੀਤਾ ਗਿਆ ਹੈ।

“ ਪੰਜਾਬ ਟਾਈਮਜ ਨੂੰ ਲੱਗਦਾ ਹੈ ਕਿ ਅੰਮ੍ਰਿਤਪਾਲ ਨੂੰ ਹਿਰਾਸਤ ਵਿਚ ਰੱਖਣ ਲਈ ਪੁਲੀਸ ਨੇ ਇਕ ਹੋਰ ਕਹਾਣੀ ਘੜ ਲਈ ਹੈ।" ਐੱਨਐੱਸਏ ਤਹਿਤ ਅੰਮ੍ਰਿਤਪਾਲ ਦੀ ਦੋ ਸਾਲ ਦੀ ਹਿਰਾਸਤ 23 ਅਪਰੈਲ ਨੂੰ ਖ਼ਤਮ ਹੋ ਰਹੀ ਹੈ। ਉਸ ਨੂੰ ਸ਼ੁਰੂ ਵਿੱਚ ਅਪਰੈਲ 2023 'ਚ ਇਕ ਸਾਲ ਦੀ ਹਿਰਾਸਤ ਵਿੱਚ ਭੇਜਿਆ ਗਿਆ ਸੀ, ਜਿਸ ਨੂੰ ਸਮੇਂ ਦੇ ਨਾਲ ਦੋ ਸਾਲਾਂ ਤੱਕ ਵਧਾ ਦਿੱਤਾ ਗਿਆ। ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਦੀ ਰਾਇ ਇਹ ਹੈ ਕਿ ਪੰਜਾਬ ਸਰਕਾਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਰਿਹਾਅ ਨਹੀਂ ਕਰਨਾ ਚਾਹੁੰਦੀ, ਉਸਨੂੰ ਹੋਰ ਝੂਠੇ ਕੇਸਾਂ ਵਿਚ ਫਸਾਉਣਾ ਚਾਹੁੰਦੀ ਹੈ। ”

## ਕਰਾਈਮ ਨਿਊਜ਼

## ਸਖਤ ਕਾਨੂੰਨ ਕਾਰਣ ਹੁਣ ਪੰਜਾਬੀਆਂ ਦਾ ਰੁਝਾਨ ਵਿਦੇਸ਼ਾਂ ਵੱਲ ਹੋਇਆ ਘੱਟ

✪ ਸਾਲ 2024 ਵਿੱਚ 10.60 ਲੱਖ ਨਵੇਂ ਪਾਸਪੋਰਟ ਬਣੇ, ਜਨਵਰੀ 2025 ਵਿਚ 59,907 ਪਾਸਪੋਰਟ

ਲੁਧਿਆਣਾ-ਵਿਦੇਸ਼ਾਂ ਵਿੱਚ ਗੈਰ ਕਾਨੂੰਨੀ ਪ੍ਰਵਾਸੀਆਂ ਤੇ ਸ਼ਖਤੀ ਅਤੇ ਸਖਤ ਕਾਨੂੰਨੀ ਦੀ ਵਜ੍ਹਾ ਕਰਕੇ ਹੁਣ ਪੰਜਾਬੀਆਂ ਦਾ ਰੁਝਾਨ ਵਿਦੇਸ਼ਾਂ ਵੱਲ ਘੱਟ ਹੋਇਆ ਹੈ । ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਵਿੱਚ ਪਾਸਪੋਰਟ ਬਣਾਉਣ ਦੀ ਗਿਣਤੀ ਘੱਟ ਹੋਈ ਹੈ ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਵਿਚ ਪਾਸਪੋਰਟ ਬਣਾਉਣ ਦੀ ਹਨੇਰੀ ਚੱਲੀ ਸੀ। ਕੇਂਦਰੀ ਵਿਦੇਸ਼ ਮੰਤਰਾਲੇ ਨੇ ਜਨਵਰੀ 2025 ਤੱਕ ਦਾ ਡਾਟਾ ਸ਼ੇਅਰ ਕੀਤਾ ਹੈ ਜਿਸ ਮੁਤਾਬਿਕ ਪੰਜਾਬ ਵਿਚ 59,907 ਪਾਸਪੋਰਟ ਬਣੇ ਹਨ। ਪੰਜਾਬ ਵਿੱਚ ਸਾਲ 2023 ਵਿੱਚ ਪਾਸਪੋਰਟ ਬਣਾਏ ਜਾਣ ਦੇ ਸਭ ਰਿਕਾਰਡ ਟੁੱਟ ਗਏ ਸਨ ਅਤੇ ਉਸ ਸਾਲ ਇਕੱਲੇ ਪੰਜਾਬ ਵਿੱਚ 11.94 ਲੱਖ ਲੋਕਾਂ ਨੇ ਨਵੇਂ ਪਾਸਪੋਰਟ ਬਣਾਏ ਸਨ। ਨਵੇਂ ਵੇਰਵਿਆਂ ਅਨੁਸਾਰ ਸਾਲ 2024 ਵਿੱਚ 10.60 ਲੱਖ ਨਵੇਂ ਪਾਸਪੋਰਟ ਬਣੇ ਹਨ ਜੋ ਕਟੌਤੀ ਹੋਣ ਵੱਲ ਸੰਕੇਤ ਕਰਦੇ ਹਨ। ਅਮਰੀਕਾ 'ਚੋਂ ਡਿਪੋਰਟ ਹੋ ਕੇ ਆਏ ਨੌਜਵਾਨਾਂ ਦੀ ਹੱਡ-ਬੀਤੀ ਸੁਣ ਕੇ ਬਹੁਤ ਸਾਰੇ ਲੋਕਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਹਨ। ਯਾਦ ਰਹੇ ਕਿ ਪੰਜਾਬ ਵਿਚ ਸਾਲ 2014 ਤੋਂ ਹੁਣ ਤੱਕ 92.40 ਲੱਖ ਪਾਸਪੋਰਟ ਬਣ ਚੁੱਕੇ ਹਨ।

# ਲੁਧਿਆਣਾ ਵਿਚ ਡਰਗ ਸਮਗਲਰ ਦੇ ਘਰ ਉੱਤੇ ਪੁਲਿਸ ਨੇ ਚਲਾਇਆ ਬੁਲਡੋਜ਼ਰ

## ✪ ਪਿੰਡ ਦੇ ਸਰਪੰਚ ਕੋਲ ਨਸ਼ੇ ਵੇਚਣ ਦੀ ਗੱਲ ਕਬੂਲ ਕੀਤੀ ਅਤੇ ਸਰਪੰਚ ਨੂੰ ਧਮਕੀ ਦਿੱਤੀ

ਲੁਧਿਆਣਾ-ਪੰਜਾਬ ਸਰਕਾਰ ਵੱਲੋਂ ਨਸ਼ੇ ਨੂੰ ਰੋਕਣ ਲਈ ਨਸ਼ਾ ਤਸਕਰਾਂ ਉੱਤੇ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਲੁਧਿਆਣਾ ਦੇ ਪਿੰਡ ਨਾਰੰਗਵਾਲ ਵਿਖੇ ਡਰਗ ਸਮਗਲਰ ਤਸਕਰ ਦੇ ਘਰ ਉੱਤੇ ਬੁਲਡੋਜ਼ਰ ਚਲਾਇਆ ਗਿਆ ਹੈ। ਮਿਲੀ ਜਾਣਕਾਰੀ ਘਰ ਦੀ ਮਾਲਕਣ ਉੱਤੇ ਨਸ਼ਾ ਵੇਚਣ ਦੇ ਇਲਜ਼ਾਮ ਲੱਗੇ ਸਨ। ਪੰਜਾਬ ਪੁਲਿਸ ਵੱਲੋਂ ਨਸ਼ੇ ਦੇ ਤਸਕਰਾਂ ਨੂੰ ਚਿਤਾਵਨੀ ਵੀ ਦਿੱਤੇ ਸਨ। ਨਸ਼ਾ ਤਸਕਰੀ ਕਰਨ ਵਾਲੇ ਜੋੜੇ ਦੀ ਵੀਡੀਓ ਵੀ ਵਾਇਰਲ ਹੋਈ ਜਿਸ ਵਿੱਚ ਉਨ੍ਹਾਂ ਨੇ ਪਿੰਡ ਦੇ ਸਰਪੰਚ ਨੂੰ ਨਸ਼ੇ ਵੇਚਣ ਦੀ ਗੱਲ ਕਬੂਲ ਕੀਤੀ ਅਤੇ ਸਰਪੰਚ ਨੂੰ ਧਮਕੀ ਦਿੱਤੀ।ਵੀਡੀਓ ਦਾ ਨੋਟਿਸ ਲੈਂਦੇ ਹੋਏ, ਸੀਐਮ ਭਗਵੰਤ ਸਿੰਘ ਮਾਨ ਨੇ ਸਖ਼ਤ ਨੋਟਿਸ ਲਿਆ ਅਤੇ ਜ਼ਿਲ੍ਹਾ ਪੁਲਿਸ ਨੂੰ ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਕਰਨ ਲਈ ਕਿਹਾ। ਪਿੰਡ ਦੇ ਸਰਪੰਚ ਮਨਿੰਦਰ ਸਿੰਘ ਨੇ ਕਿਹਾ ਕਿ ਪਿੰਡ ਵਿੱਚ ਨਸ਼ੇ ਖੁੱਲ੍ਹੇਆਮ ਵਿਕ ਰਹੇ ਹਨ।

ਇਸ ਕਾਰਨ ਕਰਕੇ, ਪਿੰਡ ਵਾਸੀਆਂ ਨੇ ਖੁਦ ਜਾਲ ਵਿਛਾ ਕੇ ਨਸ਼ੇ ਖਰੀਦਣ ਆਏ ਨੌਜਵਾਨਾਂ ਨੂੰ ਫੜ ਲਿਆ। ਉਨ੍ਹਾਂ ਹੀ ਨੌਜਵਾਨਾਂ ਨੇ ਦੱਸਿਆ ਕਿ ਉਹ ਪਿੰਡ ਦੇ ਇੱਕ ਜੋੜੇ ਤੋਂ ਨਸ਼ੇ ਖਰੀਦਦੇ ਹਨ। ਜਦੋਂ ਜੋੜੇ ਨੂੰ ਨਸ਼ੇ ਵੇਚਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਨੇ ਝਗੜਾ ਕਰਨਾ ਸ਼ੁਰੂ ਕਰ ਦਿੱਤਾ।



ਇੱਕ ਜਨਤਕ ਵੀਡੀਓ ਵਿੱਚ, ਉਸਨੇ ਕਬੂਲ ਕੀਤਾ ਕਿ ਉਹ ਨਸ਼ੇ ਵੇਚਦੀ ਰਹੀ ਹੈ ਅਤੇ ਅਜਿਹਾ ਕਰਦੀ ਰਹੇਗੀ।

ਨਸ਼ਾ ਤਸਕਰਾਂ ਤੋਂ ਨਿਰਾਸ਼ਾ ਕਾਰਨ ਹੀ ਉਸਨੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ। ਸਰਪੰਚ ਮਨਿੰਦਰ ਨੇ ਕਿਹਾ ਕਿ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਖੁਦ ਉਨ੍ਹਾਂ ਤੋਂ ਵੀਡੀਓ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਵੀਡੀਓ ਦਾ ਨੋਟਿਸ ਲੈਂਦਿਆਂ, ਮੁੱਖ ਮੰਤਰੀ ਨੇ ਅੱਜ ਸਖ਼ਤ ਕਾਰਵਾਈ ਕੀਤੀ ਅਤੇ ਜੇਸੀਬੀ ਦੀ ਮਦਦ ਨਾਲ ਨਸ਼ਾ ਤਸਕਰ ਦੇ ਘਰ ਦੀ ਕੰਧ ਢਾਹ ਦਿੱਤੀ।

ਇਸ ਮਾਮਲੇ ਵਿੱਚ ਐਸਐਸਪੀ ਜਗਰਾਉਂ ਅੰਕੁਰ ਗੁਪਤਾ ਨੇ ਕਿਹਾ ਕਿ ਪਿੰਡ ਨਾਰੰਗਵਾਲ ਤੋਂ ਇੱਕ ਸ਼ਿਕਾਇਤ ਮਿਲੀ ਹੈ। ਜਦੋਂ ਇਸ 'ਤੇ ਕਾਰਵਾਈ ਕੀਤੀ ਗਈ ਤਾਂ ਹੈਰੋਇਨ ਵੀ ਬਰਾਮਦ ਹੋਈ। ਮੈਨੂੰ ਇਹ ਨਸ਼ੇ ਤਨਵੀਰ ਨਾਮ ਦੇ ਮੁੰਡੇ ਤੋਂ ਮਿਲੇ ਸਨ। ਤਨਵੀਰ ਇੱਕ ਔਰਤ ਅਤੇ ਉਸਦੇ ਪਤੀ ਤੋਂ ਨਸ਼ੀਲੇ ਪਦਾਰਥ ਖਰੀਦਦਾ ਸੀ। ਇਸ ਜੋੜੇ ਵਿਰੁੱਧ ਪਹਿਲਾਂ ਹੀ ਤਿੰਨ ਮਾਮਲੇ ਦਰਜ ਹਨ। ਕਾਗਜ਼ੀ ਕਾਰਵਾਈ ਪੂਰੀ ਕਰਨ ਤੋਂ ਬਾਅਦ, ਨਸ਼ਿਆਂ ਰਾਹੀਂ ਕਮਾਏ ਪੈਸੇ ਨਾਲ ਬਣੀ ਕੰਧ ਨੂੰ ਢਾਹ ਦਿੱਤਾ ਗਿਆ ਹੈ।

# ਖਤਮ ਹੋਇਆ ਕੰਗਨਾ ਤੇ ਜਾਵੇਦ ਅਖ਼ਤਰ ਦਾ ਤਕਰਾਰ

## ✪ ਕੰਗਨਾ ਨੇ ਗੀਤਕਾਰ ਤੋਂ ਮਾਫੀ ਮੰਗਕੇ ਨਿਪਟਾਇਆ ਮਸਲਾ

ਮੁੰਬਈ-ਬਾਲੀਵੁੱਡ ਅਭਿਨੇਤਰੀ ਕੰਗਨਾ ਰਣੌਤ ਨੇ ਫਿਲਮੀ ਗੀਤਕਾਰ ਜਾਵੇਦ ਅਖ਼ਤਰ



ਵੱਲੋਂ ਉਨ੍ਹਾਂ ਖ਼ਿਲਾਫ਼ ਦਾਇਰ ਚਾਰ ਸਾਲ ਤੋਂ ਵੱਧ ਪੁਰਾਣੇ ਮਾਣਮਾਨੀ ਮਾਮਲੇ ਨੂੰ ਵਿਚੋਲਗੀ ਰਾਹੀਂ ਸੁਲਝਾ ਲਿਆ। ਕੰਗਨਾ ਨੇ ਆਪਣੇ ਬਿਆਨ ਲਈ ਉਨ੍ਹਾਂ ਤੋਂ ਮਾਫ਼ੀ ਮੰਗੀ ਹੈ। ਸ਼ੁੱਕਰਵਾਰ ਨੂੰ ਦੋਵੇਂ ਇਕ ਵਿਸ਼ੇਸ਼ ਅਦਾਲਤ ਦੇ ਸਾਹਮਣੇ ਪੇਸ਼ ਹੋਏ ਅਤੇ ਇਕ-ਦੂਜੇ ਖ਼ਿਲਾਫ਼ ਦਾਇਰ ਆਪਣੀਆਂ ਸ਼ਿਕਾਇਤਾਂ ਨੂੰ ਵਾਪਸ ਲੈਣ ਦੇ ਆਪਣੇ ਫ਼ੈਸਲੇ ਤੋਂ ਜਾਣੂ ਕਰਵਾਇਆ। ਅਖ਼ਤਰ ਨੇ ਸਾਲ 2020 ਵਿਚ ਕੰਗਨਾ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਸੀ। ਇਸ ਵਿਚ ਦੋਸ਼ ਲਾਇਆ ਸੀ ਕਿ ਉਨ੍ਹਾਂ (ਕੰਗਨਾ) ਨੇ ਉਸ ਸਾਲ ਜੁਲਾਈ ਵਿਚ ਇਕ ਸਮਾਚਾਰ ਚੈਨਲ ਨੂੰ ਦਿੱਤੀ ਇੰਟਰਵਿਊ ਵਿਚ ਅਭਿਨੇਤਾ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਦੇ ਮਾਮਲੇ ਵਿਚ ਉਨ੍ਹਾਂ ਦਾ ਨਾਂ ਘਸੀਟ ਕੇ ਉਨ੍ਹਾਂ ਦੇ 'ਬੇਦਾ.ਗ ਅਕਸ' ਨੂੰ ਨੁਕਸਾਨ ਪਹੁੰਚਾਇਆ ਸੀ।

# ਲੁਟੇਰਿਆਂ ਪੰਜਾਬੀ ਅਦਾਕਾਰ ਦੇ ਗੰਨਮੈਨ ਨੂੰ ਘੇਰਾ ਪਾਕੇ ਅਗਵਾ ਕੀਤਾ

## ✪ ਬੁਰੀ ਤਰ੍ਹਾਂ ਕੁਟਿਆ ਤੇ ਲੁੱਟਿਆ ਤੇ ਕਾਰ ਵੀ ਖੋਹੀ

ਚੰਡੀਗੜ੍ਹ-ਪੰਜਾਬੀ ਕਲਾਕਾਰ ਕਰਮਜੀਤ ਸਿੰਘ ਅਨਮੋਲ ਦੇ ਗੰਨਮੈਨ ਸਰਬਪ੍ਰੀਤ ਸਿੰਘ



ਨਾਲ ਲੁੱਟ ਦੀ ਖ਼ਬਰ ਆਈ ਹੈ। ਲਾਂਡਰਾ ਵਿੱਚ ਮਜਾਤ ਇਲਾਕੇ ਦੇ ਨਜ਼ਦੀਕ ਲੁਟੇਰਿਆਂ ਨੇ ਸਰਬਪ੍ਰੀਤ ਦੀ ਗੱਡੀ ਨੂੰ ਘੇਰਾ ਪਾਇਆ ਅਤੇ ਪਸਤੌਲ ਦੀ ਨੋਕ 'ਤੇ ਸਰਬਪ੍ਰੀਤ ਨੂੰ ਅਗਵਾ ਕਰ ਲਿਆ ਅਤੇ ਉਸ ਦੀ ਗੱਡੀ ਖੋਹ ਲਈ। ਸਰਬਪ੍ਰੀਤ ਚੰਡੀਗੜ੍ਹ ਵਿੱਚ ਆਪਣੀ ਆਈ-20 ਕਾਰ ਵਿੱਚ ਪਿੰਡ ਚੰਦੂਮਾਜਰਾ ਪਰਤ ਰਿਹਾ ਸੀ। ਰਸਤੇ ਵਿੱਚ ਇੱਕ ਫਾਰਚੂਨਰ ਗੱਡੀ ਨੇ ਉਨ੍ਹਾਂ ਦੀ ਕਾਰ ਨੂੰ ਰੋਕਿਆ। ਫਾਰਚੂਨਰ ਤੋਂ ਉਤਰ ਕੇ ਨੌਜਵਾਨ ਨੇ ਗੰਨ ਪੁਆਇੰਟ 'ਤੇ ਉਨ੍ਹਾਂ ਨੂੰ ਆਪਣੀ ਗੱਡੀ ਵਿੱਚ ਬਿਠਾ ਲਿਆ। ਇੱਕ ਬਦਮਾਸ਼ ਉਨ੍ਹਾਂ ਦੀ ਆਈ-20 ਲੈ ਕੇ ਫਰਾਰ ਹੋ ਗਿਆ। ਲੁਟੇਰੇ ਸਰਬਪ੍ਰੀਤ ਨੂੰ ਸਰਹਿੰਦ ਲੈ ਗਏ ਜਿੱਥੇ ਉਨ੍ਹਾਂ ਦੇ ਏਟੀਐਮ ਤੋਂ ਤਕਰੀਬਨ 9500 ਰੁਪਏ ਕੱਢੇ ਗਏ। ਇਸ ਦੇ ਬਾਅਦ ਉਨ੍ਹਾਂ ਨੂੰ ਖੰਨਾ ਵਿੱਚ ਜਖਮੀ ਹਾਲਤ ਵਿੱਚ ਛੱਡ ਕੇ ਫਰਾਰ ਹੋ ਗਏ। ਸਰਬਪ੍ਰੀਤ ਨੂੰ ਸਿਵਿਲ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਪੁਲਿਸ ਨੇ ਸਰਬਪ੍ਰੀਤ ਦੀ ਕਾਰ ਜੋੜੇਪੁਰ ਦੇ ਕੋਲੋ ਬਰਾਮਦ ਕੀਤੀ। ਡੀਐੱਸਪੀ ਖੰਨਾ ਅੰਮ੍ਰਿਤਪਾਲ ਸਿੰਘ ਭਾਟੀ ਦੇ ਮੁਤਾਬਿਕ ਵਾਰਦਾਤ ਰਾਜਪੁਰਾ ਖੇਤਰ ਵਿੱਚ ਹੋਈ ਹੈ। ਮਾਮਲੇ ਦੀ ਜਾਂਚ ਰਾਜਪੁਰਾ ਪੁਲਿਸ ਕਰੇਗੀ।

# ਕੇਂਦਰੀ ਜੇਲ੍ਹ ਪਟਿਆਲਾ ਵਿਖੇ ਹਵਾਲਾਤੀਆਂ ਵਿਚ ਝੜਪ

## ✪ ਚਮਚੇ ਤੇ ਪਾਈਪਾਂ ਨਾਲ ਕੀਤਾ ਹਮਲਾ, ਇਕ ਜ਼ਖ਼ਮੀ

ਪਟਿਆਲਾ-ਕੇਂਦਰੀ ਜੇਲ੍ਹ ਵਿਚ ਬਹਿਸ ਤੋਂ ਬਾਅਦ ਹਵਾਲਾਤੀਆਂ ਦੀ ਆਪਸੀ ਝੜੱਪ ਹੋ ਗਈ ਹੈ। ਇਸ ਦੌਰਾਨ ਇਕ ਧਿਰ ਵਲੋਂ ਚਮਚਿਆਂ ਨੂੰ ਤੇਜ਼ਧਾਰ ਹਥਿਆਰ ਬਣਾ ਕੇ ਤੇ ਲੋਹੇ ਦੀਆਂ ਪਾਈਪਾਂ ਨਾਲ ਹਮਲਾ ਕਰ ਦਿੱਤਾ ਗਿਆ। ਇਸ ਝਗੜੇ ਵਿਚ ਇਕ ਹਵਾਲਾਤੀ ਜ਼ਖਮੀ ਹੋਇਆ ਹੈ। ਜਿਸਦੀ ਪਛਾਣ ਗੁਰਪ੍ਰੀਤ ਸਿੰਘ ਵਜੋਂ ਹੋਈ ਹੈ। ਥਾਣਾ ਤ੍ਰਿਪੜੀ ਪੁਲਿਸ ਨੇ ਹਵਾਲਾਤੀ ਗੁਰਪ੍ਰੀਤ ਸਿੰਘ ਦੀ ਸ਼ਿਕਾਇਤ 'ਤੇ 9 ਹਵਾਲਾਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ।

ਗੁਰਪ੍ਰੀਤ ਸਿੰਘ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ 23 ਫਰਵਰੀ ਦੀ ਸਵੇਰ ਕਰੀਬ 11 ਵਜੇ ਉਹ ਜੇਲ੍ਹ ਦੀ ਕੰਟੀਨ ਕੋਲ ਖੜ੍ਹਾ ਸੀ। ਇਸੇ ਦੌਰਾਨ ਹਵਾਲਾਤੀ ਅਮਨਦੀਪ, ਸਰੂਪ ਸਿੰਘ ਤੇ ਹੋਰ ਬੰਦੀ ਆਏ ਅਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਬੁਰੀ ਤਰ੍ਹਾ ਕੁੱਟਮਾਰ ਕੀਤੀ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਪੁਲਿਸ ਨੇ ਹਵਾਲਾਤੀ ਅਮਨਦੀਪ ਸਿੰਘ, ਹਵਾਲਾਤੀ ਸਰੂਪ ਸਿੰਘ, ਹਵਾਲਾਤੀ ਸਿਮਰਨਜੀਤ ਸਿੰਘ, ਹਵਾਲਾਤੀ ਨਿਸ਼ਾਨ ਸਿੰਘ, ਹਵਾਲਾਤੀ ਨਰਿੰਦਰ ਸਿੰਘ, ਹਵਾਲਾਤੀ ਭੀਮ ਸਿੰਘ, ਅਰੁਣ ਕੁਮਾਰ, ਹਵਾਲਾਤੀ ਵਿਸ਼ਾਲ ਕੁਮਾਰ ਅਤੇ ਹਵਾਲਾਤੀ ਸੂਰਜ ਨੂੰ ਨਾਮਜਦ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜੇਲ੍ਹ ਸੁਪਰਡੈਂਟ ਵਰੁਣ ਸ਼ਰਮਾ ਨੇ ਦੱਸਿਆ ਕਿ ਬੰਦੀਆਂ ਦੇ ਕਿਸੇ ਨੂੰ ਗੱਲ ਨੂੰ ਲੈ ਕੇ ਬਹਿਸ ਹੋਈ ਸੀ, ਜਿਸ ਤੋਂ ਬਾਅਦ ਝਗੜਾ ਹੋ ਗਿਆ। ਸੁਰੱਖਿਆ ਮੁਲਾਜਮਾਂ ਨੂੰ ਪਤਾ ਲੱਗਦਿਆਂ ਹੀ ਸਾਰਿਆਂ ਨੂੰ ਕਾਬੂ ਕਰਕੇ ਝਗੜਾ ਰੋਕ ਦਿੱਤਾ।

# ਪਿੰਡ ਸਤੌਜ ਵਿਚ ਖ਼ਾਲਿਸਤਾਨੀ ਨਾਅਰੇ ਲਿਖਣ ਤੇ ਝੰਡਾ ਚੜ੍ਹਾਉਣ ਦੇ ਮਾਮਲੇ ਵਿਚ 6 ਸਿੱਖ ਗ੍ਰਿਫ਼ਤਾਰ

## ✪ ਪੰਜਾਬ ਪੁਲਿਸ ਨੇ ਨੌਜਵਾਨਾਂ ਦੇ ਖਾਲਿਸਤਾਨੀ ਗੁਰਪਤਵੰਤ ਸਿੰਘ ਪੰਨੂ ਨਾਲ ਸਬੰਧ ਜੋੜੇ



ਸੰਗਰੂਰ-ਸੰਗਰੂਰ ਪੁਲਸ ਨੇ ਜ਼ਿਲ੍ਹੇ ਦੇ ਪਿੰਡ ਸਤੌਜ ਵਿਖੇ 12 ਫ਼ਰਵਰੀ ਨੂੰ ਖ਼ਾਲਿਸਤਾਨ ਪੱਖੀ ਨਾਅਰੇ ਲਿਖ ਕੇ ਆਮ ਲੋਕਾਂ ਵਿਚ ਸਹਿਮ ਪੈਦਾ ਕਰਨ ਵਾਲੀ ਵਾਰਦਾਤ ਨੂੰ ਟਰੇਸ ਕਰਦਿਆਂ 6 ਕਥਿਤ ਦੋਸ਼ੀਆਂ ਨੂੰ ਕਾਬੂ ਕੀਤਾ ਹੈ। ਸੀਨੀਅਰ ਕਪਤਾਨ ਪੁਲਸ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਥਾਣਾ ਧਰਮਗੜ੍ਹ ਵਿਖੇ ਮੁਖ਼ਬਰ ਖਾਸ ਦੀ ਇਤਲਾਹ 'ਤੇ ਮੁਕੱਦਮਾ ਦਰਜ ਹੋਇਆ ਕਿ ਪਿੰਡ ਸਤੌਜ ਵਿਖੇ ਖ਼ਾਲਿਸਤਾਨ ਬਾਰੇ ਅਤੇ ਹੋਰ ਨਾਅਰੇ ਲਿਖੇ ਹੋਏ ਹਨ ਅਤੇ ਇਕ ਕੇਸਰੀ ਰੰਗ ਦਾ ਝੰਡਾ, ਜਿਸ 'ਤੇ ਖ਼ਾਲਿਸਤਾਨ ਲਿਖਿਆ ਹੋਇਆ ਹੈ ਲੱਗਿਆ ਹੋਇਆ ਹੈ।

ਇਸ ਸਬੰਧੀ ਗੁਰਪਤਵੰਤ ਸਿੰਘ ਪੰਨੂ, ਜਿਸ ਨੇ ਐੱਸ.ਐੱਫ.ਜੇ. ਨਾਂ ਦਾ ਇਕ ਸੰਗਠਨ ਬਣਾਇਆ ਹੋਇਆ ਹੈ, ਜੋ ਭਾਰਤ ਸਰਕਾਰ ਵੱਲੋਂ ਗੈਰ-ਕਾਨੂੰਨੀ ਐਲਾਨਿਆ ਗਿਆ ਹੈ, ਦੇ ਵੱਲੋਂ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵੀ ਵਾਇਰਲ ਕੀਤੀ ਗਈ ਸੀ। ਉਨ੍ਹਾਂ ਦੱਸਿਆ ਦੌਰਾਨੇ ਤਫਤੀਸ਼ ਮੁਕੱਦਮੇ ਨੂੰ ਟਰੇਸ ਕਰਨ ਲਈ ਪਲਵਿੰਦਰ ਸਿੰਘ ਚੀਮਾ, ਕਪਤਾਨ ਪੁਲਸ (ਇਨਵੈਸਟੀਗੇਸ਼ਨ) ਸੰਗਰੂਰ ਦੀ ਨਿਗਰਾਨੀ ਹੇਠ ਪ੍ਰਿਥਵੀ ਸਿੰਘ ਚਹਿਲ, ਉਪ ਕਪਤਾਨ ਪੁਲਸ ਸਬ ਡਵੀਜ਼ਨ ਦਿੜ੍ਹਬਾ ਅਤੇ ਦਲਜੀਤ ਸਿੰਘ ਵਿਰਕ, ਉਪ ਕਪਤਾਨ ਪੁਲਸ (ਡਿਟੈਕਟਿਵ) ਸੰਗਰੂਰ ਦੀ ਅਗਵਾਈ ਹੇਠ ਇੰਸਪੈਕਟਰ ਸੰਦੀਪ ਸਿੰਘ, ਇੰਚਾਰਜ ਸੀ.ਆਈ.ਏ. ਬਹਾਦਰ ਸਿੰਘ ਵਾਲਾ ਅਤੇ ਥਾਣੇਦਾਰ ਗੁਰਪਾਲ ਸਿੰਘ ਮੁੱਖ ਅਫਸਰ ਥਾਣਾ ਧਰਮਗੜ੍ਹ ਦੀਆਂ ਵੱਖ-ਵੱਖ ਟੀਮਾਂ ਬਣਾ ਕੇ ਟੈਕਨੀਕਲ ਢੰਗ ਨਾਲ ਕਾਰਵਾਈ ਕਰਦੇ ਹੋਏ ਮੁਕੱਦਮਾ ਟਰੇਸ ਕਰ ਕੇ 6 ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਇਕ ਕਥਿਤ ਦੋਸ਼ੀ ਗੁਰਪਤਵੰਤ ਸਿੰਘ ਪੰਨੂ ਦੀ ਗ੍ਰਿਫ਼ਤਾਰੀ ਬਾਕੀ ਹੈ।

ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਪਛਾਣ ਜਗਰਾਜ ਸਿੰਘ ਬੀਰੋਕੇ ਕਲਾਂ ਥਾਣਾ ਸਦਰ ਬੁਢਲਾਡਾ ਜ਼ਿਲ੍ਹਾ ਮਾਨਸਾ, ਗੁਰਮੀਤ ਸਿੰਘ ਟਿੱਬਿਆਂ ਵਾਲੀ ਬਸਤੀ ਬੀਰੋਕੇ ਕਲਾਂ ਜ਼ਿਲ੍ਹਾ ਮਾਨਸਾ, ਅੰਮ੍ਰਿਤਪਾਲ ਸਿੰਘ ਦੂਲੇਵਾਲ ਥਾਣਾ ਫੂਲ ਜ਼ਿਲਾ ਬਠਿੰਡਾ, ਬਲਜਿੰਦਰ ਸਿੰਘ ਵਾਸੀ ਦੂਲੇਵਾਲ ਥਾਣਾ ਫੂਲ ਬਠਿੰਡਾ, ਬਲਜੀਤ ਸਿੰਘ ਚਾਉਕੇ ਬਠਿੰਡਾ, ਅੰਤਰਵੀਰ ਸਿੰਘ ਬਠਿੰਡਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਐੱਸ. ਐੱਸ. ਪੀ. ਚਾਹਲ ਨੇ ਦੱਸਿਆ ਕਿ ਇਸ ਘਟਨਾ ਦੌਰਾਨ ਵਰਤਿਆ ਮੋਟਰਸਾਈਕਲ ਮਾਰਕਾ ਹੀਰੋ ਹਾਂਡਾ, ਵਰਤੇ ਗਏ ਮੋਬਾਈਲ ਫੋਨ, ਪੇਂਟ ਸਪਰੇ ਕੇਨ ਜਿੰਨਾ ਨਾਲ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ, ਕੇਸਰੀ ਰੰਗ ਦਾ ਝੰਡਾ ਜਿਸ 'ਤੇ ਐੱਸ.ਐੱਫ.ਜੇ. ਲਿਖਿਆ ਹੋਇਆ ਆਦਿ ਬਰਾਮਦ ਕਰਵਾਇਆ ਗਿਆ ਹੈ।

❝ ਪੰਜਾਬ ਟਾਈਮਜ ਅਨੁਸਾਰ ਹਾਲਾਂਕਿ ਖਾਲਿਸਤਾਨ ਬਾਰੇ ਸ਼ਾਂਤਮਈ ਪ੍ਰਚਾਰ ਕਰਨ ਦੀ ਇਜ਼ਾਜਤ ਸੁਪਰੀਮ ਕੋਰਟ ਦਿੰਦੀ ਹੈ ਪਰ ਪੰਜਾਬ ਪੁਲੀਸ ਇਸ ਮਾਮਲੇ ਵਿਚ ਝੂਠੇ ਕੇਸ ਪਾਕੇ ਨੌਜਵਾਨਾਂ ਦੀ ਜਵਾਨੀ ਬਰਬਾਦ ਕਰਕੇ ਕਰਾਈਮ ਵਲ ਧਕ ਰਹੀ ਹੈ। ❞

### -ਮਾਮਲਾ ਪਤਨੀ ਨਾਲ ਦੋਸਤ ਦੇ ਨਾਜਾਇਜ਼ ਸੰਬੰਧਾਂ ਦਾ-

# ਪ੍ਰੇਸ਼ਾਨ ਪਤੀ ਨੇ ਦੋਸਤ ਦਾ ਗਲ ਵੱਢ ਕੇ ਸਿਰ ਨਾਲੇ ਵਿਚ ਸੁੱਟਿਆ



ਸੰਗਰੂਰ-ਸ਼ਹਿਰ ਦੇ ਪ੍ਰਤਾਪ ਨਗਰ ਸਥਿਤ ਇਕ ਘਰ ਵਿਚ ਆਪਣੇ ਹੀ ਦੋਸਤ ਦਾ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਸਿਟੀ ਮੁਖੀ ਇੰਸ. ਮਨਪ੍ਰੀਤ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਥਾਣਾ ਸਿਟੀ ਵਿਖੇ ਮੁਕੇਸ਼ ਕੁਮਾਰ ਵਾਸੀ ਬਿਹਾਰ ਦੇ ਬਿਆਨਾਂ 'ਤੇ ਅਜੈ ਰਾਮ, ਪ੍ਰਿਆ ਕੁਮਾਰੀ ਅਤੇ ਆਕਾਸ਼ ਰਾਮ ਵਾਸੀ ਬਿਹਾਰ ਖ਼ਿਲਾਫ਼ ਕਤਲ ਦਾ ਮੁਕੱਦਮਾ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਵਲੋਂ ਮੁਕੱਦਮੇ 'ਚ ਨਾਮਜ਼ਦ ਅਜੇ ਰਾਮ ਨੂੰ ਸਥਾਨਕ ਪ੍ਰਤਾਪ ਨਗਰ ਤੋਂ ਹੀ ਗ੍ਰਿਫ਼ਤਾਰ ਕਰ ਲਿਆ ਹੈ ।ਅਜੈ ਰਾਮ ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਉਹ 18-19 ਫਰਵਰੀ ਦੀ ਦਰਮਿਆਨੀ ਰਾਤ ਨੂੰ ਰਕੇਸ਼ ਕੁਮਾਰ ਨੂੰ ਸ਼ਰਾਬ ਪਿਆ ਕੇ ਪ੍ਰਤਾਪ ਨਗਰ ਵਿਚਲੇ ਘਰ ਦੀ ਛੱਤ ਉੱਤੇ ਲੈ ਗਿਆ ਅਤੇ ਨਸ਼ੇ ਵਿਚ ਬੇਸੁਰਤ ਰਕੇਸ਼ ਕੁਮਾਰ ਦਾ ਛੱਤ ਉੱਤੇ ਹੀ ਇਕ ਕਟਰ ਨਾਲ ਸਿਰ ਵੱਢ ਕੇ ਧੜ੍ਹ ਨਾਲੋਂ ਅਲੱਗ ਕਰ ਦਿੱਤਾ ਅਤੇ ਵੱਢੇ ਹੋਏ ਸਿਰ ਨੂੰ ਕਿਸੇ ਲਿਫ਼ਾਫ਼ੇ ਆਦਿ ਵਿਚ ਪਾ ਕੇ ਸਥਾਨਕ ਸੁਨਾਮ ਰੋਡ ਸਥਿਤ ਨਾਲੇ ਵਿਚ ਸੁੱਟ ਦਿੱਤਾ।

ਅਜੈ ਰਾਮ ਮੁਤਾਬਿਕ ਪਹਿਲਾਂ ਉਹ ਝਟਕਈ ਦਾ ਕੰਮ ਕਰਦਾ ਸੀ ਅਤੇ ਉਸ ਨੇ ਝਟਕਈ ਦਾ ਕੰਮ ਜਾਣਦਾ ਹੋਣ ਕਾਰਨ ਰਕੇਸ਼ ਕੁਮਾਰ ਦੇ ਬਾਕੀ ਸਰੀਰ ਨੂੰ ਛੋਟੇ ਛੋਟੇ ਟੁਕੜਿਆਂ ਵਿਚ ਕੱਟ ਕੇ ਸ਼ਹਿਰ ਦੇ ਵੱਖ ਵੱਖ ਥਾਈਂ ਕੂੜੇਦਾਨਾਂ ਅਤੇ ਨਾਲਿਆਂ ਆਦਿ ਵਿਚ ਸੁੱਟ ਦਿੱਤਾ। ਇੰਸ. ਮਨਪ੍ਰੀਤ ਨੇ ਦੱਸਿਆ ਕਿ ਸੁਨਾਮ ਰੋਡ ਸਥਿਤ ਨਾਲੇ ਵਿਚੋਂ ਮਿਬਕ ਰਕੇਸ਼ ਕੁਮਾਰ ਦਾ ਵੱਢਿਆ ਹੋਇਆ ਸਿਰ ਬਰਾਮਦ ਕਰ ਲਿਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਅਜੈ ਰਾਮ ਨੂੰ ਅਦਾਲਤ ਵਿਚ ਪੇਸ਼ ਕਰ ਕੇ 2 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ ਅਤੇ ਅਜੈ ਰਾਮ ਦੀ ਨਿਸ਼ਾਨਦੇਹੀ ਉੱਤੇ ਸ਼ਹਿਰ ਦੇ ਵੱਖ-ਵੱਖ ਕੂੜੇ ਦੇ ਡੰਪਾਂ ਅਤੇ ਨਾਲਿਆਂ ਵਿਚ ਮਿਬਕ ਦੇ ਬਾਕੀ ਸਰੀਰ ਦੇ ਟੁਕੜੇ ਅਤੇ ਕਤਲ ਮੌਕੇ ਵਰਤੇ ਕਟਰ ਦੀ ਭਾਲ ਕੀਤੀ ਜਾ ਰਹੀ ਹੈ।

ਥਾਣਾ ਮੁਖੀ ਨੇ ਦੱਸਿਆ ਕਿ ਅਜੈ ਰਾਮ ਨੇ ਕਤਲ ਦੇ ਪਿੱਛੇ ਦੀ ਵਜ੍ਹਾ ਰਕੇਸ਼ ਕੁਮਾਰ ਦੇ ਅਜੇ ਰਾਮ ਦੀ ਪਤਨੀ ਨਾਲ ਨਾਜਾਇਜ਼ ਸੰਬੰਧਾਂ ਨੂੰ ਦੱਸਿਆ ਹੈ।

# ਨਵੇਂ ਸਰਵੇ ਮੁਤਾਬਕ ਜੇ ਅੱਜ ਚੋਣਾਂ ਹੋ ਜਾਣ ਤਾਂ ਨਿਤਿਸ਼ ਲਈ ਸਰਕਾਰ ਬਚਾਉਣੀ ਹੋਵੇਗੀ ਮੁਸ਼ਕਲ

### ✪ ਨਿਤਿਸ਼ ਮੁੱਖ ਮੰਤਰੀ ਵਜੋਂ ਹਰਮਨ ਪਿਆਰੇ ਨਹੀਂ ਰਹੇ ✪ ਰਾਸ਼ਟਰੀ ਜਨਤਾ ਦਲ ਦੇ ਤੇਜਸਵੀ ਨੂੰ 41 ਫੀਸਦੀ ਲੋਕ ਮੁੱਖ ਮੰਤਰੀ ਦੇਖਣਾ ਚਾਹੁੰਦੇ ਨੇ



ਸੀ-ਵੋਟਰ ਤੇ ਇੰਡੀਆ ਟੀ ਵੀ ਵੱਲੋਂ ਕੀਤੇ ਗਏ ਇਸ ਸਰਵੇ ਮੁਤਾਬਕ ਜੇ ਅੱਜ ਚੋਣਾਂ ਹੋ ਜਾਣ ਤਾਂ ਨਿਤਿਸ਼ ਕੁਮਾਰ ਲਈ ਸਰਕਾਰ ਬਚਾਉਣੀ ਮੁਸ਼ਕਲ ਹੋ ਜਾਵੇਗੀ। ਸਰਵੇ ਕਰਨ ਵਾਲਿਆਂ ਨੇ ਜਿਨ੍ਹਾਂ ਲੋਕਾਂ ਨਾਲ ਗੱਲ ਕੀਤੀ, ਉਨ੍ਹਾਂ ਵਿੱਚੋਂ ਸਿਰਫ 18 ਫੀਸਦੀ ਲੋਕ ਹੀ ਨਿਤਿਸ਼ ਕੁਮਾਰ ਨੂੰ ਮੁੜ ਮੁੱਖ ਮੰਤਰੀ ਬਣਿਆ ਦੇਖਣਾ ਚਾਹੁੰਦੇ ਹਨ, ਜਦਕਿ ਰਾਸ਼ਟਰੀ ਜਨਤਾ ਦਲ ਦੇ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਦੇ ਬੇਟੇ ਤੇਜਸਵੀ ਯਾਦਵ ਨੂੰ 41 ਫੀਸਦੀ ਲੋਕ ਮੁੱਖ ਮੰਤਰੀ ਦੇਖਣਾ ਚਾਹੁੰਦੇ ਹਨ। ਇਨ੍ਹਾਂ ਤੋਂ ਬਾਅਦ 15 ਫੀਸਦੀ ਜਨ ਸਵਰਾਜ ਦੇ ਬਾਨੀ ਪ੍ਰਸ਼ਾਂਤ ਕਿਸ਼ੋਰ, 8 ਫੀਸਦੀ ਭਾਜਪਾ ਦੇ ਸਮਰਾਟ ਚੌਧਰੀ ਤੇ 4 ਫੀਸਦੀ ਲੋਕ ਜਨ-ਸ਼ਕਤੀ ਪਾਰਟੀ (ਰਾਮਵਿਲਾਸ) ਦੇ ਪ੍ਰਧਾਨ ਚਿਰਾਗ ਪਾਸਵਾਨ ਨੂੰ ਮੁੱਖ ਮੰਤਰੀ ਬਣਨਾ ਦੇਖਣਾ ਚਾਹੁੰਦੇ ਹਨ। ਸਰਵੇ ਵਿੱਚ ਸ਼ਾਮਲ 50 ਫੀਸਦੀ ਲੋਕਾਂ ਨੇ ਕਿਹਾ ਕਿ ਉਹ ਮੌਜੂਦਾ ਸਰਕਾਰ ਤੋਂ ਨਾਰਾਜ਼ ਹਨ ਤੇ ਬਦਲਾਅ ਚਾਹੁੰਦੇ ਹਨ, 22 ਫੀਸਦੀ ਨਾਰਾਜ਼ ਹਨ, ਪਰ ਬਦਲਾਅ ਦੇ ਹੱਕ ਵਿੱਚ ਨਹੀਂ। ਦੂਜੇ ਪਾਸੇ 25 ਫੀਸਦੀ ਲੋਕ ਨਾ ਨਾਰਾਜ਼ ਹਨ ਤੇ ਨਾ ਹੀ ਬਦਲਾਅ ਚਾਹੁੰਦੇ ਹਨ। 58 ਫੀਸਦੀ ਲੋਕਾਂ ਨੇ ਕਿਹਾ ਕਿ ਨਿਤਿਸ਼ ਕੁਮਾਰ 'ਤੇ ਭਰੋਸਾ ਘਟਿਆ ਹੈ, 13 ਫੀਸਦੀ ਨੇ ਕਿਹਾ ਕਿ ਕੁਝ ਘਟਿਆ ਹੈ, ਜਦਕਿ 21 ਫੀਸਦੀ ਨੂੰ ਅਜਿਹਾ ਨਹੀਂ ਲੱਗਦਾ। ਸਰਵੇ ਵਿੱਚ ਜਿਹੜੀ ਅਹਿਮ ਗੱਲ ਸਾਹਮਣੇ ਆਈ ਹੈ, ਉਹ ਇਹ ਹੈ ਕਿ 45 ਫੀਸਦੀ ਨੇ ਬੇਰੁਜ਼ਗਾਰੀ ਨੂੰ ਮੁੱਖ ਮੁੱਦਾ ਦੱਸਿਆ ਹੈ। ਇਸ ਦੇ ਬਾਅਦ 11 ਫੀਸਦੀ ਨੇ ਮਹਿੰਗਾਈ, 10 ਫੀਸਦੀ ਨੇ ਬਿਜਲੀ, ਪਾਣੀ ਤੇ ਸੜਕ ਅਤੇ 4-4 ਫੀਸਦੀ ਨੇ ਕਿਸਾਨਾਂ ਦੀ ਮਾੜੀ ਹਾਲਤ ਤੇ ਭ੍ਰਿਸ਼ਟਾਚਾਰ ਨੂੰ ਮੁੱਦਾ ਦੱਸਿਆ ਹੈ।

❝ ਪੰਜਾਬ ਟਾਈਮਜ ਅਨੁਸਾਰ ਤਾਜ਼ਾ ਸਰਵੇ ਤੋਂ ਪਹਿਲਾਂ ਸੀ-ਵੋਟਰ ਨੇ ਕੁਝ ਹਫਤੇ ਪਹਿਲਾਂ ਦਿੱਲੀ ਚੋਣਾਂ ਦੇ ਤੁਰੰਤ ਬਾਅਦ ਬਿਹਾਰ ਵਿੱਚ ਕੀਤੇ ਸਰਵੇ ਵਿਚ ਐੱਨ ਡੀ ਏ ਦੀ ਲਗਭਗ ਜਿੱਤ ਦਾ ਅਨੁਮਾਨ ਲਾਇਆ ਸੀ। ਸਰਵੇ ਰਾਸ਼ਟਰੀ ਜਨਤਾ ਦਲ, ਕਾਂਗਰਸ ਤੇ ਖੱਬੀਆਂ ਪਾਰਟੀਆਂ ਦੇ ਮਹਾਂਗੱਠਬੰਧਨ ਲਈ ਆਸ ਬਨ੍ਹਾਉਂਦਾ ਹੈ, ਪਰ ਉਹ ਸੱਤਾ ਤਾਂ ਹੀ ਹਾਸਲ ਕਰ ਸਕਣਗੇ, ਜੇ ਲਾਲੂ ਪਰਵਾਰ ਸੀਟਾਂ ਦੀ ਸਹੀ ਵੰਡ ਹੋਣ ਦੇਵੇਗਾ। ਲਾਲੂ ਪਰਵਾਰ ਦੀ ਅੜੀ ਕਾਰਨ ਹੀ ਨਿਤਿਸ਼ ਤੇ ਭਾਜਪਾ ਦਾ ਗੱਠਜੋੜ ਕਾਮਯਾਬ ਹੁੰਦਾ ਰਿਹਾ ਹੈ। ❞

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਮਾਰਚ ਮਹੀਨਾ 2025

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਇਸ ਮਹੀਨੇ ਧਨ ਲਾਭ ਦੇ ਨਾਲ-ਨਾਲ ਖਰਚ ਵੀ ਜ਼ਿਆਦਾ ਰਹੇਗਾ। ਭਾਵੇਂ ਕਾਰੋਬਾਰ ਵਿੱਚ ਤਰੱਕੀ ਦੇ ਮੌਕੇ ਮਿਲਣਗੇ, ਪਰ ਘਰੇਲੂ ਉਲਝਣਾਂ ਦੇ ਕਾਰਨ ਰੁਕਾਵਟਾਂ ਆ ਸਕਦੀਆਂ ਹਨ। ਇਸ ਸਮੇਂ ਦੌਰਾਨ ਕਿਸੇ ਨਾਲ ਲੈਣ-ਦੇਣ ਨਾ ਕਰੋ, ਨਹੀਂ ਤਾਂ ਨੁਕਸਾਨ ਅਤੇ ਧੋਖੇ ਦਾ ਡਰ ਰਹੇਗਾ। ਨਵੇਂ ਲੋਕਾਂ ਨਾਲ ਮੇਲ-ਜੋਲ ਹੋਵੇਗਾ। ਗੁਰੂ ਘਰ ਬੱਚਿਆਂ ਸਮੇਤ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਮਹੀਨੇ ਦੇ ਸ਼ੁਰੂ ਵਿੱਚ ਪਰਿਵਾਰ ਵਿੱਚ ਕੁਝ ਨਿੱਜੀ ਸਮੱਸਿਆਵਾਂ ਆਉਣਗੀਆਂ। ਅਚਾਨਕ ਖਰਚ ਵੀ ਵਧਣਗੇ। ਧਨ ਪ੍ਰਾਪਤੀ ਦੇ ਸਾਧਨਾਂ ਵਿੱਚ ਬੇਸ਼ੱਕ ਵਾਧਾ ਹੋਵੇਗਾ, ਪਰ ਖਰਚ ਵੀ ਵਧਣਗੇ। ਘਰੇਲੂ ਜੀਵਨ ਵਿੱਚ ਖੁਸ਼ੀ ਦਾ ਮਾਹੌਲ ਬਣੇਗਾ। ਕੀਤੇ ਗਏ ਕਿਸੇ ਖਾਸ ਕੰਮ ਦੇ ਲਈ ਮਿਹਨਤ ਅਤੇ ਕੋਸ਼ਿਸ਼ ਸਫਲ ਹੋਵੇਗੀ। ਧਰਮ-ਕਰਮ ਵਿੱਚ ਰੁਝਾਨ ਵਧੇਗਾ। ਗਰੀਬ ਜਾਂ ਜਰੂਰਤਮੰਦ ਨੂੰ ਖਾਨਾ ਜਰੂਰ ਖਵਾਉ। ਮਨ ਨੂੰ ਸ਼ਾਂਤੀ ਮਿਲੇਗੀ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਇਸ ਮਹੀਨੇ ਨੌਕਰੀ/ਵਪਾਰ ਵਿੱਚ ਲਾਭ ਅਤੇ ਸੋਚੀ ਹੋਈ ਯੋਜਨਾ ਵਿੱਚ ਕਾਮਯਾਬੀ ਮਿਲੇਗੀ। ਪਰਿਵਾਰਕ ਸਬੰਧਾਂ ਵਿੱਚ ਕੁਝ ਸੁਧਾਰ ਹੋਵੇਗਾ। ਨਵੇਂ ਵਪਾਰ ਦੀ ਯੋਜਨਾ ਵਿੱਚ ਝਗੜਾ ਹੋ ਸਕਦਾ ਹੈ। ਧਿਆਨ ਰੱਖਣ ਦੀ ਲੋੜ ਹੈ। ਦੁਸ਼ਮਣ ਵਧਣਗੇ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਪਵੋ, ਵੱਡਾ ਨੁਕਸਾਨ ਹੋ ਸਕਦਾ ਹੈ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਗੁਜ਼ਾਰੇ ਯੋਗ ਆਮਦਨ ਦੇ ਸਾਧਨ ਬਣਨਗੇ, ਪਰ ਕਈ ਕੰਮਾਂ 'ਤੇ ਖਰਚ ਵੀ ਬਹੁਤ ਹੋਣਗੇ। ਜ਼ਿਆਦਾ ਸਮਾਂ ਅਤੇ ਧਨ ਐਸ਼ੋ ਆਰਾਮ ਦੇ ਕੰਮਾਂ 'ਤੇ ਖਰਚ ਹੋਵੇਗਾ। ਸਿਹਤ ਢਿੱਲੀ ਰਹਿਣ ਦੇ ਯੋਗ ਹਨ। ਪਹਿਲਾਂ ਕੀਤੀਆਂ ਕੋਸ਼ਿਸ਼ਾਂ ਵਿੱਚ ਕਾਮਯਾਬੀ ਮਿਲਣ ਦੇ ਆਸਾਰ ਹਨ ਅਤੇ ਸੁੱਖ ਦੇ ਸਾਧਨ ਵਧਣਗੇ। ਨਵੇਂ ਮਸਲੇ 'ਤੇ ਵਿਚਾਰ ਵਟਾਂਦਰਾ ਹੋ ਸਕਦਾ ਹੈ। ਆਪਣੇ ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ। ਮੁਸ਼ਕਿਲਾਂ ਦੇ ਹੱਲ ਆਪਣੇ ਆਪ ਨਿਕਲ ਆਉਣਗੇ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਕੰਮਕਾਜ ਅਤੇ ਜਗ੍ਹਾ ਦੇ ਬਦਲਣ ਦਾ ਵਿਚਾਰ ਬਣ ਸਕਦਾ ਹੈ। ਨਵੇਂ ਲੋਕਾਂ ਦੀ ਮਦਦ ਅਤੇ ਆਸ਼ੀਰਵਾਦ ਨਾਲ ਕੋਈ ਵਿਗੜਿਆ ਕੰਮ ਬਣ ਸਕਦਾ ਹੈ। ਆਰਥਿਕ ਸਥਿਤੀ ਥੋੜ੍ਹੀ ਡਾਂਵਾਂਡੋਲ ਰਹੇਗੀ। ਯਾਤਰਾ ਦੌਰਾਨ ਫਜ਼ੂਲ ਵਾਦ-ਵਿਵਾਦ ਤੋਂ ਬਚੋ। ਨਸ਼ਿਆਂ ਤੋਂ ਆਪਣੇ ਆਪ ਨੂੰ ਦੂਰ ਰੱਖੋ ਅਤੇ ਆਪਣੇ ਪਰਿਵਾਰ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੋ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਕੁਝ ਵਿਗੜੇ ਕੰਮਾਂ ਵਿੱਚ ਸੁਧਾਰ ਹੋਵੇਗਾ। ਮਾਨ-ਇੱਜ਼ਤ ਵਿੱਚ ਵਾਧਾ ਅਤੇ ਪਰਿਵਾਰ ਵਿੱਚ ਅਚਾਨਕ ਖੁਸ਼ੀ ਦਾ ਮਾਹੌਲ ਬਣੇਗਾ। ਨਵੇਂ ਸਬੰਧੀਆਂ ਨਾਲ ਮੇਲ-ਜੋਲ ਵਧੇਗਾ, ਰੁਕਾਵਟਾਂ ਦੇ ਬਾਵਜੂਦ ਕੰਮ-ਕਾਰ ਵਿੱਚ ਤਰੱਕੀ ਦੇ ਯੋਗ ਹਨ। ਜ਼ਮੀਨ-ਜਾਇਦਾਦ ਦਾ ਸੌਦਾ ਕਰਦੇ ਸਮੇਂ ਧਿਆਨ ਰੱਖਣ ਦੀ ਲੋੜ ਹੈ, ਕਿਸੇ ਤੋਂ ਧੋਖਾ ਮਿਲਣ ਦੇ ਯੋਗ ਹਨ। ਪਰਿਵਾਰ ਸਮੇਤ ਬੈਠ ਕੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਮਹੀਨੇ ਦੇ ਸ਼ੁਰੂ ਵਿੱਚ ਧਨ ਦਾ ਖਰਚ ਅਤੇ ਬੇਲੋੜੀ ਯਾਤਰਾ ਦੇ ਯੋਗ ਹਨ, ਸੋਚ ਸਮਝ ਕੇ ਖਰਚ ਕਰਨ ਦੀ ਲੋੜ ਹੈ। ਕਿਸੇ ਨਜ਼ਦੀਕੀ ਬੰਧੂ ਤੋਂ ਧੋਖਾ ਮਿਲਣ ਦੇ ਸੰਕੇਤ ਹਨ। ਆਲਸ ਵਿੱਚ ਵਾਧਾ, ਸਿਹਤ ਵਿੱਚ ਖਰਾਬੀ ਅਤੇ ਬੇਲੋੜੇ ਕੰਮਾਂ ਵਿੱਚ ਧਨ ਖਰਚ ਹੋਵੇਗਾ। ਬੇਲੋੜੀ ਬਹਿਸ-ਬਾਜ਼ੀ ਤੋਂ ਗੁਰੇਜ਼ ਕਰੋ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਆਰਥਿਕ ਉਲਝਣਾਂ ਤੋਂ ਬਚੇ ਰਹੋਗੇ

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਇਸ ਹਫਤੇ ਸਾਰੀਆਂ ਕੀਤੀਆਂ ਕੋਸ਼ਿਸ਼ਾਂ ਸਾਰਥਿਕ ਸਿੱਧ ਹੋਣਗੀਆਂ। ਰੁਜ਼ਗਾਰ ਲਈ ਭੱਜ-ਦੌੜ ਜ਼ਿਆਦਾ ਹੋਵੇਗੀ। ਕਿਸੇ ਉੱਚ-ਪੱਧਰ ਦੇ ਵਿਅਕਤੀ ਦੀ ਮਦਦ ਨਾਲ ਕਾਰਜ ਖੇਤਰ 'ਚ ਸਫਲਤਾ ਮਿਲੇ-ਗੀ। ਦੋਸਤਾਂ ਅਤੇ ਮਾਤਾ-ਪਿਤਾ ਦਾ ਪੂਰਾ ਸਹਿਯੋਗ ਮਿਲੇਗਾ। ਮਾਨਸਿਕ ਪ੍ਰੇਸ਼ਾਨੀ ਹੋਵੇਗੀ, ਪਰ ਸੰਤਾਨ ਪੱਖ ਮਾਨ-ਇੱਜ਼ਤ ਨੂੰ ਵਧਾਏਗਾ। ਮੀਟ ਨਾ ਖਾਉ, ਪਰਿਵਾਰ ਵਿੱਚ ਸ਼ਾਂਤੀ ਰਹੇਗੀ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਵਧੇਰੇ ਸੰਘਰਸ਼ ਭਰੇ ਹਾਲਾਤਾਂ ਤੋਂ ਗੁਜ਼ਰਨਾ ਪਵੇਗਾ। ਵਪਾਰ ਅਤੇ ਨੌਕਰੀ ਵਿੱਚ ਰੁਕਾਵਟਾਂ ਪੈਦਾ ਹੋਣਗੀਆਂ, ਘਰੇਲੂ ਉਲਝਣਾਂ ਉੱਭਰਣਗੀਆਂ, ਪਰ ਜਲਦੀ ਹੀ ਸਿਮਟ ਵੀ ਜਾਣਗੀਆਂ। ਮਾਤਾ-ਪਿਤਾ ਨਾਲ ਮਨ-ਮੁਟਾਵ ਹੋ ਸਕਦਾ ਹੈ। ਅਫਸਰ ਲੋਕ ਤਰੱਕੀ ਵਿੱਚ ਰੁਕਾਵਟਾਂ ਪਾਉਣਗੇ। ਆਮਦਨ ਘੱਟ ਅਤੇ ਖਰਚ ਜ਼ਿਆਦਾ ਹੋਵੇਗਾ। ਸਵੇਰੇ ਉੱਠ ਕੇ ਪ੍ਰਮਾਤਮਾਂ ਵਾਹਿਗੁਰੂ ਜੀ ਦਾ ਸ਼ੁਕਰੀਆ ਕਰੋ ਅਤੇ ਦਿਨ ਦੀ ਸ਼ੁਰੂਆਤ ਚੰਗੀ ਸੋਚ ਨਾਲ ਕਰੋ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਕਿਸੇ ਦੋਸਤ ਜਾਂ ਸੰਤਾਨ ਦੀ ਮਦਦ ਨਾਲ ਕੋਈ ਵਿਗੜਿਆ ਕੰਮ ਬਣੇਗਾ। ਧਨ ਅਤੇ ਸੁੱਖ ਦੀ ਪ੍ਰਾਪਤੀ ਹੋਵੇਗੀ। ਸੁੱਖ-ਸਾਧਨਾਂ ਵਿੱਚ ਵਾਧਾ ਹੋਵੇਗਾ। ਜ਼ਿਆਦਾ ਖਰਚ ਸ਼ੁੱਭ ਕੰਮ 'ਤੇ ਹੀ ਹੋਵੇਗਾ। ਵਪਾਰ ਵਿੱਚ ਤਰੱਕੀ ਅਤੇ ਧਨ ਲਾਭ ਦੇ ਰਸਤੇ ਪਹਿਲੇ ਨਾਲੋਂ ਬਿਹਤਰ ਹੋਣਗੇ, ਪਰ ਬੇਲੋੜੀ ਯਾਤਰਾ ਅਤੇ ਫਜ਼ੂਲ ਖਰਚ ਵੀ ਹੋਵੇਗਾ। ਸਾਵਧਾਨੀ ਵਰਤਣ ਦੀ ਲੋੜ ਹੈ। ਬੱਚਿਆਂ ਨਾਲ ਪਰਿਵਾਰ ਦੀਆਂ ਗੱਲਾਂ-ਬਾਤਾਂ ਕਰੋ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਮਹੀਨੇ ਦੇ ਸ਼ੁਰੂ ਤੋਂ ਹੀ ਕਈ ਤਰ੍ਹਾਂ ਦੀਆਂ ਆਰਥਿਕ ਯੋਜਨਾਵਾਂ ਨੂੰ ਅਮਲੀ ਰੂਪ ਦੇਣ ਵਿੱਚ ਪ੍ਰੇਸ਼ਾਨੀ ਜਾਂ ਦੇਰੀ ਹੋਵੇਗੀ, ਜਿਸ ਨਾਲ ਮਾਨਸਿਕ ਤਣਾਅ ਹੋਵੇਗਾ। ਧਨ ਆਉਣ ਦੇ ਸਾਧਨਾਂ ਵਿੱਚ ਵਾਧੇ ਦੇ ਨਾਲ-ਨਾਲ ਖਰਚ ਵੀ ਵਧਣਗੇ। ਖੁਦ ਦੇ ਉਤਸ਼ਾਹ ਅਤੇ ਜੋਸ਼ ਨਾਲ ਖਾਸ ਕੰਮ ਵਿੱਚ ਲਾਭ ਅਤੇ ਸਫਲਤਾ ਮਿਲੇਗੀ। ਅਚਾਨਕ ਧਨ ਲਾਭ ਦੇ ਵੀ ਯੋਗ ਹਨ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ, ਮਨ ਸ਼ਾਂਤ ਅਤੇ ਖੁਸ਼ ਰਹੇਗਾ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਬਹੁਤ ਮਹੱਤਵਪੂਰਨ ਕੰਮਾਂ ਵਿੱਚ ਅੜਚਨਾਂ ਪੈਦਾ ਹੋਣਗੀਆਂ। ਸਰੀਰਕ ਕਸ਼ਟ ਦੇ ਯੋਗ ਹਨ। ਪਰਿਵਾਰ ਵਿੱਚ ਫਜ਼ੂਲ ਦਾ ਤਣਾਅ ਰਹੇਗਾ, ਜੀਵਨ ਸਾਥੀ ਦੀ ਮਦਦ ਮਿਲੇਗੀ। ਅਚਾਨਕ ਲਾਭ ਦੇ ਮੌਕੇ ਮਿਲਣਗੇ, ਪਰ ਖਰਚ ਜ਼ਿਆਦਾ ਰਹੇਗਾ। ਵਿਰੋਧੀ ਪੱਖ ਨੁਕਸਾਨ ਦੇਵੇਗਾ। ਗੁਰੂ-ਘਰ ਜਾਉ ਅਤੇ ਗੁਰਬਾਣੀ ਦਾ ਕੀਰਤਨ ਸਰਵਣ ਕਰੋ, ਮਨ ਨੂੰ ਸ਼ਾਂਤੀ ਮਿਲੇਗੀ।

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)
6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME............................................................................
ADDRESS........................................................................
..............................................POST CODE.............................
TEL................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

Post with payments to: SUBSCRIPTION
PANJAB TIMES Bridle Gate Lane, Alvaston, Derby, DE24 0QW, U.K.
TEL: 01332 372851 FAX: 01332 374819
or please ring on Mo: 07966 388 388
www.panjabtimes.uk Email: Panjabtimes@aol.com

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ


ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !



ਸਵ: ਸ੍ਰ. ਉਮਰਾਓ ਅਟਵਾਲ

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਗੁਰੂ ਅੰਗਦ ਗੁਰ ਅੰਗੁ ਤੇ

– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ 24**

**ਸਿਧ ਜੋਗੀ ਆਏ**

ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਉੱਤਰੀ ਭਾਰਤ ਵਿਚ ਖ਼ਾਸ ਤੌਰ 'ਤੇ ਜੋਗ ਮੱਤ ਦਾ ਬਹੁਤ ਪ੍ਰਭਾਵ ਸੀ। ਥਾਂ-ਥਾਂ 'ਤੇ ਇਨ੍ਹਾਂ ਸਿਧਾਂ ਜੋਗੀਆਂ ਨੇ ਗੁਰੂ ਸਾਹਿਬ ਦਾ ਰਾਹ ਰੋਕਣ ਦਾ ਯਤਨ ਕੀਤਾ, ਕਈ ਵਾਰ ਚਰਚਾ ਕੀਤੀ ਅਤੇ ਕਰਾਮਾਤਾਂ ਦਿਖਾਈਆਂ ਪਰ, ਅੰਤ ਨੂੰ ਗੁਰਮਤ ਦੇ ਸਨਮੁਖ ਅੜ ਨਾ ਸਕੇ ਅਰ 'ਧੰਨ ਨਾਨਕ ਤੇਰੀ ਵਡੀ ਕਮਾਈ' ਕਹਿ ਕੇ ਸਿਰ ਨਿਵਾਇਆ। ਗੁਰੂ-ਬਾਬਾ ਜੀ ਦਾ ਪ੍ਰਲੋਕ ਗਮਨ ਸੁਣ ਕੇ ਇਨ੍ਹਾਂ ਨੇ ਜਾਨਣ ਦਾ ਯਤਨ ਕੀਤਾ ਕਿ ਵੇਖੀਏ ਜਿਸ ਅਗੇ ਗੁਰੂ ਨਾਨਕ ਨੇ ਸਿਰ ਨਿਵਾਇਆ ਹੈ, ਉਹ ਪੁਰਖ ਕੈਸਾ ਹੈ। ਅਜਿਹਾ ਵਿਚਾਰ ਕੇ ਇਨ੍ਹਾਂ ਖਡੂਰ ਆ 'ਆਦੇਸ' 'ਆਦੇਸ' ਕੀਤੀ। ਇਨ੍ਹਾਂ ਵਿਚ ਨਿਰਸੰਦੇਹ ਉਹ ਸਿਧ ਵੀ ਸਨ ਜੋ ਆਪਣੇ ਪਹਿਲਾਂ ਹੋ ਗੁਜ਼ਰੇ ਮਛਿੰਦਰ, ਗੋਰਖ, ਭਰਥਰੀ, ਚਰਪਟ, ਗੋਪੀ ਚੰਦ ਅਤੇ ਈਸ਼ਰ ਨਾਥ ਆਦਿ ਦੇ ਨਾਵਾਂ ਦੇ ਧਾਰਨੀ ਸਨ। ਸਤਿਗੁਰਾਂ ਨੇ ਇਨ੍ਹਾਂ ਨੂੰ ਜੀ ਆਇਆਂ ਕਿਹਾ ਅਰ ਆਦਰ ਨਾਲ ਕੋਲ ਬੈਠਾਇਆ। ਬੈਠਦਿਆਂ ਹੀ ਇਨ੍ਹਾਂ ਵਿਚੋਂ ਇਕ ਨੇ ਸੁਆਲ ਕੀਤਾ,

'ਤਪਾ ਜੀ! ਸਾਨੂੰ ਪਤਾ ਲਗਾ ਹੈ ਕਿ ਜਗਤ-ਗੁਰੂ ਨਾਨਕ ਜਿਨ੍ਹਾਂ ਨੂੰ ਕੋਈ ਨਹੀਂ ਝੁਕਾਅ ਸਕਿਆ, ਉਨ੍ਹਾਂ ਤੁਹਾਡੇ ਅਗੇ ਮੱਥਾ ਟੇਕਿਆ'?

'ਸਮਝ ਲੈਣ ਵਿਚ ਅੰਤਰ ਹੈ,' ਗੁਰੂ ਸਾਹਿਬ ਜੀ ਨੇ ਕਿਹਾ, 'ਇਹ ਸਭ ਇਸ ਤਰਹ ਵਰਤਿਆ ਜਿਸ ਤਰਹ ਕੋਈ ਰਿੜਦਾ ਬੱਚਾ ਧੂੜ ਵਿਚ ਲਿਪਟਿਆ ਹੋਇਆ ਜੋ ਆਪਣੇ ਬਾਪ ਨਾਲ ਬਹੁਤ ਪਿਆਰ ਕਰਦਾ ਹੋਵੇ ਤਾਂ ਲਾਡ ਵਿਚ ਆਇਆ ਬਾਪ ਉਸ ਨੂੰ ਚੁੱਕ ਕੇ ਸੀਨੇ ਨਾਲ ਲਾਉਣ ਲਈ ਝੁਕ ਜਾਂਦਾ ਹੈ, ਬੱਸ! ਇਸੇ ਤਰਹ ਅਗੰਮ ਅਗੋਚਰ ਸਤਿਗੁਰਾਂ ਨੇ ਸਾਨੂੰ ਧੂੜ ਵਿਚ ਲਿਬੜਿਆਂ ਨੂੰ ਮਾਣ ਬਖ਼ਸ਼ਿਆ ਹੈ। ਇਹ ਸਭ ਉਨ੍ਹਾਂ ਦੀ ਵਡਿਆਈ ਹੈ ਜੋ ਉਨ੍ਹਾਂ ਤੁੱਠ ਕੇ ਆਪਣੇ ਸੇਵਕ ਨੂੰ ਸਾਹਿਬ ਬਣਾ ਲਿਆ'।

'ਵਾਹ! ਆਪ ਦਾ ਵਾਕ ਸੁੰਦਰ ਹੈ', ਸਿੱਧਾਂ ਕਿਹਾ, 'ਪਰ, ਅਸ਼ਟਾਂਗ (ਯਮ, ਨੇਮ, ਆਸਨ, ਪ੍ਰਾਣਾਯਾਮ, ਪ੍ਰਤਿਹਾਰ, ਧਾਰਣਾ, ਧਿਆਨ ਅਤੇ ਸਮਾਧਿ) ਜੋਗ ਧਾਰਨ ਕੀਤੇ ਬਿਨਾਂ ਮਨ ਨਿਰਮਲ ਨਹੀਂ ਹੁੰਦਾ, ਜਿੰਨਾ ਚਿਰ ਮਨ ਨਿਰਮਲ ਨਾ ਹੋ ਜਾਏ ਸਿਧੀ ਪ੍ਰਾਪਤ ਨਹੀਂ ਹੁੰਦੀ ਅਰ ਸਿਧੀ ਬਿਨਾਂ ਸੰਸਾਰ ਨਹੀਂ ਪਤੀਜਦਾ। ਇਸ ਲਈ ਅਸੀਂ ਆਏ ਹਾਂ ਆਪ ਨੂੰ ਜੋਗ ਦ੍ਰਿੜ ਕਰਾਉਣ ਲਈ ਤਾਂ ਕਿ ਸਿਧ ਹੋ ਕੇ ਤੁਸੀਂ ਵਾਕ ਚਤੁਰਾਈ ਨਾਲ ਸੰਸਾਰ ਨੂੰ ਪਤੀਆ ਕੇ ਆਪਣੇ ਪਿਛੇ ਤੋਰ ਸਕੋ'। ਗੁਰੂ ਸਾਹਿਬ ਨੇ ਕਿਹਾ,

'ਹੁਣ ਇਹ ਸਭ ਕੁਝ ਕਰਨ ਦੀ ਲੋੜ ਨਹੀਂ', ਗੁਰੂ-ਬਾਬਾ ਜੀ ਨੇ ਸਾਨੂੰ ਪ੍ਰੇਮ-ਯੋਗ



ਮੇਨ ਹਾਲ ਸ੍ਰੀ ਦਰਬਾਰ ਸਾਹਿਬ ਖਡੂਰ ਸਾਹਿਬ

ਦ੍ਰਿੜ ਕਰਵਾਇਆ ਹੈ। ਇਸ ਵਿਚ ਕਰਤਾਰ ਪ੍ਰਤੀ ਪੂਰਨ ਸਮਰਪਤ ਹੋ ਕੇ ਸਦਾ ਉਸ ਦੇ ਹੁਕਮ ਵਿਚ ਚੱਲਣ ਦੀ ਸਾਧਨਾ ਕਰਨਾ ਹੈ। ਕਰਤਾਰ ਕਿਰਪਾ ਕਰ ਕੇ ਆਪਣੇ ਪਿਆਰੇ ਨੂੰ ਇਕ ਦਿਨ ਜ਼ਰੂਰ ਆਪਣੇ ਵਿਚ ਅਭੇਦ ਕਰ ਲੈਂਦਾ ਹੈ:

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥20॥**

ਗੁ.ਗ੍ਰ.ਸਾ. ਪੰਨਾ 1412

ਆਪਾ-ਸਮਰਪਤ ਪ੍ਰੇਮ ਦੀ ਇਸ ਕਰਤਾਰੀ ਖੇਡ ਵਿਚ ਪ੍ਰੇਮੀ ਨੂੰ ਕਿਸੇ ਪ੍ਰਕਾਰ ਦੇ ਅਸ਼ਟਾਂਗ ਦੀ ਲੋੜ ਨਹੀਂ ਰਹਿੰਦੀ। ਉਹ ਕੇਵਲ ਉਸ ਦੀ ਰਜ਼ਾ ਵਿਚ ਰਹਿ ਕੇ ਸਦਾ ਆਨੰਦ ਮਾਣਦਾ ਹੈ। ਇਸੇ ਦੀ ਭਾਲ ਵਿਚ ਜੋਗੀ ਜੋਗ-ਸਾਧਨਾ ਕਰਦਾ ਹੈ। ਅੰਦਰੋਂ ਉਸ ਨਾਲ ਮਿਲਿਆ ਹੋਣ ਕਰ ਕੇ ਸਭਨਾਂ ਨੂੰ ਉਸੇ ਦਾ ਹੀ ਰੂਪ ਜਾਣਦਾ ਹੈ ਅਰ ਗੁਰੂ-ਬਾਬਾ ਜੀ ਦੇ ਹੁਕਮ ਅਨੁਸਾਰ ਚਲਦਾ ਸਦਾ ਮਨੁੱਖ-ਮਾਤ੍ਰ ਦੀ ਸੇਵਾ ਵਿਚ ਤਤਪਰ ਰਹਿੰਦਾ ਹੈ:

**ਮਹਲਾ 2॥ ਮਿਲਿਐ ਮਿਲਿਆ ਨ ਮਿਲੈ**
**ਮਿਲੈ ਮਿਲਿਆ ਜੇ ਹੋਇ॥**
**ਅੰਤਰਿ ਆਤਮੈ ਜੋ ਮਿਲੈ**
**ਮਿਲਿਆ ਕਹੀਐ ਸੋਇ॥3॥**

ਗੁ.ਗ੍ਰ.ਸਾ. ਪੰਨਾ 791

**ਵਿਚਿ ਦੁਨੀਆ ਸੇਵ ਕਮਾਈਐ।**
**ਤਾ ਦਰਗਹ ਬੈਸਣੁ ਪਾਈਐ॥**
**ਕਹੁ ਨਾਨਕ ਬਾਹ ਲੁਡਾਈਐ॥4॥33॥**

ਗੁ.ਗ੍ਰ.ਸਾ. ਪੰਨਾ 26

ਕਰਤਾਰ ਦੇ ਧਿਆਨ ਵਿਚ ਚਲਦਿਆਂ ਸਦਾ ਉਸ ਦੇ ਹੁਕਮ ਵਿਚ ਰਹਿਣ ਲਈ ਨਾ ਤਾਂ ਕਿਸੇ ਪ੍ਰਕਾਰ ਦੇ ਕਰਮ-ਕਾਂਡ ਭਾਵ ਤੀਰਥ ਨਾਉਣਾ, ਦਾਨ ਕਰਨਾ, ਯਗ ਕਰਨਾ, ਤਪ ਕਰਨੇ, ਗ੍ਰਿਹਸਥ ਜਾਂ ਸੰਸਾਰ ਦਾ ਤਿਆਗ ਕਰਨ ਦੀ ਲੋੜ ਹੈ ਅਰ ਨਾ ਹੀ ਕਿਸੇ ਬ੍ਰਹਮਣ ਮੁੱਲਾਂ ਆਦਿ ਕਿਸੇ ਵਿਚੋਲੇ ਦੀ।ਹਾਂ, ਇਸ ਗੁਰਮਤ ਨੂੰ ਦ੍ਰਿੜ ਕਰਨ ਵਾਸਤੇ ਗੁਰੂ-ਬਾਬਾ ਜੀ ਨੇ ਸਾਨੂੰ ਸੰਗਤ ਵਿਚ ਜੁੜ ਕੇ ਕਰਤਾਰ ਦੇ ਗੁਣ ਧਾਰਨੀ ਹੋਣ ਲਈ ਹੁਕਮ ਕੀਤਾ ਹੈ'।

ਜੋਗੁ ਨ ਖਿੰਥਾ ਜੋਗੁ ਨ ਡੰਡੈ
ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਈਐ
ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨੁ ਰਹੀਐ
ਜੋਗ ਜੁਗਤਿ ਇਵ ਪਾਈਐ॥1॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ
ਜੋਗੀ ਕਹੀਐ ਸੋਈ॥1॥ਰਹਾਉ॥
ਜੋਗੁ ਨ ਬਾਹਰਿ ਮੜੀ ਮਸਾਣੀ
ਜੋਗੁ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ
ਜੋਗੁ ਨ ਤੀਰਥਿ ਨਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ॥2॥
ਸਤਿਗੁਰੁ ਭੇਟੈ ਤਾ ਸਹਸਾ ਤੂਟੈ
ਧਾਵਤੁ ਵਰਜਿ ਰਹਾਈਐ॥
ਨਿਝਰੁ ਝਰੈ ਸਹਜ ਧੁਨਿ ਲਾਗੈ
ਘਰ ਹੀ ਪਰਚਾ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ॥3॥
ਨਾਨਕ ਜੀਵਤਿਆ ਮਰਿ ਰਹੀਐ
ਐਸਾ ਜੋਗੁ ਕਮਾਈਐ॥
ਵਾਜੇ ਬਾਝਹੁ ਸਿੰਙੀ ਵਾਜੈ
ਤਉ ਨਿਰਭਉ ਪਦੁ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਤਉ ਪਾਈਐ॥4॥1॥8॥

ਗੁ.ਗ੍ਰ.ਸਾ. ਪੰਨਾ 730

ਸਤਿਗੁਰਾਂ ਪਾਸੋਂ ਇਹ ਉੱਤਰ ਸੁਣ ਕੇ ਜੋਗੀ ਨਿਰੁੱਤਰ ਹੋ ਗਏ । ਕਹਿਣ ਲਗੇ,'ਸਾਨੂੰ ਆਪ ਜੀ ਦੇ ਦਰਸ਼ਨ ਕਰ ਕੇ ਅਰ ਆਪ ਨਾਲ ਬਚਨ ਕਰ ਕੇ ਬਹੁਤ ਪ੍ਰਸੰਨਤਾ ਹੋਈ ਹੈ । ਗੁਰੂ ਨਾਨਕ ਵੀ ਇਵੇਂ ਹੀ ਕਹਿੰਦੇ ਸਨ। ਅਸੀਂ ਅੱਜ ਕਹਿ ਸਕਦੇ ਹਾਂ ਕਿ ਉਨ੍ਹਾਂ ਨੇ ਆਪਣੇ ਜਾਨਸ਼ੀਨ ਦੀ ਚੋਣ ਬਿਲਕੁਲ ਸਹੀ ਕੀਤੀ ਹੈ। ਇਥੇ ਆਉਣ ਤੋਂ ਪਹਿਲਾਂ ਅਸੀਂ ਉਨ੍ਹਾਂ ਦੇ ਤਿਆਗੀ ਪੁੱਤਰ ਸ੍ਰੀ ਚੰਦ ਬਾਰੇ ਵੀ ਕੁਝ ਸੁਣਿਆ ਸੀ ਜਿਸ ਕਰ ਕੇ ਤੁਹਾਨੂੰ ਮਿਲਣ ਦੀ ਸਾਡੇ ਅੰਦਰ ਬਹੁਤ ਖ਼ਾਹਿਸ਼ ਸੀ'।

ਸਤਿਗੁਰਾਂ ਨੇ ਫਿਰ ਉਨ੍ਹਾਂ ਨੂੰ ਜੀ ਆਇਆਂ ਆਖਿਆ ਅਰ ਸਾਰੇ ਸਿਧ 'ਆਦੇਸ' 'ਆਦੇਸ' ਕਹਿੰਦੇ ਵਿਦਾ ਹੋ ਗਏ।

ੳ. ਆਏ ਸਤਿਗੁਰ ਲੇਨ ਪਰਤਗਿਆ।
ਪਾਇ ਪਰਤੀਤ ਭਰਮ ਸਭ ਭਗਿਆ।
ਸਤਿਗੁਰ ਬੈਠੇ ਸਿੰਘਾਸਨ।
ਆਏ ਆਦੇਸ ਕਰਿ ਕੀਨੇ ਆਸਨ।3॥...
ਸੁਨਤ ਬਚਨ ਨਾਥ ਮਗਨਾਨੇ।
ਗੁਰੂ ਨਾਨਕ ਅੰਗਤ ਕਰ ਜਾਨੇ।
ਧੰਨ ਧੰਨ ਮੁਖ ਕੀਓ ਬਖਾਨ।
ਧਨੁ ਸਤਿਗੁਰ ਗਿਆਨ ਪਰਮ ਸੁਜਾਨ। 14॥
ਸਾਖੀ ਚਾਰ, ਮਹਿਮਾ ਪ੍ਰਕਾਸ਼
ਇਮ ਸੁਨਿ ਸਿਧ ਭਏ ਪ੍ਰਸੰਨ
(ਇਉਂ ਸੁਨ ਕੇ ਸਿਧ ਸੰਤੁਸ਼ਟ ਹੋ ਗਏ)।
'ਸ੍ਰੀ ਨਾਨਕ ਤੁਮ ਰੂਪ ਸੁ ਧੰਨ (ਕਹਿਣ ਲਗੇ, 'ਆਪ ਗੁਰੂ ਨਾਨਕ ਦਾ ਹੀ ਰੂਪ ਹੋ)।
ਉਚਿਤ ਜਾਨਿ ਤੁਮ ਕੋ ਦਈ ਗਾਦੀ (ਤੁਹਾਨੂੰ ਠੀਕ ਹੀ ਯੋਗ ਜਾਣ ਗੱਦੀ ਦਿੱਤੀ ਹੈ)।
ਸਿਖ ਉਧਾਰਹੁ ਕਰਿ ਅਹਿਲਾਦੀ'
(ਆਪ ਹੁਣ ਸਿੱਖਾਂ ਦਾ ਜੀਵਨ ਸਫ਼ਲ ਕਰੋ')।36॥10॥ ਰਾਸਿ ਪਹਿਲੀ

**ਦੂਜੇ ਪਾਤਸ਼ਾਹ ਦੇ ਸਿੱਖ**

ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੀ 14ਵੀਂ ਦੇ ਅੰਤ ਅਤੇ 15ਵੀਂ ਪਉੜੀ ਵਿਚ ਗੁਰੂ ਨਾਨਕ ਸਾਹਿਬ ਜੀ ਤੋਂ ਬਾਦ ਦੂਜੀ ਪਾਤਸ਼ਾਹੀ ਦੇ ਕੁਝ ਪ੍ਰਸਿਧ ਸਿੱਖਾਂ ਦਾ ਮੁਲਿਕ ਤੌਰ 'ਤੇ ਇਉਂ ਵਰਨਣ ਕੀਤਾ ਹੈ:

...ਜੀਵਾ ਈ ਗੁਰ ਸੇਵ ਸਮਾਵੈ।
ਗੁਜਰ ਜਾਤਿ ਲੁਹਾਰ ਹੈ
ਗੁਰ ਸਿਖੀ ਗੁਰਸਿਖ ਸੁਣਾਵੈ।
ਨਾਈ ਧਿਙਾ ਵਖਾਣੀਐ
ਸਤਿਗੁਰ ਸੇਵਿ ਕੁਟੰਬੁ ਤਰਾਵੈ।
ਗੁਰਮੁਖਿ ਸੁਖ ਫਲ ਅਲਖ ਲਖਾਵੈ।14॥
ਪਾਰੋ ਜੁਲਕਾ ਪਰਮ ਹੰਸ ਪੂਰੇ ਸਤਿਗੁਰ ਕਿਰਪਾ ਧਾਰੀ।
ਮਲੂ ਸਾਹੀ ਸੂਰਮਾ
ਵਡਾ ਭਗਤ ਭਾਈ ਕੇਦਾਰੀ।
ਦੀਪਾ ਦੇਊ ਨਰਾਇਣ ਦਾਸ
ਬੂਲੇ ਦੇ ਜਾਈਐ ਬਲਿਹਾਰੀ।
ਲਾਲੂ ਸੁਲਾਲੂ ਬੁਧਵਾਰ
ਦੁਰਗਾ ਜੀਵੰਦਾ ਪਰਉਪਕਾਰੀ।
ਜਗਾ ਧਰਣੀ ਜਾਣੀਐ
ਸੰਸਾਰੂ ਨਾਲੇ ਨਿਰੰਕਾਰੀ।
ਖਾਨੂ ਮਾਈਆ ਪਿਉ ਪੁਤੁ ਹੈ
ਗੁਣ ਗਾਹਕੁ ਗੋਵਿੰਦ ਭੰਡਾਰੀ।
ਜੋਧੁ ਰਸੋਈਆ ਦੇਵਤਾ
ਗੁਰ ਸੇਵਾ ਕਰਿ ਦੁਤਰੁ ਤਾਰੀ।
ਪੂਰੇ ਸਤਿਗੁਰ ਪੈਜ ਸਵਾਰੀ।18॥1॥

ਭਾਈ ਸਾਹਿਬ ਜੀ ਦੇ ਵਰਣਿਤ ਇਨ੍ਹਾਂ ਗੁਰਸਿੱਖਾਂ ਦੀ ਵਾਰਤਾਲਾਪ ਦੀ ਵਿਆਖਿਆ ਸਾਨੂੰ ਭਾਈ ਮਨੀ ਸਿੰਘ ਜੀ ਅਥਵਾ ਭਾਈ ਸੂਰਤ ਸਿੰਘ ਜੀ ਦੀ ਲਿਖਤ ਸਿੱਖਾਂ ਦੀ ਭਗਤਮਾਲ ਤੋਂ ਬਾਦ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਲਿਖਤ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਵਿਚੋਂ ਵਧੇਰੇ ਵਿਸਥਾਰ ਨਾਲ ਮਿਲਦੀ ਹੈ। ਇਸ ਤੋਂ ਅਗੇ ਹੀ ਸਾਡੇ ਹੋਰ ਇਤਿਹਾਸਕਾਰਾਂ ਵਲੋਂ ਬਹੁਤਾ ਜਾਂ ਥੋੜਾ ਲਿਖਿਆ ਮਿਲਦਾ ਹੈ। ਅਸੀਂ ਇਨ੍ਹਾਂ ਉਪਰੋਕਤ ਗੁਰੂ-ਪਿਆਰਿਆਂ ਦੀਆਂ ਲਿਖਤਾਂ 'ਤੇ ਆਧਾਰਤ ਏਥੇ ਕੁਝ ਸੰਖੇਪ ਵਰਨਣ ਕਰਾਂਗੇ।

ਚਲਦਾ.....

**ਲੜੀਵਾਰ ਨਾਵਲ**

**ਸ਼ਿਵਚਰਨ ਜੱਗੀ (ਕੁੱਸਾ)**



**ਫੋਨ : 07853 317 891**


Email: jaggikussa@yahoo.de


**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ 15**

# ਇੱਕ ਮੇਰੀ ਅੱਖ ਕਾਸ਼ਣੀ...

ਉਹ ਗੱਲਾਂ ਕਰਦੇ ਕੈਰੀ ਦੇ ਪਿੰਡ ਪਹੁੰਚ ਗਏ।
ਪੁੱਛ ਪੁੱਛਾ ਕੇ ਅਖੀਰ ਉਹ "ਨਸ਼ਾ ਛੁਡਾਊ ਕੇਂਦਰ" ਲੱਭ ਲਿਆ। ਨਸ਼ਾ ਕਰਨ ਵਾਲ਼ੇ ਮੁੰਡਿਆਂ ਦੀ ਕਾਇਆ ਕਲਪੀ ਪਈ ਸੀ। ਕੋਈ ਗਰੁੱਪ ਹਸਪਤਾਲ ਦੇ ਪਿਛਲੇ ਪਾਸੇ ਫੁੱਟਬਾਲ ਖੇਡ ਰਿਹਾ ਸੀ। ਕੋਈ ਵਾਲੀਬਾਲ ਖੇਡ ਰਿਹਾ ਸੀ। ਜਿਹਨਾਂ ਦਾ ਇਲਾਜ਼ ਚੱਲ ਰਿਹਾ ਸੀ, ਉਹ ਕੁਝ ਕਮਰਿਆਂ ਵਿੱਚ ਬੈੱਡਾਂ ਉਪਰ ਪਏ ਹੋਏ ਸਨ। ਨਸ਼ਾ ਛੁਡਾਊ ਕੇਂਦਰ ਕੋਈ ਬਹੁਤਾ ਵੱਡਾ ਨਹੀਂ ਸੀ। ਪਰ ਦੇਖਣ ਤੋਂ ਬਹੁਤ ਪ੍ਰਭਾਵਸ਼ਾਲੀ ਸੀ। ਇੱਕ ਡਾਕਟਰ ਅਤੇ ਦੋ ਨਰਸਾਂ ਡਿਊਟੀ ਨਿਭਾਅ ਰਹੀਆਂ ਸਨ। ਇਸ ਕੇਂਦਰ ਦਾ ਖਰਚਾ ਰਹਿਮ ਦਿਲ ਲੋਕਾਂ ਦੇ ਦਾਨ ਤੋਂ ਹੀ ਚੱਲਦਾ ਸੀ।
ਭਾਨਾ ਡਾਕਟਰ ਕੋਲ਼ ਚਲਾ ਗਿਆ।




## ਕਾਂਡ 8

ਪਰ ਜਦ ਹੁਣ ਮੁੰਡਿਆਂ ਨੇ ਨਸ਼ੇ ਬੰਦ ਕਰ ਦਿੱਤੇ ਸਨ, ਅਤੇ ਰਹਿੰਦੇ ਮੁੰਡੇ ਨਸ਼ੇ ਬੰਦ ਕਰਨ ਦਾ "ਪ੍ਰਣ" ਕਰ ਕੇ ਇਸ ਕੇਂਦਰ ਵਿੱਚ ਧੜਾ-ਧੜ ਦਾਖਲ ਹੋ ਰਹੇ ਸਨ, ਤਾਂ ਸਮਗਲਰਾਂ, ਡਰੱਗ ਡੀਲਰਾਂ ਅਤੇ ਸਿਆਸੀ ਲੋਕਾਂ ਨੂੰ ਆਪਣਾ ਭਵਿੱਖ 'ਖ਼ਤਰੇ' ਵਿੱਚ ਜਾਪਿਆ। ਜੇ ਸਮਗਲਰਾਂ ਅਤੇ ਡਰੱਗ ਡੀਲਰਾਂ ਦਾ ਧੰਦਾ ਚੱਲਦਾ ਸੀ, ਤਾਂ ਸਿਆਸੀ ਲੋਕਾਂ ਕੋਲ "ਇਲੈਕਸ਼ਨ ਫੰਡ" ਆਉਂਦਾ ਸੀ ਅਤੇ ਹੋਰ "ਫੁਟਕਲ ਖਰਚੇ" ਵੀ ਪੂਰੇ ਹੁੰਦੇ ਸਨ। ਪਰ ਜੇ ਹੁਣ ਇਹਨਾਂ ਦਾ ਧੰਦਾ ਹੀ "ਚੌਪਟ" ਹੋ ਗਿਆ, ਤਾਂ ਫੇਰ ਉਹਨਾਂ ਨੂੰ ਫੰਡ ਕਿਹੜੇ ਪਾਸੇ ਤੋਂ ਆਉਣਾ ਸੀ...? ਕੀ ਨੰਗੀ ਨਹਾ ਲਊ, ਤੇ ਕੀ ਨਚੋੜ ਲਊ...? ਤਮਾਮ ਸਿਆਸੀ ਮਹਾਂਰਥੀਆਂ ਅਤੇ ਉਚ ਅਫ਼ਸਰਾਂ ਨੂੰ ਆਪਣੇ "ਸ਼ਾਹੀ ਖਰਚਿਆਂ" ਦਾ ਫ਼ਿਕਰ ਸਤਾਉਣ ਲੱਗਿਆ।

ਇੱਕ ਤੂਫ਼ਾਨੀ ਮੀਟਿੰਗ ਸੱਦੀ ਗਈ।

ਇੱਕ ਉਚ ਮੰਤਰਾਲੇ ਦੇ ਮੰਤਰੀ ਦੇ ਘਰ ਮੀਟਿੰਗ ਸੀ, ਜਿੱਥੇ ਡਰੱਗ ਡੀਲਰ, ਸਮਗਲਰ, ਉਚ ਅਫ਼ਸਰ ਅਤੇ ਸਿਆਸੀ ਮਹਾਂਰਥੀ ਇਕੱਤਰ ਹੋਣੇ ਸਨ।

ਮਿਥੇ ਦਿਨ ਸਾਰੇ ਭਰਿੰਡਾਂ ਵਾਂਗ ਇਕੱਠੇ ਹੋ ਗਏ। ਉਹਨਾਂ ਦੇ ਚੇਲੇ ਚਪਟੇ ਉਹਨਾਂ ਦੁਆਲ਼ੇ ਮੱਖੀਆਂ ਵਾਂਗ ਭਿਣਕ ਰਹੇ ਸਨ। ਹਰ ਇੱਕ ਦੇ ਮੱਥੇ 'ਤੇ ਚਿੰਤਾ ਦੇ ਚਿੰਨ੍ਹ ਸਨ। ਜੇ ਹਰ ਕੋਈ ਫ਼ਿਕਰਮੰਦ ਨਹੀਂ ਸੀ, ਤਾਂ ਚਿੰਤਾ ਮੁਕਤ ਵੀ ਨਹੀਂ ਸੀ।

ਕੈਰੀ ਸਭ ਦਾ 'ਅੱਖਤਿਣ' ਬਣਿਆਂ ਹੋਇਆ ਸੀ।

-"ਯਾਰ ਆਪਾਂ ਵੱਡੇ ਖੱਬੀ ਖਾਨ ਬਣੇ ਫਿਰਦੇ ਆਂ, ਆਪਾਂ ਤੋਂ ਉਹ ਜੁਆਕੜਾ ਜਿਆ ਈ ਲੋਟ ਨੀ ਆਉਂਦਾ...!" ਮਾਣਸਾ ਵਾਲ਼ੇ ਧੁਤਕੜੇ ਨੇ ਦੁਰਮਟ ਵਰਗਾ ਪੈਰ ਧਰਤੀ 'ਤੇ ਮਾਰਿਆ। ਉਸ ਦੀ ਦੋ ਕੁਇੰਟਲ ਦੇਹ ਹੇਠ ਕੁਰਸੀ ਦੇ ਪਾਵੇ ਦੁਹਾਈਆਂ ਦੇ ਰਹੇ ਸਨ।

-"ਯਾਰ ਅਸੀਂ ਬੰਦਾ ਮਾਰਨ ਲੱਗੇ ਇੱਕ ਮਿਲ਼ਟ ਨਾ ਲਾਈਏ, ਤੁਸੀਂ ਹੁਕਮ ਤਾਂ ਕਰੋ...!" ਲੁਹਾਰੇ ਵਾਲ਼ਾ ਸੰਧੂਰਾ ਬੋਲਿਆ। ਉਸ ਨੇ ਪੂਰਾ ਜੋਰ ਲਾ ਕੇ ਨਾਸਾਂ 'ਚੋਂ ਲਮਕਦਾ ਵਾਲ਼ ਕਸੀਸ ਵੱਟ ਕੇ ਖਿੱਚਿਆ ਸੀ। ਫੇਰ ਪੀੜ ਨਾਲ਼ ਉਸ ਦਾ ਮੂੰਹ ਆਪਣੇ ਆਪ ਖੁੱਲ੍ਹ ਗਿਆ ਸੀ।

-"ਇਹ ਸੇਵਾ ਮੈਨੂੰ ਦਿਓ, ਦੇਖੋ ਧੌਣ ਮੂਲ਼ੀ ਮਾਂਗੂੰ ਕਿਵੇਂ ਬਾਹਰ ਧੂੰਹਦਾ...!" ਰਾਮੇਂ ਵਾਲ਼ੇ ਧਤੂਰੇ ਨੇ ਵੱਡਾ ਸਾਰਾ ਹੱਥ ਛਾਤੀ 'ਤੇ ਮਾਰਿਆ। ਛਾਤੀ ਛੱਜ ਵਾਂਗ ਖੜਕੀ।

-"ਮੈਂ ਸਹੇ ਨੂੰ ਨੀ, ਪਹੇ ਨੂੰ ਰੋਨੈਂ, ਖਸਮੋਂ...! ਉਹਦੇ ਮਗਰ ਸਾਰਾ ਇਲਾਕਾ ਉਲਰਜੂ...! ਨਵੀਂ ਪੀੜ੍ਹੀ ਉਹਦੇ ਮਗਰ ਕਮਲ਼ੀ ਹੋਈ ਫਿਰਦੀ ਐ...!"

-"ਤੇ ਜਿਹਨਾਂ ਦੇ ਜੁਆਕਾਂ ਦੇ ਉਹਨੇ ਨਸ਼ੇ ਛੁਡਾ ਦਿੱਤੇ, ਉਹ ਤਾਂ ਉਹਨੂੰ ਰੱਬ ਮੰਨਦੇ ਐ, ਤੇ ਓਸੇ ਦਾ ਨਾਂ ਜਪਦੇ ਨੀ, ਰਟਦੇ ਐ...!"

-"ਜੇ ਗੁੜ ਦਿੱਤਿਆਂ ਵੈਰੀ ਮਰਦਾ ਹੋਵੇ, ਉਹਨੂੰ ਮੌਹਰ੍ਹਾ ਦੇਣ ਦੀ ਕੀ ਲੋੜ ਐ...?" ਭਾਨਾ ਭਗੌੜਾ ਬੋਲਿਆ।

-"....................!" ਸਾਰੇ ਉਸ ਵੱਲ ਬੜੀ ਆਸ ਜਿਹੀ ਨਾਲ਼ ਝਾਕੇ।

-"ਉਹ ਕਿਵੇਂ...?"

-"ਹੈ ਕੋਈ ਸਕੀਮ ਭਾਨਿਆਂ...?"

"ਯਾਰ ਲਾਲਚ ਕਿਸੇ ਨੇ ਤਿਆਗਿਐ...? ਨੋਟਾਂ ਦਾ ਅਟੈਚੀ ਮਾਰੋ ਉਹਦੇ ਪੈਰਾਂ 'ਚ, ਦੇਖ 'ਬਿੱਲੋ' ਨੂੰ ਕਿਵੇਂ 'ਮਾਸੀ' ਕਹਿੰਦੈ...!"

-"ਇਹ ਕੰਮ ਕਰੂ ਕੌਣ...?"

-"ਮੈਂ ਕਰੂੰ...?"

-"ਪਰ ਦੇਣੇ ਕਿੰਨੇ ਐਂ...?"

-"ਕਰੋੜ ਜਾਂ ਦੋ ਕਰੋੜ ਤਾਂ ਦਿਓ, ਸੌ ਦੌ ਸੌ ਨਾਲ਼ ਅਗਲਾ ਥੋੜ੍ਹੋ ਵਿਰੂ...?"

-"ਇੱਕ ਕਰੋੜ ਮੈਂ ਦਿੰਨੈ...!" ਬੇਲਾ ਸਮਗਲਰ ਬੋਲਿਆ।

-"ਇੱਕ ਕਰੋੜ ਸਾਡੇ ਵੱਲੋਂ...!" ਇੱਕ ਮੰਤਰੀ ਨੇ ਬਾਕੀ ਮੰਤਰੀਆਂ ਅਤੇ ਉਚ ਅਫ਼ਸਰਾਂ ਦੀ ਤਰਫ਼ੋਂ ਕਿਹਾ।

ਸਕੀਮ ਤਿਆਰ ਹੋ ਕੇ "ਪਾਸ" ਹੋ ਗਈ।

-"ਇਹ ਪੈਸੇ ਕਿੱਦਣ ਪਹੁੰਚਦੇ ਕਰੇਂਗਾ, ਭਾਨਿਆਂ...?"

-"ਤੁਸੀਂ ਪੈਸੇ ਤਿਆਰ ਰੱਖੋ, ਮੈਂ ਉਹਦੇ ਨਾਲ਼ ਗੱਲ ਗਿਣ ਮਿਥ ਕੇ ਪਰਸੋਂ ਆਜੂੰਗਾ...!"

-"ਠੀਕ ਐ...!"

-"ਉਹਦਾ ਮੂੰਹ ਤਾਂ ਸੁੰਘਣਾ ਪਊਗਾ ਨ੍ਹਾਂ...?"

-"ਬਿਲਕੁਲ ਪਊਗਾ...! ਤੂੰ ਲਾ ਗੱਲ ਸਿਰੇ ਭਾਨਿਆਂ..! ਪੈਸੇ ਤਿਆਰ ਸਮਝ...!"

ਮੀਟਿੰਗ ਖਤਮ ਹੋ ਗਈ।

ਸਾਰੇ ਆਪਣੇ ਘਰਾਂ ਨੂੰ ਤੁਰ ਗਏ।

ਅਗਲੇ ਦਿਨ ਭਾਨਾ ਭਗੌੜਾ ਕੈਰੀ ਨਾਲ਼ ਗੱਲ ਕਰਨ ਤੁਰ ਪਿਆ।

ਉਸ ਦੀ ਕਾਲ਼ੀ ਬੀ. ਐੱਮ. ਡਬਲਿਊ. ਗੱਡੀ ਕੈਰੀ ਦੇ ਪਿੰਡ ਨੂੰ ਛੂਕਦੀ ਜਾ ਰਹੀ ਸੀ। ਉਸ ਦਾ ਡਰਾਈਵਰ ਗੱਡੀ ਚਲਾ ਰਿਹਾ ਸੀ ਅਤੇ ਭਾਨਾ ਆਪਣੇ ਬਾਡੀਗਾਰਡ ਨਾਲ਼ ਕਿਸੇ ਉਧੇੜਬੁਣ ਜਿਹੀ ਵਿੱਚ ਗੁਆਚਿਆ ਸੁਣ ਵਾਲ਼ੀ ਮੱਝ ਵਾਂਗ 'ਵੱਟ' ਜਿਹਾ ਕਰ ਰਿਹਾ ਸੀ।

-"ਕਿਹੜੀਆਂ ਸੋਚਾਂ ਵਿੱਚ ਪਿਐਂ, ਉਸਤਾਦ...?" ਭਾਨੇ ਦੇ ਡਰਾਈਵਰ ਨੇ ਪੁੱਛਿਆ। ਉਹ ਭਾਨੇ ਨੂੰ ਹਮੇਸ਼ਾ "ਉਸਤਾਦ" ਆਖ ਕੇ ਹੀ ਬੁਲਾਉਂਦਾ ਸੀ।

-"ਮੈਂ ਇੱਕ ਗੱਲ ਸੋਚਦੈਂ ਬੇਲੀਆ...!" ਉਸ ਨੇ ਸੋਚਾਂ ਵਿੱਚੋਂ ਪਰਤ ਕੇ ਕਿਹਾ, "ਪੜ੍ਹੇ ਲਿਖਿਆਂ, ਤੇ ਸਮਾਜ ਸੇਵਕਾਂ ਨਾਲ਼ ਗੱਲ ਕਰਨੀ ਕੋਈ ਖਾਲਾ ਜੀ ਦਾ ਵਾੜਾ ਨੀ ਹੁੰਦਾ, ਖ਼ਾਸ ਤੌਰ 'ਤੇ ਉਹਨਾਂ ਸਮਾਜ ਸੇਵਕਾਂ ਨਾਲ਼, ਜਿਹੜੇ ਸੱਚੇ ਦਿਲੋਂ ਤੇ ਸ਼ੁੱਧ ਦਿਮਾਗ ਤੋਂ ਸਮਾਜ ਸੇਵਕ ਹੁੰਦੇ ਐ...!" ਉਸ ਨੇ ਦਿਲ ਦਾ ਰਹੱਸ ਡਰਾਈਵਰ ਅੱਗੇ ਰੱਖਿਆ।

-"ਪਰ ਮਾਇਆ ਦਾ ਲਾਲਚ ਬੰਦੇ ਨੂੰ ਤੋੜ ਧਰਦੈ ਉਸਤਾਦ ਜੀ, ਮਾਇਆ ਕਿਸੇ ਨੇ ਤਿਆਗੀ ਐ...?"

-"ਤੇਰਾ ਭਰਮ ਐਂ ਬੇਲੀਆ...! ਸੱਚੇ ਦਿਲੋਂ ਜਨਤਾ ਦੀ ਸੇਵਾ ਕਰਨ ਵਾਲ਼ੇ ਪਹਾੜ ਵਰਗੇ ਹੁੰਦੇ ਐ, ਉਹਨਾਂ ਨੂੰ ਡੁਲਾਉਣਾ ਕੋਈ ਸੌਖਾ ਕਾਰਜ ਨੀ ਹੁੰਦਾ...!"

-"ਫੇਰ ਆਹ ਵਰਤ ਕੇ ਦੇਖ ਲਵਾਂਗੇ, ਉਸਤਾਦ...!" ਭਾਨੇ ਦਾ ਬਾਡੀਗਾਰਡ ਬੁੱਕਣ ਪਿਸਟਲ ਕੱਢ ਕੇ ਬੋਲਿਆ।

-"ਹਰ ਕੰਮ ਹਥਿਆਰਾਂ ਨਾਲ਼ ਵੀ ਨਹੀਂ ਸਿਰੇ ਲੱਗਦਾ ਹੁੰਦਾ ਬੁੱਕਣਾ..! ਫ਼ੌਲਾਦੀ ਜਿਗਰੇ ਵਾਲ਼ੇ ਹਥਿਆਰਾਂ ਨਾਲ਼ ਡਰਾਉਣੇ ਵੀ ਸੌਖੇ ਨੀ ਹੁੰਦੇ...!"

-"....................!" ਡਰਾਈਵਰ ਅਤੇ ਬਾਡੀਗਾਰਡ ਚੁੱਪ ਵੱਟ ਗਏ। ਉਹਨਾਂ ਨੂੰ ਭਾਨੇ ਦੀਆਂ ਗੱਲਾਂ ਵਿੱਚ "ਵਜ਼ਨ" ਜਾਪਿਆ ਸੀ।

ਉਹ ਗੱਲਾਂ ਕਰਦੇ ਕੈਰੀ ਦੇ ਪਿੰਡ ਪਹੁੰਚ ਗਏ।

ਪੁੱਛ ਪੁੱਛਾ ਕੇ ਅਖੀਰ ਉਹ "ਨਸ਼ਾ ਛੁਡਾਊ ਕੇਂਦਰ" ਲੱਭ ਲਿਆ। ਨਸ਼ਾ ਕਰਨ ਵਾਲ਼ੇ ਮੁੰਡਿਆਂ ਦੀ ਕਾਇਆ ਕਲਪੀ ਪਈ ਸੀ। ਕੋਈ ਗਰੁੱਪ ਹਸਪਤਾਲ ਦੇ ਪਿਛਲੇ ਪਾਸੇ ਫੁੱਟਬਾਲ ਖੇਡ ਰਿਹਾ ਸੀ। ਕੋਈ ਵਾਲੀਬਾਲ ਖੇਡ ਰਿਹਾ ਸੀ। ਜਿਹਨਾਂ ਦਾ ਇਲਾਜ਼ ਚੱਲ ਰਿਹਾ ਸੀ, ਉਹ ਕੁਝ ਕਮਰਿਆਂ ਵਿੱਚ ਬੈੱਡਾਂ ਉਪਰ ਪਏ ਹੋਏ ਸਨ। ਨਸ਼ਾ ਛੁਡਾਊ ਕੇਂਦਰ ਕੋਈ ਬਹੁਤਾ ਵੱਡਾ ਨਹੀਂ ਸੀ। ਪਰ ਦੇਖਣ ਤੋਂ ਬਹੁਤ ਪ੍ਰਭਾਵਸ਼ਾਲੀ ਸੀ। ਇੱਕ ਡਾਕਟਰ ਅਤੇ ਦੋ ਨਰਸਾਂ ਡਿਊਟੀ ਨਿਭਾਅ ਰਹੀਆਂ ਸਨ। ਇਸ ਕੇਂਦਰ ਦਾ ਖਰਚਾ ਰਹਿਮ ਦਿਲ ਲੋਕਾਂ ਦੇ ਦਾਨ ਤੋਂ ਹੀ ਚੱਲਦਾ ਸੀ।

ਭਾਨਾ ਡਾਕਟਰ ਕੋਲ਼ ਚਲਾ ਗਿਆ।

-"ਡਾਕਟਰ ਸਾਹਿਬ, ਅਸੀਂ ਕੈਰੀ ਸਾਹਿਬ ਨੂੰ ਮਿਲਣੈ...!" ਭਾਨੇ ਨੇ ਬੜੀ ਨਿਮਰਤਾ ਨਾਲ਼ ਕਿਹਾ।

-"ਉਹ ਲੁਧਿਆਣੇ ਮੈਚ ਲਾਉਣ ਗਏ ਐ...!"

-"ਕਦੋਂ ਕੁ ਵਾਪਸ ਆਉਣਗੇ...?"

-"ਦੇਖੋ ਜਨਾਬ, ਆ ਜਾਣ, ਤਾਂ ਹੁਣ ਆ ਜਾਣ..! ਜੇ ਨਾ ਆਉਣ, ਤਾਂ ਸ਼ਾਇਦ ਚਾਰ ਦਿਨ ਨਾ ਆਉਣ...!"

-"...............!" ਸੁਣ ਕੇ ਭਾਨਾ ਨਿਰਾਸ਼ ਹੋ ਗਿਆ।

-"ਉਹਨਾਂ ਦੇ ਕਿਸੇ ਟਿਕਾਣੇ ਦਾ ਪਤੈ...?"

-"ਦੇਖੋ, ਕੈਰੀ ਸਾਹਿਬ ਪੰਜਾਬ ਪੱਧਰ 'ਤੇ ਹਾਕੀ ਖੇਡ ਰਹੇ ਐ, ਟਿਕਾਣੇ ਦਾ ਤਾਂ ਮੈਨੂੰ ਪਤਾ ਨਹੀਂ, ਜੇ ਕੋਈ ਜ਼ਰੂਰੀ ਕੰਮ ਐਂ, ਤਾਂ ਮੈਂ ਉਹਨਾਂ ਦਾ ਮੋਬਾਇਲ ਨੰਬਰ ਦੇ ਸਕਦੈਂ...!"

-"ਕਰੋ ਕਿਰਪਾ ਡਾਕਟਰ ਸਾਹਿਬ..!"

ਅਸਲ ਵਿੱਚ ਡਾਕਟਰ ਭਾਨੇ ਦੀ ਸ਼ਾਹੀ ਠਾਠ, ਬੀ. ਐੱਮ. ਡਬਲਿਊ. ਗੱਡੀ ਅਤੇ ਹਥਿਆਰਬੰਦ ਬਾਡੀਗਾਰਡ ਦੇਖ ਕੇ ਬੜਾ ਪ੍ਰਭਾਵਿਤ ਹੋਇਆ ਖੜ੍ਹਾ ਸੀ। ਉਸ ਨੇ ਕੈਰੀ ਦਾ ਮੋਬਾਇਲ ਨੰਬਰ ਭਾਨੇ ਨੂੰ ਦੇ ਦਿੱਤਾ। ਭਾਨਾ "ਧੰਨਵਾਦ" ਆਖ ਕੇ ਗੱਡੀ ਵਿੱਚ ਬੈਠ ਗਿਆ ਅਤੇ ਉਸ ਨੇ ਕੈਰੀ ਨੂੰ ਫ਼ੋਨ ਮਿਲਾਇਆ। ਫ਼ੋਨ ਬੰਦ ਆ ਰਿਹਾ ਸੀ।

-"ਚੱਲ ਤੋਰ ਯਾਰ ਗੱਡੀ...। ਅੱਗੇ ਜਾ ਕੇ ਫ਼ੇਰ ਮਿਲਾਵਾਂਗੇ...!"

ਗੱਡੀ ਤੁਰ ਪਈ।

ਆਥਣ ਹੋ ਚੁੱਕਾ ਸੀ। ਭਾਨਾ ਅਣਗਿਣਤ ਵਾਰ ਕੈਰੀ ਨੂੰ ਫ਼ੋਨ ਮਿਲ਼ਾ ਚੁੱਕਿਆ ਸੀ।

ਪਰ ਫ਼ੋਨ ਬੰਦ ਆ ਰਿਹਾ ਸੀ।

-"ਯਾਰ ਸਮਝ ਨੀ ਆਉਂਦੀ, ਬਈ ਫ਼ੋਨ ਬੰਦ ਕਿਉਂ ਆ ਰਿਹੈ...?" ਭਾਨਾ ਫ਼ੋਨ ਕਰ-ਕਰ ਅੱਕਲਕਾਣ ਹੋ ਚੁੱਕਿਆ ਸੀ।

-"ਲਓ ਉਸਤਾਦ, ਇੱਕ ਪੈੱਗ ਲਾਓ...!" ਡਰਾਈਵਰ ਨੇ ਬੋਤਲ ਅਤੇ ਸੋਢਾ ਭਾਨੇ ਅੱਗੇ ਕੀਤਾ।

-"ਆਪ ਈ ਪਾ ਦੇ ਯਾਰ...!"

ਡਰਾਈਵਰ ਨੇ ਇੱਕ ਪੈੱਗ ਬਣਾ ਕੇ ਭਾਨੇ ਨੂੰ ਪੇਸ਼ ਕੀਤਾ

ਭਾਨਾ ਡੀਕ ਲਾ ਕੇ ਖਿੱਚ ਗਿਆ। ਸਰੂਰ ਜਿਹਾ ਆਉਣ 'ਤੇ ਉਸ ਨੇ ਮੁੜ ਕੈਰੀ ਦਾ ਨੰਬਰ ਮਿਲ਼ਾ ਲਿਆ। ਫ਼ੋਨ ਮਿਲ ਗਿਆ। ਪਰ ਹੁਣ ਕੋਈ ਚੁੱਕ ਨਹੀਂ ਸੀ ਰਿਹਾ।

- "ਓਏ ਚੱਕਲਾ ਭੈਣ ਦਿਆ ਘਤੁੱਕਿਆ...!" ਭਾਨਾ ਖਿਝਿਆ ਹੋਇਆ ਸੀ, "ਹਾਈ ਕਮਾਂਡ ਵੱਲੋਂ ਇੱਕ ਕੰਮ 'ਤੇ ਡਿਊਟੀ ਲੱਗੀ ਸੀ, ਸਾਲ਼ਾ ਉਹ ਅਜੇ ਤੱਕ ਤਣ ਪੱਤਣ ਨੀ ਲੱਗਿਆ...!"

**ਚਲਦਾ...**

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!**
**-ਸੰਪਾਦਕ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

"ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥ ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥3॥ ਅੰਗ 635" । ਆਪਣੇ ਪਿਆਰੇ ਗੁਰੂ ਬਿਨਾ ਮਾਇਆ ਦਾ ਭਰਮ ਕੌਣ ਦੂਰ ਕਰੇ? ਭਾਵ ਕੋਈ ਨਹੀਂ ਕਰ ਸਕਦਾ। ਹੇ ਮਾਂ! ਜੇ ਗੁਰੂ ਭਰਮ ਦੂਰ ਕਰੇ ਤਾਂ ਪ੍ਰਭੂ ਨਾਲ਼ ਮਿਲਾਪ ਹੁੰਦਾ ਹੈ ਤੇ ਜੀਵ-ਇਸਤ੍ਰੀ ਨੂੰ ਸਦੀਵੀ ਸੁਖ ਮਿਲਦਾ ਹੈ । "ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਣੁ ਭਰਮੁ ਚੁਕਾਏ ॥ ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾਧਨ ਸੁਖੁ ਪਾਏ ॥ ਅੰਗ 244" । ਅਤੇ ਬਿਨਾ ਗੁਰੂ ਨੂੰ ਮਿਲੇ ਤੋਂ ਜੀਵ ਜੰਮਣ ਮਰਨ ਦਾ ਸਦੀਵੀ ਦੁਖ ਕਮਾਉਂਦਾ ਹੈ । "ਬਿਨੁ ਗੁਰ ਭੇਟੇ ਦੁਖੁ ਕਮਾਇ ॥ ਅੰਗ 361" । ਇਹ ਦੁਖ ਮਾਇਆ ਮੋਹ ਕਰਕੇ ਹੁੰਦਾ ਹੈ । "ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ ॥2॥ ਅੰਗ 753"। ਜਦੋਂ ਤੱਕ ਜੀਵ ਅੰਦਰ ਰੱਤੀ ਭਰ ਵੀ ਮਾਇਆ ਮੋਹ ਹੈ ਗੁਰੂ ਤੋਂ ਬਿਨਾ ਸੰਸਾਰ ਸਮੁੰਦਰ ਵਿਚ ਡੁੱਬ ਜਾਂਦਾ ਹੈ, ਕੋਈ ਥਾਂ ਟਿਕਾਣਾ ਨਹੀਂ ਮਿਲਦਾ । "ਬਿਨੁ ਗੁਰ ਬੂਡੋ ਠਉਰ ਨ ਪਾਵੈ ਜਬ ਲਗ ਦੂਜੀ ਰਾਈ॥3॥ ਅੰਗ 1330" । ਸਤਿਗੁਰੂ ਨਾਨਕ ਦੇਵ ਜੀ ਆਪਣੇ ਮਨ ਨੂੰ ਸੰਬੋਧਨ ਕਰਕੇ ਸਾਨੂੰ ਡਾਂਟ ਕੇ ਸਮਝਾਉਂਦੇ ਹਨ ਕਿ ਸੁਣ ਅਗਿਆਨੀ, ਮੂਰਖ ਤੇ ਗਵਾਰ ਮਨ! ਗੁਰੂ ਤੋਂ ਬਿਨਾ ਤੂੰ ਵਾਰ ਵਾਰ ਮਾਇਆ ਮੋਹ 'ਚ ਡੁਬਦਾ ਜਾ ਰਿਹਾ ਹੈਂ, ਤੈਨੂੰ ਵਾਰ ਵਾਰ ਜਨਮ ਮਰਨ 'ਚ ਆਉਣ ਜਾਣ ਦੀ ਸ਼ਰਮ ਨਹੀਂ ਆਉਂਦੀ ? "ਸੁਣਿ ਮਨ ਅੰਧੇ ਮੂਰਖ ਗਵਾਰ ॥ ਆਵਤ ਜਾਤ ਲਾਜ ਨਹੀ ਲਾਗੈ ਬਿਨੁ ਗੁਰ ਬੂਡੈ ਬਾਰੋ ਬਾਰ ॥1॥ ਰਹਾਉ॥ ਅੰਗ 1344" ॥

ਗੁਰੂ ਤੋਂ ਬਿਨਾ ਅਧਿਆਤਮਿਕ ਮਿਹਨਤ ਸਫਲ ਨਹੀਂ ਹੁੰਦੀ । "ਬਿਨੁ ਗੁਰ ਘਾਲ ਨ ਪਵਈ ਥਾਇ ॥ ਅੰਗ 942" । ਗੁਰੂ ਤੋਂ ਬਿਨਾ ਮਨ ਬਹੁਤ ਜ਼ਿਆਦਾ ਡੋਲਦਾ ਰਹਿੰਦਾ ਹੈ । "ਬਿਨੁ ਗੁਰ ਮਨੂਆ ਅਤਿ ਡੋਲਾਇ॥ ਅੰਗ 942" । ਗੁਰੂ ਤੋਂ ਬਿਨਾ ਮਨ ਤ੍ਰਿਪਤ ਨਹੀਂ ਹੁੰਦਾ ਤੇ ਮਾਇਆ ਰੂਪੀ ਜ਼ਹਿਰ ਖਾਂਦਾ ਰਹਿੰਦਾ ਹੈ । "ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ ॥ ਅੰਗ 942" । ਗੁਰੂ ਤੋਂ ਬਿਨਾ ਮਾਇਆ ਸਪਨੀ ਡੱਸ ਲੈਂਦੀ ਹੈ ਤੇ ਬੰਦਾ ਰਸਤੇ ਵਿਚ ਹੀ ਮਰ ਜਾਂਦਾ ਹੈ । "ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ ॥ ਅੰਗ 942" । ਗੁਰੂ ਤੋਂ ਬਿਨਾ ਅੰਗ (ਕਰਮ ਇੰਦਰੇ ਪਾਪ ਕਰਮਾਂ ਕਰਕੇ) ਮੈਲੇ ਤੇ ਮਲੀਨ ਹੁੰਦੇ ਹਨ ਹਨ । "ਬਿਨੁ ਗੁਰ ਮੈਲ ਮਲੀਨ ਅੰਗੁ ॥ ਅੰਗ 1169" । ਗੁਰੂ ਦੇ ਸ਼ਬਦ ਤੋਂ ਬਿਨਾ ਜੀਵ (ਤ੍ਰਿਸ਼ਨਾ ਅਗਨੀ) ਵਿਚ ਜਲਦਾ ਬਲਦਾ ਤੇ ਤੱਤਾ ਰਹਿੰਦਾ ਹੈ; ਭਾਵ ਮਨ ਸੀਤਲ/ਸ਼ਾਂਤਿ ਨਹੀਂ ਹੁੰਦਾ । "ਬਿਨੁ ਗੁਰ ਸਬਦੈ ਜਲਿ ਬਲਿ ਤਾਤਾ ॥ ਅੰਗ 945" । ਮੇਰੇ ਸਰੀਰ ਵਿਚ ਪ੍ਰਭੂ ਦੀ ਯਾਦ ਤੋਂ ਬਿਨਾ ਪੀੜ ਰਹਿੰਦੀ ਹੈ । ਪਰਮਾਤਮਾ ਦੀ ਪ੍ਰਾਪਤੀ ਗੁਰੂ ਦੇ ਸ਼ਬਦ ਰਾਹੀਂ ਹੁੰਦੀ ਹੈ । "ਗਣਤ ਸਰੀਰਿ ਪੀਰ ਹੈ ਹਰਿ ਬਿਨੁ ਗੁਰ ਸਬਦੀ ਹਰਿ ਪਾਂਈ ॥ ਅੰਗ 1232" । ਸਤਿਗੁਰੂ ਜੀ ਬਖਸ਼ਿਸ਼ ਕਰਦੇ ਹਨ ਕਿ ਗੁਰੂ ਤੋਂ ਬਿਨਾ ਜੀਵ ਜਨਮ ਹਾਰ ਕੇ ਮਰ ਜਾਂਦਾ ਹੈ । "ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ॥70॥ ਅੰਗ 946" । ਗੁਰੂ ਤੋਂ ਬਿਨਾ ਪ੍ਰਭੂ ਪ੍ਰੇਮ ਨਹੀਂ ਲੱਭਦਾ ਭਾਵੇਂ ਮਨ 'ਚ ਨਿਰਣਾ ਕਰ ਕੇ ਵੇਖ ਲਓ । "ਬਿਨੁ ਗੁਰ ਪ੍ਰੇਮੁ ਨ ਲਭਈ ਜਨ ਵੇਖਹੁ ਮਨਿ ਨਿਰਜਾਸਿ ॥ ਅੰਗ 996" । ਗੁਰੂ ਤੋਂ ਬਿਨਾ ਸੰਤ ਵੀ ਸਾਥ ਨਹੀਂ ਦਿੰਦੇ। "ਬਿਨੁ ਗੁਰ ਸੰਤ ਨ ਸੰਗੁ ਦੇਇ ॥ ਅੰਗ 1170" । "ਕਲਿਜੁਗ ਵਿਚ ਧਰਮ ਦਾ ਇਕ ਪੈਰ ਰਹਿ ਗਿਆ ਹੈ । ਪੂਰੇ ਗੁਰੂ ਬਿਨਾ ਇਹ ਗੱਲ ਕਿਸੇ ਨਹੀਂ ਕਹੀ/ਦੱਸੀ । "ਕਲੀ ਕਾਲ ਮਹਿ ਇਕ ਕਲ ਰਾਖੀ ॥ ਬਿਨੁ ਗੁਰ ਪੂਰੇ ਕਿਨੈ ਨ ਭਾਖੀ ॥ ਅੰਗ 1024" ।

ਕਹਿਣ ਸੁਣਨ ਨਾਲ਼ ਕੀ ਹੁੰਦਾ ਹੈ? (ਭਾਵ ਜੋ ਮਰਜ਼ੀ ਕੋਈ ਕਹੀ ਸੁਣੀ ਜਾਵੇ), ਗੁਰੂ ਤੋਂ ਬਿਨਾ ਆਪਣੇ ਆਪ ਦਾ ਵਿਸ਼ਲੇਸ਼ਣ ਨਹੀਂ ਹੋ ਸਕਦਾ । "ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥ ਅੰਗ 58" । ਗੁਰੂ ਤੋਂ ਬਿਨਾ ਰਾਜੇ, ਪਾਤਿਸ਼ਾਹ ਮਨ ਨੂੰ ਕੌਣ ਸਮਝਾ ਸਕਦਾ ਹੈ? ਭਾਵ ਕੋਈ ਨਹੀਂ ਸਮਝਾ ਸਕਦਾ । "ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥4॥ ਅੰਗ 60" । ਸਤਿਗੁਰੂ ਜੀ ਸਮਝਾਉਂਦੇ ਹਨ ਕਿ ਗੁਰੂ ਬਿਨਾ ਮਨ ਦਾ ਦਰਵਾਜ਼ਾ ਨਹੀਂ ਖੁੱਲਦਾ, ਗੁਰੂ ਤੋਂ ਬਿਨਾ ਕਿਸੇ ਹੋਰ ਦੇ ਹੱਥ ਇਸਦੀ ਕੁੰਜੀ ਨਹੀਂ । "ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥1॥ ਅੰਗ 1237" । ਗੁਰੂ ਤੋਂ ਬਿਨਾ ਕਰੜਾ ਦਰਵਾਜ਼ਾ ਨਹੀਂ ਖੁੱਲਦਾ, ਗੁਰੂ ਦੇ ਸ਼ਬਦ ਨਾਲ ਪਾਰ ਉਤਾਰਾ ਹੁੰਦਾ ਹੈ; ਭਾਵ ਇਹ ਦਰਵਾਜ਼ਾ ਖੁੱਲਦਾ ਹੈ । "ਬਿਨੁ ਗੁਰ ਬਜਰ ਕਪਾਟ ਨ ਖੂਲਹਿ ਸਬਦਿ ਮਿਲੈ ਨਿਸਤਾਰਾ ਹੇ ॥10॥ ਅੰਗ 1027" । ਇਹ ਤਾਕ (ਦਰਵਾਜ਼ਾ) ਕੀ ਹੈ? ਦੁੱਖ ਦਰਵਾਜ਼ਾ ਹੈ, ਕ੍ਰੋਧ ਰਾਖਾ ਹੈ, ਆਸਾ ਤੇ ਸਹਿਮ ਉਸ ਦਰਵਾਜ਼ੇ ਨੂੰ ਦੋ ਫੱਟੇ ਲੱਗੇ ਹੋਏ ਹਨ । "ਦੁਖੁ ਦਰਵਾਜ਼ਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥ ਅੰਗ 877" ।

ਗੁਰੂ ਤੋਂ ਬਿਨਾ ਨਾ ਕੋਈ ਹੋਰ (ਗਿਆਨ) ਦਾਤਾ ਹੈ ਤੇ ਨਾ ਹੀ ਕੋਈ ਹੋਰ (ਆਸਰੇ ਦਾ) ਥਾਂ ਟਿਕਾਣਾ ਹੈ । "ਗੁਰ ਬਿਨੁ ਦਾਤਾ ਅਵਰੁ ਨ ਕੋਇ ॥3॥ ਅੰਗ 363" । ਅਤੇ "ਗੁਰ ਬਿਨੁ ਦੂਜਾ ਨਾਹੀ ਥਾਉ ॥ ਅੰਗ 387" । ਸਤਿਗੁਰੂ ਜੀ ਇਕ ਮੋਨਧਾਰੀ ਦੀ ਮਿਸਾਲ ਦੇ ਕੇ ਸਮਝਾਉਂਦੇ ਹਨ ਕਿ ਮੋਨ ਧਾਰ ਕੇ ਬਰਬਾਦ ਹੋ ਰਿਹਾ ਹੈ। ਗੁਰੂ ਬਿਨਾਂ ਮਾਇਆ ਮੋਹ 'ਚ ਸੁਤਾ ਕਿੱਦਾਂ ਜਾਗ ਸਕਦਾ ਹੈ? ਭਾਵ ਨਹੀਂ ਜਾਗ ਸਕਦਾ/ਵਿਕਾਰਾਂ ਦੇ ਹੱਲਿਆਂ ਵਲੋਂ ਸੁਚੇਤ ਨਹੀਂ ਹੋ ਸਕਦਾ!) । "ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥ ਅੰਗ 467" । ਇਸੇ ਤਰ੍ਹਾਂ ਇਕ ਸਰੀਰ ਤੇ ਸੁਆਹ ਮਲਣ ਵਾਲ਼ੇ ਨੂੰ ਬਚਨ ਕਰਦੇ ਹਨ ਕਿ ਮਸਾਣ ਭੂਮੀ ਦੀ ਸੁਆਹ ਭੀ ਪਿੰਡੇ ਮਲ ਲਈ, ਪਰ ਗੁਰੂ ਬਿਨਾ ਤੱਤ (ਪ੍ਰਭੂ ਦੇ ਗਿਆਨ) ਦੀ ਪ੍ਰਾਪਤੀ ਨਹੀਂ ਹੁੰਦੀ । "ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ ॥2॥ ਅੰਗ 526"। ਸੰਨਿਆਸੀ ਦੇ ਮਨ ਵਿਚ ਤ੍ਰਿਸ਼ਨਾ ਦੀ ਅੱਗ ਗੁਰੂ ਤੋਂ ਬਿਨਾ ਬੁਝਦੀ ਨਹੀਂ, ਪਰ ਬਾਹਰ ਧੂਣੀਆਂ ਤਪਾਉਂਦਾ ਹੈ । "ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥ ਅੰਗ "1012 ।

ਦਿਨ ਰਾਤ ਮਾਇਆ/ਤ੍ਰਿਸ਼ਨਾ ਦੀ ਅਗਨੀ ਨਾਲ਼ ਸੜਦਾ ਰਹਿੰਦਾ ਹੈ; ਗੁਰੂ ਬਿਨਾ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ । "ਅਨਦਿਨੁ ਜਲਤ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ ॥3॥ ਅੰਗ 1045" । ਜੋਗੀ, ਸੰਨਿਆਸੀ, ਸਾਰੇ ਹੀ ਛੇ ਭੇਖਾਂ ਦੇ ਸਾਧੂ ਗੁਰੂ ਤੋਂ ਬਿਨਾ ਮਾਇਆ ਦੇ ਭਰਮ ਵਿਚ ਭੁੱਲੇ ਰਹਿੰਦੇ ਹਨ । ਇਸੇ ਤਰ੍ਹਾਂ ਪੰਡਿਤ (ਲੋਕ ਜੋ ਸ਼ਾਸਤ੍ਰ ਆਦਿਕ) ਪੜ੍ਹ ਪੜ੍ਹ ਕੇ ਚਰਚਾ ਕਰਦੇ ਹਨ, ਵੀ ਗੁਰੂ ਤੋਂ ਬਿਨਾ ਮਾਇਆ ਦੇ ਭਰਮ ਵਿਚ ਭੁੱਲੇ ਰਹਿੰਦੇ ਹਨ। "ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ ॥ ਅੰਗ 67" । ਅਤੇ "ਪੰਡਿਤ ਪੜਿ ਪੜਿ ਵਾਦੁ ਵਖਾਣਹਿ ਬਿਨੁ ਗੁਰ ਭਰਮਿ ਭੁਲਾਏ॥ ਅੰਗ 67" । ਪੰਡਿਤ ਲੋਕ ਜਤ, ਸਤ, ਸੰਜਮ, ਆਦਿਕ ਕਰਮ ਕਮਾਉਂਦੇ ਹਨ, ਪਰ ਗੁਰੂ ਤੋਂ ਬਿਨਾ ਉਹਨਾਂ ਨੂੰ ਉੱਚੀ ਆਤਮਕ ਅਵਸਥਾ ਪ੍ਰਾਪਤ ਨਹੀਂ ਹੁੰਦੀ । "ਜਤੁ ਸਤੁ ਸੰਜਮੁ ਕਰਮ ਕਮਾਵੈ ਬਿਨੁ ਗੁਰ ਗਤਿ ਨਹੀ ਪਾਈ॥ ਅੰਗ 571" । ਕਬੀਰ ਜੀ ਇਕ ਬੈਰਾਗੀ ਨੂੰ ਫੁਰਮਾਉਂਦੇ ਹਨ ਕਿ ਹੇ ਬੈਰਾਗੀ ਗੁਰੂ ਤੋਂ ਬਿਨਾ ਬੈਰਾਗ (ਮਾਇਆ ਤੋਂ ਉਪਰਾਮਤਾ) ਪੈਦਾ ਨਹੀਂ ਹੁੰਦਾ । ਭਾਵੇਂ ਕੋਈ ਕਿਤਨੀ ਹੀ ਚਾਹਨਾ ਕਰੇ । "ਸਤਿਗੁਰ ਬਿਨੁ ਬੈਰਾਗੁ ਨ ਹੋਵਈ ਬੈਰਾਗੀਅੜੇ ॥ ਜੇ ਲੋਚੈ ਸਭੁ ਕੋਇ ਵਣਾਹੰਬੈ ॥6॥ ਅੰਗ 1104" ।

ਬਾਕੀ ਅਗਲੇ ਹਫ਼ਤੇ


## VACANCY FOR RELIGIOUS WORKER

### ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਤਬਲਾ ਵਾਦਕ ਦੀ ਲੋੜ

***Job Title:*** **Religious Worker (Sikh Faith)** ***Location***: **Derby, UK**

**We are seeking a dedicated and knowledgeable individual to serve as a Tabla (Drum player) (Religious Worker) within the Sikh faith. This role involves supporting the spiritual, cultural, and community needs of the local Sikh congregation and promoting Sikh teachings and values.**

***Key Responsibilities:***

- Perform and assist in religious ceremonies, including Kirtan, Ardas, and Paath.
- Provide guidance and support to members of the congregation in matters of faith and spirituality.
- Organise and lead educational sessions on Sikh principles and practices.
- Assist with the preparation and serving of Langar.
- Promote community outreach and interfaith engagement.
- Support the maintenance of the Gurdwara and ensure adherence to Sikh customs and traditions.

***Person Specification:***

- Must be a practicing member of the Sikh faith.
- Proficiency in reading and understanding Gurmukhi and Sikh scriptures (Guru Granth Sahib Ji).
- Experience in conducting Sikh religious ceremonies.
- Strong interpersonal and communication skills.
- Committed to promoting Sikh values and principles.

***How to Apply:*** **To apply, please submit your application detailing your experience and motivation for this role.**

Deadline for Applications: Applications must be submit before 25-3-2025

Applications should be sent to Email: info@sgssderby.com

or delivered to the Gurdwara Sahib's Address below:

## Sri Guru Singh Sabha Gurdwara

1 Princes Street, Normanton, Derby. DE23 8NT. TEL: 01332 773010

PLEASE CONTACT BHAI AJIT SINGH 07533 362911



## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

**ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।**

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**

**ਜਾਣਕਾਰੀ ਲਈ ਸੰਪਰਕ:**

**01332 372 851 M: 07966 388 388**

# ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਗੁਰੂ ਗ੍ਰੰਥ, ਗੁਰੂ ਪੰਥ' ਦੇ 'ਜੋਤਿ ਅਤੇ ਜੁਗਤਿ' ਦਾ ਸਿੱਖੀ ਵਿਧਾਨ ਲਾਗੂ ਕੀਤੇ ਤੋਂ ਬਿਨਾਂ ਸਿੱਖ ਕੌਮ ਆਪਣੀ ਅੱਡਰੀ, ਨਿਆਰੀ ਤੇ ਸੁਤੰਤਰ ਹੋਂਦ ਹਸਤੀ ਕਾਇਮ ਨਹੀਂ ਰੱਖ ਸਕੇਗੀ

ਸਿਧਾਂਤਕ ਰੂਪ ਵਿੱਚ ਵੇਖੀਏ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਗੁਰੂ ਪੰਥ ਦੀ ਪ੍ਰਤੀਨਿਧ ਸੰਸਥਾ ਹੈ, ਜਿਸ 'ਤੇ ਕਿਸੇ ਵਿਅਕਤੀ ਵਿਸ਼ੇਸ਼ ਦਾ ਹੱਕ ਨਹੀਂ ਹੈ। 'ਗੁਰੂ ਪੰਥ' ਦੋ ਸ਼ਬਦਾਂ ਦਾ ਜੋੜ ਹੈ, ਜਿਸ ਵਿੱਚ ਗੁਰੂ ਗ੍ਰੰਥ 'ਜੋਤਿ' ਤੇ ਪੰਥ 'ਜੁਗਤਿ' ਦਾ ਲਖਾਇਕ ਹੈ। ਅਕਾਲ ਤਖ਼ਤ ਇੱਕ ਮਹਾਨ ਸਦੀਵੀ ਪ੍ਰਭੂਸੱਤਾ ਦਾ ਸੰਕਲਪ ਹੈ। ਸਿੱਖ ਧਰਮ ਦਾ ਸਾਰਾ ਸਿੱਖ ਫ਼ਲਸਫ਼ਾ ਇਸੇ ਵਿੱਚ ਸਮਾਇਆ ਹੋਇਆ ਹੈ ਅਰਥਾਤ ਅਕਾਲ ਤਖ਼ਤ ਹੈ ਤਾਂ ਸਿੱਖ ਧਰਮ ਜ਼ਿੰਦਾ ਹੈ।

**ਲੇਖਕ - ਜਥੇਦਾਰ ਮਹਿੰਦਰ ਸਿੰਘ ਯੂ ਕੇ**
**ਮੋਬਾਈਲ ਫੋਨ:**
**07989 927477**

ਅਕਾਲ ਤਖ਼ਤ ਤੇ ਹਰਿਮੰਦਰ ਸਾਹਿਬ ਨੂੰ ਧਾਰਮਿਕ ਪਵਿੱਤਰਤਾ ਅਤੇ ਆਸਥਾ ਦੇ ਪੱਧਰ ਉੱਤੇ ਅਲੱਗ-ਅਲੱਗ ਕਰਨਾ ਹੀ ਸਿੱਖ ਧਰਮ ਦਾ ਹਿੰਦੂਕਰਨ ਕਰਨਾ ਹੈ। ਭਾਈ ਗੁਰਦਾਸ ਜੀ ਨੇ ਸਿੱਖ ਧਰਮ ਨੂੰ 'ਨਾਨਕ ਨਿਰਮਲ ਪੰਥ' ਕਿਹਾ ਹੈ, 'ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ' ਅਤੇ 'ਸਬਦ ਜਿਤੀ ਸਿਧ ਮੰਡਲੀ ਕੀਤੋਸੁ ਅਪਨਾ ਪੰਥ ਨਿਰਾਲਾ'। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ, ਨਾਨਕ ਨਿਰਮਲ ਪੰਥ ਦੀ ਨਿਰਮਲ ਵਿਚਾਰਧਾਰਾ ਦਾ ਇੱਕ ਮਹੱਤਵਪੂਰਨ ਪੜਾਅ ਹੈ। ਸਿੱਖ ਧਰਮ ਦੇ ਵਿਕਾਸ ਅਤੇ ਸਥਾਪਤੀ ਵਿੱਚ ਅਕਾਲ ਤਖ਼ਤ ਦੀ ਸੰਸਥਾ ਨੇ ਮੀਲ-ਪੱਥਰ ਦਾ ਕਾਰਜ ਕੀਤਾ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਲੋਕਾਈ ਵਿੱਚ ਰਾਜਸੀ, ਧਾਰਮਿਕ, ਸਮਾਜਿਕ ਤੇ ਸੱਭਿਆਚਾਰਕ ਅਧੋਗਤੀ ਨੂੰ ਠੱਲ੍ਹ ਪਾਉਣ ਲਈ 'ਸਿੱਕਾ ਮਾਰ ਕੇ ਨਿਰਮਲ ਪੰਥ ਚਲਾਇਆ'। ਇਹ 'ਨਿਰਮਲ ਪੰਥ' ਨਿਰੋਲ ਇੱਕ ਅਧਿਆਤਮਕ ਲਹਿਰ ਹੀ ਨਹੀਂ ਸੀ, ਸਗੋਂ ਇਹ ਆਦਿ-ਅਰੰਭ ਤੋਂ ਹੀ ਭਗਤੀ-ਸ਼ਕਤੀ ਨੂੰ ਇੱਕ ਦੂਸਰੇ ਦੀ ਹੋਂਦ ਲਈ ਜ਼ਰੂਰੀ ਮੰਨਦਾ ਹੈ। ਪ੍ਰਮਾਤਮਾ ਦੀ ਉਸਤਤੀ ਵਿੱਚ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ: 'ਮੂਰਖ ਗੰਢੁ ਪਵੈ ਮੁਹਿ ਮਾਰ' (ਵਾਰ ਮਾਝ ਮਹਲਾ 1 ਅੰਕ 143)। ਸਿਧਾਂਤਕ ਰੂਪ ਵਿੱਚ ਗੁਰੂ ਨਾਨਕ ਸਾਹਿਬ ਦਾ 'ਬਾਬਰ' ਨੂੰ 'ਜਾਬਰ' ਕਹਿਣਾ ਇਸ ਦਾ ਪਹਿਲਾ ਪ੍ਰਮਾਣ ਸੀ। ਇਸ ਸਿਧਾਂਤ ਅਨੁਸਾਰ ਹੀ ਗੁਰੂ ਅੰਗਦ ਸਾਹਿਬ ਬਾਦਸ਼ਾਹ ਹਮਾਯੂੰ ਨੂੰ 'ਤਲਵਾਰ' ਦੀ ਸਮੇਂ ਤੇ ਸਥਾਨ ਅਨੁਸਾਰ ਵਰਤੋਂ ਕਰਨ ਲਈ ਸੁਚੇਤ ਕਰਦੇ ਹਨ। ਗੁਰਮਤਿ ਵਿਚਾਰਧਾਰਾ ਅਨੁਸਾਰ 'ਆਤਮਿਕ ਸੁਤੰਤਰਤਾ' ਨੂੰ 'ਸਮਾਜਿਕ ਸੁਤੰਤਰਤਾ' ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਸ੍ਰੀ ਅਕਾਲ ਤਖ਼ਤ ਸਾਹਿਬ ਸਮੇਂ ਤੇ ਸਥਾਨ ਦੇ ਪ੍ਰਭਾਵਾਂ ਤੋਂ ਸੁਤੰਤਰ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਨਾਲ ਸਿੱਖ ਕੌਮ ਇੱਕ ਸੁਤੰਤਰ ਤੇ



ਪ੍ਰਭੂਸੱਤਾ ਸੰਪੰਨ ਦੈਵੀ ਗੁਣਾਂ ਆਧਾਰਿਤ ਕੌਮ ਦੇ ਰੂਪ ਵਿੱਚ ਪ੍ਰਗਟ ਹੋਈ। ਅਕਾਲ ਤਖ਼ਤ ਤੋਂ ਹੀ ਸਮੇਂ-ਸਮੇਂ ਅਕਾਲ ਤਖ਼ਤ ਦੇ ਵਿਰੋਧੀਆਂ, ਸਮਾਜਿਕ, ਰਾਜਸੀ ਬੇਇਨਸਾਫ਼ੀਆਂ, ਜਬਰ-ਜ਼ੁਲਮ ਦੇ ਖ਼ਿਲਾਫ਼ ਤੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਹਿੱਤ, ਸਿੱਖ ਤੇ ਸਿੱਖ ਹਿੱਤਕਾਰੀ ਲਹਿਰਾਂ ਉੱਠਦੀਆਂ ਰਹੀਆਂ ਹਨ।

ਅਜਿਹੀ ਇੱਕ ਲਹਿਰ ਸਿੱਖ ਕੌਮ ਦੇ ਗਲੋਂ ਗੁਲਾਮੀ ਦੀਆਂ ਜੰਜ਼ੀਰਾਂ ਕੱਟਣ ਲਈ ਵੀਹਵੀਂ ਸਦੀ ਦੇ ਅੱਠਵੇਂ-ਨੌਵੇਂ ਦਹਾਕੇ ਵਿੱਚ ਵੀ ਉੱਠੀ ਸੀ, ਜਦੋਂ ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਮੀਰੀ-ਪੀਰੀ ਦੇ ਸਿਧਾਂਤ ਦੀ ਸਹੀ ਤਰਜ਼ਮਾਨੀ ਕਰਦਿਆਂ ਗੁਰੂ ਨਾਨਕ ਪਾਤਸ਼ਾਹ ਦੁਆਰਾ ਮਨੁੱਖ ਨੂੰ ਰੂਹਾਨੀ, ਮਾਨਸਿਕ ਤੇ ਸਰੀਰਿਕ ਗ਼ੁਲਾਮੀ ਤੋਂ ਮੁਕਤ ਕਰਨ ਲਈ ਅਰੰਭੇ ਸੰਘਰਸ਼ ਨੂੰ ਅੱਗੇ ਵਧਾਉਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਸ਼ਹਾਦਤ ਦਾ ਜਾਮ ਪੀ ਕੇ ਜਿੱਥੇ ਸਿੱਖ ਸਿਧਾਂਤਾਂ ਦੀ ਸੁੱਚਤਾ ਦਾ ਵਿਲੱਖਣ ਨਮੂਨਾ ਪੇਸ਼ ਕੀਤਾ, ਓਥੇ ਉਹਨਾਂ ਨੇ ਸਿੱਖ ਸਿਆਸਤ ਦੀ ਦਿਸ਼ਾ ਵੀ ਬਦਲ ਕੇ ਰੱਖ ਦਿੱਤੀ। ਉਹਨਾਂ ਨੇ ਖ਼ਾਲਸਾ ਪੰਥ ਨੂੰ ਆਪਣੀ ਹੋਣੀ ਦੇ ਮਾਲਕ ਆਪ ਬਣਨ ਦਾ ਰਾਹ ਵਿਖਾਇਆ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸ਼ਹਾਦਤ ਖ਼ਾਲਸਾ ਪੰਥ (ਸਿੱਖ ਕੌਮ) ਦੀ ਅੱਡਰੀ ਨਿਆਰੀ ਤੇ ਵਿਲੱਖਣ ਹੋਂਦ ਹਸਤੀ ਕਾਇਮ ਰੱਖਣ ਲਈ ਖ਼ਾਲਸਾ ਪੰਥ ਦੇ ਅਗਲੇਰੇ ਸੰਘਰਸ਼ਾਂ ਦਾ ਰਾਹ ਦਰਸਾਣਾ ਹੈ।

"ਆਧੁਨਿਕ ਰਾਜਨੀਤਿਕ ਖੇਡ ਵਿੱਚ ਸਿੱਖਾਂ ਨੂੰ ਸਭ ਤੋਂ ਵੱਡੀ ਸਮੱਸਿਆ ਇਹ ਆਉਂਦੀ ਹੈ ਕਿ ਸਿੱਖ ਰਾਜਨੀਤਿਕ ਸਿਧਾਂਤ ਅਤੇ ਅਮਲ ਨੂੰ ਆਧੁਨਿਕ ਪ੍ਰਬੰਧਾਂ ਵਿੱਚ ਕੋਈ ਥਾਂ ਨਹੀਂ ਦਿੱਤੀ ਗਈ ਅਤੇ ਨਾ ਇਸ ਦੇ ਵਿਕਸਤ ਹੋਣ ਲਈ ਲੋੜੀਂਦਾ ਵਾਤਾਵਰਣ ਹੈ। ਸਿੱਖ ਰਾਜਨੀਤੀ ਦਾ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਹੈ, ਜਿਸ ਨੂੰ ਭਾਰਤੀ ਪ੍ਰਕਿਰਿਆ ਤੋਂ ਇੱਕ ਪਾਸੇ ਕੀਤਾ ਗਿਆ ਹੈ। ਭਾਰਤੀ ਰਾਜ ਦੀ ਗ਼ੁਲਾਮੀ ਸਿੱਖ ਸੰਸਥਾਵਾਂ ਦੀ ਅਜ਼ਾਦੀ ਲਈ ਖ਼ਤਰਾ ਹੈ। ਇਸ ਕਰਕੇ ਹੀ ਸਿੱਖ ਭਾਈਚਾਰਾ ਆਪਣੀਆਂ ਸੰਸਥਾਵਾਂ ਨਾਲ ਕੇਵਲ ਭਾਵਨਾਤਮਕ ਸਾਂਝ ਰੱਖ ਰਿਹਾ ਹੈ। ਆਮ ਜੀਵਨ ਵਿੱਚ ਦੁਨਿਆਵੀ ਸੱਤਾ ਦਾ ਬੋਲ-ਬਾਲਾ ਹੈ, ਇਸ ਕਰਕੇ ਸਿੱਖ ਰਾਜਨੀਤੀ ਦੇ ਸਿਧਾਂਤ ਅਤੇ ਸਿੱਖ ਸੰਸਥਾਵਾਂ ਭਾਰਤੀ ਰਾਜਨੀਤੀ ਦੀ ਭੇਂਟ ਚੜ੍ਹ ਗਈਆਂ। ਸੱਤਾ ਦਾ ਤਰਕ ਤਾਕਤਵਰ ਹੋਣ ਕਰਕੇ ਸਿੱਖ ਸਿਧਾਂਤਾਂ ਨੂੰ ਸੁਭਾਵਿਕ ਹੀ ਨਜ਼ਰਅੰਦਾਜ਼ ਕਰ ਰਿਹਾ ਹੈ। ਸਿੱਖਾਂ ਦੀ ਇਹ ਤ੍ਰਾਸਦੀ ਹੈ ਕਿ ਆਧੁਨਿਕ ਰਾਜਨੀਤੀ ਦੇ ਇਸ ਜ਼ੋਰਦਾਰ ਪ੍ਰਭਾਵ ਅਧੀਨ ਇਹ ਸਿੱਖ ਸਿਧਾਂਤਾਂ ਅਨੁਸਾਰ ਆਪਣੀਆਂ ਰਾਜਨੀਤਿਕ ਰਵਾਇਤਾਂ ਨੂੰ ਸੰਭਾਲਣ ਪ੍ਰਤੀ ਅਵੇਸਲੇ ਜਾਂ ਬੇਪਰਵਾਹ ਜਾਪਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰਾਜਨੀਤੀ ਤਾਕਤ ਦੀ ਖੇਡ ਹੈ। ਤਾਕਤ ਦੇ ਤਰਕ ਅਧੀਨ ਸਿੱਖ ਰਾਜਨੀਤਿਕ ਰਵਾਇਤਾਂ ਦੀ ਅਹਿਮੀਅਤ ਨੂੰ ਸਮਝਣ ਦਾ ਹੁਣ ਕਿਸੇ ਨੂੰ ਕੋਈ ਲਾਭ ਨਜ਼ਰ ਨਹੀਂ ਆ ਰਿਹਾ, ਪ੍ਰੰਤੂ ਜਦੋਂ ਆਧੁਨਿਕ ਰਾਜ ਨਾਲੋਂ ਅਗਾਂਹ ਜਾਂ ਇਸ ਨਾਲੋਂ ਬਿਹਤਰ ਰਾਜ ਦੀ ਸਥਾਪਤੀ ਦੀ ਲੋੜ ਮਹਿਸੂਸ ਹੋਵੇਗੀ ਤਾਂ ਹੁਣ ਅਣਗੌਲੇ ਜਾ ਰਹੇ ਗੁਰਮਤਿ ਦੇ ਸਿਧਾਂਤ ਅਤੇ ਇਹਨਾਂ 'ਤੇ ਆਧਾਰਿਤ ਰਾਜਨੀਤੀ ਦੇ ਤਜ਼ਰਬਿਆਂ ਤੋਂ ਸਬਕ ਸਿਖਣ ਅਤੇ ਗ੍ਰਹਿਣ ਕਰਨ ਲਈ ਯਤਨ ਕੀਤੇ ਜਾਣਗੇ।"

-(ਹਵਾਲਾ ਪੁਸਤਕ- ਸਿੱਖੀ ਅਤੇ ਸਿੱਖਾਂ ਦਾ ਭਵਿੱਖ-ਪੰਨਾ 150/151)

"ਅੱਜ ਅਕਾਲ ਤਖ਼ਤ ਦੇ ਇਤਿਹਾਸਕ ਮਹੱਤਵ ਨੂੰ ਵੀ ਵਿਚਾਰਨ ਦੀ ਲੋੜ ਹੈ। ਸਿੱਖ ਰਾਜ ਸਮੇਂ ਅਕਾਲ ਤਖ਼ਤ ਦੇ ਰਖਵਾਲੇ ਸੋਚੀ-ਸਮਝੀ ਯੋਜਨਾ ਅਧੀਨ ਰਣਜੀਤ ਸਿੰਘ ਪ੍ਰਤੀ ਅਪਮਾਨਜਨਕ ਢੰਗ ਨਾਲ ਵਿਉਹਾਰ ਕਰਦੇ ਰਹੇ, ਭਾਵੇਂ ਉਹ ਉਸ ਨੂੰ ਸਰਕਾਰ ਖ਼ਾਲਸਾ ਜੀਉ ਦਾ ਮੁਖੀ ਪ੍ਰਵਾਨ ਕਰਦੇ ਸਨ। ਉਹ ਰਣਜੀਤ ਸਿੰਘ ਨੂੰ ਨੁਕਸਾਨ ਨਹੀਂ ਸੀ ਪਹੁੰਚਾਉਣਾ ਚਾਹੁੰਦੇ, ਪਰ ਉਸ ਨੂੰ ਲਗਾਤਾਰ ਯਾਦ ਕਰਵਾਉਂਦੇ ਰਹਿਣਾ ਚਾਹੁੰਦੇ ਸਨ ਕਿ ਖ਼ਾਲਸਾ ਸੁਤੰਤਰ ਹੈ ਤੇ ਰਣਜੀਤ ਸਿੰਘ ਕੇਵਲ ਉਹਨਾਂ ਦੀ ਮਰਜ਼ੀ ਨਾਲ ਹੀ ਉਹਨਾਂ ਉੱਤੇ ਰਾਜ ਕਰਦਾ ਹੈ। ਰਣਜੀਤ ਸਿੰਘ ਵੱਲੋਂ ਸਿੱਖ ਰਾਜ ਦੇ ਵਾਧੇ ਲਈ ਲੜੀਆਂ ਗਈਆਂ ਲੜਾਈਆਂ ਵਿੱਚ ਜਥੇਦਾਰ ਅਕਾਲ ਤਖ਼ਤ ਦੀ ਅਗਵਾਈ ਹੇਠ ਇਹੀ ਅਕਾਲੀ ਅਗਲੀ ਕਤਾਰ ਵਿੱਚ ਜੂਝਦੇ ਸਨ। ਧਾਰਮਿਕ ਖੇਤਰ ਵਿੱਚ ਅਕਾਲ ਤਖ਼ਤ

**"ਅੱਜ ਅਕਾਲ ਤਖ਼ਤ ਦੇ ਇਤਿਹਾਸਕ ਮਹੱਤਵ ਨੂੰ ਵੀ ਵਿਚਾਰਨ ਦੀ ਲੋੜ ਹੈ। ਸਿੱਖ ਰਾਜ ਸਮੇਂ ਅਕਾਲ ਤਖ਼ਤ ਦੇ ਰਖਵਾਲੇ ਸੋਚੀ-ਸਮਝੀ ਯੋਜਨਾ ਅਧੀਨ ਰਣਜੀਤ ਸਿੰਘ ਪ੍ਰਤੀ ਅਪਮਾਨਜਨਕ ਢੰਗ ਨਾਲ ਵਿਉਹਾਰ ਕਰਦੇ ਰਹੇ, ਭਾਵੇਂ ਉਹ ਉਸ ਨੂੰ ਸਰਕਾਰ ਖ਼ਾਲਸਾ ਜੀਉ ਦਾ ਮੁਖੀ ਪ੍ਰਵਾਨ ਕਰਦੇ ਸਨ। ਉਹ ਰਣਜੀਤ ਸਿੰਘ ਨੂੰ ਨੁਕਸਾਨ ਨਹੀਂ ਸੀ ਪਹੁੰਚਾਉਣਾ ਚਾਹੁੰਦੇ, ਪਰ ਉਸ ਨੂੰ ਲਗਾਤਾਰ ਯਾਦ ਕਰਵਾਉਂਦੇ ਰਹਿਣਾ ਚਾਹੁੰਦੇ ਸਨ ਕਿ ਖ਼ਾਲਸਾ ਸੁਤੰਤਰ ਹੈ ਤੇ ਰਣਜੀਤ ਸਿੰਘ ਕੇਵਲ ਉਹਨਾਂ ਦੀ ਮਰਜ਼ੀ ਨਾਲ ਹੀ ਉਹਨਾਂ ਉੱਤੇ ਰਾਜ ਕਰਦਾ ਹੈ।**

ਨੇ ਆਪਣੀ ਸੁਤੰਤਰਤਾ ਦਾ ਪ੍ਰਗਟਾਵਾ ਕੀਤਾ ਤੇ ਇਸ ਦਾ ਐਲਾਨ ਇਸ ਤਰ੍ਹਾਂ ਕੀਤਾ ਕਿ ਰਣਜੀਤ ਸਿੰਘ ਨੂੰ ਵੀ ਜਵਾਬ ਦੇਣ ਲਈ ਬੁਲਾ ਭੇਜਿਆ। ਇੱਕ ਵਾਰ ਉਸ ਨੂੰ ਦਰਖ਼ਤ ਨਾਲ ਬੰਨ ਕੇ ਕੋਰੜੇ ਮਾਰਨ ਦਾ ਹੁਕਮ ਵੀ ਸੁਣਾਇਆ ਗਿਆ। ਰਣਜੀਤ ਸਿੰਘ ਨੂੰ ਦਰਖ਼ਤ ਨਾਲ ਬੰਨਿਆ ਵੀ ਗਿਆ, ਪਰ ਕੋਰੜੇ ਮਾਰਨ ਦੀ ਸਜ਼ਾ ਮਾਫ਼ ਕਰ ਦਿੱਤੀ ਗਈ। ਸਦੀਆਂ ਦੇ ਰੂਹਾਨੀ ਤਜ਼ਰਬੇ ਸਦਕਾ ਸਿੱਖਾਂ ਨੂੰ ਇਹ ਗੁੜ੍ਹਤੀ ਮਿਲੀ ਹੋਈ ਹੈ ਕਿ ਉਹ ਆਪਣੀ ਵਫ਼ਾਦਾਰੀ ਸਭ ਤੋਂ ਪਹਿਲਾਂ ਅਕਾਲ ਪੁਰਖ ਨੂੰ ਸੌਂਪਣ ਤੇ ਫਿਰ ਆਪਣੀ ਆਤਮਾ ਅਤੇ ਨੇਕ ਕੰਮਾਂ ਨੂੰ। ਰਾਜ ਭਾਵੇਂ ਉਹ ਅਫ਼ਗਾਨਾਂ, ਮੁਗਲਾਂ, ਸਿੱਖਾਂ, ਅੰਗਰੇਜ਼ਾਂ ਜਾਂ ਭਾਰਤੀਆਂ ਦਾ ਹੋਵੇ, ਸਿੱਖਾਂ ਦੀ ਵਫ਼ਾਦਾਰੀ ਉੱਤੇ ਉਸ ਅਨੁਪਾਤ ਅਨੁਸਾਰ ਹੀ ਦਾਅਵਾ ਕਰ ਸਕਦਾ ਹੈ, ਜਿਸ ਅਨੁਪਾਤ ਨਾਲ ਉਹ ਉਹਨਾਂ ਆਦਰਸ਼ਾਂ ਪ੍ਰਤੀ ਵਚਨਬੱਧ ਹੈ। ਸਿਧਾਂਤਕ ਤੌਰ 'ਤੇ ਜੇ ਕੱਲ੍ਹ ਨੂੰ ਸਿੱਖ ਰਾਜ ਹੋਂਦ ਵਿੱਚ ਆ ਜਾਏ ਤਾਂ ਵੀ ਸਥਿਤੀ ਇਹੀ ਰਹੇਗੀ।"

-(ਹਵਾਲਾ- ਪੁਸਤਕ ਸਿੰਘ ਨਾਦ, ਪੰਨਾ 219, 220)

"ਗੁਰਮਤਿ ਦਾ ਮੁੱਖ ਉਦੇਸ਼ ਮਨੁੱਖ ਨੂੰ ਹਰ ਕਿਸਮ ਦੇ ਭੈਅ ਅਤੇ ਗ਼ੁਲਾਮੀ ਤੋਂ ਮੁਕਤ ਕਰ ਕੇ ਸੱਚੇ ਪਾਤਸ਼ਾਹ ਨਾਲ ਜੋੜਨਾ ਹੈ। ਇਸ ਦੇ ਉਲਟ ਆਧੁਨਿਕ ਰਾਜਨੀਤੀ ਦਾ ਮਕਸਦ ਮਨੁੱਖ ਦੇ ਦੁਆਲੇ ਭੈਅ ਵਾਲਾ ਵਾਤਾਵਰਨ ਸਿਰਜ ਕੇ ਦੁਨਿਆਵੀ ਰਾਜਾਂ ਦੇ ਅਧੀਨ ਕਰਨਾ ਹੈ। ਸਿੱਖ ਅਕਾਲ ਪੁਰਖ ਨਾਲ ਜੁੜਨ ਲਈ ਤਾਂ ਅਜ਼ਾਦ ਹਨ ਪਰ ਦੁਨਿਆਵੀ ਰਾਜਨੀਤੀ ਇਸ ਅਜ਼ਾਦੀ ਦੇ ਰਾਹ ਵਿੱਚ ਰੁਕਾਵਟ ਬਣ ਰਹੀ ਹੈ। ਆਧੁਨਿਕ ਰਾਜਨੀਤੀ ਦੇ ਪ੍ਰਭਾਵ ਹੇਠ ਸਿੱਖਾਂ ਦੀ ਹਾਲਤ ਦੋ ਬੇੜੀਆਂ ਦੇ ਸਵਾਰ ਵਾਲੀ ਬਣ ਗਈ ਹੈ। ਗੁਰੂ ਦਾ ਜਹਾਜ਼ ਭਵਜਲ ਨੂੰ ਪਾਰ ਕਰਵਾਉਂਦਾ ਹੈ, ਜਦੋਂ ਕਿ ਦੁਨਿਆਵੀ ਰਾਜਨੀਤੀ ਦਾ ਸਮਾਜਿਕ ਜੀਵਨ ਵਿੱਚ ਮਹੱਤਵ ਵੱਧਦਾ ਜਾ ਰਿਹਾ ਹੈ। ਸਿੱਖਾਂ ਦੇ ਅਧਿਆਤਮਕ ਸਰੋਕਾਰ ਇਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੋੜਦੇ ਹਨ,

ਬਾਕੀ ਹਿਸਾ ਸਫਾ 31 'ਤੇ ਪੜ੍ਹੋ

# ਕੀ ਬਰਿਕਸ ਕਰੰਸੀ ਡਾਲਰ ਦੇ ਦਬਦਬੇ ਨੂੰ ਨੱਥ ਪਾ ਸਕੇਗੀ....?

**ਸੰਦੀਪ ਕੁਮਾਰ**
7009807121






ਜਦੋਂ ਅਸੀਂ ਅੰਤਰਰਾਸ਼ਟਰੀ ਆਰਥਿਕ ਸਿਸਟਮ ਦੀ ਗੱਲ ਕਰਦੇ ਹਾਂ, ਤਾਂ ਸਭ ਤੋਂ ਪਹਿਲਾ ਜੋ ਡਾਲਰ ਕਰੰਸੀ ਸਾਹਮਣੇ ਆਉਂਦੀ ਹੈ। ਸਾਲ 1970 ਦੇ ਦੌਰ ਵਿੱਚ ਅਮਰੀਕਾ ਨੇ ਬ੍ਰੇਟਨ-ਵੁਡਸ ਸਿਸਟਮ ਨੂੰ ਤੋੜ ਕੇ, ਇੱਕ ਨਵਾਂ ਸਿਸਟਮ ਜਾਰੀ ਕੀਤਾ, ਜਿਸ ਨੇ ਵਿਸ਼ਵ ਵਪਾਰ ਵਿੱਚ ਡਾਲਰ ਦੀ ਕੇਂਦਰੀ ਭੂਮਿਕਾ ਨੂੰ ਸਥਿਰ ਕਰ ਦਿੱਤਾ। ਇਸ ਤੋਂ ਬਾਅਦ, ਡਾਲਰ ਦਾ ਪ੍ਰਭਾਵ ਇਤਿਹਾਸਿਕ ਤੌਰ 'ਤੇ ਆਪਣੀ ਚਰਮ ਸੀਮਾ 'ਤੇ ਪੁਹੰਚ ਗਿਆ। ਇਸਦੀ ਵਪਾਰਕ ਪ੍ਰਭਾਵਸ਼ੀਲਤਾ ਦਾ ਕਾਰਨ ਇਹ ਹੈ ਕਿ ਅਮਰੀਕਾ ਜਿਹੜਾ ਸੰਸਾਰ ਦੇ ਸਭ ਤੋਂ ਵੱਡੇ ਆਰਥਿਕਤਾਵਾਂ ਵਿੱਚੋਂ ਇੱਕ ਹੈ, ਆਪਣੀ ਮੁਦਰਾ ਨੂੰ ਵਿਸ਼ਵ ਮੰਚ 'ਤੇ ਵਰਤਦਾ ਆ ਰਿਹਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਅਮਰੀਕਾ ਆਪਣੀ ਆਰਥਿਕ ਅਤੇ ਰਾਜਨੀਤਿਕ ਹਕੂਮਤ ਨੂੰ ਸਥਿਰ ਕਰਨ ਲਈ ਡਾਲਰ ਦਾ ਉਪਯੋਗ ਕਰਦਾ ਹੈ। ਇਹ ਨਾ ਸਿਰਫ ਵਪਾਰਕ ਸਾਂਝੇਦਾਰੀ ਨੂੰ ਪ੍ਰਭਾਵਿਤ ਕਰਦਾ ਹੈ, ਸਗੋਂ ਅੰਤਰਰਾਸ਼ਟਰੀ ਸਿਆਸਤ ਵਿੱਚ ਵੀ ਇਸਦੀ ਜਰੂਰਤ ਮਹਿਸੂਸ ਕੀਤੀ ਜਾਂਦੀ ਹੈ। ਇਸ ਦੌਰਾਨ, ਅਮਰੀਕਾ ਨੇ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ 'ਤੇ ਆਪਣਾ ਰਾਜਨੀਤਿਕ ਪ੍ਰਭਾਵ ਬਣਾਏ ਰੱਖਿਆ ਹੈ, ਜਿੱਥੇ ਉਹ ਡਾਲਰ ਦੇ ਜ਼ਰੀਏ ਆਪਣੀਆਂ ਮਨਮਰਜੀਆਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਲਾਗੂ ਕਰ ਸਕਦਾ ਹੈ।

ਡਾਲਰ ਦੀ ਸ਼ਕਤੀ ਦਾ ਦੂਸਰਾ ਮਹੱਤਵਪੂਰਨ ਪੱਖ ਇਹ ਹੈ ਕਿ ਜਦੋਂ ਸੰਸਾਰ ਦੇ ਦੇਸ਼ਾਂ ਵਿੱਚ ਅਮਰੀਕਾ ਨੂੰ ਹਾਨੀ ਪਹੁੰਚੀ ਜਾਂ ਉਸ ਦੀਆਂ ਰਾਜਨੀਤਿਕ ਜ਼ਰੂਰਤਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਗਈ, ਤਾਂ ਅਮਰੀਕਾ ਨੇ ਆਪਣੇ ਡਾਲਰ ਨਿਯੰਤਰਣ ਨੂੰ ਇਕ ਹਥਿਆਰ ਵਜੋਂ ਵਰਤਿਆ ਹੈ। ਇਸ ਤਰ੍ਹਾਂ ਡਾਲਰ ਨੇ ਵਿਸ਼ਵ ਵਪਾਰ ਅਤੇ ਆਰਥਿਕਤਾ ਵਿੱਚ ਇੱਕ ਮਜ਼ਬੂਤ ਸਥਾਨ ਹਾਸਲ ਕੀਤਾ ਅਤੇ ਇਸ ਦੀ ਸ਼ਕਤੀ ਦਾ ਆਲਮ ਇਹ ਸੀ ਕਿ ਜੇ ਕਿਸੇ ਦੇਸ਼ ਨੇ ਅਮਰੀਕਾ ਦੀਆਂ ਨੀਤੀਆਂ ਨੂੰ ਚੁਣੌਤੀ ਦਿੱਤੀ, ਤਾਂ ਉਸ ਦੇਸ਼ ਦੀ ਮੁਦਰਾ ਉੱਤੇ ਅਸਰ ਪੈਦਾ ਹੋ ਜਾਂਦਾ ਸੀ। ਡਾਲਰ ਨੂੰ ਇਸ ਤਰ੍ਹਾਂ ਵਰਤ ਕੇ ਅਮਰੀਕਾ ਵੱਖ-ਵੱਖ ਦੇਸ਼ਾਂ ਵਿੱਚ ਆਪਣੀ ਸਿਆਸਤ ਨੂੰ ਲਾਗੂ ਕਰਦਾ ਆ ਰਿਹਾ ਹੈ। ਇਸ ਸਮੇਂ ਤੱਕ, ਸੰਸਾਰ ਦੇ ਵਿਸ਼ਵ ਵਪਾਰ ਵਿੱਚ ਡਾਲਰ ਦੀ ਭੂਮਿਕਾ ਬੇਹਦ ਮਜ਼ਬੂਤ ਹੋ ਗਈ ਹੈ। ਅਜਿਹਾ ਕਿਹਾ ਜਾ ਸਕਦਾ ਹੈ ਕਿ ਜਦੋਂ ਤੋਂ ਡਾਲਰ ਨੇ ਅੰਤਰਰਾਸ਼ਟਰੀ ਮੁਦਰਾ ਦਾ ਰੂਪ ਧਾਰਿਆ, ਤਾਂ ਦੁਨੀਆ ਦੇ ਵਪਾਰ ਦਾ ਬੇਹਦ ਵੱਡਾ ਹਿੱਸਾ ਡਾਲਰ ਕਰੰਸੀ ਵਿੱਚ ਕੀਤਾ ਜਾਣ ਲੱਗਾ ਹੈ। ਇਹ ਨਾ ਸਿਰਫ ਆਯਾਤ ਅਤੇ ਨਿਰਯਾਤ ਨੂੰ ਪ੍ਰਭਾਵਿਤ ਕਰਦਾ ਹੈ, ਸਗੋਂ ਦੂਜੇ ਦੇਸ਼ਾਂ ਦੇ ਨਾਲ ਕੀਤੇ ਜਾ ਰਹੇ ਵਪਾਰ ਅਤੇ ਨਿਵੇਸ਼ ਵੀ ਡਾਲਰ ਦੇ ਨਾਲ ਕਰੇ ਜਾ ਰਹੇ ਹਨ। ਡਾਲਰ ਦੇ ਇਸ ਵਧਦੇ ਪ੍ਰਭਾਵ ਕਾਰਨ ਅੰਤਰਰਾਸ਼ਟਰੀ ਮੰਚ 'ਤੇ ਕਈ ਵਾਰ ਡਾਲਰ ਨੂੰ ਇਕ ਅਹਿਮ ਰਾਜਨੀਤਿਕ ਉਪਕਰਨ ਵਜੋਂ ਵੀ ਵਰਤਿਆ ਗਿਆ ਹੈ।

ਜੇਕਰ ਅਸੀਂ ਅੱਜ ਦੇ ਸਮੇਂ ਵਿੱਚ ਦੇਖੀਏ, ਤਾਂ ਡਾਲਰ ਦੇ ਇਸ ਪ੍ਰਭਾਵ ਨੇ ਕਈ ਮੁਲਕਾਂ ਦੀ ਆਰਥਿਕਤਾਵਾਂ ਅਤੇ ਰਾਜਨੀਤਿਕ ਸਥਿਰਤਾ ਨੂੰ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦੇਸ਼ਾਂ ਨੇ, ਜੋ ਅਮਰੀਕਾ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ ਹੋਏ, ਅਕਸਰ ਆਪਣੇ ਵਪਾਰ ਅਤੇ ਵਿੱਤੀ ਸੰਸਥਾਵਾਂ 'ਤੇ ਡਾਲਰ ਦਾ ਪ੍ਰਭਾਵ ਮਹਿਸੂਸ ਕੀਤਾ ਹੈ। ਇਸ ਨਾਲ ਇਹਨਾਂ ਦੇਸ਼ਾਂ ਦੀਆਂ ਆਰਥਿਕ ਸਥਿਤੀਆਂ ਅਤੇ ਰਾਜਨੀਤਿਕ ਨੀਤੀਆਂ ਨਿਰਧਾਰਿਤ ਹੋਈਆਂ ਹਨ। ਇਸੇ ਤਰ੍ਹਾਂ, ਡਾਲਰ ਦੀ ਸ਼ਕਤੀ ਵਧਣ ਨਾਲ ਸੰਸਾਰ ਦੇ ਆਰਥਿਕ ਮੰਚ ਵਿੱਚ ਅਮਰੀਕਾ ਦੀ ਪ੍ਰਭੂ ਸੱਤਾ ਮਜ਼ਬੂਤ ਹੋ ਗਈ ਹੈ। ਇਸ ਸਥਿਤੀ ਵਿੱਚ, ਅਮਰੀਕਾ ਦੀਆਂ ਮਨਮਰਜੀਆਂ ਅਤੇ ਡਾਲਰ ਦੀ ਸ਼ਕਤੀ ਨੂੰ ਚੁਣੌਤੀ ਦੇਣ ਲਈ ਕੁਝ ਦੇਸ਼ਾਂ ਨੇ ਇੱਕ ਨਵੀਂ ਮੰਜ਼ਿਲ ਦੀ ਯਾਤਰਾ ਸ਼ੁਰੂ ਕੀਤੀ ਹੈ। ਇਹ ਦੇਸ਼ ਹਨ ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫ਼ਰੀਕਾ, ਜਿਨ੍ਹਾਂ ਨੇ ਬਰਿਕਸ ਗਰੁੱਪ ਬਣਾਇਆ। ਇਹ ਗਰੁੱਪ, ਜੋ ਦੁਨੀਆ ਦੀ ਆਬਾਦੀ ਅਤੇ ਆਰਥਿਕ ਮੰਚ ਉੱਤੇ ਵੱਡਾ ਹਿੱਸਾ ਰੱਖਦਾ ਹੈ, ਆਪਣੀ ਖੁਦ ਦੀ ਇੱਕ ਸਾਂਝੀ ਕਰੰਸੀ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ। ਇਸ ਕਰੰਸੀ ਨੂੰ 'ਬਰਿਕਸ ਕਰੰਸੀ' ਦਾ ਨਾਮ ਦਿੱਤਾ ਗਿਆ ਹੈ। ਬਰਿਕਸ ਕਰੰਸੀ ਦਾ ਮੁੱਖ ਉਦੇਸ਼, ਅੰਤਰਰਾਸ਼ਟਰੀ ਵਪਾਰ ਨੂੰ ਡਾਲਰ ਤੋਂ ਅਜ਼ਾਦ ਕਰਨਾ ਹੈ। ਇਹ ਮੁਦਰਾ ਮੈਂਬਰ ਦੇਸ਼ਾਂ ਵਿੱਚ ਆਰਥਿਕ ਹਿੱਤਾਂ ਦੀ ਰੱਖਿਆ ਕਰੇਗੀ ਅਤੇ ਇੱਕ ਨਵਾਂ ਆਰਥਿਕ ਰਾਹ ਪ੍ਰਦਾਨ ਕਰੇਗੀ। ਜੇਕਰ ਇਹ ਕਰੰਸੀ ਸਫਲ ਹੁੰਦੀ ਹੈ, ਤਾਂ ਇਸ ਨਾਲ ਡਾਲਰ 'ਤੇ ਨਿਰਭਰਤਾ ਘਟੇਗੀ ਅਤੇ ਬਰਿਕਸ ਦੇਸ਼ਾਂ ਦੀ ਆਰਥਿਕ ਸਥਿਰਤਾ ਵਧੇਗੀ। ਇਹ ਮੁਦਰਾ ਵਿਕਾਸਸ਼ੀਲ ਦੇਸ਼ਾਂ ਲਈ ਇੱਕ ਸਾਰਥਕ ਵਿਕਲਪ ਸਾਬਿਤ ਹੋ ਸਕਦੀ ਹੈ, ਜੋ ਡਾਲਰ ਦੇ ਸ਼ਕਤੀਸ਼ਾਲੀ ਰੂਪ ਨਾਲ ਸੰਘਰਸ਼ ਕਰਦੇ ਆਏ ਹਨ।

ਪਰ ਬਰਿਕਸ ਕਰੰਸੀ ਨੂੰ ਅਮਲ ਵਿੱਚ ਲਿਆਉਣਾ ਇੰਨ੍ਹਾਂ ਵੀ ਆਸਾਨ ਨਹੀਂ ਹੈ। ਪਹਿਲੀ ਗੱਲ, ਮੈਂਬਰ ਦੇਸ਼ਾਂ ਵਿੱਚ ਆਰਥਿਕ ਅੰਤਰ ਬਹੁਤ ਵੱਡਾ ਹੈ। ਰੂਸ ਅਤੇ ਚੀਨ ਜਿਹੜੇ ਇਸ ਗਰੁੱਪ ਦੇ ਦੋ ਸਭ ਤੋਂ ਵੱਡੇ ਆਰਥਿਕ ਖਿਡਾਰੀ ਹਨ, ਉਹ ਬਾਕੀ ਦੇਸ਼ਾਂ ਤੇ ਜਿਆਦਾ ਪ੍ਰਭਾਵਸ਼ਾਲੀ ਹੋ ਸਕਦੇ ਹਨ। ਦੂਜੀ ਗੱਲ, ਅੰਤਰਰਾਸ਼ਟਰੀ ਮੰਚ 'ਤੇ ਡਾਲਰ ਦੀ ਮਜ਼ਬੂਤੀ ਅੱਜ ਵੀ ਇੱਕ ਵੱਡੀ ਚੁਣੌਤੀ ਹੈ। ਡਾਲਰ ਇੱਕ ਮਜ਼ਬੂਤ ਵਪਾਰਕ ਸਾਂਝੀ ਭਾਸ਼ਾ ਦੀ ਤਰ੍ਹਾਂ ਕੰਮ ਕਰਦਾ ਹੈ ਅਤੇ ਇਸਨੂੰ ਹਟਾਉਣਾ ਬਹੁਤ ਮੁਸ਼ਕਲ ਹੈ। ਫਿਰ ਵੀ, ਜੇਕਰ ਬਰਿਕਸ ਕਰੰਸੀ ਕਾਮਯਾਬ ਹੁੰਦੀ ਹੈ, ਤਾਂ ਇਹ ਦੁਨੀਆ ਵਿੱਚ ਵੱਡੇ ਬਦਲਾਵਾਂ ਦੀ ਸ਼ੁਰੂਆਤ ਕਰ ਸਕਦੀ ਹੈ। ਅਮਰੀਕਾ ਦੀ ਮੌਜੂਦਾ ਡਾਲਰ ਪ੍ਰਭੂ ਸੱਤਾ ਹੇਠਾਂ ਆ ਸਕਦੀ ਹੈ। ਇਹ ਨਵੀਂ ਮੁਦਰਾ ਵਿਕਾਸਸ਼ੀਲ ਦੇਸ਼ਾਂ ਨੂੰ ਡਾਲਰ ਦੇ ਨਿਯੰਤਰਣ ਤੋਂ ਬਚਾਉਣ ਵਿੱਚ ਸਹਾਇਕ ਹੋਵੇਗੀ। ਇਸ ਦੇ ਨਾਲ-ਨਾਲ, ਇਹ ਗਲੋਬਲ ਆਰਥਿਕਤਾਵਾਂ ਵਿੱਚ ਇੱਕ ਨਵਾਂ ਸੰਤੁਲਨ ਲਿਆ ਸਕਦੀ ਹੈ, ਜਿਸ ਨਾਲ ਸੰਸਾਰ ਪੱਧਰ ਦੀ ਮਾਰਕੀਟ ਵਿੱਚ ਇੱਕ ਸੰਤੁਲਨ ਬਣਾ ਸਕੇ। ਡਾਲਰ ਦੇ ਸਪੱਸ਼ਟ ਪ੍ਰਭਾਵ ਸਦਕਾ, ਬਰਿਕਸ ਕਰੰਸੀ ਭਵਿੱਖ ਦੀ ਇੱਕ ਵੱਡੀ ਉਮੀਦ ਹੈ। ਜੇਕਰ ਸਫਲਤਾ ਮਿਲਦੀ ਹੈ, ਤਾਂ ਇਹ ਮਾਤਰ ਇੱਕ ਮੁਦਰਾ ਨਹੀਂ, ਸਗੋਂ ਇੱਕ ਆਰਥਿਕ ਇਨਕਲਾਬ ਹੋਵੇਗੀ। ਜਿਸ ਨਾਲ ਭਵਿੱਖ ਵਿੱਚ ਡਾਲਰ ਦੇ ਦਬਦਬੇ ਨੂੰ ਨੱਥ ਪਾਈ ਜਾ ਸਕੇਗੀ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

**30 ਸਫ਼ੇ ਦੀ ਬਾਕੀ**

ਜਦੋਂ ਕਿ ਇਹਨਾਂ ਦੀਆਂ ਆਧੁਨਿਕ ਰਾਜਨੀਤਿਕ ਲੋੜਾਂ ਤੇ ਮਜਬੂਰੀਆਂ ਇਹਨਾਂ ਨੂੰ ਦੁਨਿਆਵੀ ਪ੍ਰਬੰਧਾਂ ਦੇ ਅਧੀਨ ਕਰਦੀਆਂ ਹਨ। ਅਜੋਕੇ ਸਮੇਂ ਵਿੱਚ ਪੰਥ ਨੂੰ ਦਰਪੇਸ਼ ਮਹੱਤਵਪੂਰਨ ਰਾਜਨੀਤਿਕ ਸਮੱਸਿਆਵਾਂ ਬਾਰੇ ਵਿਚਾਰ ਕਰਨ ਲਈ ਸਰਬੱਤ ਖ਼ਾਲਸੇ ਦੀਆਂ ਸੰਸਥਾਵਾਂ ਨੂੰ ਭਾਵੇਂ ਪੁਨਰ-ਸੁਰਜੀਤ ਕਰਨ ਦੇ ਯਤਨ ਹੋਏ ਹਨ, ਪ੍ਰੰਤੂ ਇਸ ਦੇ ਸੰਵਿਧਾਨ ਬਾਰੇ ਆਮ ਸਹਿਮਤੀ ਨਹੀਂ ਹੋ ਸਕੀ।"
-(ਮੇਜਰ ਗੁਰਮੁਖ ਸਿੰਘ : ਐਡੀਸ਼ਨ 2008)

ਸਿੱਖ ਸੰਸਥਾਵਾਂ, ਸ੍ਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖ਼ਾਲਸਾ ਅਤੇ ਗੁਰਮਤਾ ਦੇ ਸੰਵਿਧਾਨ, ਇਹਨਾਂ ਦੇ ਖੇਤਰ ਅਤੇ ਕਾਰਜਾਂ ਨੂੰ ਅਜੋਕੇ ਸਮੇਂ ਵਿੱਚ ਪੁਨਰ-ਪ੍ਰਭਾਸ਼ਿਤ ਅਤੇ ਇਹਨਾਂ ਦੀ ਸੱਤਾ ਨੂੰ ਵਿਹਾਰ ਵਿੱਚ ਲਾਗੂ ਕਰਨ ਲਈ ਸਭ ਤੋਂ ਵੱਡੀ ਰੁਕਾਵਟ ਦੁਨਿਆਵੀ ਰਾਜ ਅਤੇ ਇਹਨਾਂ ਦੀਆਂ ਸੰਸਥਾਵਾਂ ਬਣਦੀਆਂ ਹਨ। ਦੁਨਿਆਵੀ ਰਾਜ ਦੇ ਸੰਕਟ ਵਿੱਚੋਂ ਸਿੱਖਾਂ ਨੂੰ ਬਾਹਰ ਕੱਢਣ ਲਈ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਪੰਥ ਨੂੰ ਗੁਰੂ ਗ੍ਰੰਥ, ਗੁਰੂ ਪੰਥ ਦਾ ਬਖ਼ਸ਼ਿਸ਼ ਕੀਤਾ ਸੰਵਿਧਾਨ ਹੀ ਇੱਕ ਆਸ ਦੀ ਕਿਰਨ ਹੈ। ਸ. ਰੂਪ ਸਿੰਘ ਜੀ ਨੇ ਇੱਕ ਪੁਸਤਕ, 'ਹੁਕਮਨਾਮੇ, ਆਦੇਸ਼, ਸੰਦੇਸ਼, ਸ੍ਰੀ ਅਕਾਲ ਤਖਤ ਸਾਹਿਬ' ਲਿਖੀ ਹੈ, ਉਸ ਵਿੱਚ ਅਕਾਲ ਤਖ਼ਤ ਸਾਹਿਬ ਦੀ ਮੌਜੂਦਾ ਮੋਹਰ ਦੀ ਸ਼ਬਦਾਵਲੀ ਇਸ ਪ੍ਰਕਾਰ ਦਰਜ ਹੈ, "ਸ੍ਰੀ ਅਕਾਲ ਜੀ ਸਹਾਇ, ਸ੍ਰੀ ਅਕਾਲ ਤਖ਼ਤ ਸਾਹਿਬ, ਦੇਗ, ਤੇਗ, ਫ਼ਤਹ ਨੁਸਰਤ ਬੇ-ਦਰੰਗ, ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ" ਲੋੜ ਸਿਰਫ਼ ਇਸ ਮੋਹਰ ਦੇ ਸਿਧਾਂਤ ਨੂੰ ਲਾਗੂ ਕਰਨ ਦੀ ਹੈ।

ਸ੍ਰੀ ਅਕਾਲ ਤਖ਼ਤ ਵੱਲੋਂ ਦੇਸ਼ਾਂ ਵਿਦੇਸ਼ਾਂ ਵਿੱਚ ਵੱਸਦੇ ਸਮੂਹ ਖ਼ਾਲਸਾ ਪੰਥ ਨੂੰ ਇਹ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਵੱਖ-ਵੱਖ ਨਹੀਂ ਹਨ, ਗੁਰੂ ਨਾਨਕ ਸਾਹਿਬ ਹੀ ਗੁਰੂ ਗੋਬਿੰਦ ਸਿੰਘ ਜੀ ਹਨ। 'ਹਮੂ ਗੁਰੂ ਗੋਬਿੰਦ ਸਿੰਘ, ਹਮੂ ਨਾਨਕ ਅਸਤ' ਭਾਵ ਓਹੀ ਗੁਰੂ ਗੋਬਿੰਦ ਸਿੰਘ ਤੇ ਉਹੀ ਗੁਰੂ ਨਾਨਕ ਹੈ। -(ਹਵਾਲਾ ਭਾਈ ਨੰਦ ਲਾਲ ਜੋਤਿ ਬਿਗਾਸ)

ਅੱਜ ਜਦੋਂ ਸਿੱਖ ਵਿਰੋਧੀ ਤਾਕਤਾਂ ਵੱਲੋਂ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਲੱਗ-ਅਲੱਗ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤਾਂ ਸਮਾਂ ਮੰਗ ਕਰਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਕਾਲ ਤਖ਼ਤ ਦੇ ਪਲੇਟਫ਼ਾਰਮ ਰਾਹੀਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰਕਾਂ ਰਾਹੀਂ ਗੁਰੂ ਗ੍ਰੰਥ, ਗੁਰੂ ਪੰਥ ਦੇ ਸਿੱਖੀ ਸਿਧਾਂਤਾਂ ਦੇ ਪ੍ਰਚਾਰ ਦਾ ਪ੍ਰਵਾਹ ਚਲਾਉਣਾ ਚਾਹੀਦਾ ਹੈ।

(**ਨੋਟ :** ਇਹ ਲੇਖ ਜਨਵਰੀ 2024 ਵਿੱਚ ਲਿਖਿਆ ਗਿਆ ਅਤੇ ਇੰਗਲੈਂਡ 'ਚ ਛਪਦੇ ਪੰਜਾਬੀ ਪੇਪਰਾਂ ਵਿੱਚ ਛਪਿਆ)

Author:
KBS Sidhu
(IAS)



# A Monstrosity in the Making:

## How SGPC's High-Rise Project Defiles the Sacred Skyline of the Golden Temple

**If the SGPC truly respects the sanctity of the Golden Temple, Amritsar, it must immediately halt construction and explore alternative solutions that do not desecrate the sacred landscape.**



**Preserving the Pristine Beauty of the Golden Temple: A Call for a Comprehensive Review**

The controversy surrounding the high-rise building being constructed near the Golden Temple (Darbar Sahib) complex in Amritsar has reignited concerns about preserving the sanctity and architectural ethos of Sikhism's most revered shrine. While the Shiromani Gurdwara Parbandhak Committee (SGPC) may have noble intentions in constructing a multi-storey building to house its staff and accommodate Jathedars, the real issue is not merely about whether it surpasses the height of the building of Sri Akal Takht Sahib, the supreme temporal authority and seat of the Sikhs worldwide. The fundamental concern is that no new high-rise structure should be visible from within the Parikrama of the Golden Temple—this principle guided the original beautification efforts and must be upheld today.

***The Genesis of the Golden Temple Beautification Project (Galiara Project)***

To understand the present fiasco, we must trace its origins to the late 1980s, when the **Golden Temple Beautification Project**, popularly known as the Galiara Project, was conceived in the aftermath of **Operation Black Thunder** (April - May 1988). This was a bloodless operation, carried out under the direct command of the Government of India, at a time when the state was under President's Rule, to flush out militants who had once again taken refuge inside the shrine complex—just years after the most egregious and bloody Operation Blue Star of June 1984.

Following Operation Black Thunder, the Central Government decided to create a security belt around the Golden Temple by acquiring and demolishing a number of high-rise buildings and densely populated ramshackle structures. While the stated purpose was essentially security, the consequence was massive displacement of the local population. Tenants ran from pillar to post seeking rehabilitation, while absentee landlords walked away with hefty compensation due to liberal land acquisition compensation.

The concept of a security belt, despite official emphasis on civic infrastructure improvements and beautification-cum-removal of encroachments, faced strong resistance from militant elements. The plan envisaged police and paramilitary vehicles patrolling the area, but the work was abandoned after the Project Superintending Engineer was gunned down in his office in Amritsar in August 1990.

During my tenure as Deputy Commissioner of Amritsar (1992-96), the security belt concept was transformed into a beautification project in consultation with the SGPC. This transformation has been acknowledged in Khushwant Singh's latest edition of History of the Sikhs. Instead of an unsightly security buffer, we focused on beautifying the outer periphery of the Golden Temple, ensuring it remained a no-motor-vehicle zone and adhered to Sikh architectural principles, with the tacit approval of the SGPC. This effort aimed to restore the spiritual and aesthetic harmony of the surroundings, ensuring that nothing obstructed or defiled the sacred skyline of the Golden Temple.

***Demolition of High-Rise Structures for Aesthetic Integrity***

As part of the Galiara Project, several high-rise buildings, including Akhada Brahmbutta, which stood adjacent to the site where the refurbished twin Ramgarhia Bungas stand today, were demolished. This structure had been acquired and was temporarily being used as a police station. Other buildings—some with historic significance, yet insignificant when compared to the divine and pristine glory of the Golden Temple—were also removed. However, this was considered a necessary step to preserve the sanctity of the complex and uphold the aesthetic and spiritual integrity of its beautified periphery.

A particularly crucial intervention was the removal of a proposed water tank, which engineers had planned dangerously close to Gurdwara Baba Atal, a pristine multi-storey Gurdwara on the periphery of the Golden Temple complex. The very idea of erecting a massive overhead tank—a concrete monstrosity—so close to the sanctum sanctorum was appalling and unacceptable.

As Project Director, I immediately cancelled the water tank proposal put forth by the project engineers, even though the work had already been tendered out and allotted, ensuring that no such unsightly structure would mar the view from within the Parikrama or compete with the sublime profile of Gurdwara Baba Atal. Instead, we implemented a far more suitable solution—a subterranean water reservoir with an underground pumping system to meet the shrine's water supply needs. This approach not only safeguarded the sanctity of the surroundings but also ensured that functionality and aesthetics remained in perfect harmony.

***The Present Crisis: A Concrete Monster in the Making***

Fast forward to today, the high-rise SGPC structure threatens to undo the meticulous efforts undertaken decades ago. Even if it does not technically exceed the height of the Akal Takht building, the fact remains that it is a visible, obtrusive concrete mass that mars the pristine skyline of the Golden Temple.

From inside the Parikrama, the sanctum sanctorum should open into an unbroken, spiritually uplifting view, untouched by modern urban clutter. This new structure, however, looms large over the serene precincts, compromising the aesthetic and spiritual integrity of the shrine.

The SGPC's intent—to provide accommodation for respected Jathedars and its staff—may be noble, but the means must align with the guiding architectural and spiritual principles of the Darbar Sahib. If the SGPC itself violates these principles, it sets a dangerous precedent, opening the floodgates for further commercial and high-rise developments near the shrine in the future.

***Golden Temple's Sanctity at Stake: An Urgent Call for Preservation***

The fundamental issue is not just the height of the structure, but its visibility from within the Golden Temple complex. Whether the land belongs to the Municipal Corporation, whether it was transferred to the SGPC, or whether building plans were sanctioned—these are all secondary legal matters. The primary concern remains the visual sanctity of the shrine.

The Government, SGPC, Sikh historians, architects, and civil society must urgently collaborate to conduct a thorough reassessment of development policies governing the Golden Temple periphery. No structure—regardless of ownership, intent, or official approvals—should be permitted if it is visible from within the Parikrama.

*Continue on page 33*

TAIL PIECE
Dalip Singh Wasan,
Advocate
Email : dalipsinghwassan@yahoo.co.in

# TWO-THIRD MASTERS ARE POOR THAN THE PUBLIC SERVANTS THEY ELECT AND APPOINT

There had been reports that about 81 crore poor people in India are so poor that the government had to give them free ration for years just to save them. This calculation shows that two-third of our total population is still poor and all efforts made during the past more than seven decades have failed to turn masters richer than the common people-people Masters.

The masters had been electing and appointing public servants and had been diredting them to ensure proper life to the people of India and ensure that they are looking like masters of this country which status our Constitution has provided to them.

But in spite of repeated elections and improving qualifidations, training of people appointed and spending a lot on their salaries, pensions and other allowances, the net result is very clear before us.

What the people desired, could not be achieved, but the public servants could get proper inome in shape of salaries, allowances, facilities, pension, compassionate appointments, family pension, house rent allowandes, medical facilities etc. etc. and there is a report that more than 9 percent jad neem the omcrease om sa;arose pf [in;oc servants pm;u om the year 2025.

Position of public servants should be proper, buyt it is something strange that public servants are better placed than the masters of the country. Let us examine this strange position and must come out with methods through which the position of masters could be beter than the servants. Democracy which we established and the status of people rise must be maintained and masters must look like masters and servants must like servants.

## Parliament is House of People each member holding equal status

As per provisions of our Constitution, Parliament is one and only one and all members in the Parliament hold equal status, no supporters and no oppositions. The division is bad in law and we have noted that when a Bill, Project, Scheme or policy is submitted by the pM, the supporting side keeps silence and the oppositions speak and is not heard. And this process is not provided in law and even voting on items too is not provided as per provisions of democracy, we have adopted.

As far as people are concerned, they vote in their representatives and not supporters of individuals. People are taking part in elections and are trying to send their representatives in Parliament to bring before the House problems of their areas and when the elected people do not work for them, they ae losing interest in elections and our vot percentage is going down and we are failing to estqablish popular government.

Because of division of Parliament into two parts, we are violating the concept of democracy and something must be done to come out of this procedure and process. Experts are available in our country and they must come forward with some right process wherein all the members must hold equal status and must be heard and even they must be free and join and come forward with Bills, Projects, Schemes and policies for welfare of the adjoining areas and forget from which contesting groups they have come.

They are here in Parliament not as representatives of the contesting groups, but they are still representatives of the people.

Each member has got equal status and therefore, what he says and comments must be taken as coming out of his conscience, will, wisdom and discretion and while considering that point his link with contesting group be ignored and his suggestions be taken into account as per true conscience.

Members sitting here are working under oath of Constitution and must be truthful to the Constitution and not the contesting group through which they have come here.

The members must keep in mind that they are working in a democracy which is government of the people, by the people and for the people and not by the contesting groups.

Because of division of Parliament it often becomes a stage in the open and much time is wasted on futile exercises. Contesting groups are still free to hold rallies, meetings and protests in the open. But in no case, Parliament be used for this purpose.

## Let the Parliament may take up case of farmers agitation

A large number of farmers are on agitation and even they are on hunger strikes and in spite of prolonged agitations and talks between farmers and the government could not reach a solution.

The government works on policies passed and directions issued by Parliament, let the Parliament may take up the case of farmers and consieder there. A batch of representatives from the farmers side must bring the case in Parliament. A session is already on and let all the representatives of the people may take up the case come out with a suitable solution.

When the case comes up in Parliament, the farmers may suspend their agitation and exzplain their demands to members in Parliament coming from each constituency so that each member in Parliament may apply his mind and place reasonable soluti9on points as per their own conscience, will, desire and discretion without any pressure from the contesting groups.

When duly elected representatives are there in the Parliament, agitations on roads do not suit our democracy. It is very strange that all the representatives of the people in Parliament are silent and none is speaking on agitation of farmers.

Silence from the side of representatives must end now and all must try to save life of farmer who is on hunger strike.

• • •

*... Continue from page 32*

It is deeply regrettable that while the SGPC remains leaderless—with President Advocate Harjinder Singh Dhami having submitted his resignation and the truncated Executive Committee preoccupied with either removing Jathedars or lecturing them on the limits of their authority—a project that defiles the pristine skyline of the holiest Sikh shrine is progressing unchecked. And it would not be an exaggeration to say so.

Meanwhile, Sukhbir Badal's Shiromani Akali Dal, reeling under the impact of the historic Hukamnama of December 2, 2024, is embroiled in a highly contested, if not tainted, new membership drive, struggling to reclaim legitimacy. With other political priorities consuming its focus, it has failed to exercise control over the SGPC, which it effectively commands, to halt this ill-conceived project before




further damage is done.

If the SGPC truly respects the sanctity of the Golden Temple, it must immediately halt construction and explore alternative solutions that do not desecrate the sacred landscape. Preserving Darbar Sahib's ethereal beauty is not merely about safeguarding its physical structure—it is about honouring its spiritual essence, ensuring that future generations inherit it in its purest form. This is not just a concern for Sikhs alone, but for all of humanity—for devotees and visitors from across the world who seek solace, inspiration, and a connection to this unparalleled symbol of faith and heritage.

* * * * * * * * *

ਲੜੀਵਾਰ ਨਾਵਲ



ਕਮਲ ਗਿੱਲ

Mob : +44 07454 394684

# ਧੁੰਧਲੇ ਰਿਸ਼ਤੇ

ਕੈਲਾਸ਼ ਨੂੰ ਇੰਝ ਅਚਾਨਕ ਆਪਣੀਆਂ ਅੱਖਾਂ ਸਾਹਮਣੇ ਦੇਖ ਕੇ ਮੈਨੂੰ ਮੇਰਾ ਇਹ ਲੈਂਜਰੋਟੀ ਦਾ ਟੂਰ ਸਫਲ ਹੋ ਗਿਆ ਲੱਗਾ। ਹਾਏ ਮੈਂ ਕਿੰਨੀ ਕਿਸਮਤ ਵਾਲੀ ਸਾਂ ਕਿ ਆਉਂਦਿਆਂ ਹੀ ਪਹਿਲੇ ਦਿਨ ਹੀ ਮੈਨੂੰ ਇੰਨੀ ਪ੍ਰਸਿੱਧ ਔਰਤ ਨਾਲ ਮੇਲ ਹੋ ਗਿਆ। ਉਹ ਵੀ ਉਹ ਔਰਤ ਜਿਸ ਨੂੰ ਮੈ ਇੰਨਾਂ ਮਿਸ ਕੀਤਾ ਸੀ ਤੇ ਕਿੰਨਾਂ ਲੱਭਿਆ ਸੀ, ਅੱਜ ਉਹ ਆਪਣੇ ਆਪ ਮੇਰੇ ਸਾਹਮਣੇ ਆ ਖੜੋ ਗਈ ਸੀ, ਮਨ ਹੀ ਮਨ ਬਹੁਤ ਖੁਸ਼ ਹੋ ਗਈ ਸੀ। ਮੰਨੋ ਮੇਰਾ ਜਨਮ ਹੀ ਸਫਲਾ ਹੋ ਗਿਆ ਹੋਵੇ।




## ਕਿਸ਼ਤ–14

ਦੂਰੋਂ ਅੱਧਖੜ ਉਮਰ ਦੀ ਖੂਬਸੂਰਤ ਬਣਤਰ ਵਾਲੀ ਜਨਾਨੀ ਮੇਰੀ ਖਿੱਚ ਦਾ ਕੇਂਦਰ ਬਣ ਗਈ। ਲਾਗੇ ਪਹੁੰਚਦਿਆਂ ਹੀ ਮੈਂ ਸਤਿ ਸ੍ਰੀ ਅਕਾਲ ਭੈਣ ਜੀ ਆਖਿਆ। ਉਹ ਆਪਣੇ ਹੀ ਖਿਆਲਾਂ ’ਚ ਡੁੱਬੀ ਡੁੱਬਦੇ ਸੂਰਜ ਨੂੰ ਨਿਹਾਰ ਰਹੀ ਸੀ। ਸ਼ਾਇਦ ਮੇਰੇ ਤੋਂ ਵੀ ਜ਼ਿਆਦਾ ਉਸ ਨੂੰ ਉਸ ਨਜ਼ਾਰੇ ਨਾਲ ਪਿਆਰ ਸੀ। ਮੇਰੀ ਸਤਿ ਸ੍ਰੀ ਅਕਾਲ ਦਾ ਜਵਾਬ ਨਾ ਮਿਲਿਆ ਤੇ ਮੈਂ ਨਿੰਮੋਝਾਣ ਜਿਹੀ ਹੋ ਗਈ ਸੋਚਿਆ ਸ਼ਾਇਦ ਉਹ ਪੰਜਾਬੀ ਨਹੀਂ ਕਿਸੇ ਹੋਰ ਸਟੇਟ ਦੀ ਹੋਵੇਗੀ ਤੇ ਸਤਿ ਸ੍ਰੀ ਅਕਾਲ ਉਸ ਨੂੰ ਸਮਝ ਹੀ ਨਾ ਆਈ ਹੋਵੇ। ਮੈਨੂੰ ਉਸ ਦਾ ਚਿਹਰਾ ਵੀ ਪੂਰਾ ਨੀਂ ਦਿੱਸਦਾ ਸੀ। ਹਾਫ ਲੁੱਕ ਤੋਂ ਹੀ ਮੈਂ ਅੰਦਾਜ਼ਾ ਲਾ ਲਿਆ ਕਿ ਸਾਹਮਣੇ ਖੜ੍ਹੀ ਜਨਾਨੀ ਭਾਰਤੀ ਹੀ ਹੈ। ਵਾਪਸ ਮੁੜਨ ਲੱਗੀ ਸਾਂ ਕਿ ਉਸ ਨੇ ਮੇਰੇ ਵੱਲ ਮੂੰਹ ਘੁੰਮਾਇਆ ਤੇ ਆਖਿਆ।

‘‘ਸਤਿ ਸ੍ਰੀ ਅਕਾਲ, ਸੋਰੀ ਮੈਂ ਇਸ ਸੰਧੂਰੀ ਰੰਗ ਦੀ ਵਹੁਟੀ ਦੀ ਖੂਬਸੂਰਤੀ ਨਿਹਾਰਨ ’ਚ ਹੀ ਬਿਜ਼ੀ ਸੀ। ਤਾਂ ਹੀ ਤੁਹਾਡਾ ਜਵਾਬ ਨਾ ਦੇ ਸਕੀ।’’ ਮੁਸਕਰਾਉਂਦਿਆਂ ਉਸ ਨੇ ਮੇਰੇ ਵੱਲ ਤੱਕਿਆ ਤੇ ਸੂਰਜ ਵੱਲ ਹੱਥ ਕੀਤਾ। ਉਸ ਦੇ ਚਿਹਰੇ ’ਤੇ ਨਜ਼ਰ ਜਾਂਦਿਆਂ ਹੀ ਮੈਂ ਜਿਵੇਂ ਤ੍ਰਬੱਕ ਹੀ ਗਈ। ਮੇਰੇ ਉੱਤੇ ਦੇ ਸਾਹ ਉੱਤੇ ਤੇ ਥੱਲ੍ਹੇ ਦੇ ਸਾਹ ਥੱਲੇ ਹੀ ਰਹਿ ਗਏ। ਉਹ ਮੇਰੇ ਵੱਲ ਵੇਖ ਰਹੀ ਤੇ ਨੋਨ ਸਟੋਪ ਸ਼ਾਇਰਾਨਾ ਅੰਦਾਜ਼ ਵਿਚ ਡੁੱਬਦੇ ਸੂਰਜ ਦੀ ਸਮੁੰਦਰ ਵਿਚ ਪੈਂਦੀ ਝਲਕ ਦੀ ਤਾਰੀਫ ਕਰ ਰਹੀ ਸੀ। ਇੰਝ ਲੱਗ ਰਿਹਾ ਸੀ ਜਿਵੇਂ ਸੂਰਜ ਸਿਰਫ ਇਸ ਨੂੰ ਹੀ ਅਲਵਿਦਾ ਕਹਿਣ ਇਸ ਆਇਲੈਂਡ ’ਤੇ ਆਇਆ ਹੋਵੇ। ਉਹ ਕਿੰਨਾ ਖੁਸ਼ ਸੀ। ਉਸ ਦੇ ਚਿਹਰੇ ’ਤੇ ਪੈਂਦੀ ਪਹਿਲੀ ਝਲਕ ਨਾਲ ਹੀ ਮੈਂ ਉਸ ਨੂੰ ਪਹਿਚਾਣ ਗਈ। ਇਹ ਉਹੀ ਇੰਗਲੈਂਡ ਦੀ ਪ੍ਰਸਿੱਧ ਲੇਖਕਾ ਕੈਲਾਸ਼ ਸੀ। ਬਹੁਤ ਸਾਲ ਪਹਿਲਾਂ ਮੇਰੀ ਇਨ੍ਹਾਂ ਨਾਲ ਇਨ੍ਹਾਂ ਦੇ ਘਰ ਮੁਲਾਕਾਤ ਹੋਈ ਸੀ। ਇੰਝ ਜਾਪਿਆ ਜਿਵੇ ਮੇਰੀ ਸਦੀਆਂ ਦੀ ਭਾਲ ਅੱਜ ਇਸ ਸਮੁੰਦਰ ਕੰਢੇ ਆ ਕੇ ਮੁੱਕ ਗਈ ਹੋਵੇ । ਤਕਰੀਬਨ ਬਾਰਾਂ ਵਰ੍ਹੇ ਪੁਰਾਣੀ ਗੱਲ ਹੋਵੇਗੀ। ਜਦ ਅਸੀ ਆਖਰੀ ਵਾਰ ਮਿਲੇ ਸੀ ਪਰ ਅੱਜ ਵੀ ਕੈਲਾਸ਼ ਓਨੀ ਹੀ ਖੂਬਸੂਰਤ ਸੀ। ਮੈਂ ਉਨ੍ਹਾਂ ਵੱਲ ਵੇਖਿਆ ਤਾਂ ਉਹ ਹਾਲੇ ਵੀ ਸੂਰਜ ਦੀਆਂ ਆਖਰੀ ਕਿਰਨਾਂ ਨੂੰ ਸਲਾਮ ਕਰਨ ’ਚ ਬਿਜ਼ੀ ਸਨ।

‘‘ਕੈਲਾਸ਼ ਜੀ ਤੁਸੀਂ ਇਥੇ ਕਿੱਦਾਂ?’’ ਤੁਸੀਂ ਠੀਕ ਹੋ, ਮੈਂ ਬੜਾ ਲੱਭਿਆ ਤੁਹਾਨੂੰ, ਪਰ ਤੁਸੀਂ ਮੈਨੂੰ ਮੁੜ ਮਿਲੇ ਹੀ ਨਹੀਂ ਕਦੇ, ਕਿੱਥੇ ਗੁਆਚ ਗਏ ਸੀ?’’

ਇਕੋ ਸਾਹੇ ਮੈਂ ਕਿੰਨੇ ਸਵਾਲ ਉਨ੍ਹਾਂ ਅੱਗੇ ਧਰ ਦਿੱਤੇ ਮੇਰੇ ਇੰਨੇ ਸਾਰੇ ਸਵਾਲਾਂ ’ਚ ਆਪਣਾ ਨਾਮ ਸੁਣ ਕੇ ਉਨ੍ਹਾਂ ਮੇਰੇ ਵੱਲ ਧਿਆਨ ਘੁੰਮਾਇਆ ਤੇ ਗੌਰ ਨਾਲ ਮੈਨੂੰ ਦੇਖਣ ਲੱਗ ਗਏ। ਕੁਝ ਹੀ ਪਲਾਂ ਵਿਚ ਕੈਲਾਸ਼ ਜੀ ਮੈਨੂੰ ਪਛਾਣ ਗਏ ਤੇ ਘੁੱਟ ਕੇ ਗੱਲਵੱਕੜੀ ਪਾ ਕੇ ਮੈਨੂੰ ਬੱਚਿਆਂ ਵਾਂਗ ਆਪਣੇ ਨਾਲ ਲਾ ਲਿਆ।

‘‘ਹਾਏ ਬੀਰਾ ਏ ਨਾ ਤੂੰ?’’ ਤੂੰ ਮੇਰਾ ਪਿੱਛਾ ਨਹੀਂ ਛੱਡੇਂਗੀ !’’

‘‘ਹਾਂਜੀ ਕੈਲਾਸ਼ ਜੀ ਮੈਂ ਬੀਰਾ ਹੀ ਹਾਂ।’’

‘‘ਝੱਲਿਏ ਮੁੜ ਮੈਨੂੰ ਲੱਭ ਲਿਆ ਤੂੰ, ਮੈਂ ਜਦ ਵੀ ਦੁਨੀਆਂ ਤੋਂ ਲੁੱਕਣ ਦੀ ਕੋਸ਼ਿਸ਼ ਕਰਦੀ ਹਾਂ ਤੂੰ ਆ ਜਾਂਦੀ ਏ ਕਿਤੇ ਨਾ ਕਿਤੋਂ।’’ ਮੇਰੇ ਚਿਹਰੇ ਵੱਲ ਦੇਖ ਕੇ ਉਹ ਮੁਸਕੁਰਾਈ ਜਾ ਰਹੇ ਸਨ। ਇੰਝ ਲੱਗ ਰਿਹਾ ਸੀ ਜਿਵੇਂ ਬੜੇ ਚਿਰਾਂ ਬਾਅਦ ਮੁਸਕੁਰਾਏ ਹੋਣ। ਬੇਹੱਦ ਖੂਬਸੂਰਤ ਤਕਰੀਬਨ ਪਚਵੰਜਾਂ ਕੁ ਸਾਲਾਂ ਦੀ ਔਰਤ ਅੱਜ ਵੀ ਮਸਾਂ ਚਾਲੀ ਕੁ ਵਰ੍ਹਿਆਂ ਦੀ ਹੀ ਲੱਗ ਰਹੀ ਸੀ। ਆਪਣੀ ਬਲੈਕ ਰੰਗ ਦੀ ਡਰੈੱਸ ਵਿਚ ਸਿਰ ਤੇ ਛੋਟੀ ਛੋਟੀ ਕਟਿੰਗ ਵਾਲ ਵਾਲੇ ਹੇਅਰ ਸਟਾਈਲ ਨੇ ਹੋਰ ਵੀ ਚਾਰ ਚੰਨ੍ਹ ਲਾਏ ਹੋਏ ਸਨ। ਉਨ੍ਹਾਂ ਦਾ ਰੰਗ ਰੂਪ ਉਸੇ ਤਰ੍ਹਾਂ ਦਾ ਹੀ ਸੀ ਜਿਵੇਂ ਮੈਂ 12 ਸਾਲ ਪਹਿਲਾਂ ਦੇਖਿਆ ਸੀ। ਇਸ ਸਮੁੰਦਰ ਕਿਨਾਰੇ ਖੜ੍ਹੀ ਇੰਝ ਲੱਗ ਰਹੀ ਸੀ ਜਿਵੇਂ ਜਲ ਪਰੀ ਹੋਵੇ, ਤੇ ਹੁਣੇ-ਹੁਣੇ ਪਾਣੀ ਵਿੱਚੋਂ ਬਾਹਰ ਆਈ ਹੋਵੇ ਘੁੰਮਣ ਫਿਰਨ ਲਈ।

ਮੇਰੇ ਚਿਹਰੇ ਵੱਲ ਦੇਖ ਕੇ ਉਹ ਮੁਸਕੁਰਾਈ ਜਾ ਰਹੇ ਸਨ। ਤੇ ਮੇਰੇ ਮੂੰਹ ਤੇ ਪਿਆਰ ਨਾਲ ਹੱਥ ਫੇਰੀ ਜਾ ਰਹੇ ਸਨ ।

ਅੱਜ ਵੀ ਉਨ੍ਹਾਂ ਦੀ ਖੁਬਸੂਰਤੀ ਉਂਵੇ ਹੀ ਕਾਇਮ ਸੀ ਬੇਹੱਦ ਖੂਬਸੂਰਤ ਸੋਹਣਾ ਲਿਬਾਸ, ਉਹੀ ਸਰੀਰ ਦੀ ਬਣਤਰ ਨਾ ਮੋਟੀ ਹੋਈ ਨਾ ਪਤਲੀ ਮਸਾਂ ਚਾਲੀ ਕੁ ਵਰ੍ਹਿਆਂ ਦੀ ਹੀ ਲੱਗ ਰਹੀ ਸੀ ਅੱਜ ਵੀ ਕੈਲਾਸ਼।

ਕੈਲਾਸ਼ ਨੂੰ ਇੰਝ ਅਚਾਨਕ ਆਪਣੀਆਂ ਅੱਖਾਂ ਸਾਹਮਣੇ ਦੇਖ ਕੇ ਮੈਨੂੰ ਮੇਰਾ ਇਹ ਲੈਂਜਰੋਟੀ ਦਾ ਟੂਰ ਸਫਲ ਹੋ ਗਿਆ ਲੱਗਾ। ਹਾਏ ਮੈਂ ਕਿੰਨੀ ਕਿਸਮਤ ਵਾਲੀ ਸਾਂ ਕਿ ਆਉਂਦਿਆਂ ਹੀ ਪਹਿਲੇ ਦਿਨ ਹੀ ਮੈਨੂੰ ਇੰਨੀ ਪ੍ਰਸਿੱਧ ਔਰਤ ਨਾਲ ਮੇਲ ਹੋ ਗਿਆ। ਉਹ ਵੀ ਉਹ ਔਰਤ ਜਿਸ ਨੂੰ ਮੈ ਇੰਨਾਂ ਮਿਸ ਕੀਤਾ ਸੀ ਤੇ ਕਿੰਨਾਂ ਲੱਭਿਆ ਸੀ, ਅੱਜ ਉਹ ਆਪਣੇ ਆਪ ਮੇਰੇ ਸਾਹਮਣੇ ਆ ਖੜੋ ਗਈ ਸੀ, ਮਨ ਹੀ ਮਨ ਬਹੁਤ ਖੁਸ਼ ਹੋ ਗਈ ਸੀ। ਮੰਨੋ ਮੇਰਾ ਜਨਮ ਹੀ ਸਫਲਾ ਹੋ ਗਿਆ ਹੋਵੇ।

ਕੈਲਾਸ਼ ਇੰਗਲੈਂਡ ਦੀ ਬਹੁਤ ਹੀ ਫੇਮਸ ਲੇਖਕਾ ਸੀ ਇਸ ਤੋਂ ਸਭ ਜਾਣੂੰ ਸਨ। ਇਨ੍ਹਾਂ ਨੇ ਅਣਗਿਣਤ ਨਾਵਲ-ਕਹਾਣੀਆਂ ਤੇ ਆਰਟੀਕਲ ਲਿਖੇ ਸਨ। ਬਹੁਤ ਸਾਰੇ ਦੇਸ਼ਾਂ-ਵਿਦੇਸ਼ਾਂ ਵਿਚ ਅਕਸਰ ਇਨ੍ਹਾਂ ਦੀ ਕਹਾਣੀਆਂ ਛੱਪਦੀਆਂ ਰਹਿੰਦੀਆਂ ਪਰ ਲੰਮੇ ਸਮੇਂ ਤੋਂ ਇਹ ਇਸ ਫੀਲਡ ਵਿਚੋਂ ਗਾਇਬ ਸਨ। ਮੇਰੇ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਸੰਪਾਦਕ ਲੇਖਕ ਅਤੇ ਪ੍ਰੈੱਸ ਰਿਪੋਰਟਰ ਇਨ੍ਹਾਂ ਨੂੰ ਲੱਭਣ ਦੀ ਕੋਸ਼ਿਸ਼ ਕਰ ਰਹੇ ਸਨ। ਪਰ ਇਹ ਆਪਣੀ ਹੀ ਦੁਨੀਆਂ ਵਿਚ ਗਾਇਬ ਸਨ।

ਅੱਜ ਅਚਾਨਕ 12 ਸਾਲਾਂ ਬਾਅਦ ਇਨ੍ਹਾਂ ਦਾ ਮੇਰੇ ਸਾਹਮਣੇ ਆਉਣਾ ਮੰਨੋ ਕੀੜੀ ਘਰੇ ਨਾਰਾਇਣ ਦਾ ਆਉਣਾ ਸੀ।

ਮੈਂ ਇਨ੍ਹਾਂ ਦੇ ਸਾਰੇ ਨਾਵਲ ਕਹਾਣੀਆਂ ਪੜ੍ਹੇ ਸਨ ਤੇ ਇਨ੍ਹਾਂ ਨਾਲ ਹੋਈ ਮੁਲਾਕਾਤ ਮੰਨੋ ਮੇਰੇ ਮਨ ’ਤੇ ਹਮੇਸ਼ਾ ਲਈ ਛਾਪ ਛੱਡ ਗਈ ਸੀ। ਮੈਨੂੰ ਅੱਜ ਵੀ ਯਾਦ ਹੈ ਉਹ ਸ਼ਾਮ ਜਦ ਮੈਂ ਬਰਫੀਲੀ ਸ਼ਾਮ ਅਚਾਨਕ ਇਨ੍ਹਾਂ ਦੇ ਘਰ ਦਾ ਬੂਹਾ ਜਾ ਖੜਕਾਇਆ ਸੀ। ਸਿਰਫ ਡਾਇਰੀ ਮੋੜਨ ਹੀ ਗਈ ਸਾਂ ਪਰ ਅਸੀਂ ਦੋਵੇਂ ਇਸ ਤਰ੍ਹਾਂ ਗੱਲਾਂ ’ਚ ਉਲਝੇ ਕਿ ਮੈਂ ਸਾਰੀ ਰਾਤ ਇਨ੍ਹਾਂ ਦੇ ਘਰ ਇਨ੍ਹਾਂ ਦੀਆਂ ਗੱਲਾਂ ਸੁਣਦਿਆਂ ਬਿਤਾ ਦਿੱਤੀ ਸੀ। ਉੱਫ! ਕਿੰਨਾ ਦਰਦ ਸਿਹਾ ਸੀ ਕੈਲਾਸ਼ ਜੀ ਨੇ ਆਪਣੇ ਜੀਵਨ ਵਿਚ, ਕਿੰਨੇ ਦੁੱਖ, ਕਿੰਨੀਆਂ ਮੁਸ਼ਕਿਲਾਂ, ਚੇਤਾ ਆਉਂਦਿਆਂ ਸਾਰ ਮੇਰੀ ਰੂਹ ਕੰਬ ਗਈ। ਕਿਵੇਂ ਪਹਿਲੀ ਮੁਲਾਕਾਤ ਵਿਚ ਹੀ ਕੈਲਾਸ਼ ਜੀ ਨੇ ਮੈਨੂੰ ਆਪਣਾ ਸਮਝ ਕੇ ਆਪਣੀ ਜ਼ਿੰਦਗੀ ਦੀਆਂ ਨਿੱਜੀ ਗੱਲਾਂ ਮੇਰੇ ਨਾਲ ਸਾਂਝੀਆਂ ਕੀਤੀਆਂ ਸਨ। ਇਨ੍ਹਾਂ ਨੂੰ ਮਿਲਣ ਤੋਂ ਬਾਅਦ ਮੈਂ ਬਹੁਤ ਰਾਤਾਂ ਸੌਂ ਨਹੀਂ ਸਕੀ ਸੀ। ਉਸ ਤੋਂ ਬਾਅਦ ਅਕਸਰ ਸਾਡੀ ਫੂਨ ਤੇ ਗੱਲਬਾਤ ਹੁੰਦੀ ਰਹਿੰਦੀ। ਪਰ ਫਿਰ ਅਚਾਨਕ ਇਹ ਫਿਰ ਤੋਂ ਗਾਇਬ ਹੋ ਗਏ। ਆਖਰੀ ਵਾਰ ਗੱਲਬਾਤ ਜਦ ਹੋਈ ਸੀ ਤਕਰੀਬਨ ਗਿਆਰਾਂ ਕੂ ਵਰ੍ਹੇ ਪਹਿਲਾਂ, ਉਦੋਂ ਇਨ੍ਹਾਂ ਨੇ ਮੈਨੂੰ ਦੱਸਿਆ ਸੀ ਕਿ ਇਨ੍ਹਾਂ ਦੀ ਜ਼ਿੰਦਗੀ ਵਿਚ ਦੁਬਾਰਾ ਕਿਸੇ ਨੇ ਦਸਤਕ ਦਿੱਤੀ ਹੈ। ਪੁਰਾਣਾ ਸਾਰਾ ਮੰਜਰ ਦੁਬਾਰਾ ਮੇਰੀਆਂ ਅੱਖਾਂ ਅੱਗੇ ਆ ਗਿਆ । ਬਹੁਤ ਖੁਸ਼ ਲੱਗ ਰਹੇ ਸਨ, ਕੈਲਾਸ਼ ਜੀ ਉਦੋਂ। ਨਵਾਂ ਜੀਵਨ ਸਾਥੀ ਮਿਲ ਗਿਆ ਸੀ, ਜ਼ਿੰਦਗੀ ਦੀ ਨਵੀਂ ਸ਼ੁਰੂਆਤ ਹੋਣ ’ਤੇ ਬਹੁਤ ਖੁਸ਼ ਸਨ ਫਿਰ ਅਚਾਨਕ ਇਨ੍ਹਾਂ ਦਾ ਫੂਨ ਬੰਦ ਹੋ ਗਿਆ।

ਗਿਆਰਾਂ ਸਾਲਾਂ ਵਿਚ ਮੈਂ ਬਹੁਤ ਵਾਰ ਉਸ ਨੰਬਰ ’ਤੇ ਕਾਲ ਕੀਤੀ ਪਰ ਨੰਬਰ ਹਮੇਸ਼ਾ ਬੰਦ ਆਉਂਦਾ। ਇਕ-ਦੋ ਵਾਰ ਘਰ ਦੇ ਦਰਵਾਜ਼ੇ ਤੱਕ ਵੀ ਗਈ ਪਰ ਕਿਸੇ ਦਰਵਾਜ਼ਾ ਨਾ ਖੋਲ੍ਹਿਆ।

ਗੁਆਂਢੀਆਂ ਨੇ ਦੱਸਿਆ ਕਿ ਉਹ ਇਥੇ ਘੱਟ ਹੀ ਰਹਿੰਦੇ ਹਨ। ਸ਼ਾਇਦ ਆਪਣੇ ਨਵੇਂ ਜੀਵਨਸਾਥੀ ਦੇ ਕੋਲ ਵੇਲਜ਼ ਹੀ ਮੂਵ ਹੋ ਗਏ ਹੋਣ। ਇਹ ਸੋਚ ਕੇ ਮੈਂ ਮੁੜ ਕਦੇ ਘਰ ਦੀ ਡੋਰ ਕਰਨ ਨਾ ਗਈ। ਪਰ ਹਮੇਸ਼ਾ ਇਹ ਉਡੀਕ ਰਹੀ ਸੀ ਕਿ ਸ਼ਾਇਦ ਇਹ ਆਪ ਹੀ ਮੈਨੂੰ ਕਦੇ ਫੂਨ ਕਰ ਲੈਣ। ਪਰ ਇੰਨੇ ਸਾਲਾਂ ਵਿਚ ਕਦੇ ਇਨ੍ਹਾਂ ਦਾ ਫੂਨ ਨਾ ਆਇਆ ਤੇ ਨਾ ਹੀ ਮੈਂ ਕਦੇ ਮੁੜ ਕਿਸੇ ਅਖਬਾਰ ਵਿਚ ਇਨ੍ਹਾਂ ਦੀ ਕੋਈ ਕਹਾਣੀ ਜਾਂ ਲੇਖ ਹੀ ਛੱਪਦਾ ਪੜ੍ਹਿਆ। ਮੈਨੂੰ ਲੱਗਾ ਕੈਲਾਸ਼ ਜੀ ਆਪਣੀ ਨਵੀਂ ਜ਼ਿੰਦਗੀ ਵਿਚ ਖੁਸ਼ ਹਨ। ਤੇ ਹੁੰਦੇ ਵੀ ਕਿਉਂ ਨਾ ਇੰਨੇ ਦੁੱਖਾਂ, ਤਕਲੀਫਾਂ ਤੋਂ ਬਾਅਦ ਇਸ ਨਵੇਂ ਸਵੇਰ ਦਾ ਸਵਾਗਤ ਕਰਨਾ ਬਣਦਾ ਹੀ ਸੀ। ਜਦ ਮੈਨੂੰ ਕੈਲਾਸ਼ ਜੀ ਨੇ ਫੂਨ ’ਤੇ ਦੱਸਿਆ ਸੀ ਕਿ ਉਹ ਆਪਣੀ ਜ਼ਿੰਦਗੀ ਦੁਬਾਰਾ ਜੀਣ ਦਾ ਮੌਕਾ ਦੇਣ ਜਾ ਰਹੇ ਹਨ ਨਵੇਂ ਪਾਰਟ-ਨਰ ਨਾਲ ਤਾਂ ਮੈਨੂੰ ਬਹੁਤ ਖੁਸ਼ੀ ਹੋਈ ਸੀ ਕਿ ਸ਼ੁਕਰ ਹੈ ਪਰਮਾਤਮਾ ਦਾ, ਵਾਹਿਗੁਰੂ ਨੇ ਇਸ ਭਲੀ ਔਰਤ ਦੀ ਵੀਰਾਨ ਜ਼ਿੰਦਗੀ ਵਿਚ ਵੀ ਖੁਸ਼ਹਾਲੀ ਲਿਆਂਦੀ। ਗੱਲਾਂ ਤੋਂ ਕੈਲਾਸ਼ ਜੀ ਵੀ ਬਹੁਤ ਖੁਸ਼ ਨਜ਼ਰ ਆ ਰਹੇ ਸਨ। ਖ਼ੈਰ ਸਮੇਂ ਨੇ ਕਰਵਟ ਬਦਲੀ ਤੇ ਅਸੀਂ ਆਪੋ-ਆਪਣੀ ਜ਼ਿੰਦਗੀ ਵਿਚ ਬਿਜ਼ੀ ਹੋ ਗਏ। ਕੁਝ ਸਾਲਾਂ ਬਾਅਦ ਮੈਂ ਵੀ ਰਵੀ ਨਾਲ ਵਿਆਹੀ ਗਈ। ਪਰ ਕੈਲਾਸ਼ ਜੀ ਦੀ ਕੋਈ ਖਬਰ ਨਾ ਮਿਲਣ ਦੀ ਫਿਕਰ ਰਹਿੰਦੀ। ਪਰ ਆਖਰੀ ਹੋਈ ਉਨ੍ਹਾਂ ਨਾਲ ਗੱਲਬਾਤ ਤੋਂ ਇਹ ਤਸੱਲੀ ਮਿਲ ਜਾਂਦੀ ਕਿ ਉਹ ਆਪਣੀ ਜ਼ਿੰਦਗੀ ਵਿਚ ਆਪਣੇ ਨਵੇਂ ਘਰਵਾਲੇ ਦੇ ਨਾਲ ਖੁਸ਼ ਸਨ। ਖ਼ੈਰ ਅੱਜ 12 ਵਰ੍ਹਿਆਂ ਬਾਅਦ ਅਚਾਨਕ ਉਨ੍ਹਾਂ ਨੂੰ ਸਾਹਮਣੇ ਦੇਖ ਕੇ ਮੈਂ ਬਹੁਤ ਖੁਸ਼ ਸਾਂ।

‘‘ਬੀਰਾ ਤੂੰ ਇਥੇ ਕੀ ਕਰ ਰਹੀ ਹੈਂ, ਕੈਲਾਸ਼ ਜੀ ਨੇ ਮੈਨੂੰ ਸੋਚਾਂ ’ਚ ਪਈ ਨੂੰ ਵਾਪਸ ਮੋੜ ਲਿਆਂਦਾ।’’

‘‘ਕੈਲਾਸ਼ ਜੀ ਬੱਸ ਇਵੇਂ ਹੀ ਘੁੰਮਣ ਫਿਰਨ ਆਈ ਹਾਂ।’’

**ਚਲਦਾ....**

ਰਮੇਸ਼ ਬੱਗਾ ਚੋਹਲਾ
ਮੋਬ:9463132719

# (14-15 ਮਾਰਚ ਹੋਲੇ-ਮਹੱਲੇ 'ਤੇ)

# ਹੋਲੇ-ਮਹੱਲੇ ਦੇ ਰੰਗ ਨਿਹੰਗ ਸਿੰਘਾਂ ਦੇ ਸੰਗ



ਹੋਲੇ ਮਹੱਲੇ ਦਾ ਤਿਉਹਾਰ ਸਿੱਖ-ਸੰਸਾਰ ਵਿਚ ਇੱਕ ਅਹਿਮ ਅਤੇ ਵਿਲੱਖਣ ਸਥਾਨ ਰੱਖਦਾ ਹੈ। ਭਾਰਤ ਦੇ ਬਾਕੀ ਤਿਉਹਾਰਾਂ ਨਾਲੋਂ ਇਸ ਦੀ ਨਿਵੇਕਲੀ ਅਤੇ ਨਿਰਾਲੀ ਸ਼ਾਨ ਹੈ। ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਖ਼ਾਲਸਾ ਫ਼ੌਜ ਵਿਚ ਉਸ ਜਜ਼ਬੇ ਨੂੰ ਸਦਾ ਵਾਸਤੇ ਜਵਾਨ ਰੱਖਣਾ ਚਾਹੁੰਦੇ ਸਨ ਜਿਹੜਾ ਉਨ੍ਹਾਂ ਨੇ ਹੱਕ ਅਤੇ ਸੱਚ ਦੀ ਖਾਤਰ ਜੂਝਣ ਲਈ ਜਗਾਇਆ ਸੀ। ਇਸ ਮਨੋਰਥ ਦੀ ਸਿੱਧੀ ਲਈ ਹੀ ਦਸਮ ਪਿਤਾ ਨੇ ਹਿੰਦੋਸਤਾਨ ਦੇ ਰਵਾਇਤੀ ਤਿਉਹਾਰ ਹੋਲੀ ਨੂੰ ਸਿੰਘਾਂ ਦੇ ਜੰਗਜੂ ਅਭਿਆਸ ਨਾਲ ਜੋੜ ਦਿੱਤਾ ਅਤੇ ਸਿੱਖੀ ਵਿਚ ਇੱਕ ਨਵੀਂ ਪਿਰਤ ਪਾ ਦਿੱਤੀ। ਇਸ ਪਿਰਤ ਤਹਿਤ ਸ੍ਰੀ ਆਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਹਰ ਸਾਲ ਹੋਲੀ ਤੋਂ ਅਗਲੇ ਦਿਨ ਹੋਲੇ-ਮਹੱਲੇ ਦਾ ਖ਼ਾਲਸਾਈ ਤਿਉਹਾਰ ਮਨਾਇਆ ਜਾਂਦਾ ਹੈ।

.ਦਸਵੇਂ ਪਾਤਸ਼ਾਹ ਵੱਲੋਂ 30 ਮਾਰਚ 1699 ਈ. ਦੀ ਵਿਸਾਖੀ ਵਾਲੇ ਦਿਨ ਸਾਜੇ ਖ਼ਾਲਸਾ ਪੰਥ ਦਾ ਨਾ ਸਿਰਫ ਲਿਬਾਸ ਹੀ ਬਦਲਿਆ ਸਗੋਂ ਵਿਸ਼ਵਾਸ ਅਤੇ ਅਭਿਆਸ (ਰੀਤੀ-ਰਿਵਾਜ ਤੇ ਤਿਉਹਾਰ ਪੱਖੋਂ) ਵੀ ਬਦਲ ਦਿੱਤਾ ਗਿਆ। ਇਸ ਬਦਲਾਅ ਤਹਿਤ ਭਾਰਤਵਰਸ਼ ਵਿਚ ਮਨਾਏ ਜਾਂਦੇ ਹੋਲੀ ਦੇ ਤਿਉਹਾਰ ਤੋਂ ਅਗਲੇ ਦਿਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਦਾ ਤਿਉਹਾਰ ਮਨਾਇਆ ਜਾਣ ਲੱਗਾ। ਇਸ ਤਿਉਹਾਰ ਦੀ ਆਰੰਭਤਾ ਦਾ ਕਾਰਨ ਭਾਰਤੀਆਂ ਵੱਲੋਂ ਮਨਾਏ ਜਾਂਦੀ ਹੋਲੀ ਦੇ ਤਿਉਹਾਰ ਵਿਚਲੇ ਰੰਗਾਂ ਦੀ ਫਿਕਾਵਟ ਸੀ। ਇਸ ਕਰਕੇ ਹੀ ਗੁਰੂ ਜੀ ਵੱਲੋਂ ਇਸ ਤਿਉਹਾਰ (ਹੋਲੇ-ਮਹੱਲੇ) ਨੂੰ ਖ਼ਾਲਸਾਈ (ਚੜ੍ਹਦੀਕਲ੍ਹਾ ਦੇ) ਰੰਗ ਵਿਚ ਰੰਗ ਦਿੱਤਾ ਗਿਆ। ਸੂਰਬੀਰ ਕਰਤੱਬਾਂ ਨਾਲ ਭਰਪੂਰ ਹੋਲੇ-ਮਹੱਲੇ ਦੇ ਇਸ ਤਿਉਹਾਰ ਨੂੰ ਖ਼ਾਲਸਾ ਪੰਥ ਵੱਲੋਂ ਮਨਾਉਣ ਦਾ ਮੁੱਖ ਮਨੋਰਥ ਸੀ 'ਜਬ ਆਵ ਕੀ ਆਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ'। ਇਸ ਮਨੋਰਥ ਦੀ ਪੂਰਤੀ ਹਿੱਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾਈ ਫ਼ੌਜ ਨੂੰ ਦੋ ਜੱਥਿਆਂ ਵਿਚ ਵੰਡ ਦਿੱਤਾ ਜਾਂਦਾ ਸੀ। ਇਨ੍ਹਾਂ ਦੋਵਾਂ ਦੇ ਵਸਤਰ ਵੀ ਵੱਖ-ਵੱਖ ਹੁੰਦੇ ਸਨ। ਇੱਕ ਜੱਥਾ ਕਿਲ੍ਹੇ ਰੂਪੀ ਹਵੇਲੀ ਵਿਚ ਪੜਾਅ (ਮਹੱਲਾ) ਕਰਦਾ ਸੀ ਅਤੇ ਦੂਸਰਾ ਜੱਥਾ ਗੁਰੂ ਜੀ ਦੀ ਅਗਵਾਈ ਵਿਚ ਹੱਲਾ (ਹੋਲਾ) ਬੋਲਦਾ ਸੀ। ਦੋਵਾਂ ਜੱਥਿਆਂ ਵਿਚ ਖ਼ੂਬ (ਬਨਾਉਟੀ) ਲੜਾਈ ਹੁੰਦੀ ਜਿਸ ਵਿਚ ਜਾਨੀ ਨੁਕਸਾਨ ਤੋਂ ਗੁਰੇਜ਼ ਕੀਤਾ ਜਾਂਦਾ ਸੀ। ਕਲਗੀਧਰ ਪਿਤਾ ਵੱਲੋਂ ਜੇਤੂ ਜੱਥੇ ਨੂੰ ਕਈ ਪ੍ਰਕਾਰ ਦੇ ਇਨਾਮਾਂ ਨਾਲ ਨਿਵਾਜਿਆ ਜਾਂਦਾ ਅਤੇ ਕੜਾਹ-ਪ੍ਰਸ਼ਾਦ ਦੇ ਖੁੱਲੇ ਗੱਫੇ ਵਰਤਾਏ ਜਾਂਦੇ ਸਨ। ਇਸ ਤਰ੍ਹਾਂ ਗੁਰੂ ਕੀਆਂ ਲਾਡਲੀਆਂ ਫ਼ੌਜਾਂ (ਖ਼ਾਲਸੇ) ਵੱਲੋਂ ਮਨਾਇਆ ਜਾਂਦਾ ਹੋਲੇ-ਮਹੱਲੇ ਦਾ ਇਹ ਤਿਉਹਾਰ ਆਪਣਾ ਵਿਲੱਖਣ ਅਤੇ ਨਿਆਰਾ ਪ੍ਰਭਾਵ ਛੱਡ ਜਾਂਦਾ ਸੀ। ਇਸ ਨਿਵੇਕਲੇ ਅਤੇ ਠੋਸ ਪ੍ਰਭਾਵ ਨੂੰ ਨਿਹੰਗ-ਸਿੰਘਾਂ ਵੱਲੋਂ ਅੱਜ ਤੱਕ ਵੀ ਕਾਇਮ ਰੱਖਿਆ ਹੋਇਆ ਹੈ। ਇਨ੍ਹਾਂ ਫ਼ੌਜਾਂ ਵੱਲੋਂ ਇਸ ਤਿਉਹਾਰ ਨੂੰ ਹਰ ਸਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ, ਜਿਸ ਨੂੰ ਦੇਖਣ ਹਿੱਤ ਸੰਗਤਾਂ ਦੂਰ-ਦੁਰਾਡੇ ਤੋਂ ਸ੍ਰੀ ਆਨੰਦਪੁਰ ਸਾਹਿਬ ਪਹੁੰਚਦੀਆਂ ਹਨ।

.ਹੋਲੇ-ਮਹੱਲੇ ਦੀ ਰੌਣਕ ਨੂੰ ਵਧਾਉਣ ਅਤੇ ਸਿੱਖੀ ਦੀ ਸ਼ਾਨ ਨੂੰ ਬਣਾਉਣ ਹਿੱਤ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਉਰਫ਼ ਨਿਹੰਗ ਸਿੰਘਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਲੇਖ ਵਿਚ ਪੇਸ਼ ਹੈ ਦਸਮ ਪਾਤਸ਼ਾਹ ਤੋਂ ਵਰਸੋਏ ਨਿਰਭਉ ਅਤੇ ਨਿਰਵੈਰ ਬਿਰਤੀ ਦੇ ਮਾਲਕ ਨਿਹੰਗ-ਸਿੰਘਾਂ ਬਾਬਤ ਵਿਸ਼ੇਸ਼ ਜਾਣਕਾਰੀ:-

.1708 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਬਖ਼ਸ਼ ਕੇ ਜਿਥੇ ਪੰਥ ਨੂੰ ਸਦੀਵੀ ਤੌਰ 'ਤੇ ਸ਼ਬਦ ਗੁਰੂ ਦੇ ਸਿਧਾਂਤ ਨਾਲ ਜੋੜ ਦਿੱਤਾ ਹੈ ਉਥੇ ਨਾਲ ਹੀ ਇਸ (ਪੰਥ) ਦੀ ਚੜ੍ਹਦੀਕਲਾ ਲਈ (ਆਪਣੇ ਵਿਸ਼ੇਸ਼ ਥਾਪੜੇ ਨਾਲ) ਕੁੱਝ ਕੁ ਜਥੇਬੰਦੀਆਂ/ਸੰਪ੍ਰਦਾਵਾਂ ਦੀ ਸਥਾਪਨਾ ਵੀ ਕੀਤੀ ਹੈ। ਇਨ੍ਹਾਂ ਜਥੇਬੰਦੀਆਂ ਵਿਚੋਂ ਹੀ ਇੱਕ ਸਿਰਕੱਢਵੀਂ ਜਥੇਬੰਦੀ ਹੈ ਨਿਹੰਗ ਸਿੰਘਾਂ ਦੀ ਹੈ ਜਿਸ ਨੂੰ ਗੁਰੂ ਕੀਆਂ ਲਾਡਲੀਆਂ ਫੌਜਾਂ ਦੇ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ।

.ਨਿਹੰਗ ਸਿੰਘ ਸਿੱਖ ਪੰਥ ਦਾ ਅਨਿੱਖੜਵਾਂ ਅਤੇ ਅਹਿਮ ਅੰਗ ਹਨ। ਬਾਣੀ ਅਤੇ ਬਾਣੇ ਨਾਲ ਜੁੜੇ ਹੋਣ ਕਰਕੇ ਇਨ੍ਹਾਂ ਦੀ ਇੱਕ ਅੱਡਰੀ ਅਤੇ ਵਿਲੱਖਣ ਪਹਿਚਾਣ ਹੈ। ਪੁਰਾਤਨ ਜੰਗੀ ਸਰੂਪ ਅਤੇ ਆਚਾਰ-ਵਿਹਾਰ ਨੂੰ ਸੰਭਾਲਣ ਵਿਚ ਨਿਹੰਗ ਸਿੰਘਾਂ ਦੀ ਵਿਸ਼ੇਸ਼ ਭੂਮਿਕਾ ਰਹੀ ਹੈ।

ਨਿਹੰਗ ਸ਼ਬਦ ਫ਼ਾਰਸੀ ਭਾਸ਼ਾ ਵਿਚੋਂ ਲਿਆ ਗਿਆ ਹੈ ਜਿਸ ਦੇ ਅਰਥ ਹਨ- ਖੜਗ, ਤਲਵਾਰ, ਕਲਮ, ਮਗਰਮੱਛ, ਘੜਿਆਲ, ਘੋੜਾ, ਦਲੇਰ, ਨਿਰਲੇਪ, ਆਤਮ ਗਿਆਨੀ ਜਿਸ ਨੂੰ ਮੌਤ ਦਾ ਭੈਅ ਨਾ ਹੋਵੇ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨਿਹੰਗ ਸਿੰਘਾਂ ਦੀ ਨਿਰਭੈਅਤਾ ਬਾਬਤ ਗੁਰੂ ਗ੍ਰੰਥ ਸਾਹਿਬ ਦੇ ਅੰਗ 392 ਉਪਰ ਇਸ ਤਰ੍ਹਾਂ ਫ਼ੁਰਮਾਉਂਦੇ ਹਨ:-

ਨਿਰਭਉ ਹੋਇਓ ਭਇਆ ਨਿਹੰਗਾ॥

.ਆਪਣੀ ਚਰਚਿਤ ਰਚਨਾ 'ਚੰਡੀ ਦੀ ਵਾਰ' ਵਿਚ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ:-

ਪਹਿਲਾਂ ਦਲਾਂ ਮਿਲੰਦਿਆਂ,
ਭੇੜ ਪਿਆ ਨਿਹੰਗਾਂ॥

ਪੰਥ ਦੇ ਪ੍ਰਸਿੱਧ ਲਿਖਾਰੀ ਭਾਈ ਰਤਨ ਸਿੰਘ ਭੰਗੂ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਨਿਹੰਗ ਸਿੰਘਾਂ ਦਾ ਜਿਕਰ ਇਸ ਤਰ੍ਹਾਂ ਕਰਦੇ ਹਨ:-

ਨਿਹੰਗ ਕਹਾਵੈ ਸੋ ਪੁਰਸ਼, ਦੁਖ ਸੁਖ ਮੰਨੇ ਨਾ ਅੰਗ।

'ਮਹਾਨ ਕੋਸ਼' ਦੇ ਪੰਨਾ ਨੰਬਰ 704 ਉਪਰ ਨਿਹੰਗ ਸਿੰਘਾਂ ਬਾਰੇ ਇਸ ਤਰ੍ਹਾਂ ਲਿਖਿਆ ਹੈ:-

'ਨਿਹੰਗ ਸਿੰਘ, ਸਿੰਘਾਂ ਦਾ ਇੱਕ ਫਿਰਕਾ ਹੈ, ਜੋ ਸੀਸ 'ਪੁਰ ਫਰਹਰੇ ਵਾਲਾ ਦੁਮਾਲਾ,



ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਇੱਕ ਨਿਹੰਗ ਸਿੰਘ ਦੇ ਨਾਲ ਖਲੋਤੇ ਲੇਖਕ ਅਤੇ ਉਸ ਦੀ ਜੀਵਨ ਸਾਥਨ

ਚੱਕ੍ਰ, ਤੋੜਾ, ਕਿਰਪਾਨ, ਖੰਡਾ, ਗਜਗਾਹ ਆਦਿ ਸ਼ਸਤਰ ਅਤੇ ਨੀਲਾ ਬਾਣਾ ਪਹਿਨਦਾ ਹੈ।'

.ਪੰਥ ਦੀ ਸ਼ਸਤਰਧਾਰੀ ਧਿਰ ਨਿਹੰਗ ਸਿੰਘਾਂ ਨੂੰ ਅਕਾਲੀ ਵੀ ਕਿਹਾ ਜਾਂਦਾ ਹੈ ਕਿਉਂਕਿ ਉਹ ਇੱਕ ਅਕਾਲ (ਵਹਿਗੁਰੂ) ਦੇ ਪੁਜਾਰੀ ਹਨ ਅਤੇ ਅਕਾਲ-ਅਕਾਲ ਜਪਦੇ ਹਨ। ਇਨ੍ਹਾਂ ਦੇ ਵਿਲੱਖਣ ਸਰੂਪ ਬਾਰੇ ਬਹੁਤ ਸਾਰੀਆਂ ਧਾਰਨਾਵਾਂ ਪ੍ਰਚਲਿਤ ਹਨ। ਜੇਕਰ 'ਮਾਲਵਾ ਇਤਿਹਾਸ' ਦੇ ਸਫ਼ਾ ਨੰਬਰ 436 ਦੇ ਹਵਾਲੇ ਨਾਲ ਗੱਲ ਕੀਤੀ ਜਾਵੇ ਤਾਂ ਇਹ ਸਫ਼ਾ ਕਹਿੰਦਾ ਹੈ ਕਿ ਜਦੋਂ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕੀਤੇ ਗਏ ਸਨ ਤਾਂ ਉਸ ਵਕਤ ਗੁਰੂ ਨਾਨਕ ਨਾਮ-ਲੇਵਾ ਸੰਗਤ ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਗੁਰੂ-ਦਰਸ਼ਨਾਂ ਲਈ ਕਿਲ੍ਹੇ ਵੱਲ ਜਾਇਆ ਕਰਦੀ ਸੀ। ਬਾਬਾ ਬੁੱਢਾ ਜੀ ਨਿਸ਼ਾਨ ਸਾਹਿਬ ਲੈ ਕੇ ਸੰਗਤ ਦੇ ਅੱਗੇ-ਅੱਗੇ ਚੱਲਿਆ ਕਰਦੇ ਸਨ। ਬਾਬਾ ਜੀ ਦੀ ਇਸ ਪਿਆਰ ਅਤੇ ਦੀਦਾਰ ਭਾਵਨਾ ਤੋਂ ਖੁਸ਼ ਹੋ ਕਿ ਛੇਵੇਂ ਪਾਤਸ਼ਾਹ ਨੇ ਕਿਹਾ ਸੀ ਕਿ 'ਬਾਬਾ ਜੀ ਕੁੱਝ ਸਮਾਂ ਪਾ ਕੇ ਤੇਰਾ ਇਹ ਨਿਸ਼ਾਨਾਂ ਵਾਲਾ ਪੰਥ ਆਪਣੀ ਵੱਖਰੀ ਪਹਿਚਾਣ ਸਥਾਪਿਤ ਕਰੇਗਾ।'

.ਇੱਕ ਹੋਰ ਧਾਰਨਾ ਅਨੁਸਾਰ ਇਕ ਵਾਰ ਸਾਹਿਬਜ਼ਾਦਾ ਫ਼ਤਿਹ ਸਿੰਘ ਸੀਸ 'ਤੇ ਦੁਮਾਲਾ ਸਜਾ ਕੇ ਕਲਗੀਧਰ ਪਾਤਸ਼ਾਹ ਦੇ ਸਨਮੁੱਖ ਹੋਏ ਜਿਸ ਨੂੰ ਦੇਖ ਕੇ ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਇਸ ਬਾਣੇ ਦਾ ਨਿਹੰਗ ਪੰਥ ਹੋਵੇਗਾ।

ਇੱਕ ਵਿਚਾਰ ਦੇ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਮਾਛੀਵਾੜੇ ਤੋਂ (ਉੱਚ ਦਾ ਪੀਰ ਬਣ ਕੇ) ਚੱਲਣ ਸਮੇਂ ਜਿਹੜਾ ਨੀਲਾ ਬਾਣਾ ਧਾਰਨ ਕੀਤਾ ਸੀ ਜਦੋਂ ਉਸ ਨੂੰ ਅੱਗ ਵਿਚ ਸਾੜਿਆ ਗਿਆ ਤਾਂ ਉਸ ਦੀ ਇੱਕ ਲੀਰ ਭਾਈ ਮਾਨ ਸਿੰਘ ਨੇ ਆਪਣੀ ਦਸਤਾਰ ਵਿਚ ਸਜਾ ਲਈ ਸੀ ਜਿਸ ਤੋਂ ਨਿਹੰਗ ਸਿੰਘਾਂ ਦੇ ਬਾਣੇ ਦੀ ਆਰੰਭਤਾ ਮੰਨੀ ਜਾਂਦੀ ਹੈ।

ਜਦੋਂ ਮੁਗਲਾਂ ਨੇ ਖ਼ਾਲਸਾ ਪੰਥ ਨੂੰ ਖਤਮ



ਕਰਨ ਲਈ ਹਰ ਤਰ੍ਹਾਂ ਦਾ ਅਤਿਆਚਾਰੀ ਹੀਲਾ-ਵਸੀਲਾ ਵਰਤਣਾ ਸ਼ੁਰੂ ਕੀਤਾ ਤਾਂ ਉਸ ਸੰਕਟਕਾਲੀ ਸਥਿਤੀ ਦਾ ਟਾਕਰਾ ਕਰਨ ਲਈ ਖ਼ਾਲਸਾ ਹਰ ਸਮੇਂ ਤਿਆਰ-ਬਰ-ਤਿਆਰ ਰਹਿਣ ਲੱਗਾ। ਇਸ ਟਾਕਰੇ ਲਈ ਉਸ (ਖ਼ਾਲਸੇ) ਨੇ ਵੱਧ ਤੋਂ ਵੱਧ ਸ਼ਸਤਰ ਰੱਖਣ ਦੇ ਨਾਲ-ਨਾਲ ਆਪਣੀ ਵੱਖਰੀ ਵਰਦੀ ਵੀ ਧਾਰਨ ਕਰ ਲਈ ਜਿਸ ਵਿਚ ਨੀਲੇ ਰੰਗ ਦਾ ਲੰਮਾ ਚੋਲਾ, ਲੱਕ ਨੂੰ ਕਮਰਕੱਸਾ, ਗੋਡਿਆਂ ਤੱਕ ਕਛਹਿਰਾ, ਸਿਰ 'ਤੇ ਉੱਚੀ ਦਸਤਾਰ ਤੇ ਉਸ ਦੁਆਲੇ ਚੱਕਰ ਸਜਾਉਣਾ ਸ਼ਾਮਿਲ ਹੈ। ਇਸ ਤਰ੍ਹਾਂ ਸ਼ਸਤਰ ਅਤੇ ਬਸਤਰ (ਨਿਹੰਗੀ ਬਾਣੇ) ਦਾ ਧਾਰਨੀ ਹੋ ਕੇ ਖ਼ਾਲਸਾ ਅਕਾਲ ਪੁਰਖ ਦੀ ਫੌਜ ਦੇ ਰੂਪ ਵਿਚ ਮੈਦਾਨ-ਏ-ਜੰਗ ਵਿਚ ਨਿੱਤਰਦਾ ਰਿਹਾ ਹੈ ਅਤੇ ਗੁਰੂ ਘਰ ਦੇ ਦੋਖੀਆਂ ਨੂੰ ਭਾਜੜਾਂ ਪਾਉਂਦਾ ਰਿਹਾ ਹੈ।

ਸਿੱਖ ਧਰਮ ਦੀ ਪਰੰਪਰਾ ਅਤੇ ਗੁਰ-ਮਰਯਾਦਾ ਨੂੰ ਕਾਇਮ ਰੱਖਣ ਅਤੇ ਗੁਰਧਾਮਾਂ ਦੀ ਸੇਵਾ-ਸੰਭਾਲ ਹਿੱਤ ਨਿਹੰਗ ਸਿੰਘ ਨੇ ਆਪਣਾ ਬਣਦਾ ਯੋਗਦਾਨ ਪਾਇਆ ਹੈ ਅਤੇ ਲੋੜ ਪੈਣ 'ਤੇ ਕੁਰਬਾਨੀਆਂ ਵੀ ਕੀਤੀਆਂ ਹਨ। ਨਿਹੰਗ ਸਿੰਘਾਂ ਵਿਚ ਉਹ ਸਾਰੀਆਂ ਖ਼ੂਬੀਆਂ ਮਿਲਦੀਆਂ ਸਨ, ਜਿੰਨ੍ਹਾਂ ਨੂੰ ਕਲਗੀਧਰ ਪਿਤਾ ਪਿਆਰਦੇ ਅਤੇ ਸਤਿਕਾਰਦੇ ਸਨ। ਇਨ੍ਹਾਂ ਖ਼ੂਬੀਆਂ ਕਾਰਨ ਹੀ ਨਿਹੰਗ ਸਿੰਘਾਂ ਨੂੰ ਗੁਰੂ ਕੀਆਂ ਲਾਡਲੀਆਂ ਫੌਜਾਂ ਦਾ ਖ਼ਿਤਾਬ ਮਿਲਿਆ ਹੋਇਆ ਹੈ।

.ਪੰਜ ਸ਼ਸਤਰ ਨਿਹੰਗ ਸਿੰਘਾਂ ਨੂੰ ਜਾਨ ਤੋਂ ਵੀ ਪਿਆਰੇ ਹਨ ਜਿੰਨ੍ਹਾਂ ਵਿੱਚ ਕਿਰਪਾਨ, ਖੰਡਾ, ਬਾਘ ਨਖਾ, ਤੀਰ-ਕਮਾਨ ਅਤੇ ਚੱਕਰ। ਇਹ ਸਾਰੇ ਨਿੱਕੇ ਅਕਾਰ ਦੇ ਹੁੰਦੇ ਹਨ ਅਤੇ ਨਿਹੰਗ ਸਿੰਘ ਇਨ੍ਹਾਂ ਨੂੰ ਦੁਮਾਲੇ ਵਿਚ ਸਜਾ ਕੇ ਰੱਖਦੇ ਹਨ।

. ਸਿੱਖ ਫੌਜਾਂ ਵਿਚ ਵੱਡੀ ਤਦਾਦ ਨਿਹੰਗ ਸਿੰਘਾਂ ਦੀ ਹੀ ਹੁੰਦੀ ਸੀ। ਇਨ੍ਹਾਂ ਦੇ ਕਿਰਦਾਰ ਦਾ ਇੱਕ ਤਸੱਲੀਬਖ਼ਸ਼ ਪੱਖ ਇਹ ਵੀ ਰਿਹਾ ਹੈ ਕਿ ਜਦੋਂ ਇਹ ਜੈਕਾਰੇ ਗਜਾਉਂਦੇ ਕਿਸੇ ਨਗਰ-ਖੇੜੇ ਵਿਚ ਪੈਰ ਪਾਉਂਦੇ ਤਾਂ ਲੋਕ ਆਪ ਮੁਹਾਰੇ ਹੀ ਆਪਣੀਆਂ ਨੂੰਹਾਂ-ਧੀਆਂ ਨੂੰ ਕਹਿ ਦਿੰਦੇ ਸਨ:-

'ਆਏ ਨੀ ਨਿਹੰਗ, ਬੂਹੇ ਖੋਲ੍ਹ ਦੇ ਨਿਸੰਗ।'

.ਉੱਚੇ ਅਤੇ ਸੁੱਚੇ ਕਿਰਦਾਰ ਦੇ ਮਾਲਕ ਨਿਹੰਗ ਸਿੰਘ ਬਹੁਤ ਹੀ ਭਜਨੀਕ, ਸੂਰਬੀਰ, ਨਿਰਭੈ, ਨਿਰਵੈਰ ਅਤੇ ਕਹਿਣੀ-ਕਰਨੀ ਦੇ ਧਨੀ ਹੋਏ ਹਨ। ਸਿੱਖ ਵਿਸ਼ਵਾਸ ਅਤੇ ਇਤਿਹਾਸ ਨੂੰ ਮਾਣ-ਮੱਤਾ ਬਣਾਉਣ ਵਿਚ ਇਨ੍ਹਾਂ ਦੀ ਭੂਮਿਕਾ ਹਾਂ-ਪੱਖੀ ਰਹੀ ਹੈ। *(ਬਾਕੀ ਹਿਸਾ ਸਫਾ 36'ਤੇ ਪੜ੍ਹੋ)*

# • ਪੰਜਾਬੀ ਫ਼ਿਲਮ ਦਰਪਣ •

## "ਅੱਧਾ ਪਿੰਡ" ਅਮਰੀਕਾ ਵਾਲੇ ਗੋਗੀ ਘੁਮਾਣ ਕੋਲ




ਕੁਲਦੀਪ ਪਾਰਸ ਨੇ ਜਿਸ ਆਪਣੇ ਲਾਡਲੇ ਸ਼ਗਿਰਦ ਗੋਗੀ ਘੁਮਾਣ ਨੂੰ ਪੰਜਾਬੀ ਫ਼ਿਲਮ ਨਾਲ ਹੀਰੋ ਲਾਂਚ ਕਰਨ ਦੀ ਯੋਜਨਾ ਬਣਾਈ ਸੀ ਓਹ ਚਾਹੇ ਅਧੂਰੀ ਪਾਰਸ ਦੇ ਅਚਾਨਕ ਜਾਣ ਨਾਲ ਰਹਿ ਗਈ ਸੀ ਪਰ ਗੋਗੀ ਘੁਮਾਣ ਗਾਇਕੀ ਵਿੱਚ ਸਟਾਰ ਬਣਦਾ ਜਾ ਰਿਹਾ ਹੈ। ਹੁਣ ਓਸ ਦਾ ਨਵਾਂ ਗੀਤ ਦੋਗਾਣਾ ਹੈ ਤੇ ਇਸ ਵਿੱਚ ਓਸ ਨਾਲ ਪੰਜਾਬੀ ਫ਼ਿਲਮਾਂ ਦੀ ਗਾਇਕਾ ਗੁਰਲੇਜ਼ ਅਖ਼ਤਰ ਨੇ ਸਾਥ ਦਿੱਤਾ ਹੈ। ਸੇਵਕ ਬਰਾੜ ਨੇ ਇਹ ਗੀਤ ਲਿਖਿਆ ਹੈ ਤੇ ਕਿਹਾ ਹੈ ਕਿ ਬਿਲਕੁਲ ਬੈਸਟ ਬੀਟ ਦਾ ਇਹ ਗੀਤ ਗੋਗੀ ਘੁਮਾਣ ਨੂੰ ਗਾਇਕੀ ਦਾ ਹੀਰੋ ਬਣਾ ਦੇਵੇਗਾ। ਗੋਗੀ ਤੇ ਗੁਰਲੇਜ਼ ਦੇ ਗਾਏ ਇਸ ਗੀਤ ਦਾ ਸੰਗੀਤ ਮਿਊਜ਼ਿਕ ਐਂਪਾਇਰ ਦਾ ਹੈ। ਗੋਗੀ ਘੁਮਾਣ ਅੱਜ ਕਲ ਕੈਲਫੋਰਨੀਆ ਯੂ ਐਸ ਏ ਰਹਿੰਦੇ ਹਨ। "ਅੱਧਾ ਪਿੰਡ" ਦਾ ਵੀਡਿਓ ਫ਼ਿਲਮੀ ਅੰਦਾਜ ਦਾ ਆਏਗਾ।

## "ਇਸ਼ਕ ਮੋਹਬੱਤ" ਦੇ ਹੀਰੋ ਗੁਰਦੀਪ ਸੰਧੂ ਦਾ ਸਨਮਾਨ



ਅੱਜ ਕਲ ਗਾਇਕ ਨਾਇਕ ਨੇ ਤੇ ਨਾਇਕ ਬਣ ਰਹੇ ਗਾਇਕ ਹਨ। "ਇਸ਼ਕ ਮੁਹੱਬਤ" ਆ ਰਹੀ ਫ਼ਿਲਮ ਦੇ ਹੀਰੋ ਗੁਰਦੀਪ ਸੰਧੂ ਦਾ ਸਿੱਕਾ ਪੰਜਾਬੀ ਗਾਇਕੀ ਵਿੱਚ ਚਲ




ਪਿਆ ਹੈ। ਗਵਾਹ ਯੁਟਿਊਬ ਹੈ ਜਿਸ ਤੇ ਓਸ ਦੇ ਸੁਦੇਸ਼ ਕੁਮਾਰੀ ਨਾਲ ਬੋਲੇ ਦੋਗਾਣੇ "ਥਾਰ ਰੋਕਸ ਮਹਿੰਦਰਾ" ਨੂੰ ਲੱਖਾਂ ਵਿਊ ਮਿਲੇ ਨੇ ਤੇ ਪੰਜਾਹ ਹਜ਼ਾਰ ਵਿਊ ਇੰਸਟਾਗ੍ਰਾਮ ਤੇ ਰੀਲ ਨੂੰ ਹੋਣ ਤੇ ਨਿਰਮਾਤਾ ਰਾਜਕੁਮਾਰ ਤੇ ਅਸ਼ੋਕ ਕੁਮਾਰ ਨੇ ਗੁਰਦੀਪ ਸੰਧੂ ਨੂੰ ਟੀਮ "ਥਾਰ" ਦੇ ਨਾਲ ਸਨਮਾਨਿਤ ਕੀਤਾ। ਸੰਗੀਤਕਾਰ ਜਸਕਰਨ ਨੇ ਕਿਹਾ ਕਿ ਸੁਦੇਸ਼ ਕੁਮਾਰੀ ਨਾਲ ਗਾਇਨ ਸੌਖਾ ਨਹੀਂ ਪਰ ਗੁਰਦੀਪ ਨੇ ਗਾ ਕਿ ਗੀਤ ਹਿੱਟ ਕਰਵਾ ਦੱਸ ਦਿੱਤਾ ਕਿ ਟੀਮ ਵਰਕ ਲੈ ਕਿ ਓਹ "ਥਾਰ ਰੋਕਸ ਮਹਿੰਦਰਾ" ਦੀ ਰਫ਼ਤਾਰ ਤੇਜ਼ ਕਰ ਹੀ ਗਿਆ।

## ਸੁਸ਼ਮਾ ਪ੍ਰਸ਼ਾਂਤ ਪਾਲੀਵੁੱਡ ਵਿੱਚ ਸਰਗਰਮ

ਜਲੰਧਰ ਦੂਰਦਰਸ਼ਨ ਦੇ ਚਰਚਿਤ ਪ੍ਰੋਗਰਾਮ "ਗੱਲਾਂ ਤੇ ਗੀਤ" ਵਿੱਚ ਪੈਨਲ ਪ੍ਰੋਡਿਊਸਰ ਸਰਦਾਰਜੀਤ ਬਾਵਾ ਨੇ ਸ਼ਾਨਦਾਰ ਤਰੀਕੇ ਨਾਲ ਸੁਸ਼ਮਾ ਪ੍ਰਸ਼ਾਂਤ ਨੂੰ ਪੇਸ਼ ਕੀਤਾ। ਡੀ ਡੀ ਪੰਜਾਬੀ ਤੇ ਪ੍ਰਸਾਰਿਤ ਇਸ ਵਿੱਚ ਸੁਸ਼ਮਾ ਨੂੰ ਦੇਖ ਸੁਣ ਲੱਗਿਆ ਕਿ ਪਾਲੀਵੁੱਡ ਨੂੰ ਇਸ ਅਭਿਨੇਤਰੀ ਤੋਂ ਜ਼ਿਆਦਾ ਕੰਮ ਲੈਣਾ ਚਾਹੀਦਾ ਹੈ। "ਟੌਹਰ" ਤੋਂ "ਆਹਤ"



ਤੱਕ ਕਈ ਟੀਵੀ ਸੀਰੀਅਲ ਕਰ ਚੁੱਕੀ ਸੁਸ਼ਮਾ ਪ੍ਰਸ਼ਾਂਤ ਨੇ "ਹਵੇਲੀ" "ਜੱਟੀ ਪੰਦਰਾਂ ਮੁਰੱਬਿਆਂ ਵਾਲੀ" ਫ਼ਿਲਮਾਂ ਕੀਤੀਆਂ ਹਨ। ਓਸ ਕਿਹਾ ਕਿ ਸਰਦਾਰਜੀਤ ਬਾਵਾ ਜਿਹੜੇ ਅੱਜ ਪ੍ਰਸਾਰਨ ਵੇਲੇ ਪੈਨਲ ਪ੍ਰੋਡਿਊਸਰ ਨੇ ਇਸ ਖੇਤਰ ਵਿੱਚ ਓਹਨਾਂ ਦੇ ਉਸਤਾਦ ਹਨ




ਤੇ ਅਭਿਨੈ ਭਾਸ਼ਾ ਵਿੱਚ ਗੁਰੂ ਹਨ। ਸਰਦਾਰਜੀਤ ਬਾਵਾ ਪ੍ਰਤੀ ਸੁਸ਼ਮਾ ਦੇ ਬੋਲ ਦਰਸਾਉਂਦੇ ਨੇ ਕਿ ਅਧਿਆਪਕ ਦੀ ਇੱਜ਼ਤ ਕਾਮਯਾਬੀ ਦੀ ਅਸੀਸ ਹੈ।

## ਮੱਖਣ ਲੋਹਾਰ ਸਾਹਿਤ ਜਗਤ ਨਾਲ ਬੇਸ਼ੁਮਾਰ ਪਿਆਰ

"ਵੀਰਾਂ ਨਾਲ ਸਰਦਾਰੀ" ਫ਼ਿਲਮ ਲਈ ਗੀਤ ਲਿਖਣ ਵਾਲੇ ਮੱਖਣ ਲੋਹਾਰ ਸਾਹਿਤ ਜਗਤ ਨੂੰ ਬਹੁਤ ਪਿਆਰ ਕਰਦੇ ਹਨ। ਇਧਰ ਅਮਰੀਕਾ ਦੀ ਇੰਡੀਆ ਤੋਂ ਵਾਪਸੀ ਫਲਾਈਟ ਸੀ ਤੇ ਉਧਰ ਫਗਵਾੜਾ ਵਿਖੇ ਸਾਹਿਤਕ ਪ੍ਰੋਗਰਾਮ ਪਰ ਦਿੱਲੀ ਜਾਣ ਤੋਂ ਤਿੰਨ ਘੰਟੇ ਪਹਿਲੇ ਆ ਕਿ ਓਹਨਾਂ ਜਗਦੀਸ਼ ਰਾਣਾ ਆਯੋਜਿਤ ਪ੍ਰੋਗਰਾਮ ਮੁੱਖ ਮਹਿਮਾਨ ਬਣ ਸ਼ਿਰਕਤ ਕਰ ਵਾਅਦਾ ਪੂਰਾ ਦਿੱਤਾ ਕਿ ਗੀਤਕਾਰ ਸਾਹਿਤਕ ਵੀ ਹੁੰਦੇ ਹਨ। ਮੱਖਣ ਲੋਹਾਰ ਨੇ ਦੱਬੇ ਕੁੱਚਲੇ ਲੋਕਾਂ ਤੇ ਧਰਮ ਦੇ ਨਾਮ ਤੇ ਵੰਡੀਆਂ ਤੇ ਬਹੁਤ ਗੀਤ ਲਿਖੇ ਹਨ। "ਤੈਨੂੰ ਭੇਜਿਆ ਸੀ ਪੁੱਤ ਪ੍ਰਦੇਸਾਂ ਨੂੰ ਮਜ਼ਬੂਰੀ ਸੀ" ਹਕੀਕਤ ਤੇ ਹਿੱਟ ਰਿਹਾ ਸੀ। ਅੱਜ ਕਲ ਓਹ ਪੰਜਾਬੀ ਸੰਗੀਤ ਪੇਸ਼ਕਾਰ ਵੀ ਹਨ ਤੇ ਗੁਲਾਮ ਅਲੀ ਸਾਬ ਨੇ ਕਿਹਾ ਸੀ ਮੱਖਣ ਪੰਜਾਬੀ ਗੀਤਾਂ ਦਾ ਤਾਜ਼ਾ ਮੱਖਣ ਜਿਹਾ ਅਹਿਸਾਸ ਆਪਣੇ ਗੀਤਾਂ ਨਾਲ ਦਿਵਾਉਂਦਾ ਹੈ।

## ਸੁਖਦੇਵ ਬਰਨਾਲਾ

ਬਰਨਾਲਾ ਦਾ ਨਾਮ ਫ਼ਿਲਮੀ ਸਕ੍ਰੀਨ ਤੇ ਸੁਖਦੇਵ ਬਰਨਾਲਾ ਨੇ ਚਮਕਾ ਦਿੱਤਾ ਹੈ। ਪੰਜਾਬੀ ਫ਼ਿਲਮਾਂ ਦਾ ਇਹ ਚੋਟੀ ਦਾ ਕਲਾਕਾਰ ਵੈੱਬ ਸੀਰੀਜ਼ ਵੀ ਕਰਦਾ ਹੈ ਤੇ ਭਗਵੰਤ ਕੰਗ ਦਾ ਓਹ ਮਨਪਸੰਦ ਐਕਟਰ ਹੈ। "ਛੜਾ" ਫ਼ਿਲਮ ਵਿੱਚ ਬਰਨਾਲਾ ਜਚਿਆ ਤੇ ਸੁਖਦੇਵ ਨੇ ਵੈੱਬ ਸੀਰੀਜ਼ "ਮੁਰਗਾਬੀਆਂ" ਵਿੱਚ ਵੀ ਚੋਟੀ ਦਾ ਅਭਿਨੈ



ਕੀਤਾ ਹੈ। "ਅਮਰ ਸਿੰਘ ਚਮਕੀਲਾ" ਤੇ "ਚਮਕੀਲਾ" ਕਰ ਚੁੱਕੇ ਸੁਖਦੇਵ ਬਰਨਾਲਾ ਦੀ "ਬੈਕ ਅੱਪ" ਵੀ ਵਧੀਆ ਰਹੀ ਹੈ ਤੇ ਹੁਣ ਇਹ ਅਦਾਕਾਰ ਆਪਣੀ ਅਦਾਕਾਰੀ ਦਾ ਜੌਹਰ "ਸਿਕ੍ਸ ਈਚ" ਵਿੱਚ ਦਿਖਾਉਣ ਜਾ ਰਿਹਾ ਹੈ ਸੱਤੇ ਖੈਰਾਂ ਹੋਵਣ ਆਫ਼ਰੀਨ। ਭਗਵੰਤ ਸਿੰਘ ਕੰਗ ਅਕਸਰ ਆਖਦੇ ਨੇ ਕਿ ਸਾਲ ਭਰ ਹੋਰ ਦੇਖਿਓ ਹਰ ਜ਼ੁਬਾਨ ਤੇ ਸੁਖਦੇਵ ਬਰਨਾਲਾ ਦਾ ਨਾਮ ਹੋਊ। ਹੈ ਹਰ ਫ਼ਿਲਮ ਨਾਲ ਦਿਨ ਬ ਦਿਨ ਅੱਗੇ ਆਓਣ ਦੀ ਉਸ ਵਿੱਚ ਕਾਬਲੀਅਤ।

## ਤਜਿੰਦਰ ਕੌਰ ਦੇ ਫ਼ਿਲਮੀ ਸ਼ੌਕ ਤੇ ਫ਼ਿਲਮੀ ਪਿਆਰ

ਤਜਿੰਦਰ ਕੌਰ ਉੱਤਮ ਫ਼ਿਲਮ ਜਾਣਕਾਰ ਹੈ ਤੇ ਫ਼ਿਲਮ ਲਈ ਬਿਜਲੀ ਮੀਡੀਆ ਦੀ ਹੋਸਟ ਹੈ। ਲਿਸ਼ਕਾਰਾ ਚੈਨਲ ਓਹ ਚਲਾ ਰਹੀ ਹੈ ਤੇ ਫ਼ਿਲਮਾਂ ਨਾਲ ਓਸ ਦਾ ਨਾਤਾ ਅਟੁੱਟ ਹੈ। ਤਜਿੰਦਰ ਕੌਰ ਸੀ ਐਮ ਪੀ ਏ ਐਵਾਰਡ ਸਮਾਰੋਹ ਵੱਲ ਹੈ। ਇਸ ਲਈ ਓਸ ਨੇ ਜੈ ਰੰਧਾਵਾ ਤੇ ਮੁਕੇਸ਼ ਰਿਸ਼ੀ ਦੀਆਂ ਸੇਵਾ ਲਈ ਹੈ। ਤਜਿੰਦਰ ਦੀ ਭਾਸ਼ਾ ਮਿੱਠੀ ਹੈ ਤੇ ਅੰਦਾਜ਼ ਪਿਆਰਾ ਹੈ।

ਤਜਿੰਦਰ ਕੌਰ ਪੰਜਾਬੀ ਫ਼ਿਲਮਾਂ ਦੀ ਉੱਨਤੀ ਲਈ ਆਪਣਾ ਯੋਗਦਾਨ ਦੇ ਰਹੀ ਹੈ। ਕਲਾ ਤੇ ਸੰਗੀਤ ਦੀ ਪ੍ਰੇਮਣ ਤਜਿੰਦਰ ਕੌਰ ਸੱਭਿਆਚਾਰਕ ਵਿਰਸੇ ਲਈ ਵੀ ਪ੍ਰੋਗਰਾਮ ਕਰਦੀ ਰਹਿੰਦੀ ਹੈ। ਤਜਿੰਦਰ ਦੇਖਣ ਚਾਕਣ ਨੂੰ ਅਭਿਨੇਤਰੀ ਹੀ ਲੱਗਦੀ ਹੈ। ਕੁਲ ਮਿਲਾ ਕਿ ਪਾਲੀਵੁੱਡ ਦੀ ਇੱਕ ਦਿੱਗਜ ਹੈ ਤਜਿੰਦਰ ਕੌਰ।

-ਅੰਮ੍ਰਿਤ ਪਵਾਰ

# ਕੈਨੇਡਾ : ਲੱਖਾਂ ਕਾਮਿਆਂ ਦੀਆਂ ਤਨਖਾਹਾਂ ਵਧੀਆਂ

ਟੋਰਾਂਟੋ : ਕੈਨੇਡਾ ਵਿਚ ਰਹਿਣ-ਸਹਿਣ ਦੇ ਖਰਚੇ ਨਾਲ ਜੂਝ ਰਹੇ ਪ੍ਰਵਾਸੀਆਂ ਨੂੰ ਰਾਹਤ ਦੇਣ ਦਾ ਯਤਨ ਕਰਦਿਆਂ ਫੈਡਰਲ ਸਰਕਾਰ ਵੱਲੋਂ ਪ੍ਰਤੀ ਘੰਟਾ ਉਜਰਤ ਵਧਾ ਕੇ 17.75 ਡਾਲਰ ਕਰਨ ਦਾ ਐਲਾਨ ਕੀਤਾ ਗਿਆ ਹੈ। ਮਿਹਨਤਾਨੇ ਵਿਚ ਹੋਏ ਵਾਧੇ ਨਾਲ ਪਾਰਟ ਟਾਈਮ ਕੰਮ ਕਰਨ ਵਾਲੇ ਕੌਮਾਂਤਰੀ ਵਿਦਿਆਰਥੀਆਂ ਅਤੇ ਆਰਜ਼ੀ ਤੌਰ ਤੇ ਕੈਨੇਡਾ ਵਿਚ ਮੌਜੂਦ ਕਾਮਿਆਂ ਨੂੰ ਸਭ ਤੋਂ ਵੱਧ ਫਾਇਦਾ ਹੋਵੇਗਾ ਜਿਨ੍ਹਾਂ ਨੂੰ ਅਕਸਰ ਹੀ ਘੱਟੋ ਘੱਟੋ ਉਜਰਤ ਦਰ ਤੇ ਕੰਮ ਕਰਨਾ ਪੈਂਦਾ ਹੈ। ਨਵੀਆਂ ਉਜਰਤ ਦਰਾਂ 1 ਅਪ੍ਰੈਲ ਤੋਂ ਲਾਗੂ ਹੋਣਗੀਆਂ ਅਤੇ ਫੈਡਰਲ ਸਰਕਾਰ ਵੱਲੋਂ ਇਸ ਗੱਲ ਦਾ ਖਾਸ ਤੌਰ ਤੇ ਜ਼ਿਕਰ ਕੀਤਾ ਗਿਆ ਹੈ ਕਿ ਜੇ ਸੂਬਾ ਸਰਕਾਰ ਵੱਲੋਂ ਤੈਅ ਘੱਟੋ ਘੱਟ ਮਿਹਨਤਾਨਾ, ਫੈਡਰਲ ਸਰਕਾਰ ਦੀ ਉਜਰਤ ਦਰ ਤੋਂ ਵੱਧ ਬਣਦਾ ਹੈ ਤਾਂ ਇੰਪਲੌਇਰਜ਼ ਉਚਾ ਮਿਹਨਤਾਨਾ ਅਦਾ ਕਰਨ ਦੇ ਪਾਬੰਦ ਹੋਣਗੇ।

35 ਸਫੇ ਦੀ ਬਾਕੀ

ਲੰਮੇ ਸਮੇਂ ਤੋਂ ਕਈ ਸ਼ਹੀਦੀ ਸਥਾਨਾਂ ਅਤੇ ਡੇਰਿਆਂ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਨਿਹੰਗ ਸਿੰਘਾਂ ਵੱਲੋਂ ਨਿਭਾਈ ਜਾ ਰਹੀ ਹੈ। ਇਨ੍ਹਾਂ ਦੇ ਡੇਰਿਆਂ ਨੂੰ ਛਾਉਣੀਆਂ ਕਿਹਾ ਜਾਂਦਾ ਹੈ। ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੀ ਵਿਸਾਖੀ,ਸ੍ਰੀ ਅੰਮ੍ਰਿਤਸਰ ਸਾਹਿਬ ਦੀ ਦਿਵਾਲੀ ਅਤੇ ਸ੍ਰੀ ਆਨੰਦਪੁਰ ਸਾਹਿਬ ਦਾ ਹੋਲਾ-ਮਹੱਲਾ ਨਿਹੰਗ ਸਿੰਘਾਂ ਦੀ ਭਰਪੂਰ ਅਤੇ ਮਸ਼ਹੂਰ ਹਾਜ਼ਰੀ ਵਾਲੇ ਤਿਉਹਾਰ ਹਨ। ਹੋਲੇ-ਮਹੱਲੇ ਦੇ ਰੰਗ ਤਾਂ ਨਿਹੰਗ ਸਿੰਘਾਂ ਦੀ ਹਾਜ਼ਰੀ ਤੋਂ ਬਗ਼ੈਰ ਉੱਘੜਦੇ ਹੀ ਨਹੀਂ ਹਨ। ਸਰਬ-ਲੋਹ ਦੇ ਬਰਤਨਾਂ ਅਤੇ ਘੋੜਿਆਂ ਨਾਲ ਨਿਹੰਗ ਸਿੰਘਾਂ ਨੂੰ ਵਿਸ਼ੇਸ਼ ਪ੍ਰੇਮ ਹੁੰਦਾ ਹੈ। ਇਸ ਤੋਂ ਇਲਾਵਾ ਇਹ ਸ਼ਸਤਰਾਂ ਨੂੰ ਵੀ ਅੰਗ ਲਗਾ ਕੇ ਰੱਖਦੇ ਹਨ।

ਨਿਹੰਗ ਸਿੰਘਾਂ ਦੀ ਬੋਲ-ਬਾਣੀ ਵੀ ਵਿਲੱਖਣ ਅਤੇ ਰੋਚਿਕਤਾ ਭਰਪੂਰ ਹੁੰਦੀ ਹੈ।ਘਾਟੇਵੰਦੀ ਸਥਿਤੀ ਨੂੰ ਲਾਹੇਵੰਦੀ ਨਜ਼ਰ ਨਾਲ ਦੇਖਣਾ ਇਸ ਬੋਲ-ਬਾਣੀ ਦਾ ਅਹਿਮ ਪੱਖ ਰਿਹਾ ਹੈ।ਇਸੇ ਕਰਕੇ ਹੀ ਇਸ ਬੋਲ-ਬਾਣੀ ਨੂੰ 'ਗੜਗੱਜ ਬੋਲਿਆਂ' ਦਾ ਨਾਮ ਦਿੱਤਾ ਜਾਂਦਾ ਹੈ।ਇਨ੍ਹਾਂ ਬੋਲਿਆਂ ਤਹਿਤ ਇੱਕ ਸਿੰਘ ਨੂੰ ਸਵਾ ਲੱਖ ਕਹਿਣ ਨਾਲ ਦੁਸ਼ਮਣ ਦੰਗ ਰਹਿ ਜਾਂਦੇ ਸਨ ਅਤੇ ਮੈਦਾਨ ਛੱਡ ਜਾਂਦੇ ਸਨ।

ਅਜੋਕੇ ਸਮੇਂ ਵੀ ਨਿਹੰਗ ਸਿੰਘਾਂ ਦੇ ਕਈ ਦਲ ਮੌਜੂਦ ਹਨ ਜੋ ਵੱਖਰਤਾਮਕ ਲੀਹਾਂ ਦੇ ਪਾਂਧੀ ਹੋਣ ਕਰਕੇ ਕਈ ਤਰ੍ਹਾਂ ਦੀ ਅਲੋਚਨਾਵਾਂ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ।

-----0-----

# ਸਿੱਖ ਕੌਮ ਨੂੰ ਪੰਜਾਬ ਤੇ ਪੰਥਕ ਹਿਤ ਲਈ ਅੱਗੇ ਵਧਣ ਦੀ ਲੋੜ ?

ਇਕਬਾਲ ਸਿੰਘ ਲਾਲਪੁਰਾ
+91 97800 03333



ਸ਼੍ਰੀ ਗੁਰੂ ਨਾਨਕ ਦੇਵ ਦੇ ਇਸ ਸੰਸਾਰ ਵਿੱਚ ਆਗਮਨ ਨਾਲ ਇੱਕ ਨਿਰਮਲ ਪੰਥ ਦੀ ਸਥਾਪਨਾ ਹੋਈ। ਸੰਸਾਰ ਵਿੱਚ ਜਦੋਂ ਅਗਿਆਨਤਾ, ਜ਼ੁਲਮ ਹੱਦ ਤੋਂ ਟੱਪ ਜਾਣ ਤਾਂ ਪ੍ਰਭੂ, ਰੱਬ, ਭਗਵਾਨ, ਅਕਾਲ ਪੁਰਖ ਜਿਸ ਵੀ ਨਾਮ ਨਾਲ ਉਸ ਨੂੰ ਯਾਦ ਕਰੀਏ ਇਸ ਸੰਸਾਰ ਵਿੱਚ ਪ੍ਰਗਟ ਹੁੰਦੇ ਹਨ। ਸ਼੍ਰੀ ਗੁਰੂ ਨਾਨਕ ਦੇਵ ਜੀ ਵਾਰੇ ਵੀ ਗੁਰਬਾਣੀ ਅੰਕਿਤ ਕਰਦੀ ਹੈ।

ਆਪਿ ਨਰਾਇਣੁ ਕਲਾ ਧਾਰਿ
ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ
ਜਗ ਮੰਡਲਿ ਕਰਿਯਉ ॥

ਉਸ ਸਮੇਂ ਦੇ ਹਾਲਾਤ ਵੀ ਸੰਸਾਰ ਵਿੱਚ ਹਨੇਰੇ ਵਾਲੇ ਸਨ।

ਗੁਰੂ ਪਾਤਿਸ਼ਾਹ ਅੰਕਿਤ ਕਰਦੇ ਹਨ:

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥੧॥

ਅਜਿਹੀ ਧੁੰਦ ਵਿੱਚੋਂ ਸੰਸਾਰ ਨੂੰ ਬਾਹਰ ਕੱਢਣ ਲਈ ਗੁਰੂ ਨਾਨਕ ਦੇਵ ਜੀ ਨੇ ਜੀਵਨ ਦੇ ਹਰ ਖੇਤਰ ਵਿੱਚ ਇੱਕ ਨਵੀਂ ਸ਼ੁਰੂਆਤ ਕੀਤੀ। ਇੱਕ ਅਕਾਲ ਪੁਰਖ ਦੀ ਕਰਮ ਕਾਂਡ ਰਹਿਤ ਉਪਾਸਨਾ, ਘਰ ਵਿੱਚ ਰਹਿਕੇ ਕਮਲ ਦੀ ਤਰ੍ਹਾਂ ਨਿਰਲੇਪ, ਪਿਆਰ ਤੇ ਸੇਵਾ ਦੇ ਪ੍ਰਤੀਕ ਤੇ ਸਿਰ ਤਲੀ ਤੇ ਧਰ ਅਣਖੀ ਨਿਰਭੈ ਤੇ ਨਿਰਵੈਰ ਸੰਤ ਸਿਪਾਹੀ, ਗੁਰੂ ਜੀ ਦੇ ਸੇਵਕ ਸਿੱਖ ਅਖਵਾਉਣ ਲੱਗੇ। ਭਾਈ ਗੁਰਦਾਸ ਜੀ ਨੇ ਇਸ ਪੰਥ ਨੂੰ "ਮਾਰਿਆ ਸਿੱਕਾ ਜਗਤ ਵਿਚ, ਨਾਨਕ ਨਿਰਮਲ ਪੰਥ ਚਲਾਇਆ" ਨਾਲ ਦਰਜ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦਾ ਉੱਦਮ ਵਿਅਕਤੀ ਨੂੰ ਦੇਵਤੇ ਬਣਾਉਣ ਲਈ ਸੀ। ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥੧॥

ਇਸ ਨਿਰਮਲ ਦੇਵਤਿਆਂ ਦੇ ਪੰਥ ਨੂੰ 239 ਸਾਲ ਗੁਰੂ ਸਾਹਿਬਾਨ ਨੇ ਮਾਰਗਦਰਸ਼ਨ ਦਿੱਤਾ ਅਤੇ ਹਰ ਖੇਤਰ ਵਿੱਚ ਆਪਣੀ ਤੇ ਪਰਿਵਾਰ ਦੀ ਕੁਰਬਾਨੀ ਦੇ ਕੇ ਜਿਉਣਾ ਸਿਖਾਇਆ।

ਬਾਬਾ ਬੰਦਾ ਸਿੰਘ ਬਹਾਦੁਰ ਜੀ ਤੋਂ ਮਹਾਰਾਜਾ ਰਣਜੀਤ ਸਿੰਘ ਜੀ ਤੱਕ ਪੰਥ ਗੁਰੂ ਨੂੰ ਸਮਰਪਿਤ ਰਿਹਾ ਤੇ ਆਗੂ ਵੀ ਮਹਾਨ ਸਨ ਭਾਈ ਥੌਤਾ ਸਿੰਘ, ਭਾਈ ਗਰਜਾ ਸਿੰਘ, ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਤੇ ਮੰਨੂ ਦੀ ਕੈਦ ਵਿੱਚ ਬੀਬੀਆਂ ਨੇ ਧਰਮ ਦੀ ਖਾਤਰ ਕੁਰਬਾਨੀਆਂ ਦਿੱਤੀਆਂ ਪਰ ਗੁਰੂ ਦੇ ਸਿਧਾਂਤਾਂ ਦੀ ਪਾਲਨਾ ਕੀਤੀ। ਵੱਡੇ ਜਰਨੈਲਾਂ ਭਾਈ ਮਨੀ ਸਿੰਘ, ਭਾਈ ਦਰਬਾਰਾ ਸਿੰਘ, ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਸੁਲਤਾਨ ਉਲ ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਆਦਿ ਵਾਰੇ ਤਾਂ ਕੋਈ ਕਲਮ ਵੀ ਬਿਆਨ ਨਹੀਂ ਕਰ ਸਕਦੀ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਅੰਤਿਮ ਬੋਲ ਕਿ ਖੰਡੇ ਵਾਟੇ ਦੇ ਪਾਹੁਲ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਨੀਤੀ ਛੁਪੀ ਹੋਈ ਹੈ, ਆਪਸ ਵਿੱਚ ਪਾਣੀ ਪਤਾਸਿਆਂ ਵਾਂਗ ਘੁਲ ਮਿਲ ਰਹਿਣਾ ਤੇ ਵੈਰੀ ਲਈ ਦੋ ਧਾਰੀ ਖੰਡਾ ਬਨਣਾ, ਵਿਦੇਸ਼ੀਆ ਦੇ ਪੈਰ ਇਸ ਧਰਤੀ ਤੇ ਪੈਣਗੇ ਤਾਂ ਮੇਰੀ ਆਤਮਾ ਤੜਫੇਗੀ"। ਪਰ ਮਹਾਰਾਜਾ ਦਾ ਡਰ ਸੱਚ ਸਾਬਤ ਹੋਇਆ ਤੇ ਅੰਗਰੇਜ਼ਾਂ ਨੇ ਸਿੱਖਾਂ ਵਿੱਚ ਘੁਸਪੈਠ ਕਰ ਦਸ ਸਾਲ ਅੰਦਰ ਹੀ ਖਾਲਸਾ ਰਾਜ ਖ਼ਤਮ ਕਰ ਕੇ ਆਪਣੇ ਨਾਲ ਮਿਲਾ ਲਿਆ। ਮਹਾਰਾਜਾ ਦੀ ਰੂਹ ਆਤਮਾ ਅੱਜ ਵੀ ਤੜਫਦੀ ਹੋਵੇਗੀ।

ਅੰਗਰੇਜ਼ਾਂ ਨੇ ਸਿੱਖ ਧਰਮ ਤੇ ਇਤਿਹਾਸ ਨੂੰ ਧੁੰਦਲਾ ਕਰਨ ਲਈ, ਮਾਇਆ, ਕਲਮ ਤੇ ਤਾਕਤ ਦੀ ਵਰਤੋਂ ਕੀਤੀ। ਸਿੱਖ ਦੇ ਜੀਵਨ ਦਾ ਆਧਾਰ ਗੁਰਮਿਤ ਅਨੁਸਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਬਾਣੀ ਹੈ ਮੈਂ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ॥ ਦੇਹਧਾਰੀ ਬਾਬਾ ਵਾਦ ਅੰਗਰੇਜ਼ਾਂ ਦੇ ਰਾਜ ਦੀ ਦੇਣ ਹਨ। ਸਿੱਖ ਪੰਥ ਦੀ ਵੱਡੀ ਉਪਾਧੀ ਭਾਈ ਹੈ। ਭਾਈ ਗੁਰਦਾਸ ਤੇ ਭਾਈ ਨੰਦ ਲਾਲ ਆਦਿ ਸਿੱਖ ਇਸ ਨਾਲ ਮਾਣ ਪ੍ਰਾਪਤ ਕਰਦੇ ਹਨ। ਬਾਬਾ ਸ਼ਬਦ ਸਿੱਖ ਧਰਮ ਵਿੱਚ ਕੇਵਲ ਸ਼੍ਰੀ ਗੁਰੂ ਨਾਨਕ ਦੇਵ ਜੀ ਨਾਲ ਹੀ ਇਤਿਹਾਸ ਵਿੱਚ ਅੰਕਿਤ ਮਿਲਦਾ ਹੈ। ਆਪੇ ਬਣੇ ਬਾਬੇ ਤੇ ਗੁਰੂ ਘਰਾਂ ਨੂੰ ਕਰਮ ਕਾਂਡਾ ਵੱਲ ਲੈ ਕੇ ਜਾਣ ਦਾ ਕੰਮ ਵੀ ਮਹੰਤਾਂ ਦੀ ਦੇਣ ਤੇ ਅੰਗਰੇਜ਼ਾਂ ਦੀ ਸੋਚ ਹੀ ਹੈ। ਸਿੱਖ ਧਰਮ ਪ੍ਰਚਾਰ ਨੂੰ ਅੰਗਰੇਜ਼ਾਂ ਨੇ ਵਿਧੀਵਤ ਰੋਕਿਆ। ਧਰਮ ਦੀ ਪ੍ਰਭਾਸ਼ਾ ਤਾਂ ਸਪਸ਼ਟ ਅੰਕਿਤ ਹੈ? ਸਰਬ ਧਰਮ ਮਹਿ ਸ੍ਰੇਸਟ ਧਰਮੁ॥

ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ ਕੇਵਲ ਵਾਹਿਗੁਰੂ ਦਾ ਨਾਮ ਸਿਮਰਨ, ਧਿਆਨ ਤੇ ਨਿਰਮਲ ਚੰਗੇ ਕੰਮ ਹੀ ਹੈ। ਇਹ ਕਰਮ ਕਾਂਡਾ ਰਹਿਤ ਉਪਦੇਸ਼ ਹੈ ਵੀ, ਸਭ ਲਈ ਸਾਂਝਾ?

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁਜਾਗਾਤੀ ਲੂਟੈ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ
ਨਿਮਖਸਿਮਰਤ ਜਿਤੁ ਛੂਟੈ॥੧॥
ਸੰਤਹੁ ਸਾਗਰੁ ਪਾਰਿ ਉਤਰੀਐ॥
ਜੇ ਕੋ ਬਚਨੁ ਕਮਾਵੈ ਸੰਤਨ ਕਾ
ਸੋ ਗੁਰ ਪਰਸਾਦੀਤਰੀਐ ॥੧॥ ਰਹਾਉ॥
ਕੋਟਿ ਤੀਰਥ ਮਜਨ ਇਸਨਾਨਾ
ਇਸੁ ਕਲਿ ਮਹਿਮੈਲੁ ਭਰੀਜੈ ॥
ਸਾਧਸੰਗਿ ਜੋ ਹਰਿ ਗੁਣ ਗਾਵੈ
ਸੋ ਨਿਰਮਲੁ ਕਰਿਲੀਜੈ ॥੨॥
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ
ਇਨ੍ ਪੜਿਆਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ
ਤਿਸ ਕੀ ਨਿਰਮਲਸੋਈ ॥੩॥
ਖਤ੍ਰੀ ਬ੍ਰਾਹਮਣ ਸੂਦ ਵੈਸ
ਉਪਦੇਸੁ ਚਹੁ ਵਰਨਾ ਕਉਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ
ਘਟਿ ਘਟਿ ਨਾਨਕ ਮਾਝਾ॥੪॥੩॥੫੦"

ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਆਦੇਸ? ਪੂਜਾ ਅਕਾਲ ਕੀ॥ ਪਰਚਾ ਸ਼ਬਦ ਕਾ॥ ਦਿਦਾਰ ਖਾਲਸਾ ਕਾ॥ ਇਸ ਨੂੰ ਹੋਰ ਵੀ ਸਪਸ਼ਟ ਕਰਦਾ ਹੈ।

ਗੁਰੂ ਸਾਹਿਬ ਜਾਣਦੇ ਸਨ ਕਿ ਬਹੁਰੂਪੀਏ ਭੇਸ ਵਦਲ ਕੇ ਲੋਕਾਂ ਦਾ ਸ਼ੋਸ਼ਣ ਕਰਨਗੇ ਇਸ ਲਈ ਗੁਰਬਾਣੀ ਸੁਚੇਤ ਕਰਦੀ ਹੈ।

ਗਿਆਨ ਵਿਹੂਣਾ ਗਾਵੈ ਗੀਤ ॥
ਭੁਖੇ ਮੁਲਾਂ ਘਰੇ ਮਸੀਤਿ ॥
ਮਖਟੂ ਹੋਇ ਕੈ ਕੰਨ ਪੜਾਏ ॥
ਫਕਰੁ ਕਰੇ ਹੋਰੁ ਜਾਤਿ ਗਵਾਏ ॥
ਗੁਰੁ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥
ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥੧॥

ਕੀ ਅੱਜ ਦਾ ਕੋਈ ਵਿਅਕਤੀ ਇਸ ਤਰ੍ਹਾਂ ਦੀ ਜੀਵਨ ਜਾਚ ਨਾਲ ਧਰਮ ਪ੍ਰਚਾਰ ਵੱਲ ਹੈ ਜੋ ਮਿਹਨਤ ਕਰਕੇ ਲੋੜਵੰਦਾਂ ਦੀ ਸੇਵਾ ਕਰਦਾ ਹੈ?

ਮਹਾਰਾਜਾ ਸਾਹਿਬ ਦਾ ਸ਼ੱਕ ਵੀ ਸੱਚ ਹੀ ਸਾਬਤ ਹੋਇਆ। ਅੱਜ ਵੀ ਜੋ ਖੰਡਾ ਆਪਸ ਵਿੱਚ ਖੜਕਦਾ ਨਜ਼ਰ ਆਉਂਦਾ ਹੈ, ਇਸ ਦੇ ਪਿੱਛੇ ਕਾਰਨ, ਕੋਈ ਕੌਮੀ ਅਜੰਡੇ ਦੀ ਅਣਹੋਂਦ, ਗੁਰਦੁਆਰਿਆਂ ਦੇ ਧਨ ਦੀ ਆਪਣੇ ਆਰਥਿਕ ਤੇ ਰਾਜਨੀਤਿਕ ਹਿੱਤਾਂ ਲਈ ਵਰਤੋਂ ਹੈ। ਪਿੰਡ ਪੱਧਰ ਤੋਂ ਉੱਪਰਲੇ ਕਸਬੇ, ਸ਼ਹਿਰ ਦੇ ਕਿਸੇ ਇੱਕ ਵੀ ਗੁਰਦੁਆਰੇ ਨਾਲ ਗੁਰਬਾਣੀ ਦੀ ਸੰਥਿਆ, ਅਰਥ, ਵਿਚਾਰ, ਰਾਗ, ਕੀਰਤਨ ਵਾਰੇ ਗਿਆਨ ਦੇਣ ਦੀ ਕੋਈ ਯੋਜਨਾਬੰਦੀ ਨਹੀਂ ਹੈ। ਗੁਰਦੁਆਰਾ ਧੰਨ ਦੀ ਵਰਤੋਂ ਜੇਕਰ ਵਿੱਦਿਆ ਦੇ ਪ੍ਰਚਾਰ ਪ੍ਰਸਾਰ ਲਈ ਹੁੰਦੀ ਤਾਂ ਸਿੱਖ ਬੱਚੇ ਸਮਾਜ ਦੇ ਹਰ ਖੇਤਰ ਵਿੱਚ ਮੋਹਰੀ ਹੋਣੇ ਚਾਹੀਦੇ ਸਨ।

ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀਆਂ ਚੋਣਾਂ ਕਰਵਾਉਣ ਨਾਲੋਂ ਰੁਕਵਾਉਣ ਵੱਲ ਜਿਆਦਾ ਉਦਮ ਹੈ। ਲੋਕਲ ਕਮੇਟੀਆਂ ਨੂੰ ਤਾਂ ਕੁੱਲ ਮਿਲਾ ਕੇ ਸਕਤੀ-ਵਿਹੀਨ ਕੀਤਾ ਜਾ ਚੁੱਕਾ ਹੈ। ਹੁਣ ਗੁਰਬਾਣੀ ਨਾਲੋਂ ਸਿੱਖ ਨੂੰ ਤੋੜਨ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤੇ ਗਿਆਨ ਦਾ ਪ੍ਰਬੰਧ ਕਰਨ ਦੀ ਥਾਂ ਅਖੌਤੀ ਬਣੇ ਆਗੂ ਸਤਿਕਾਰ ਦੇ ਨਾਂ ਤੇ ਲੋਕਾਂ ਦੀ ਬੇਅਦਬੀ ਤੇ ਕੁੱਟਮਾਰ ਕਰ ਰਹੇ ਹਨ, ਕਈ ਸੌ ਸਾਲ ਤੋਂ ਗੁਰੂ ਨਾਨਕ ਦੇਵ ਜੀ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਥ ਨਾਲ ਜੁੜੇ ਸ਼ਰਧਾਲੂ ਹੁਣ ਪਿੱਛੇ ਹਟ ਰਹੇ ਹਨ। ਕਿਸ ਕਾਨੂੰਨ ਹੇਠ ਸਤਿਕਾਰ ਦੇ ਨਾਂ ਇਹ ਕਾਰਵਾਈ ਕੀਤੀ ਜਾ ਰਹੀ ਹੈ? ਇਸ ਪਿੱਛੇ ਕੌਣ ਹੈ ? ਸਿੱਖ ਨੂੰ ਗਿਆਨ ਗੁਰਬਾਣੀ ਤੋਂ ਲੈਣ ਹੈ। ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ॥ ੧॥ ਮਨ ਰੇ ਨਾਮੁ ਜਪਹੁ ਸੁਖੁ ਹੋਇ॥ ਗੁਰੁ ਪੂਰਾ ਸਾਲਾਹੀਐ ਸਹਜਿ ਮਿਲੈ ਪ੍ਰਭੁ ਸੋਇ॥ ੧॥ ਰਹਾਉ॥ ਗੁਰ ਕਾਲ ਤੋਂ ਹੀ ਗੁਰੂ ਬਾਣੀ ਦਾ ਪ੍ਰਚਾਰ ਕਰ ਰਹਿਆਂ ਸੰਸਥਾਵਾਂ, ਉਦਾਸੀ ਤੇ ਨਿਰਮਲੇ ਜਿਨ੍ਹਾਂ ਨੂੰ ਸਿੱਖ ਰਾਜਿਆਂ ਨੇ ਵਡਿਆਂ ਜਾਇਦਾਦਾਂ ਦਿੱਤੀਆਂ ਸਨ ਤੇ ਜਿਨ੍ਹਾਂ ਮਨੂੰ ਦੇ ਰਾਜ ਵਿੱਚ ਵੀ ਸਿੱਖ ਧਰਮ ਦਾ ਪ੍ਰਚਾਰ ਪ੍ਰਸਾਰ ਕੀਤਾ। ਹੁਣ ਉਨਾਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ, ਵੀ ਇਸ ਗੱਲ ਤੋਂ ਡਰਦੇ ਕਿ ਜਾਇਦਾਦ ਤੇ ਕਬਜ਼ਾ ਕਰਨ ਲਈ ਸਤਿਕਾਰ/ਮਰਿਆਦਾ ਦੇ ਨਾਂ ਤੇ ਉਨ੍ਹਾਂ ਨਾਲ ਬਦਸਲੂਕੀ ਕੀਤੀ ਜਾਵੇਗੀ, ਬਹੁਤੇ ਡੇਰਿਆਂ ਵਿੱਚੋਂ ਚੁੱਕ ਦਿੱਤੇ ਹਨ।

ਵੀਹਵੀਂ ਸਦੀ ਵਿਚ ਬਣਿਆ ਕੁਝ ਸੰਸਥਾਵਾਂ ਤੇ ਧਾਰਮਿਕ ਜਥੇਬੰਦੀਆਂ ਸਿੱਖ ਕੌਮ ਦੇ ਮੂਲ ਸਿਧਾਂਤਾਂ ਨਾਲੋਂ ਤੋੜ ਕੇ ਜਾ ਸ਼ੰਕੇ ਖੜ ਕੇ ਸ਼ਰਧਾ ਵਾਨ ਸਿੱਖਾਂ ਨੂੰ ਦੁਬਿਧਾ ਵਿੱਚ ਪਾ ਕੇ ਧਰਮ ਨਾਲੋਂ ਤੋੜ ਰਹੇ ਹਨ। ਉਨ੍ਹਾਂ ਦੇ ਪਹਿਰਾਵੇ ਵੀ ਅੱਡ ਹਨ, ਜੋ ਸਿੱਖ ਕੌਮ ਨੂੰ ਦੁਬਿਧਾ ਵਿਚ ਪਾ ਰਹੇ ਹਨ। ਗੁਰਬਾਣੀ ਦੁਬਿਧਾ ਨੂੰ ਇੱਕ ਵੱਡੀ ਮਾਨਸਿਕ ਸਮੱਸਿਆ ਦਰਜ ਕਰਦੀ ਹੈ? ਗਉੜੀ ਮਹਲਾ ੫॥ ਜੋ ਇਸੁ ਮਾਰੇ ਸੋਈ ਸੂਰਾ॥ ਜੋ ਇਸੁ ਮਾਰੇ ਸੋਈ ਪੂਰਾ॥ ਜੋ ਇਸੁ ਮਾਰੇ ਤਿਸਹਿ ਵਡਿਆਈ॥ ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ॥ ੧॥ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ॥ ਇਸਹਿ ਮਾਰਿ ਰਾਜ ਜੋਗੁ ਕਮਾਵੈ॥ ੧॥ ਰਹਾਉ॥ ਕਿ ਦੁਬਿਧਾਵਾਂ ਖੜੀਆਂ ਕਰਨ ਵਾਲੇ ਗੁਰੂ ਦੋਸ਼ੀ ਤਾਂ ਨਹੀਂ? ਇਸ ਦਾ ਨਿਰਣਾ ਤੇ ਨਿਵਾਰਨ ਕਰਨ ਵਾਲਾ ਤਾਂ ਕੋਈ ਨਜ਼ਰ ਨਹੀਂ ਆਉਂਦਾ।

## ਹੁਣ ਸਿੱਖ ਧਰਮ ਦੇ ਵਿਰੋਧੀ ਤੇ ਦੁਸ਼ਮਣ ਕੌਣ ਹਨ?

ਮੁਗਲਾਂ ਨੇ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ ਤੇ ਸਿੱਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ, ਪਰ ਸਿਧਾਂਤ ਤੇ ਗੁਰੂ ਵਿੱਚ ਵਿਸ਼ਵਾਸ ਰੱਖਣ ਵਾਲਾ ਖਾਲਸਾ ਵੱਡੀ ਸ਼ਕਤੀ ਬਣ ਉੱਭਰਿਆ, ਅਬਦਾਲੀ ਹਮੈਤੀ ਵੀ ਸਿੰਘ ਸਜਣ ਲਈ ਮਜਬੂਰ ਹੋਏ। ਖਾਲਸਾ ਨੇ ਮੁਗਲਾਂ ਤੋਂ ਟੈਕਸ ਲੈ ਗੁਰੂ ਘਰ ਤਾਮੀਰ ਕੀਤੇ।

ਖਾਲਸਾ ਰਾਜ ਸਮੇਂ ਦੂਜਿਆਂ ਦੇ ਧਰਮਾਂ ਦੇ ਸਤਿਕਾਰ ਦੇ ਗੁਰੂ ਹੁਕਮਾਂ ਦੀ ਪੂਰਤੀ ਕਰਦਿਆਂ ਬਹੁਤ ਸਾਰੇ ਮੰਦਿਰ, ਮਸਜਿਦਾਂ ਆਪਣੇ ਰਾਜ ਬਣਾਏ। ਸੋਨਾ ਭੇਟ ਕੀਤਾ। ਇਹ ਪੂਰਨ ਹਲੇਮੀ ਰਾਜ ਦਾ ਸੰਕਲਪ ਹੈ।

ਅੰਗਰੇਜ਼ ਨੇ ਸਿੱਖਾਂ ਦੇ ਧਰਮ ਅਸਥਾਨਾਂ ਤੇ ਕਬਜ਼ਾ ਕਰ, ਸਿੱਖ ਫੌਜੀਆਂ ਨੂੰ ਦੁਨਿਆ ਭਰ ਵਿੱਚ ਬਹਾਦੁਰ ਦੱਸ, ਦੇਸ਼ ਤੋਂ ਬਾਹਰ ਲੜਾਈ ਲਈ ਵਰਤਿਆ, ਇਤਿਹਾਸ ਵਿੱਚ ਮਹਾਰਾਜਾ ਰਣਜੀਤ ਸਿੰਘ ਸਮੇਤ ਉਨ੍ਹਾਂ ਦੇ ਪਰਿਵਾਰ ਦੀ ਕਿਰਦਾਰ ਕੁਸ਼ੀ ਕੀਤੀ। ਗੁਰਦੁਆਰਾ ਕਮੇਟੀ ਨੂੰ ਵੀ ਧਰਮ ਪ੍ਰਚਾਰ ਤੋਂ ਦੂਰ ਰੱਖਿਆ। ਆਪਸ ਵਿੱਚ ਲੜਣ ਵਾਲੇ, ਸਿੱਖ ਧੜੇ ਖੜੇ ਕਰ ਦਿੱਤੇ। ਕੁੱਝ ਇਸਾਈ ਧਰਮ ਵਿੱਚ ਲੈ ਆਉਂਦੇ। ਗੁਰਦੁਆਰਾ ਸੁਧਾਰ ਲਹਿਰ ਦੇ ਆਗੂ, ਅੰਗਰੇਜ਼ ਵਿਰੋਧੀ ਕਾਂਗਰਸ ਦੀ ਝੋਲੀ ਪੈ ਆਜ਼ਾਦੀ ਦੀ ਲੜਾਈ ਵਿਚ ਲੱਗ ਗਏ। ਇਨ੍ਹਾਂ ਸਿੱਖ ਆਗੂਆਂ ਨੇ, ਬੱਚਿਆਂ ਲਈ ਵਿਦਿਅਕ ਅਦਾਰਿਆਂ ਨੂੰ ਖੋਲ੍ਹਣ ਵੱਲ ਕੋਈ ਧਿਆਨ ਨਹੀਂ ਦਿੱਤਾ। ਇਕਸਾਰ ਪੰਥਕ ਮਰਿਆਦਾ ਦਾ ਖਰੜਾ ਅੱਜ ਤੱਕ ਵੀ ਪ੍ਰਵਾਨ ਨਹੀਂ ਹੋਇਆ। ਸਿੱਖ ਇਤਿਹਾਸ ਵਿੱਚ ਰੋਲ ਘਚੋਲ ਦੂਰ ਕਰਨ ਕੋਈ ਪੰਥ ਪਰਵਾਨਿਤ ਪੁਸਤਕਾਂ ਛਪਾਉਣ ਦਾ ਕੋਈ ਉਪਰਾਲਾ ਨਹੀਂ ਹੋਇਆ। ਧਰਮ ਦਾ ਪ੍ਰਚਾਰ ਕਦੇ ਇਨ੍ਹਾਂ ਦੇ ਏਜੰਡੇ ਤੇ ਨਹੀਂ ਰਿਹਾ, ਨਾ ਅੱਜ ਹੀ ਨਜ਼ਰ ਆਉਂਦਾ ਹੈ।

ਆਜ਼ਾਦੀ ਤੋਂ ਬਾਅਦ ਲੜਾਈ ਪੰਜਾਬ ਵਿੱਚ ਰਾਜਸੀ ਕੁਰਸੀ ਲਈ ਸ਼ੁਰੂ ਹੋਈ ਸੀ। ਅੰਗਰੇਜ਼ਾਂ ਦੇ ਰਾਜ ਵਿੱਚ ਮੌਜਾਂ ਕਰਨ ਵਾਲੇ, ਹੁਣ ਕਾਂਗਰਸ ਦੀ ਮੁੱਛ ਦਾ ਬਾਲ ਬਣ, ਫੇਰ ਕੁਰਸੀ ਤੇ ਕਾਬਜ਼ ਹੋ ਗਏ। ਦੂਜੇ ਰਾਜਨੀਤਕ ਤਾਕਤ ਲੈਣ ਲਈ ਅੰਦੋਲਨ ਕਰਨ ਲੱਗ ਪਏ।

ਲੜਾਈ ਦੇ ਮੁੱਦੇ ਬਣਾਉਣੇ ਵੀ ਲਾਜ਼ਮੀ ਸਨ, ਇਸ ਲਈ ਸਿੱਖਾਂ ਦੇ ਮਨ ਵਿੱਚ ਡਰ, ਅਸੁਰੱਖਿਆ ਤੇ ਭੇਦਭਾਵ ਦੀ ਭਾਵਨਾ ਬਣੀ ਰਹੇ, ਵਾਰੇ ਨੀਤੀਆਂ ਬਣਾਈਆਂ ਜਾਣ ਲੱਗ ਪਈਆਂ ਤੇ ਮੋਰਚੇ ਲੱਗਦੇ ਆ ਰਹੇ ਹਨ। ਪਰ ਇਨ੍ਹਾਂ ਆਗੂਆਂ ਵੱਲੋਂ, ਰਾਜਨੀਤਕ ਸ਼ਕਤੀ ਮਿਲਣ ਤੇ ਕਦੇ ਇਸ ਭੇਦਭਾਵ ਜਾਂ ਡਰ ਨੂੰ ਦੂਰ ਕਰਨ ਦਾ ਯਤਨ ਨਹੀਂ ਹੋਇਆ।

ਬਾਕੀ ਹਿਸਾ ਸਫਾ 38 ਤੇ ਪੜ੍ਹੋ

### 37 ਸਫ਼ੇ ਦੀ ਬਾਕੀ

ਉਨ੍ਹਾਂ ਆਗੂਆਂ ਨੂੰ ਜਦੋਂ ਕੁਰਸੀ ਨਜ਼ਰ ਆਉਂਦੀ ਸੀ, ਤਾਂ ਕਾਂਗਰਸ ਵਿੱਚ ਕੋਈ ਖੋਟ ਨਜ਼ਰ ਨਹੀਂ ਆਉਂਦਾ ਰਿਹਾ। ਸਿੱਖ ਭਾਈਚਾਰੇ ਨੂੰ ਡਰਾਉਣ ਲਈ, ਹਿੰਦੂ ਮਹਾਸਭਾ ਜਾਂ ਭਾਰਤੀ ਜਨ ਸੰਘ ਪੰਜਾਬੀ ਤੇ ਪੰਜਾਬ ਦੇ ਦੁਸ਼ਮਣ ਪ੍ਰਚਾਰੇ ਗਏ। ਪਰ ਜਦੋਂ ਕੁਰਸੀ ਲਈ ਲੋੜ ਪਈ, ਤਾਂ ਜਨਸੰਘ ਜਾਂ ਭਾਰਤੀ ਜਨਤਾ ਪਾਰਟੀ ਤੋਂ ਕੋਈ ਹੋਰ ਚੰਗਾ ਨਹੀਂ ਹੁੰਦਾ ਰਿਹਾ ਹੈ।

ਜੇਕਰ ਕੁਰਸੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਦੇ ਦੋਸ਼ੀਆਂ ਨਾਲ ਹੱਥ ਮਲ਼ਾਉਣ ਨਾਲ ਮਿਲੇ ਤਾਂ ਕਿਸੇ ਇੱਕ ਨੇ ਵੀ ਪ੍ਰਹੇਜ ਨਹੀ ਕੀਤਾ ਨਾ ਕੋਈ ਹੁਕਮਨਾਮਾ ਯਾਦ ਰਿਹਾ। ਦਸ ਸਾਲ ਦੇ ਰਾਜ ਵਿੱਚ ਵੀ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਕੋਈ ਉੱਦਮ ਵੀ ਨਹੀਂ ਕੀਤਾ। ਫੇਰ ਦੁਸ਼ਮਣ ਕਿਸ ਨੂੰ ਆਖੋਗੇ ?

ਸਾਲ 1925 ਈ ਵਿੱਚ ਭਾਰਤ ਦੇ ਇਤਿਹਾਸ ਵਿੱਚ ਦੋ ਵੱਡੇ ਫੈਸਲੇ ਹੋਏ।

1920-25 ਤਕ ਦੇ ਗੁਰਦੁਆਰਾ ਸੁਧਾਰ ਲਹਿਰ ਸਮੇਂ ਵੱਡਿਆਂ ਕੁਰਬਾਨੀਆਂ ਦੇ ਕੇ ਸਿੱਖ ਗੁਰਦੁਆਰਾ ਐਕਟ ਰਾਹੀਂ ਉਸ ਵੇਲੇ ਦੇ ਵਡੇ ਪੰਜਾਬ ਦੇ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਸਿੱਖਾਂ ਵੱਲੋਂ ਚੁਣੀ ਜਮਾਤ ਰਾਹੀ ਪ੍ਰਾਪਤ ਕਰ ਲਿਆ। ਮਹਾਤਮਾ ਗਾਂਧੀ ਜੀ ਨੇ ਇਸ ਨੂੰ ਆਜ਼ਾਦੀ ਦੀ ਪਹਿਲੀ ਲੜਾਈ ਦੀ ਜਿੱਤ ਦੱਸ ਕੇ ਆਪਣੇ ਨਾਲ ਲਾ ਲਿਆ।

ਦੇਸ਼ ਦੀ ਆਜ਼ਾਦੀ ਦੀ ਲੜਾਈ ਰਾਜਨੀਤਕ ਸੀ, ਵੱਡੇ ਅਕਾਲੀ ਆਗੂ, ਧਰਮ ਦੇ ਪ੍ਰਚਾਰ, ਖੌਜ ਤੇ ਗੁਰੂ ਘਰਾਂ ਨੂੰ ਇਕ ਸੁਰਤਾ ਵਿੱਚ ਲਿਆਉਣ ਵਾਲਾ ਪੰਥਕ ਕੰਮ ਦੀ ਥਾਂ ਕਾਂਗਰਸ ਨਾਲ ਰਾਜਸੀ ਲੜਾਈ ਵੱਲ ਤੁਰ ਪਏ। ਅੰਗਰੇਜ਼ਾਂ ਦਾ ਰਾਜੇ ਰਾਜਵਾੜੇ ਤੇ ਸਰਦਾਰਾਂ ਦਾ ਧੜਾ ਆਰਥਿਕ ਤੇ ਸਿਆਸੀ ਰੂਪ ਵਿੱਚ ਤਕੜਾ ਸੀ। ਗੁਰਦੁਆਰਿਆਂ ਤੇ ਕਾਬਜ਼ ਆਗੂਆਂ ਨੂੰ ਰਾਜਨੀਤਕ ਸ਼ਕਤੀ ਤੋ ਅੰਗਰੇਜ਼ ਪ੍ਰਸਤ ਖਾਲਸਾ ਨੈਸ਼ਨਲ ਪਾਰਟੀ ਨੇ ਦੂਰ ਰਖਿਆ ਅਤੇ ਧਰਮ ਪ੍ਰਚਾਰ ਇਨ੍ਹਾਂ ਆਪ ਅਣਗੋਲਿਆ ਕਰ ਦਿੱਤਾ।

ਦੂਜੀ ਘਟਨਾ ਡਾਕਟਰ ਕੇਸ਼ਵ ਰਾਵ ਬਲੀਰਾਮ ਹੈਡਗਵੈਅਰ, ਜੋ ਉਦੋਂ ਤੱਕ ਆਪ ਦੇਸ਼ ਦੀ ਅਜ਼ਾਦੀ ਲਈ ਕਾਂਗਰਸ ਨਾਲ ਸਨ, ਵਲੋਂ ਸਰਗਰਮ ਸਿਆਸਤ ਤੋਂ ਕਿਨਾਰਾ ਕਰ ਰਾਸ਼ਟਰ ਲਈ ਸਮਰਪਿਤ ਸੰਸਥਾ ਬਿਨਾਂ, ਕਿੱਸੀ ਆਰਥਿਕ ਮਦਦ ਤੇ ਦੁਸਹਿਰਾ ਵਾਲੇ ਦਿਨ 1925 ਵਿੱਚ ਨਾਗਪੁਰ ਵਿਖੇ ਦੀ ਸਥਾਪਨਾ ਸੀ। ਅੱਜ ਇਹ ਸੰਸਥਾ ਰਾਸ਼ਟਰੀਆ ਸਵਯੰ ਸੇਵਕ ਸੰਘ ਦੇ ਨਾਂ ਹੇਠ ਦੁਨੀਆ ਦੀ ਵੱਡੀ ਸਮਾਜ ਸੇਵਕ ਸੰਸਥਾ ਬਣ ਚੁੱਕੀ ਹੈ। ਸੰਸਥਾ ਵੱਲੋਂ ਪੂਰੇ ਦੇਸ ਵਿੱਚ ਵਿੱਦਿਅਕ ਅਦਾਰੇ ਸਥਾਪਿਤ ਕਰ ਸਸਤੀ ਅਤੇ ਆਧੁਨਿਕ ਸਿੱਖਿਆ ਦਿੱਤੀ ਜਾ ਰਹੀ ਹੈ। ਖੇਡਾਂ ਨੂੰ ਉਤਸ਼ਾਹਤ ਕਰਨਾ ਇਕ ਦੇਸ਼ ਪ੍ਰੇਮੀ ਵਰਗ ਸਥਾਪਿਤ ਕਰਨ ਲਈ ਵਚਨਬੱਧ ਹੈ। ਕਿਸੇ ਨਾਲ ਬੇਲੋੜਾ ਵਿਵਾਦ ਨਾ ਹੋਵੇ ਸੰਗਠਨ ਇਹ ਵੀ ਯਕੀਨੀ ਬਣਾਉਣਾ ਹੈ।

ਭਾਰਤ ਦੀ ਧਰਤੀ ਦਾ ਹਰ ਮਹਾਨ ਸਪੂਤ ਤੇ ਸਪੁੱਤਰੀਆਂ ਦਾ ਉਹ ਸਨਮਾਨ ਕਰਦੇ ਹਨ ਜਿਨ੍ਹਾਂ ਵਿੱਚ ਸਿੱਖ ਗੁਰੂ ਸਾਹਿਬਾਨ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵੀ ਸ਼ਾਮਿਲ ਹਨ। ਭਾਰਤ ਦੇ ਉੱਚ ਰਾਜਨੀਤਕ ਆਗੂ, ਸਮਾਜ ਸੇਵੀ ਵਝੋਂ ਇਸ ਸੰਸਥਾ ਦੇ ਮੈਂਬਰ ਰਹੇ ਹਨ। ਸਿੱਖ ਕੌਮ ਨੂੰ ਵੱਖਰਾ ਧਰਮ ਤੇ ਪੰਥ ਵੀ ਮੰਨਦੇ ਹਨ।

ਗੁਰੂ ਕਾਲ ਤੋਂ ਹੀ ਨਿਰਮਲ ਪੰਥ ਖਾਲਸਾ ਵਖਰੀ ਹੋਂਦ ਰੱਖਦਾ ਹੈ, ਭਾਰਤ ਦਾ ਸੰਵਿਧਾਨ ਵੀ ਸਿੱਖ ਕੌਮ ਨੂੰ ਅਲੱਗ ਧਰਮ ਦੇ ਰੂਪ ਵਿੱਚ ਮਾਨਤਾ ਦਿੰਦਾ ਹੈ। ਫੇਰ ਇਸ ਬਾਰੇ ਵਿਵਾਦ ਤੇ ਡਰ ਕਿਉਂ ਖੜਾ ਕੀਤਾ ਜਾ ਰਿਹਾ ਹੈ ਤੇ ਸਰਟੀਫਿਕੇਟ ਕਿਸ ਤੋ ਲੈਣਾ ਹੈ ?

ਜੇਕਰ ਕੋਈ ਵਿਵਾਦ ਜਾਂ ਵਿਚਾਰਧਾਰਕ ਵਿੱਚ ਵੱਖਰੇਵਾ ਹੋਵੇ ਤਾਂ ਹੱਲ ਲਈ ਗੱਲਬਾਤ ਹੀ ਉੱਤਮ ਮਾਰਗ ਹੈ, ਪਰ ਤਾਂ ਜੇਕਰ ਕੋਈ ਮਸਲਾ ਹੱਲ ਕਰਨਾ ਚਾਹੁੰਦਾ ਹੋਵੇ , ਨੀਤੀ ਤਾਂ ਡਰ ਖੜਾ ਕਰਨ ਦੀ ਹੈ, ਜਿਸ ਨਾਲ ਸਿੱਖ ਭਾਵਨਾਵਾਂ ਭੜਕਣ।

ਸਿੱਖ ਰਾਜਨੀਤੀ ਦੀ ਇਹ ਤ੍ਰਾਸਦੀ ਰਹੀ ਹੈ ਕਿ ਸਿੱਖ ਭਾਵਨਾਵਾਂ ਭੜਕਾਉਣ ਲਈ ਮੁੱਦੇ ਬਣਾਏ ਤੇ ਉਠਾਏ ਜਾਂਦੇ ਹਨ, ਪਰ ਹਲ ਕਰਨ ਦਾ ਯਤਨ ਕੋਈ ਨਹੀਂ ਕਰਦਾ। ਕਰੀਬ 78 ਸਾਲ ਤੋਂ ਸਿੱਖ ਕੌਮ ਨਾਲ ਇਹ ਹੋ ਰਿਹਾ ਹੈ।

ਅੱਜ ਧਰਮ ਪਰਿਵਰਤਨ ਪੰਜਾਬ ਵਿੱਚ ਸਿੱਖ ਨੂੰ ਸਿਉਂਕ ਬਣ ਖੌਰਾ ਲਾ ਰਿਹਾ ਹੈ। ਮੂਲ ਰੂਪ ਵਿੱਚ ਸਿੱਖ ਧਰਮ ਦੇਵਤਿਆਂ ਦਾ ਧਰਮ ਹੈ, ਇਹ ਇੱਕ ਉੱਤਮ ਜੀਵਨ ਫ਼ਲਸਫ਼ਾ ਹੈ, ਆਪਣਿਆਂ ਨੂੰ ਇਸ ਵਾਰੇ ਜਾਗਰੂਕ ਕਰਨਾ ਤੇ ਦੂਜਿਆਂ ਤੱਕ ਇਸ ਨੂੰ ਲੈ ਕੇ ਜਾਣ, ਦਾ ਉੱਦਮ ਕਰਨਾ ਜਰੂਰੀ ਹੈ। ਬਿਨਾਂ ਤੱਥਾਂ ਦੇ ਵਿਵਾਦ ਖੜੇ ਕਰਨੇ ਕੋਈ ਯੋਗ ਨੀਤੀ ਨਹੀ ਹੁੰਦੀ ਹੈ।

ਭਾਇਆ ਈਸ਼ਰ ਸਿੰਘ ਗੱਦੀ ਇਹ ਵਿਅੰਗਮਈ ਕਵਿਤਾ ਸਿੱਖਾਂ ਨੂੰ ਆਪਣੇ ਡਰਾ ਕੇ ਦੂਰ ਕਰਨ ਵਾਲਿਆਂ ਤੇ ਪੂਰੀ ਢੁੱਕਦੀ ਹੈ

ਕਿਸੇ ਪਾਈ ਸਾੜ੍ਹੀ ਤਾਂ ਮਜ੍ਹਬ ਨੂੰ ਖਤਰਾ।
ਕਿਸੇ ਬੰਨ੍ਹੀ ਦਾਹੜ੍ਹੀ, ਤਾਂ ਮਜ੍ਹਬ ਨੂੰ ਖਤਰਾ।
ਕਿਸੇ ਇੱਟ ਉਖਾੜੀ ਤਾਂ ਮਜ੍ਹਬ ਨੂੰ ਖਤਰਾ
ਕਿਤੇ ਵੱਜੀ ਤਾੜੀ ਤਾਂ ਮਜ੍ਹਬ ਨੂੰ ਖਤਰਾ।
ਇਹ ਮਜਹਬ ਨਾ ਹੋਇਆ ਹੋਈ ਮੋਮਬਤੀ।
ਪਿਘਲ ਗਈ ਫੋਰਨ ਲੱਗੀ ਧੁੱਪ ਤੱਤੀ।

ਫੇਰ ਉਹ ਸੁਚੇਤ ਵੀ ਕਰਦਾ ਹੈ ਕਿ ਅਸਲ ਦੋਸ਼ੀ ਉਹ ਹਨ ਜੋ ਧਰਮ ਦੇ ਭੇਖ ਵਿਚ ਲੋਕਾਂ ਦੀ ਆਸਥਾ ਤੇ ਮਨ ਤੋੜਦੇ ਹਨ ?

ਟੁੱਟੇ ਮਨ ਬਲੌਰੀ, ਨਾ ਮਜ੍ਹਬ ਨੂੰ ਖਤਰਾ।
ਕਰੇ ਰੋਜ ਚੋਰੀ ਨਾ ਮਜ੍ਹਬ ਨੂੰ ਖਤਰਾ।
ਕਰੇ ਸੀਨਾ ਜੋਰੀ, ਨਾ ਮਜ੍ਹਬ ਨੂੰ ਖਤਰਾ।

ਕੌਮਾਂ ਦੀ ਅਗਵਾਈ ਲਈ, ਨੇਤਾ, ਨੀਯਤ ਤੇ ਨੀਤੀ ਹੋਣੀ ਚਾਹੀਦੀ ਹੈ, ਪਰ ਮਹਾਰਾਜਾ ਰਣਜੀਤ ਸਿੰਘ ਤੋਂ ਵਾਦ ਵੀ ਮਹਾਰਾਜਾ ਰਣਜੀਤ ਸਿੰਘ ਵਰਗਾ ਚੰਗਾ ਨੀਤੀਵਾਨ ਤੇ ਗੁਰੂ ਨੂੰ ਸਮਰਪਿਤ ਆਗੂ ਨਹੀਂ ਮਿਲਿਆ ਤੇ ਸਿੱਖ ਆਪਣੀ ਬੁਹ ਗਿਣਤੀ ਵਾਲੇ ਰਾਜ ਨੂੰ ਖੁਸ਼ਹਾਲ ਨਹੀਂ ਬਣਾ ਸਕੇ।

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਇਸ ਲਈ ਅੰਦਰ ਝਾਤੀ ਮਾਰਨੀ ਬਣਦੀ ਹੈ, ਚੰਗੇ ਲੋਕਾਂ ਦੀ ਘਾਟ ਨਹੀਂ, ਉਨ੍ਹਾਂ ਨੂੰ ਪੰਜਾਬ ਤੇ ਪੰਥ ਹਿਤ ਅੱਗੇ ਵਧਣ ਦੀ ਲੋੜ ਹੈ। ਅੱਜ ਦੀ ਭਾਰਤ ਸਰਕਾਰ ਸਿੱਖ ਕੌਮ ਪ੍ਰਤੀ ਹਮਦਰਦੀ ਹੀ ਨਹੀਂ ਰੱਖਦੀ ਬਲਕਿ ਸਭ ਸਮੱਸਿਆਵਾਂ ਦਾ ਹੱਲ ਲੱਭ ਕੇ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਮਦਦ ਵੀ ਕਰ ਰਹੀ ਹੈ, ਸ਼ੁੱਭਚਿੰਤਕ ਤੇ ਇੱਜ਼ਤ ਕਰਨ ਵਾਲੀ ਹਮੇਸ਼ਾ ਸਨਮਾਨ ਦਾ ਪਾਤਰ ਹੁੰਦਾ ਹੈ। ਨੀਤੀ ਮਦਦ ਪ੍ਰਾਪਤ ਕਰਨ ਦੀ ਚਾਹੀਦੀ ਹੈ। ਸਿੱਖ ਧਰਮ ਨੂੰ ਭਾਰਤ ਵਿੱਚ ਕੋਈ ਖ਼ਤਰਾ ਨਹੀਂ ਲੋੜ ਇਮਾਨਦਾਰ ਤੇ ਚੰਗੀ ਸੋਚ ਵਾਲੀ ਅਗਵਾਈ ਦੀ ਹੈ।

ਚੇਅਰਮੈਨ ਕੌਮੀ ਘੱਟ ਗਿਣਤੀ ਕਮਿਸ਼ਨ
ਭਾਰਤ ਸਰਕਾਰ

# ★ ਮਿੰਨੀ ਕਹਾਣੀਆਂ ★

## ਪੀੜ

ਦੀਪ ਹੋ ਰਹੀ ਪੀੜ ਨਾਲ ਤੜਪ ਰਹੀ ਸੀ, ਉਹ ਰਸੋਈ ਵਿੱਚ ਖੜ੍ਹੀ ਰੋਟੀ ਬਣਾ ਰਹੀ ਪੀੜ ਨਾਂ ਮਹਿਸੂਸ ਕਰਦੇ ਹੋਏ ਜ਼ਿੰਦਗੀ ਦੇ ਤਾਣੇ ਬਾਣੇ ਬੁਣ ਰਹੀ ਸੀ ਤੇ ਹਾਲ ਵਿੱਚ ਬੈਠੀ ਸੱਸ ਤੇ ਪਤੀ ਤੇ ਇਸ ਸਭ ਦਾ ਕੋਈ ਅਸਰ ਨਹੀਂ ਹੋ ਰਿਹਾ ਸੀ! ਉਹ ਉਸਦੇ ਦਰਦ ਨੂੰ ਅਣਦੇਖਾ ਕਰਦੇ ਹੋਏ ਅਪਣੀਆ ਗਲਾਂ ਵਿੱਚ ਮਗਨ ਸਨ! ਕੁੱਛ ਦਿਨ ਪਹਿਲੇ ਕੰਮ ਕਰਦੇ ਸਮੇਂ ਉਸ ਨੂੰ ਸੱਟ ਲਗ ਗਈ ਸੀ ਪਰ ਉਸਦੇ ਬਾਵਜੂਦ ਵੀ ਉਸਨੂੰ ਘਰ ਤੇ ਆਪਣੇ ਬਾਹਰੀ ਕੰਮਾਂ ਨੂੰ ਬੈਲੰਸ ਕਰਨਾ ਪੈ ਰਿਹਾ ਸੀ, ਕਿਉਂਕਿ ਉਸਦੇ ਸਿਰ ਤੇ ਬੱਚੇ ਦੇ ਭਵਿੱਖ ਦੀ ਜਿੰਮੇਵਾਰੀ ਸੀ,ਉਸਦੇ ਬਾਰ ਬਾਰ ਦੱਸਣ ਤੇ ਕੇ ਡਾਕਟਰ ਦੇ ਕਹਿਣ ਮੁਤਾਬਿਕ ਉਸਦੇ ਸੱਟ ਜ਼ਿਆਦਾ ਲਗੀ ਹੈ ਤੇ ਉਸਨੂੰ ਕੁੱਛ ਦਿਨ ਲਈ ਰੈਸਟ ਦੀ ਲੋੜ ਹੈ, ਉਸਦੀ ਇਸ ਗੱਲ ਵੱਲ ਕਿਸੇ ਦਾ ਕੋਈ ਧਿਆਨ ਨਹੀਂ ਸੀ, ਤੇ ਦੀਪ ਵੀ ਇਸ ਸਭ ਨੂੰ ਭੁੱਲ ਕੇ ਤੇ ਦਰਦ ਨੂੰ ਪੀ ਅਤੇ ਸਹਿ ਕੇ ਆਪਣੇ ਕੰਮਾਂ ਵਿਚ ਲੱਗੀ ਰਹਿੰਦੀ!

ਜਦ ਵੀ ਉਸ ਨਾਲ ਸਹੁਰੇ ਘਰ ਵਿੱਚ ਵਧੀਕੀ ਹੁੰਦੀ ਤਦ ਉਸ ਨੂੰ ਵੀਰ ਦੇ ਤੁਰ ਜਾਨ ਦਾ ਦੁੱਖ ਹੋਰ ਵੀ ਗਹਿਰਾ ਹੁੰਦਾ ਦਿਖਾਈ ਦਿੰਦਾ, ਕਿਉਂਕਿ ਉਸ ਦੇ ਜੀਂਦੇ ਉਹ ਏਨਾ ਸਭ ਗੱਲਾਂ ਦੀ ਪ੍ਰਵਾਹ ਨਹੀਂ ਕਰਦੀ ਸੀ, ਕਿਉਂਕਿ ਉਸਦਾ ਵੀਰ ਹਮੇਸ਼ਾਂ ਉਸਦੇ ਦਰਦ ਵੰਡਾਉਣ ਲਈ ਖੜ੍ਹਾ ਰਹਿੰਦਾ ਸੀ, ਤੇ ਹੁਣ ਉਸ ਨੂੰ ਆਪਣੇ ਦਰਦਾਂ ਨੂੰ ਪੀਣ ਦੀ ਆਦਤ ਪੈ ਗਈ ਸੀ ਕਿਉਂਕਿ ਉਹ ਆਪਣੇ ਮਾਂ ਬਾਪ ਨੂੰ ਆਪਣੇ ਦੁੱਖ ਦੱਸ ਕੇ ਹੋਰ ਦੁੱਖੀ ਨਹੀਂ ਕਰਨਾ ਚਾਹੁੰਦੀ ਸੀ ਕਿਉਂਕਿ ਉਹ ਪਹਿਲੇ ਹੀ ਜਵਾਨ ਪੁੱਤ ਦੇ ਜਾਣ ਦਾ ਦਰਦ ਸਹਿ ਰਹੇ ਸੀ! ਦੀਪ ਇਹਨਾਂ ਗਮਾਂ ਵਿੱਚ ਉਲਝੀ ਪਈ ਦਾ ਅਚਾਨਕ ਹੱਥ ਗ਼ਰਮ ਤਵੇ ਨੂੰ ਲਗ ਜਾਨ ਕਰਕੇ ਚੀਕ ਨਿਕਲ ਗਈ ਤਾ ਸੱਸ ਨੇ ਉੱਥੇ ਬੈਠੇ ਹੋਏ ਹੀ ਪੁੱਛਿਆ ਕੇ ਕੀ ਹੋਇਆ, ਦੀਪ ਦਾ ਇਹ ਕਹਿਣਾ ਕੇ ਹੱਥ ਜਲ ਗਿਆ ਤੇ ਸੱਸ ਦਾ ਅੱਗੋਂ ਇਹ ਕਹਿਣਾ ਕੇ ਧਿਆਨ ਨਾਲ ਕੰਮ ਨੀ ਹੁੰਦਾ ਇਹਦੇ ਕੋਲੋਂ ਉਸ ਨੂੰ ਉਸ ਦਰਦ ਨਾਲੋਂ ਜਿਆਦਾ ਦਰਦ ਦੇ ਗਿਆ! ਫਿਰ ਉਹ ਆਪਣੇ ਦਰਦ ਨੂੰ ਪੀਂਦੇ ਹੋਏ ਕੰਮ ਵਿੱਚ ਰੁੱਝ ਗਈ.....!

ਇਹ ਕੀ ਅਚਾਨਕ ਕਿਸੇ ਦਾ ਫੋਨ ਆਉਣ ਤੇ ਸੱਸ ਇੱਕ ਦਮ ਰੋਣ ਲਗ ਪਈ ਤੇ ਪੁੱਤ ਨੂੰ ਜਲਦੀ ਤਿਆਰ ਹੋ ਜਾਣ ਲਈ ਕਹਿਣ ਲੱਗੀ , ਦੀਪ ਵੀ ਇੱਕ ਦਮ ਘਬਰਾ ਗਈ ਕੇ ਸੁੱਖ ਹੋਵੇ ਇਕਦਮ ਕਿਸਦਾ ਫੋਨ ਆਇਆ ਤੇ ਕੀ ਹੋ ਗਿਆ ਉਸਦੇ ਕੋਈ ਸਮਝ ਨਹੀਂ ਆਈ, ਤੇ ਉਸਦੇ ਬਾਰ ਬਾਰ ਪੁੱਛਣ ਤੇ ਵੀ ਸੱਸ ਨੇ ਜਦ ਕੋਈ ਜਵਾਬ ਨਹੀਂ ਦਿੱਤਾ ਤੇ ਪੁੱਤ ਨੂੰ ਲੈ ਕੇ ਜਲਦੀ ਜਲਦੀ ਗੱਡੀ ਵਿੱਚ ਬੈਠ ਗਈ !ਦੀਪ ਬਹੁਤ ਡਰ ਗਈ ਸੀ ਕੇ ਅਚਾਨਕ ਕੀ ਹੋ ਗਿਆ ਮੁੜਦੀ ਨੇ ਦੇਖਿਆ ਕੇ ਸੱਸ ਕਾਹਲੀ ਵਿੱਚ ਫੋਨ ਘਰ ਹੀ ਛੱਡ ਗਈ ਸੀ, ਉਸਨੇ ਫੋਨ ਚੁਕਿਆ ਤੇ ਝੱਟ ਉਸ ਨੰ ਤੇ ਕਾਲ ਲਾ ਲਈ ਜਿਥੋਂ ਫੋਨ ਆਇਆ ਸੀ, ਫੋਨ ਨਣਾਨ ਨੇ ਚੁਕਿਆ ਤੇ ਦੀਪ ਦੇ ਪੁੱਛਣ ਤੇ ਉਸ ਨੇ ਦੱਸਿਆ ਕੇ ਗ਼ਰਮੀ ਬਹੁਤ ਹੈ ਤੇ ਲਾਈਟ ਬੰਦ ਹੋਣ ਕਰਕੇ ਏਸੀ ਨਹੀਂ ਚੱਲ ਰਿਹਾ ਸੀ ਜਿਸ ਕਾਰਨ ਮੈਨੂੰ ਥੋੜੀ ਘਬਰਾਹਟ ਹੋ ਰਹੀ ਸੀ ਤੇ ਮੈਂ ਮੰਮੀ ਨੂੰ ਕਾਲ ਲਾ ਲਈ ਇਹ ਸਭ ਸੁਣ ਕੇ ਦੀਪ ਇਕਦਮ ਸੁੰਨ ਹੋ ਗਈ, ਉਸਦੀ ਗੱਲ ਸੁਣਕੇ ਦੀਪ ਨੇ ਸਿਰਫ ਇੰਨਾ ਹੀ ਕਿਹਾ , " ਅੱਛਾ ! ਤੇ ਫੋਨ ਕਟ ਦਿੱਤਾ, ਅਆਪਣੀ ਨਣਾਨ ਦੇ ਇਹ ਬੋਲ ਸੁਣਕੇ ਉਸਦੀ ਪੀੜ ਦੁੱਗਣੀ ਹੋ ਚੁੱਕੀ ਸੀ..!

ਅਮਨ ਢਿੱਲੋਂ ਕਸੇਲ

## ਜ਼ਮਾਨਾ ਬਦਲ ਗਿਆ

ਜੱਗਰ ਫੌਜੀ ਨੇ ਆਪਣੇ ਮੁੰਡੇ ਦਾ ਰਿਸ਼ਤਾ ਲੈਣ ਦੀ ਘੇਸਲ ਵੱਟੀ ਰੱਖੀ। ਉਸ ਦਾ ਵਿਚਾਰ ਸੀ ਕਿ ਜਿੰਨਾ ਲੇਟ ਰਿਸ਼ਤਾ ਲਵਾਂਗੇ ਓਨਾ ਹੀ ਦਹੇਜ ਵੱਧ ਮਿਲੇਗਾ। ਪਰ ਹੋ ਗਿਆ ਇਸ ਦੇ ਬਿਲਕੁਲ ਉਲਟ, ਮੁੰਡਾ ਆਪਣੇ ਵਿਆਹ ਦੀ ਉਮਰ ਟਪਾ ਬੈਠਾ। ਜਿਹੜੇ ਰਿਸ਼ਤਾ ਕਰਵਾਉਣ ਵਾਲੇ ਪਹਿਲਾਂ ਅੱਗੇ-ਪਿੱਛੇ ਫਿਰਦੇ ਰਹਿੰਦੇ ਸਨ ਹੁਣ ਸਭ ਪਾਸਾ ਵੱਟ ਗਏ। ਜੱਗਰ ਆਪ ਕਿਸੇ ਨੂੰ ਆਨੀਂ-ਬਹਾਨੀਂ ਰਿਸ਼ਤਾ ਲਿਆਉਣ ਲਈ ਕਹਿੰਦਾ। ਜੇ ਕੋਈ ਭੁੱਲਿਆ ਭਟਕਿਆ ਆ ਵੀ ਜਾਂਦਾ, ਉਹ ਮੁੰਡੇ ਦੀ ਉਮਰ ਵੇਖ ਕੇ ਤਿੜਕ ਜਾਂਦਾ। ਇਕ ਦਿਨ ਅਖ਼ਬਾਰ ਪੜ੍ਹਦੇ ਫੌਜੀ ਦੀ ਨਜ਼ਰ ਇਕ ਇਸ਼ਤਿਹਾਰ ਉੱਪਰ ਆ ਕੇ ਅਟਕ ਗਈ। ਲਿਖਿਆ ਸੀ, 'ਪੜ੍ਹੀ-ਲਿਖੀ, ਸੋਹਣੀ ਮੁਟਿਆਰ ਲਈ ਵਰ ਚਾਹੀਦੈ, ਚੰਗੀ ਜਾਇਦਾਦ ਵਾਲੇ ਫੋਟੋ ਸਮੇਤ ਮਿਲਣ।'

ਜੱਗਰ ਦੇ ਅੰਦਰ ਲੁਕਵੀਂ ਖੁਸ਼ੀ ਦੌੜ ਗਈ। ਉਹ ਬੁੱਲ੍ਹਾਂ ਵਿਚ ਮੁਸਕਰਾਇਆ। ਅਗਲੇ ਦਿਨ ਫੋਟੋ ਸਮੇਤ ਦਿੱਤੇ ਪਤੇ 'ਤੇ ਜਾ ਪਹੁੰਚਿਆ। ਦੋਵੇਂ ਪਰਿਵਾਰਾਂ ਦੇ ਸਭ ਕੁਝ ਫਿੱਟ ਆ ਗਿਆ। ਅਖੀਰ ਫੌਜੀ ਨੇ ਦਿਲ ਵਿਚ ਦੱਬੀ ਗੱਲ ਵੀ ਕਹਿ ਦਿੱਤੀ, 'ਹਾਂ ਜੀ, ਲੈਣ-ਦੇਣ ਦੱਸੋ ਫਿਰ।'


'ਹਾਂ, ਇਹ ਤਾਂ ਜ਼ਰੂਰੀ ਐ, ਤੁਸੀਂ ਐਂ ਕਰੋ ਫਿਰ ਜਿਹੜੇ ਪੈਲੇਸ ਵਿਚ ਬਰਾਤ ਲੈ ਕੇ ਆਉਂਗੇ ਉਸ ਪੈਲੇਸ ਦਾ ਚਾਹ-ਪਾਣੀ ਦਾ ਖਰਚ ਓਟ ਲਓ, ਬਾਕੀ ਸਭ ਸਾਡੇ ਜ਼ਿੰਮੇ ਛੱਡ ਦਿਓ।' ਕੁੜੀ ਦੇ ਪਿਤਾ ਨੇ ਜੱਗਰ ਫੌਜੀ ਨੂੰ ਸਮਝਾਉਂਦਿਆਂ ਕਿਹਾ।

'ਹੈਂ, ਅਸੀਂ ਓਟੀਏ!' ਫੌਜੀ ਦੀਆਂ ਹੈਰਾਨੀ ਵਿਚ ਅੱਖਾਂ ਟੱਡੀਆਂ ਗਈਆਂ।

'ਭਾਈ ਸਾਹਿਬ, ਹੁਣ ਉਹ ਜ਼ਮਾਨਾ ਨੀਂ ਰਿਹਾ ਪਹਿਲਾਂ ਆਲਾ, ਆਹ ਦੇਖੋ ਅਖ਼ਬਾਰ।' ਕੁੜੀ ਦੇ ਪਿਤਾ ਨੇ ਅਖ਼ਬਾਰ ਜੱਗਰ ਅੱਗੇ ਕਰ ਦਿੱਤਾ, 'ਹਰ ਰੋਜ਼ ਇਨ੍ਹਾਂ 'ਚ ਸਰਵੇਖਣ ਆਉਂਦੇ ਨੇ ਕੁੜੀਆਂ ਦੀ ਗਿਣਤੀ ਵੱਡੇ ਪੱਧਰ 'ਤੇ ਘਟ ਰਹੀ ਐ, ਜੇ ਸਾਲ-ਛੇ ਮਹੀਨੇ ਹੋਰ ਨੀਂ ਕਰੋਂਗੇ ਤਾਂ ਕੁੜੀਆਂ ਦਾ ਭਾਅ ਵਧੂਗਾ ਈ, ਘਟਦਾ ਨੀਂ।' ਪਹਿਲਾਂ ਕੁਝ ਚਿਰ ਬੈਠਾ ਜੱਗਰ ਫ਼ੌਜੀ ਸੋਚਦਾ ਰਿਹਾ। ਫਿਰ ਉਨ੍ਹਾਂ ਨੂੰ 'ਹਾਂ' ਕਰਕੇ ਵਾਪਸ ਮੁੜ ਆਇਆ। ਅੱਜ ਉਸ ਨੇ ਵੀ ਬਦਲੇ ਜ਼ਮਾਨੇ ਨਾਲ ਸਮਝੌਤਾ ਕਰ ਲਿਆ ਲਗਦਾ ਸੀ।

-ਪ੍ਰਗਟ ਸਿੰਘ ਸਤੌਜ

# ਸਿਹਤ ਤੇ ਸੁੰਦਰਤਾ



## ਮਲਾਈ ਦੇ ਸੇਵਨ ਨਾਲ ਸਿਹਤ ਨੂੰ ਹੋਣਗੇ ਅਨੇਕਾਂ ਲਾਭ

ਦੁੱਧ ਤੋਂ ਤਿਆਰ ਹੋਣ ਵਾਲੀ ਮਲਾਈ ਸਿਹਤ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਮਲਾਈ ਖਾਣ ਨਾਲ ਕਈ ਸਿਹਤ ਲਾਭ ਹੁੰਦੇ ਹਨ। ਬਹੁਤ ਸਾਰੇ ਲੋਕ ਮਲਾਈ ਨਾਲ ਭਰੇ ਦੁੱਧ ਦੀ ਉਪਰਲੀ ਪਰਤ ਨੂੰ ਚਰਬੀ ਸਮਝਦੇ। ਮਲਾਈ 'ਚ ਬਹੁਤ ਸਾਰੇ ਪੌਸ਼ਟਿਕ ਤੱਤ ਹੁੰਦੇ ਹਨ, ਜੋ ਪੂਰੇ ਸਿਹਤ ਲਾਭ ਪ੍ਰਦਾਨ ਕਰਦੇ ਹਨ।



ਇਸ ਵਿਚ ਵਿਟਾਮਿਨ ਏ, ਡੀ ਅਤੇ ਈ ਵਰਗੇ ਵਿਟਾਮਿਨ ਹੁੰਦੇ ਹਨ, ਜੋ ਸਿਹਤਮੰਦ ਨੂੰ ਕਈ ਤਰ੍ਹਾਂ ਦੇ ਲਾਭ ਪ੍ਰਦਾਨ ਕਰਦੇ ਹਨ, ਹੱਡੀਆਂ ਨੂੰ ਮਜ਼ਬੂਤ ਕਰਦੇ ਹਨ ਅਤੇ ਇਮਿਊਨਿਟੀ ਵਧਾਉਣ ਦਾ ਕੰਮ ਵੀ ਕਰਦੇ ਹਨ। ਮਲਾਈ ਕੈਲਸ਼ੀਅਮ, ਪੋਟਾਸ਼ੀਅਮ ਅਤੇ ਮੈਗਨੀਸ਼ੀਅਮ ਵਰਗੇ ਮਹੱਤਵਪੂਰਨ ਖਣਿਜਾਂ ਦਾ ਵੀ ਵਧੀਆ ਸਰੋਤ ਹੈ, ਜੋ ਸਰੀਰ ਨੂੰ ਸਿਹਤਮੰਦ ਅਤੇ ਕਿਰਿਆਸ਼ੀਲ ਰੱਖਣ ਵਿਚ ਮਦਦ ਕਰਦੇ ਹਨ।

ਮਲਾਈ ਵਿੱਚ ਕੈਲਸ਼ੀਅਮ ਹੁੰਦਾ ਹੈ ਜੋ ਹੱਡੀਆਂ ਅਤੇ ਦੰਦਾਂ ਨੂੰ ਮਜ਼ਬੂਤ ਬਣਾਉਂਦਾ ਹੈ। ਇਸ ਤੋਂ ਇਲਾਵਾ ਮਲਾਈ, ਜੋ ਕਿ ਚਰਬੀ ਅਤੇ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦੀ ਹੈ ਜੋ ਸਰੀਰ ਨੂੰ ਉਰਜਾਵਾਨ ਰੱਖਦੀ ਹੈ।

ਮਲਾਈ ਵਿੱਚ ਪ੍ਰੋਟੀਨ ਅਤੇ ਚਰਬੀ ਹੁੰਦੀ ਹੈ ਜੋ ਮਾਸਪੇਸ਼ੀਆਂ ਦੀ ਮਜ਼ਬੂਤੀ ਵਿੱਚ ਮਦਦ ਕਰਦੀ ਹੈ। ਮਲਾਈ ਤਵਚਾ ਨੂੰ ਨਮੀ ਪ੍ਰਦਾਨ ਕਰਦੀ ਹੈ। ਇਸ ਲਈ ਇਸ ਨੂੰ ਚਿਹਰੇ ਉੱਤੇ ਲਗਾਇਆ ਜਾ ਸਕਦਾ ਹੈ। ਇਹ ਇੱਕ ਕੁਦਰਤੀ ਕਰੀਮ ਹੈ ਜਿਸ ਨਾਲ ਚਿਹਰੇ ਉੱਤੇ ਚਮਕ ਆਉਂਦੀ ਹੈ।


ਸੀਰੀਜ਼ ਵਾਲਾ ਇਹ ਕਮਾਲ ਦੀ ਫੀਚਰ ਚਿਹਰੇ 'ਤੇ ਲਗਾਉਣ ਤੋਂ ਇਲਾਵਾ ਮਲਾਈ ਖਾਣ ਨਾਲ ਵੀ ਚਮੜੀ ਨੂੰ ਕਈ ਫਾਇਦੇ ਹੁੰਦੇ ਹਨ। ਮਲਾਈ ਵਿਚ ਮੌਜੂਦ ਸਿਹਤਮੰਦ ਚਰਬੀ ਅਤੇ ਪ੍ਰੋਟੀਨ ਚਮੜੀ ਨੂੰ ਪੋਸ਼ਣ ਦਿੰਦੇ ਹਨ ਅਤੇ ਇਸ ਨੂੰ ਨਰਮ ਅਤੇ ਚਮਕਦਾਰ ਬਣਾਉਂਦੇ ਹਨ।

## ਕਿਡਨੀ ਨੂੰ ਸਿਹਤਮੰਦ ਰਖਦੇ ਨੇ ਇਹ 9 ਫੂਡਜ਼

ਕਿਡਨੀ ਸਾਡੇ ਸਰੀਰ ਦਾ ਇੱਕ ਮਹੱਤਵਪੂਰਨ ਅੰਗ ਹੈ। ਇਹ ਸਰੀਰ ਤੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਣ, ਖੂਨ ਨੂੰ ਸਾਫ ਕਰਨ ਅਤੇ ਸਰੀਰ ਵਿੱਚ ਇਲੈਕਟ੍ਰੋਲਾਈਟਸ ਦੇ ਸੰਤੁਲਨ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੀ ਹੈ। ਪਰ ਅੱਜਕੱਲ੍ਹ ਦੀਆਂ ਅਣਹੈਲਦੀ ਜੀਵਨਸ਼ੈਲੀ ਕਾਰਨ ਲੋਕ ਅਕਸਰ ਅਜਿਹੇ ਅਣਹੈਲਦੀ ਖਾਣੇ ਖਾਣ ਲੱਗੇ ਹਨ, ਜੋ ਕਿਡਨੀ ਨੂੰ ਨੁਕਸਾਨ ਪਹੁੰਚਾ ਰਹੇ ਹਨ।

ਸੇਬ-ਸੇਬ ਵਿੱਚ ਫਾਈਬਰ ਅਤੇ ਐਂਟੀਆਕਸੀਡੈਂਟਸ ਦੀ ਵਧੀਆ ਮਾਤਰਾ ਹੁੰਦੀ ਹੈ, ਜੋ ਕਿਡਨੀ ਨੂੰ ਡਿਟਾਕਸ ਕਰਨ ਅਤੇ ਸੋਜ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ। ਇਹ ਖੂਨ ਦੀ ਸ਼ੱਕਰ ਅਤੇ ਕੋਲੈਸਟ੍ਰੋਲ ਨੂੰ ਵੀ ਕੰਟਰੋਲ ਵਿੱਚ ਰੱਖਦਾ ਹੈ।

ਲਾਲ ਸ਼ਿਮਲਾ ਮਿਰਚ-ਲਾਲ ਸ਼ਿਮਲਾ ਮਿਰਚ ਵਿੱਚ ਪੋਟੈਸ਼ੀਅਮ ਘੱਟ ਅਤੇ ਵਿਟਾਮਿਨ-ਸੀ ਅਤੇ ਏ ਵੱਧ ਹੁੰਦੇ ਹਨ, ਜੋ ਕਿਡਨੀ ਲਈ ਬਹੁਤ ਫਾਇਦੇਮੰਦ ਹਨ। ਇਹ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਣ ਵਿੱਚ ਮਦਦ ਕਰਦੀ ਹੈ।



ਗ੍ਰੀਨ ਟੀ-ਆਮ ਤੌਰ 'ਤੇ ਵਜ਼ਨ ਘਟਾਉਣ ਲਈ ਵਰਤੀ ਜਾਣ ਵਾਲੀ ਗ੍ਰੀਨ ਟੀ ਵੀ ਤੁਹਾਡੀ ਕਿਡਨੀ ਲਈ ਫਾਇਦੇਮੰਦ ਹੁੰਦੀ ਹੈ। ਇਸ ਵਿੱਚ ਮੌਜੂਦ ਐਂਟੀ-ਆਕਸੀਡੈਂਟਸ ਕਿਡਨੀ ਲਈ ਸੁਰੱਖਿਆ ਕਵਚ ਦਾ ਕੰਮ ਕਰਦੇ ਹਨ। ਇਹ ਕਿਡਨੀ ਦੀ ਸੋਜ ਨੂੰ ਘਟਾਉਂਦੀ ਹੈ ਅਤੇ ਕਿਡਨੀ ਦੇ ਫੰਕਸ਼ਨ ਨੂੰ ਬਿਹਤਰ ਬਣਾਉਂਦੀ ਹੈ।

ਫੁੱਲਗੋਭੀ-ਫੁੱਲਗੋਭੀ ਵਿੱਚ ਵਿਟਾਮਿਨ-ਸੀ, ਫੋਲੇਟ ਅਤੇ ਫਾਈਬਰ ਪ੍ਰਚੁਰ ਮਾਤਰਾ ਵਿੱਚ ਹੁੰਦੇ ਹਨ, ਜੋ ਕਿਡਨੀ ਤੋਂ ਵਿਸ਼ਾਕਤ ਪਦਾਰਥਾਂ ਨੂੰ ਬਾਹਰ ਕੱਢਣ ਵਿੱਚ ਮਦਦ ਕਰਦੇ ਹਨ ਅਤੇ ਡਿਟਾਕਸ ਪ੍ਰਕਿਰਿਆ ਵਿੱਚ ਮਦਦਗਾਰ ਹੁੰਦੇ ਹਨ।

ਲਸਣ-ਲਸਣ ਵਿੱਚ ਸੋਜ ਰੋਧੀ ਗੁਣ ਹੁੰਦੇ ਹਨ, ਜੋ ਕਿਡਨੀ ਨੂੰ ਸਿਹਤਮੰਦ ਰੱਖਦੇ ਹਨ। ਇਹ ਖੂਨ ਦੇ ਦਬਾਅ ਨੂੰ ਨਿਯੰਤਰਿਤ ਕਰਨ ਅਤੇ ਕਿਡਨੀ ਦੇ ਕਾਰਜਾਂ ਨੂੰ ਬਿਹਤਰ ਬਣਾਉਣ ਵਿੱਚ ਸਹਾਇਕ ਹੈ।

ਮੱਛੀ-ਓਮੈਗਾ-3 ਫੈਟੀ ਐਸਿਡ ਨਾਲ ਭਰਪੂਰ ਮੱਛੀ ਸੋਜ ਘਟਾਉਣ ਅਤੇ ਕਿਡਨੀ ਦੀ ਸਿਹਤ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੀ ਹੈ। ਖਾਸਕਰ ਸੈਲਮਨ ਅਤੇ ਟਿਊਨਾ ਫਾਇਦੇਮੰਦ ਹਨ।

ਪਿਆਜ਼-ਐਸਿਲਿਨ ਅਤੇ ਕਵੇਰਸੇਟਿਨ ਵਰਗੇ ਐਂਟੀ ਆਕਸੀਡੈਂਟਸ ਨਾਲ ਭਰਪੂਰ ਪਿਆਜ਼ ਵਿੱਚ ਪੋਟੈਸ਼ੀਅਮ ਘੱਟ ਹੁੰਦਾ ਹੈ, ਜੋ ਕਿਡਨੀ ਲਈ ਫਾਇਦੇਮੰਦ ਹੁੰਦਾ ਹੈ। ਇਹ ਪਚਨ ਨੂੰ ਸੁਧਾਰ ਕੇ ਕਿਡਨੀ 'ਤੇ ਪੈਣ ਵਾਲੇ ਦਬਾਅ ਨੂੰ ਘਟਾਉਂਦਾ ਹੈ।

ਤਰਬੂਜ਼-ਤਰਬੂਜ਼ ਕਿਡਨੀ ਨੂੰ ਹਾਈਡਰੇਟਡ ਰੱਖਦਾ ਹੈ ਅਤੇ ਸਰੀਰ ਤੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਣ ਵਿੱਚ ਮਦਦ ਕਰਦਾ ਹੈ।

ਜੈਤੂਨ ਦਾ ਤੇਲ-ਜੈਤੂਨ ਦਾ ਤੇਲ ਐਂਟੀਆਕਸੀਡੈਂਟਸ ਅਤੇ ਸਿਹਤਮੰਦ ਚਰਬੀਆਂ ਦਾ ਵਧੀਆ ਸਰੋਤ ਹੈ, ਜੋ ਕਿਡਨੀ ਲਈ ਹਲਕਾ ਹੋਣ ਦੇ ਨਾਲ-ਨਾਲ ਲਾਭਕਾਰੀ ਹੈ।

## * ਚੁੰਝਾਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਅਮਰੀਕਾ ਤੋਂ ਵਾਪਸ ਆ ਰਹੇ ਭਾਰਤੀਆਂ ਬਾਰੇ ਦਿਤੇ ਬਿਆਨ ਲਈ ਖੱਟੜ ਮੁਆਫ਼ੀ ਮੰਗੇ- ਨੀਲ ਗਰਗ**

-ਚਿੜੀਆਂ ਦੀ ਮੌਤ, ਗਵਾਰਾਂ ਦਾ ਹਾਸਾ।



***ਧਾਮੀ ਸਾਹਿਬ ਦੁਚਿੱਤੀ ਛੱਡੋ ਤੇ ਫੁੰਕਾਰਾ ਮਾਰੋ- ਤਰਲੋਚਨ ਸਿੰਘ ਦੁਪਾਲਪੁਰ**

-ਦੁਪਾਲਪੁਰੀ ਸਾਹਿਬ ਮਾਲਕਾਂ ਨੇ ਦੰਦ ਹੀ ਨਹੀਂ ਕੱਢੇ ਸਗੋਂ ਜ਼ੁਬਾਨ ਵੀ ਟੁੱਕ ਦਿਤੀ ਹੈ ਧਾਮੀ ਸਾਹਿਬ ਦੀ।

***ਦੋਸ਼ੀ ਕਰਾਰ ਦਿਤੇ ਗਏ ਸਿਆਸਤਦਾਨਾਂ 'ਤੇ ਉਮਰ ਭਰ ਦੀ ਪਾਬੰਦੀ ਲਗਾਉਣ ਦਾ ਅਧਿਕਾਰ ਕੇਵਲ ਸੰਸਦ ਕੋਲ- ਕੇਂਦਰ ਸਰਕਾਰ**

-ਓ ਭਾਈ! ਇਨ੍ਹਾਂ 'ਭੱਦਰ ਪੁਰਸ਼ਾਂ' ਦੇ ਸਿਰ 'ਤੇ ਤਾਂ ਸਰਕਾਰਾਂ ਚਲਦੀਆਂ।

***ਕੇਂਦਰ ਦਾ ਖੇਤੀ ਮੰਡੀਕਰਣ ਨੀਤੀ ਦਾ ਖਰੜਾ ਪੰਜਾਬ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਕੀਤਾ ਰੱਦ- ਇਕ ਖ਼ਬਰ**

-ਤੇਰੇ ਖੁਸ਼ਕ ਮੱਕੀ ਦੇ ਦਾਣੇ, ਮਿੱਤਰਾਂ ਨੇ ਨਹੀਓਂ ਚੱਬਣੇ।




***ਟਰੰਪ ਪ੍ਰਸ਼ਾਸਨ ਨੇ ਯੂ. ਐਸ. ਏਡ ਦੇ ਮੁਲਾਜ਼ਮਾਂ ਨੂੰ ਛੁੱਟੀ 'ਤੇ ਭੇਜਿਆ- ਇਕ ਖ਼ਬਰ**

-ਡਿਗੀ ਖੋਤੇ ਤੋਂ ਗੁੱਸਾ ਘੁਮਿਆਰ 'ਤੇ।



***ਧਾਮੀ ਨੂੰ ਮਨਾਉਣ ਆਏ ਮਜੀਠੀਆ ਨੂੰ ਖਾਲੀ ਹੱਥ ਮੁੜਨਾ ਪਿਆ- ਇਕ ਖ਼ਬਰ**

-ਬੜੇ ਬੇਆਬਰੂ ਹੋ ਕਰ ਤੇਰੇ ਕੂਚੇ ਸੇ ਹਮ ਨਿਕਲੇ।



***ਦੁਨੀਆਂ ਨੂੰ ਚਲਾਉਣ ਲਈ ਸਭ ਤੋਂ ਵਧੀਆ ਹੈ ਸਿੱਖ ਧਰਮ- ਈਲੋਨ ਮਸਕ ਦਾ ਏ.ਆਈ. ਹੈਂਡਲ**

-ਪੰਥ ਤੇਰੇ ਦੀਆਂ ਗੂੰਜਾਂ ਦਿਨੋ ਦਿਨ ਪੈਣਗੀਆਂ।



***ਮਾਣਹਾਨੀ ਕੇਸ ਵਿਚ ਕੰਗਣਾਂ ਨੇ ਜਾਵੇਦ ਅਖ਼ਤਰ ਤੋਂ 'ਖੇਚਲ' ਲਈ ਮੰਗੀ ਮੁਆਫ਼ੀ- ਇਕ ਖ਼ਬਰ**

-ਜੇਠਾ ਵੇ ਮਾਫ਼ ਕਰੀਂ, ਭੁੱਲ ਗਈ ਮੈਂ ਘੁੰਡ ਕੱਢਣਾ।

***ਪੰਜਾਬ ਦੇ ਸਕੂਲਾਂ 'ਚ ਦਸਵੀਂ ਜਮਾਤ ਤਕ ਪੰਜਾਬੀ ਦਾ ਵਿਸ਼ਾ ਹੋਇਆ ਲਾਜ਼ਮੀ-ਇਕ ਖ਼ਬਰ**

-ਇਹ ਵੀ ਦੇਖਿਆ ਜਾਏਗਾ ਕਿ ਸਰਕਾਰ ਇਸ 'ਤੇ ਕਿੰਨਾ ਕੁ ਪਹਿਰਾ ਦਿੰਦੀ ਹੈ।



***ਕੇਂਦਰੀ ਮੰਡੀਕਰਣ ਨੀਤੀ ਤਾਂ ਰੱਦ ਕਰ ਦਿਤੀ, ਹੁਣ ਆਪਣੀ ਖੇਤੀ ਨੀਤੀ ਲਾਗੂ ਕਰ ਕੇ ਦਿਖਾਉ- ਜਾਖੜ**

-ਹੁਣ ਤੂੰ ਕਿਧਰ ਗਿਆ, ਜੇਠ ਬੋਲੀਆਂ ਮਾਰੇ।



***ਜੇ ਕਰ ਮੈਨੂੰ ਹਟਾਇਆ ਜਾਂਦਾ ਹੈ ਤਾਂ ਮੈਂ ਵੀ ਕੱਪੜੇ ਬੈਗ 'ਚ ਪਾਏ ਹੋਏ ਹਨ, ਕੋਈ ਪ੍ਰਵਾਹ ਨਹੀਂ- ਜਥੇਦਾਰ ਰਘਬੀਰ ਸਿੰਘ**

-ਅਸੀਂ ਰੱਖੀਏ ਡਾਂਗ ਉੱਤੇ ਡੇਰਾ, ਪਰਵਾਹ ਨਾਹੀਂ ਟੁੰਡੀਲਾਟ ਦੀ।



***'ਯੁੱਧ ਨਸ਼ਿਆਂ ਵਿਰੁੱਧ' ਪੰਜਾਬ ਪੁਲਿਸ ਨੇ ਨਸ਼ਿਆਂ ਦੇ ਵਿਰੋਧ 'ਚ ਕੀਤੀ ਵਿਆਪਕ ਮੁਹਿੰਮ ਸ਼ੁਰੂ-ਇਕ ਖ਼ਬਰ**

-'ਮਹਾਰਾਜੇ' ਦੀ ਮੁਹਿੰਮ ਵਾਂਗ ਇਹ ਵੀ ਛੇਤੀ ਹੀ ਠੁੱਸ ਹੋ ਜਾਣੀ ਐ।



***ਦਿੱਲੀ ਦੀ ਮੁੱਖ ਮੰਤਰੀ ਦੇ ਦਫ਼ਤਰ ਦੇ ਬਾਹਰ 'ਆਪ' ਵਿਧਾਇਕਾਂ ਨੇ ਕੀਤਾ ਪ੍ਰਦਰਸ਼ਨ- ਇਕ ਖ਼ਬਰ**

-ਸੱਸ ਪਿੱਟਣੀ ਪੰਜੇਬਾਂ ਪਾ ਕੇ, ਜਾਗ ਚਾਹੇ ਕਰੇ ਨਿੰਦਿਆ।

***ਆਲ ਇੰਡੀਆ ਕਿਸਾਨ ਖੇਤ ਮਜ਼ਦੂਰ ਸੰਗਠਨ ਵਲੋਂ ਵੀ ਸੰਘਰਸ਼ ਦਾ ਐਲਾਨ- ਇਕ ਖ਼ਬਰ**

-ਜੱਗੇ ਮਾਰਿਆ ਪਿੱਛੋਂ ਲਲਕਾਰਾ, ਸੁੱਕਾ ਜਾਵੇ ਨਾ ਵੈਲੀ ਕਰਤਾਰਾ।



***ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕੌਮਾਂਤਰੀ ਭਾਈਚਾਰੇ ਤੋਂ ਮਦਦ ਮੰਗੀ- ਇਕ ਖ਼ਬਰ**

-ਪਾਕ ਰੱਬ ਤੇ ਪੀਰ ਦੀ ਮੇਹਰ ਬਾਝੋਂ, ਕੌਣ ਕੱਟੇ ਮੁਸੀਬਤਾਂ ਭਾਰੀਆਂ ਜੀ।

* * * * * * *

# ਗੁਰਪੁਰਬਾਂ ਦੀਆਂ ਤਰੀਕਾਂ ਪੱਕੀਆਂ ਕਰਨ ਸੰਬੰਧੀ ਇਟਲੀ ਵਿਚ ਵਿਸ਼ੇਸ਼ ਸਮਾਗਮ










ਸਿੱਖ ਗੁਰੂ ਸਾਹਿਬਾਨ ਦੇ ਗੁਰਪੁਰਬਾਂ ਦੀਆਂ ਤਰੀਕਾਂ ਪੱਕੀਆਂ ਕਰਨ ਸੰਬੰਧੀ 16 ਫਰਵਰੀ 2025 ਦਿਨ ਐਤਵਾਰ ਨੂੰ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਸਨ-ਬੋਨੀਫਾਚੋ, ਇਟਲੀ ਵਿਖੇ ਵੱਡੇ ਪੱਧਰ ’ਤੇ ਸਮਾਗਮ ਕੀਤਾ ਗਿਆ। ‘ਪੱਕੀ ਤਰੀਕ ਗੁਰ-ਪੁਰਬ ਸਭਾ’ ਦੇ ਪ੍ਰਧਾਨ ਸ: ਰਜਿੰਦਰ ਸਿੰਘ ਰਾਏ, ਚੇਅਰਪਰਸਨ ਬੀਬੀ ਹਰਿੰਦਰ ਕੌਰ (ਕੈਂਬਰਲੇਅ) ਅਤੇ ਜਨਰਲ ਸਕੱਤਰ ਸ: ਜਸਮਿੰਦਰ ਸਿੰਘ ਗਰੇਵਾਲ ਦੀ ਅਗਵਾਈ ਵਿਚ ਉਹਨਾਂ ਦੀ ਸਮੁੱਚੀ ਟੀਮ ਅਤੇ ਇੰਗਲੈਂਡ ਦੀਆਂ ਸੰਗਤਾਂ ਉਚੇਚੇ ਤੌਰ ’ਤੇ ਇੰਗਲੈਂਡ ਤੋਂ ਇਟਲੀ ਪਹੁੰਚੀਆਂ। ਇਟਲੀ ਪਹੁੰਚਣ ’ਤੇ ਗੁਰਦੁਆਰਾ ਸਾਹਿਬ ਇਟਲੀ ਦੇ ਪ੍ਰਧਾਨ ਸ: ਜਸਵਿੰਦਰ ਸਿੰਘ, ਜਨਰਲ ਸੈਕਟਰੀ ਸ: ਗੁਰਜੀਤ ਸਿੰਘ, ਖ਼ਜ਼ਾਨਚੀ ਸ: ਜਸਬੀਰ ਸਿੰਘ ਅਤੇ ਸਾਧਸੰਗਤ ਵੱਲੋਂ ਉਨ੍ਹਾਂ ਦਾ ਸਵਾਗਤ ਕਰਦਿਆਂ ‘ਜੀ ਆਇਆਂ ਨੂੰ’ ਕਿਹਾ ਗਿਆ।

ਗੁਰਮਤਿ ਸਮਾਗਮ ਦੌਰਾਨ ਦੁਪਹਿਰ ਦੇ ਦੀਵਾਨ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਗੁਰਬਾਣੀ ਦਾ ਪਾਠ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥੇ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ। ਸਮਾਗਮ ਦੀ ਅਰੰਭਤਾ ਗੁਰਦੁਆਰਾ ਸਾਹਿਬ ਦੇ ਸਟੇਜ ਸੈਕਟਰੀ ਸ: ਜਗਜੀਤ ਸਿੰਘ ਨੇ ਕੀਤੀ। ਉਹਨਾਂ ਨੇ ਇੰਗਲੈਂਡ ਤੋਂ ਆਈ ਸਮੁੱਚੀ ਸੰਗਤ ਨੂੰ ਪੂਰਨ ਸਹਿਯੋਗ ਦਿੱਤਾ। ਇਸ ਤੋਂ ਬਾਅਦ ਪੰਥ ਦੇ ਪ੍ਰਸਿੱਧ ਵਿਦਵਾਨ ਭਾਈ ਗੁਰਭੇਜ ਸਿੰਘ ਅਨੰਦਪੁਰੀ ਨੇ ਮੂਲ ਨਾਨਕਸ਼ਾਹੀ ਕੈਲੰਡਰ ਦੇ ਇਤਿਹਾਸ ਬਾਰੇ ਵਿਸਥਾਰ ਸਹਿਤ ਸੰਗਤਾਂ ਨਾਲ ਸਾਂਝ ਪਾਈ। ਉਹਨਾਂ ਨੇ ਜਿੱਥੇ ਮੂਲ ਨਾਨਕਸ਼ਾਹੀ ਕੈਲੰਡਰ ਦੀ ਮਹੱਤਤਾ ਬਾਰੇ ਚਾਨਣਾ ਪਾਇਆ, ਉਥੇ ਇਸ ਨੂੰ ਸਿੱਖ ਕੌਮ ਦੀ ਅਜ਼ਾਦ ਹਸਤੀ ਦਾ ਪ੍ਰਤੀਕ ਵੀ ਕਿਹਾ।

ਸਮਾਗਮ ਦੌਰਾਨ ਸਭਾ ਦੇ ਪ੍ਰਧਾਨ ਸ: ਰਜਿੰਦਰ ਸਿੰਘ ਰਾਏ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸੰਗਤਾਂ ਨੂੰ ਦੱਸਿਆ ਕਿ ਅਸੀਂ ਸੰਨ 2022 ਵਿਚ ਉਚੇਚੇ ਤੌਰ ’ਤੇ ਇਹ ਕੌਮੀ ਦਰਦ ਲੈ ਕੇ ਇੰਗਲੈਂਡ ਦੀ ਧਰਤੀ ਤੋਂ ਚੱਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਮੌਜੂਦਾ ਪ੍ਰਧਾਨ ਸ: ਹਰਜਿੰਦਰ ਸਿੰਘ ਧਾਮੀ ਤੱਕ ਪਹੁੰਚ ਕੀਤੀ ਸੀ। ਅਸੀਂ ਉਹਨਾਂ ਨੂੰ ਯਕੀਨ ਦਿਵਾਇਆ ਕਿ ਅਸੀਂ ਇੰਗਲੈਂਡ ਦੀ ਨਿਰੋਲ ਸਾਧਸਗੰਤ ਅਤੇ ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧ ਚਲਾਉਣ ਵਾਲੇ ਆਮ ਗੁਰਸਿੱਖ ਹਾਂ। ਸਾਡਾ ਕਿਸੇ ਵੀ ਵਿਸ਼ੇਸ਼ ਸੰਸਥਾ ਜਾਂ ਜਥੇਬੰਦੀ ਨਾਲ ਕੋਈ ਸੰਬੰਧ ਨਹੀਂ ਹੈ। ਸਾਰੀ ਸਿੱਖ ਕੌਮ ਹੀ ਸਾਡੀ ਧਾਰਮਿਕ ਸੰਸਥਾ ਹੈ। ਸਾਡਾ ਕੌਮੀ ਦਰਦ ਇਹ ਹੈ ਕਿ ਅਸੀਂ ਇਥੇ ਕਿਸੇ ਵੀ ਕੈਲੰਡਰ ਦੀ ਪ੍ਰੋੜਤਾ ਜਾਂ ਵਿਰੋਧ ਕਰਨ ਨਹੀਂ ਆਏ। ਅਸੀਂ ਸਿਰਫ ਗੁਰਪੁਰਬਾਂ ਦੀਆਂ ਪੱਕੀਆਂ ਤਰੀਕਾਂ ਨਿਸ਼ਚਿਤ ਕਰਨ ਲਈ ਬੇਨਤੀ ਕਰਨ ਆਏ ਹਾਂ। ਪੱਕੀਆਂ ਤਰੀਕਾਂ ਦਾ ਇਕ ਹੋਰ ਵੱਡਾ ਲਾਭ ਕੌਮ ਨੂੰ ਇਹ ਹੋਵੇਗਾ ਕਿ ਬਾਕੀ ਕੌਮਾਂ ਵਾਂਗ ਅਸੀਂ ਵਿਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਸਰਕਾਰੀ ਛੁੱਟੀਆਂ ਲੈ ਸਕਦੇ ਹਾਂ ਅਤੇ ਉਸ ਦਿਨ ਦੀ ਮਹਾਨਤਾ ਦੱਸ ਕੇ ਆਪਣੇ ਬੱਚਿਆਂ ਤੇ ਵਿਦੇਸ਼ੀ ਲੋਕਾਂ ਨੂੰ ਵੀ ਸਿੱਖ ਕੌਮ ਦੇ ਲਾਸਾਨੀ ਇਤਿਹਾਸ ਬਾਰੇ ਵੱਡੇ ਪੱਧਰ ’ਤੇ ਜਾਣਕਾਰੀ ਮੁਹੱਈਆ ਕਰਵਾ ਸਕਦੇ ਹਾਂ। ਉਹਨਾਂ ਨੇ ਦੱਸਿਆ ਕਿ ਇਸ ਵਾਰ ਫਿਰ ਸੰਗਤ ਦੀ ਬੇਨਤੀ ’ਤੇ ਪ੍ਰਧਾਨ (ਸ਼੍ਰੋ: ਗੁ: ਕਮੇਟੀ) ਨੂੰ ਚਿੱਠੀ ਭੇਜ ਕੇ ਗੁਰਪੁਰਬਾਂ ਦੀਆਂ ਤਰੀਕਾਂ ਪੱਕੀਆਂ ਕਰਨ ਦੀ ਮੰਗ ਯਾਦ ਕਰਾਈ ਜਾਵੇਗੀ।

ਸਭਾ ਦੇ ਜਨਰਲ ਸਕੱਤਰ ਸ: ਜਸਮਿੰਦਰ ਸਿੰਘ ਗਰੇਵਾਲ ਨੇ ਵੀ ਗੁਰਪੁਰਬਾਂ ਦੀਆਂ ਤਰੀਕਾਂ ਸੰਬੰਧੀ ਆਈਆਂ ਮੁਸ਼ਕਲਾਂ ਬਾਰੇ ਵੀਚਾਰਾਂ ਕੀਤੀਆਂ। ਉਹਨਾਂ ਕਿਹਾ ਕਿ ਕੁੱਝ ਗੁਰਪੁਰਬਾਂ ਦੀਆਂ ਤਰੀਕਾਂ ਨਿਸ਼ਚਿਤ ਨਾ ਹੋਣ ਕਾਰਨ ਵਿਦੇਸ਼ਾਂ ਵਿਚ ਅਸੀਂ ਹਾਸੇ ਦੇ ਪਾਤਰ ਬਣ ਰਹੇ ਹਾਂ। ਇਸ ਸੰਬੰਧੀ ਸਾਡੇ ਬੱਚੇ ਵੀ ਹੈਰਾਨੀ ਪ੍ਰਗਟ ਕਰਦੇ ਹਨ ਕਿ ਉਹਨਾਂ ਦਾ ਜਨਮ ਦਿਨ ਤਾਂ ਸਾਲ ਵਿਚ ਇਕ ਵਾਰ ਆਉਂਦਾ ਹੈ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਾਵਨ ਪ੍ਰਕਾਸ਼ ਪੁਰਬ ਕਦੀ ਸਾਲ ਵਿਚ ਦੋ ਵਾਰ ਆ ਜਾਂਦਾ ਹੈ ਅਤੇ ਕਦੀ ਇਕ ਸਾਲ ਵਿਚ ਇਕ ਵਾਰ ਵੀ ਨਹੀਂ ਆਉਂਦਾ। ਕਈ ਵਾਰ ਪ੍ਰਕਾਸ਼ ਪੁਰਬ ਅਤੇ ਸ਼ਹੀਦੀ ਪੁਰਬ ਇਕੱਠੇ ਵੀ ਆ ਜਾਂਦੇ ਹਨ। ਸੰਨ 2003 ਤੋਂ ਪਹਿਲਾਂ ਵਾਲਾ ਕੈਲੰਡਰ 72 ਸਾਲਾਂ ਵਿਚ 1 ਦਿਨ ਅੱਗੇ ਚਲਾ ਜਾਂਦਾ ਹੈ, ਜਿਸ ਕਾਰਨ ਸਾਡੇ ਮੌਸਮੀ ਪੁਰਬ ਅਸਲ ਸਮੇਂ ਦੇ ਮੌਸਮ ਤੋਂ ਬਹੁਤ ਦੂਰ ਹੁੰਦੇ ਜਾ ਰਹੇ ਹਨ। ਇਸ ਦਾ ਹੱਲ ਸੰਨ 2003 ਵਿਚ ਲਾਗੂ ਕੀਤਾ ਗਿਆ ਕੈਲੰਡਰ ਹੈ, ਜਿਸ ਵਿਚ 3300 ਸਾਲਾਂ ਬਾਅਦ 1 ਦਿਨ ਅੱਗੇ ਜਾਂਦਾ ਹੈ, ਜੋ ਸਮੁੱਚੇ ਸੰਸਾਰ ਦੀ ਸਮੱਸਿਆ ਹੈ।

ਇਸ ਮੌਕੇ ਵਿਸ਼ੇਸ਼ ਤੌਰ ’ਤੇ ਪਹੁੰਚੇ ਪੰਥਕ ਬੁਲਾਰਿਆਂ ਵਿਚੋਂ ‘ਸਿੰਘ ਸਭਾ ਇੰਟਰਨੈਸ਼ਨਲ ਯੂ.ਕੇ.’ ਦੇ ਅਹੁਦੇਦਾਰ ਸ: ਸੇਵਾ ਸਿੰਘ ਨੇ ਸਿੱਖ ਕੌਮ ਦੇ ਬਾਨੀ ਧੰਨ ਗੁਰੂ ਨਾਨਕ ਸਾਹਿਬ ਜੀ ਦੇ 1 ਵੈਸਾਖ ਨੂੰ ਪ੍ਰਕਾਸ਼ ਹੋਣ ਬਾਰੇ ਦੱਸਿਆ। ਉਹਨਾਂ ਕਿਹਾ ਕਿ ਗੁਰਪੁਰਬਾਂ ਨੂੰ ਮਨਾਉਣ ਸਮੇਂ ਵੱਖ-ਵੱਖ ਕੈਲੰਡਰਾਂ ਦੀਆਂ ਤਰੀਕਾਂ ਹੋਣ ਕਾਰਨ ਗੁਰਦੁਆਰੇ ਸਾਹਿਬਾਨਾਂ ਦੇ ਪ੍ਰਬੰਧਕਾਂ ਵਿਚ ਵੀ ਧੜੇਬੰਦੀਆਂ ਵੱਧ ਰਹੀਆਂ ਹਨ, ਜੋ ਕਿ ਸਿੱਖ ਕੌਮ ਲਈ ਘਾਤਕ ਸਾਬਤ ਹੋ ਰਹੀਆਂ ਹਨ।

ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਹਿਜਰੀ ਅਤੇ ਬਿਕਰਮੀ ਦੋਵੇਂ ਕੈਲੰਡਰਾਂ ਦੀਆਂ ਤਰੀਕਾਂ ਵਰਤਣ ਨਾਲ ਸਾਡੇ ਇਤਿਹਾਸਕ ਪੁਰਬਾਂ ਦਾ ਇਤਿਹਾਸ ਅੱਗੇ-ਪਿੱਛੇ ਹੋ ਰਿਹਾ ਹੈ, ਜਿਸ ਨਾਲ ਸਾਡੇ ਅਸਲ ਇਤਿਹਾਸ ਵਿਚ ਦੁਬਿਧਾ ਪੈਦਾ ਹੋ ਰਹੀ ਹੈ। ਧੰਨ ਗੁਰੂ ਨਾਨਕ ਸਾਹਿਬ ਜੀ ਦੀ ਪ੍ਰਕਾਸ਼ ਦੀ ਤਰੀਕ ਅਸੀਂ ਬਚਪਨ ਤੋਂ ਸਕੂਲਾਂ ਅਤੇ ਇਤਿਹਾਸਕ ਸੋਮਿਆਂ ਵਿਚ 1 ਵੈਸਾਖ, 14 ਅਪ੍ਰੈਲ ਹੀ ਪੜ੍ਹਦੇ ਆ ਰਹੇ ਹਾਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੀ ਵੈਬਸਾਈਟ ’ਤੇ ਵੀ 1 ਵੈਸਾਖ ਹੀ ਤਰੀਕ ਦਿੱਤੀ ਗਈ ਹੈ ਪਰ ਫਿਰ ਵੀ ਕੌਮ ਅਸਲ ਤਰੀਕ ਨੂੰ ਛੱਡ ਕੇ ਕੱਤਕ ਦੀ ਪੁੰਨਿਆ ਨੂੰ ਹੀ ਪ੍ਰਕਾਸ਼ ਪੁਰਬ ਮਨਾ ਰਹੀ ਹੈ।

ਸਭਾ ਦੀ ਚੇਅਰ ਪਰਸਨ ਬੀਬੀ ਹਰਿੰਦਰ ਕੌਰ (ਕੈਂਬਰਲੇਅ) ਨੇ ਕਿਹਾ ਕਿ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਦੀ ਅਸਲ ਤਰੀਕ 1 ਵੈਸਾਖ ਹੀ ਹੈ। ਉਹਨਾਂ ਨੇ ਬਹੁਤ ਸਾਰੇ ਸਿੱਖ ਇਤਿਹਾਸਕ ਸੋਮਿਆਂ ਦੀਆਂ ਉਦਾਹਰਣਾਂ ਦਿੱਤੀਆਂ, ਜਿਹਨਾਂ ਵਿਚ 1 ਵੈਸਾਖ ਦੀ ਤਰੀਕ ਦਾ ਜ਼ਿਕਰ ਹੈ। ਉਹਨਾਂ ਨੇ ਪ੍ਰਕਾਸ਼ ਪੁਰਬ ਦੀ ਤਰੀਕ ਨੂੰ ਵੈਸਾਖ ਤੋਂ ਕੱਤਕ ਵਿਚ ਬਦਲਣ ਦੀ ਸਾਜਿਸ਼ ਦਾ ਵੀ ਪਰਦਾਫਾਸ਼ ਕੀਤਾ। ਉਹਨਾਂ ਇਹ ਵੀ ਦੱਸਿਆ ਕਿ ਸੰਨ 2009 ਵਿਚ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਨਾ ਕੋਈ ਠੋਸ ਹੱਲ ਨਹੀਂ ਹੈ, ਉਸ ਵਿਚ ਲੋੜੀਦੀਆਂ ਸੋਧਾਂ ਕੀਤੀਆਂ ਜਾ ਸਕਦੀਆਂ ਸਨ। ਮੂਲ ਨਾਨਕਸ਼ਾਹੀ ਕੈਲੰਡਰ ਸਾਡੀ ਰਾਜਸੀ ਹਸਤੀ ਅਤੇ ਕੌਮੀ ਅਜ਼ਾਦੀ ਦਾ ਵੀ ਪ੍ਰਤੀਕ ਹੈ। ਇਸ ਦੌਰਾਨ ਉਹਨਾਂ ਨੇ ਆਪਣੇ ਬਜ਼ੁਰਗਾਂ ਦੀ ਯਾਦ ਵਿਚ ਅਰੰਭ ਕੀਤੇ ‘ਸੁੱਚਾ ਸਿੰਘ ਕਰਤਾਰ ਕੌਰ ਗੁਰਮਤਿ ਸਿੱਖਿਆ ਕੇਂਦਰ’ (ਮਿੱਠਾਪੁਰ, ਜਲੰਧਰ) ਬਾਰੇ ਵੀ ਸੰਗਤਾਂ ਨੂੰ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਇਥੇ ਹਰ ਰੋਜ਼ ਬੱਚਿਆਂ ਤੇ ਆਮ ਸੰਗਤਾਂ ਲਈ ਗੁਰਬਾਣੀ ਸੰਥਿਆ, ਗੁਰਬਾਣੀ ਵੀਚਾਰ, ਸਿੱਖ-ਇਤਿਹਾਸ ਤੇ ਗੁਰਮਤਿ ਵੀਚਾਰਧਾਰਾ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਗੁਰਬਾਣੀ ਕੀਰਤਨ ਤੇ ਤਬਲਾ ਵੀ ਸਿਖਾਇਆ ਜਾਂਦਾ ਹੈ। ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਪੰਜਾਬੀ, ਇੰਗਲਿਸ਼, ਸਾਇੰਸ, ਹਿਸਾਬ, ਕੰਪਿਊਟਰ ਸਾਇੰਸ ਤੇ ਹੋਰ ਅਨੇਕਾਂ ਵਿਸ਼ੇ ਪੜ੍ਹਾਏ ਜਾਂਦੇ ਹਨ। ਨੈਤਿਕ ਕਦਰਾਂ-ਕੀਮਤਾਂ ਤੇ ਸ਼ਖਸੀਅਤ ਉਸਾਰੀ ਦੀਆਂ ਵਿਸ਼ੇਸ਼ ਕਲਾਸਾਂ ਲਗਦੀਆਂ ਹਨ। ਖੇਡਾਂ ਤੇ ਦਸਤਾਰ ਸਜਾਉਣ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ। ਰੋਜ਼ਾਨਾ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੜੀਵਾਰ ਕਥਾ ਤੇ ਕੁੱਝ ਕਲਾਸਾਂ ਦਾ ਲਾਈਵ ਪ੍ਰਸਾਰਨ ਸੰਸਥਾ ਦੇ ਯੂ-ਟਿਊਬ ਚੈਨਲ ਅਤੇ ਫੇਸਬੁੱਕ ਉਪਰ ਕੀਤਾ ਜਾਂਦਾ ਹੈ। ਸਾਰੀਆਂ ਨਿਸ਼ਕਾਮ ਕਲਾਸਾਂ ਸੰਗਤਾਂ ਦੇ ਸਹਿਯੋਗ ਨਾਲ ਲਗਦੀਆਂ ਹਨ। ਅਖੀਰ ਵਿਚ ਉਹਨਾਂ ਨੇ ਸਾਧ ਸੰਗਤ ਨੂੰ ਪੰਜਾਬ ਦੇਸ ਦੇ ਭਵਿੱਖ ਨੂੰ ਬਚਾਉਣ ਲਈ ਇਸ ਵਿਚ ਤਨ-ਮਨ-ਧਨ ਰਾਹੀਂ ਹਿੱਸਾ ਪਾਉਣ ਦੀ ਬੇਨਤੀ ਕੀਤੀ।

ਸਾਰੇ ਬੁਲਾਰੇ ਅਤੇ ਸੰਗਤਾਂ ਵੱਲੋਂ ਇਹ ਆਮ ਸਹਿਮਤੀ ਦਿੱਤੀ ਗਈ ਕਿ ਸਿੱਖ ਕੌਮ ਇਕ ਨਿਆਰੀ ਕੌਮ ਹੈ, ਜਿਸ ਦੀ ਆਪਣੀ ਨਿਵੇਕਲੀ ਹਸਤੀ ਹੈ। ਇਸ ਦੀ ਵਿਲੱਖਣਤਾ ਨੂੰ ਕਾਇਮ ਰੱਖਣ ਲਈ ਇਕ ਨਿਸ਼ਚਿਤ ਤਰੀਕਾਂ ਵਾਲੇ ਕੈਲੰਡਰ ਦੀ ਬਹੁਤ ਜ਼ਰੂਰਤ ਹੈ। ਨਿਸ਼ਚਿਤ ਤਰੀਕਾਂ ਨਾਲ ਜਿੱਥੇ ਸੰਗਤਾਂ ਇਕ-ਜੁੱਟ ਹੋ ਕੇ ਇਕੋ ਦਿਨ ਆਪਣੇ ਪਾਵਨ ਪੁਰਬ ਮਨਾਉਣਗੀਆਂ, ਉਥੇ ਕੈਲੰਡਰ ਦੇ ਮਸਲੇ ’ਤੇ ਪਈਆਂ ਧੜੇਬੰਦੀਆਂ ਵੀ ਖਤਮ ਹੋਣਗੀਆਂ। ਸਾਨੂੰ ਹਰ ਸਾਲ ਸਰਕਾਰੀ ਛੁੱਟੀਆਂ ਦਾ ਲਾਭ ਵੀ ਮਿਲੇਗਾ, ਜਿਸ ਨਾਲ ਹੋਰ ਮੱਤਾਂ ਦੇ ਲੋਕ ਵੀ ਸਾਡੀ ਲਾਸਾਨੀ ਕੌਮ ਦੇ ਇਤਿਹਾਸ ਅਤੇ ਮਨੁੱਖਤਾ ਦੇ ਭਲੇ ਵਾਲੀ ਸਰਬਸਾਂਝੀ ਵੀਚਾਰ ਧਾਰਾ ਗੁਰਬਾਣੀ ਬਾਰੇ ਜਾਨਣ ਲਈ ਉਤਸੁੱਕ ਹੋਣਗੇ। ਸਮਾਗਮ ਉਪਰੰਤ ‘ਪੱਕੀ ਤਰੀਕ ਗੁਰ-ਪੁਰਬ ਸਭਾ’ ਵੱਲੋਂ ਗੁਰਦੁਆਰਾ ਸਾਹਿਬ ਦੀ ਸਮੂਹ ਪ੍ਰੰਬਧਕ ਕਮੇਟੀ ਨੂੰ ਯਾਦਗਾਰੀ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ। ਸਭਾ ਵੱਲੋਂ ਸਮਾਗਮ ਦੇ ਉਪਰਾਲੇ ਦੇ ਮੁੱਖ ਸਹਿਯੋਗੀ ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਸ: ਬਲਵਿੰਦਰ ਸਿੰਘ ਮੰਡੇਰ ਦਾ ਵੀ ਧੰਨਵਾਦ ਕੀਤਾ ਗਿਆ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਵੀ ‘ਪੱਕੀ ਤਰੀਕ ਗੁਰਪੁਰਬ ਸਭਾ’ ਦੇ ਮੈਂਬਰਾਂ ਨੂੰ ਮੋਮੈਂਟੋ ਦੇ ਕੇ ਸਨਮਾਨ ਕੀਤਾ ਗਿਆ।

ਸਭਾ ਵੱਲੋਂ ਸੰਗਤਾਂ ਦੀ ਹਾਜ਼ਰੀ ਵਿਚ ਸੰਮਤ 557 (ਸੰਨ 2025-26) ਦਾ ਮੂਲ ਨਾਨਕਸ਼ਾਹੀ ਕੈਲੰਡਰ ਵੀ ਰਿਲੀਜ਼ ਕੀਤਾ ਗਿਆ। ਅਖੀਰ ਵਿਚ ਸਟੇਜ ਸੈਕਟਰੀ ਸ: ਜਗਜੀਤ ਸਿੰਘ ਨੇ ਇੰਗਲੈਂਡ ਅਤੇ ਇਟਲੀ ਦੀਆਂ ਸੰਗਤਾਂ ਦਾ ਧੰਨਵਾਦ ਕੀਤਾ। ਸਮਾਗਮ ਦੀ ਵੀਡੀਓ ਕਵਰੇਜ ਯੂਕੇ ਦੇ ਟੀਵੀ ਚੈਨਲ ਪੀ.ਬੀ.ਸੀ. ਦੇ ਸੰਚਾਲਕ ਸ: ਸੰਦੀਪ ਸਿੰਘ, ਬੀਬੀ ਇੰਦਰਜੀਤ ਕੌਰ ਅਤੇ ਸ: ਪ੍ਰੀਤ ਸਿੰਘ ਵੱਲੋਂ ਕੀਤੀ ਗਈ। ਇਸ ਦੇ ਨਾਲ ਮੌਕੇ ’ਤੇ ‘ਟੀਮ ਸੈਵਨ ਵਲੌਗਸ’ (Team 7 Vlogs) ਯੂ-ਟਿਊਬ ’ਤੇ ਸਾਰੇ ਸਮਾਗਮ ਦਾ ਲਾਈਵ ਪ੍ਰਸਾਰਨ ਵੀ ਕੀਤਾ ਗਿਆ। ਸਭਾ ਵੱਲੋਂ ਸਾਰੇ ਮੀਡੀਆ ਦਾ ਧੰਨਵਾਦ ਕੀਤਾ ਗਿਆ। ਸਮਾਗਮ ਵਿਚ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਹੁੰਮਹੁਮਾਂ ਕੇ ਹਾਜ਼ਰੀਆਂ ਭਰੀਆਂ। ਗੁਰੂ ਦਾ ਅਤੁੱਟ ਲੰਗਰ ਵਰਤਾਇਆ ਗਿਆ ਅਤੇ ਇਹ ਸਾਰਾ ਸਮਾਗਮ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਫਲਤਾ-ਪੂਰਵਕ ਨੇਪਰੇ ਚੜ੍ਹਿਆ।

## ਪਾਠਕਾਂ ਦੇ ਪੱਤਰ

# ਜਨਮ ਸਾਖੀ ਭਾਈ ਬਾਲਾ ਦੀ ਅਸਲੀਅਤ


– ਲੇਖਕ–
ਸਰਵਜੀਤ ਸਿੰਘ ਸੈਕਰਾਮੈਂਟੋ



ਪੰਜਾਬ ਟਾਈਮਜ਼ ਵਿੱਚ ਲੜੀ ਵਾਰ ਛਪ ਰਹੀ, ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਜੀ ਦੀ ਖੋਜ ਭਰਭੂਰ ਲਿਖਤ, "ਗੁਰੁ ਅੰਗਦ ਗੁਰ ਅੰਗੁ ਤੇ" (ਕਿਸ਼ਤ 22 ਅਤੇ 23) ਪੜ੍ਹ ਰਿਹਾ ਸੀ। ਚੱਲ ਰਹੀ ਵਾਰਤਾ ਵਿੱਚ ਗਿਆਨੀ ਜੀ ਨੇ ਭਾਈ ਬਾਲੇ ਦਾ ਜਿਕਰ ਇਕ ਵੱਖਰੇ ਨਜ਼ਰੀਏ ਤੋਂ ਕੀਤਾ ਹੈ। ਜੋ ਕਿ ਸ਼ਲਾਘਾ ਯੋਗ ਉੱਦਮ ਹੈ। ਆਮ ਤੌਰ ਤੇ ਲੇਖਕ ਇਕ ਪਾਸੜ ਹੀ ਗੱਲ ਕਰਦੇ ਹਨ। ਜਾਂ ਤਾਂ ਬਾਲੇ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ ਜਨਮਸਾਖੀ ਨੂੰ ਸਹੀ ਠਹਿਰਾਉਣ ਦਾ ਯਤਨ ਕਰਦੇ ਹਨ ਜਾਂ ਰੱਦ ਕਰਨ ਦਾ। ਪਰ ਗਿਆਨੀ ਗੁਲਸ਼ਨ ਜੀ ਨੇ, ਉਹ ਨੁਕਤਾ ਵੀ ਵਿਚਾਰਿਆ ਹੈ ਜਿਸ ਤੋਂ ਆਮ ਲੇਖਕ ਕਿਨਾਰਾ ਕਰ ਜਾਂਦੇ ਹਨ।

ਸਿੱਖ ਮਾਨਸਿਕਤਾ ਵਿੱਚ ਘਰ ਕਰ ਚੁੱਕੇ ਦੋ ਪਾਤਰ, ਭਾਈ ਬਾਲਾ ਅਤੇ ਭਾਈ ਮਰਦ-ਾਨਾ, ਪ੍ਰਚੱਲਤ ਰਵਾਇਤ ਮੁਤਾਬਕ ਹੋਰ ਕਿਸੇ ਵੀ ਸਿੱਖ ਨਾਲੋਂ ਵੱਧ ਸਮਾਂ, ਗੁਰੂ ਨਾਨਕ ਜੀ ਦੇ ਨਾਲ ਰਹੇ ਸਨ। ਭਾਈ ਬਾਲੇ ਦਾ ਮਹੱਤਵ ਇਸ ਲਈ ਵੱਧ ਜਾਂਦਾ ਹੈ ਕਿਉਂਕਿ ਉਸ ਨੇ, ਗੁਰੂ ਅੰਗਦ ਸਾਹਿਬ ਜੀ ਦੀ ਹਜ਼ੂਰੀ ਵਿੱਚ ਗੁਰੂ ਨਾਨਕ ਜੀ ਦੀ ਜਨਮ ਸਾਖੀ ਲਿਖਵਾਈ ਸੀ। ਭਾਵੇ ਸਾਨੂੰ ਹੋਰ ਵੀ ਕਈ ਜਨਮਸਾਖੀਆਂ ਮਿਲਦੀਆਂ ਹਨ। ਪਰ ਬਾਲੇ ਵਾਲੀ ਜਨਮਸਾਖੀ ਸਭ ਤੋਂ ਵੱਧ ਪ੍ਰਚੱਲਤ ਹੈ। ਇਸ ਦੇ ਪ੍ਰਚੱਲਤ ਹੋਣ ਦਾ ਕਾਰਨ ਹੈ ਇਹ ਹੈ ਪਿਛਲੀ ਡੇਢ ਸਦੀ ਤੋਂ ਗੁਰਦਵਾਰਿਆਂ ਵਿੱਚ ਭਾਈ ਸੰਤੋਖ ਸਿੰਘ ਦੇ ਲਿਖੇ ਨਾਨਕ ਪ੍ਰਕਾਸ਼ ਦੀ ਹੋ ਰਹੀ ਕਥਾ। ਵਪਾਰੀਆਂ ਵੱਲੋਂ ਇਸੇ ਜਨਮਸਾਖੀ ਨੂੰ ਮੁੜ-ਮੁੜ ਛਾਪਿਆ ਗਿਆ ਹੈ। ਜਿਥੇ ਇਸ ਜਨਮਸਾਖੀ ਦਾ, ਹੋਰ ਸਾਰੀਆਂ ਜਨਮਸਾਖੀ ਤੋਂ ਵੱਧ ਪ੍ਰਚਾਰ ਹੋਇਆ ਹੈ, ਉਥੇ ਹੀ ਇਸ ਦੀ ਅਲੋਚਨਾ ਵੀ ਸਭ ਤੋਂ ਵੱਧ ਹੋਈ ਹੈ। ਇਸ ਦਾ ਕਾਰਨ ਹੈ। ਇਸ ਜਨਮਸਾਖੀ ਵਿੱਚ ਕਈ ਅਜੇਹੀਆਂ ਗੱਲਾਂ ਦਰਜ ਹਨ ਜੋ ਕਿਸੇ ਪਰਖ ਕਸਵੱਟੀ 'ਤੇ ਪੂਰਾ ਨਹੀਂ ਢੁੱਕਦੀਆਂ। ਇਸ ਬਾਰੇ ਗਿਆਨੀ ਗੁਲਸ਼ਨ ਜੀ ਨੇ ਵੀ ਆਪਣੇ ਲੇਖ ਵਿੱਚ ਜਿਕਰ ਕੀਤਾ ਹੈ,

"ਦਰ ਅਸਲ ਇਸ ਮੁੱਦੇ 'ਤੇ ਵਿਦਵਾਨਾਂ ਵਿੱਚ ਮੱਤ-ਭੇਦ ਹੋਣ ਦਾ ਵੱਡਾ ਕਾਰਨ ਭਾਈ ਬਾਲਾ ਦੀ ਹੋਂਦ ਦਾ ਨਹੀਂ ਸਗੋਂ ਉਨ੍ਹਾਂ ਦੇ ਨਾਂ 'ਤੇ ਪ੍ਰਚਲਿਤ ਪੋਥੀ ਦਾ ਹੈ ਜਿਸ ਵਿੱਚ ਕਈ ਅਜਿਹੀਆਂ ਇਤਰਾਜ਼ ਯੋਗ, ਅਣਹੋਈਆਂ ਘਟਨਾਵਾਂ ਅਤੇ ਗੱਲਾ ਦਰਜ ਹਨ ਜੋ ਸਿੱਖ ਸਿਧਾਂਤ ਅਤੇ ਸਿੱਖ ਸਭਿਆਚਾਰ ਪ੍ਰਵਾਨ ਨਹੀਂ ਕਰ ਸਕਦਾ"। ਅੱਜ ਤਕਰੀਬਨ ਸਾਰੇ ਹੀ ਵਿਦਵਾਨ, ਇਸ ਗੱਲ ਨਾਲ ਸਹਿਮਤ ਹਨ ਕਿ ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਮੌਜੂਦਾ ਜਨਮ ਸਾਖੀ ਹੰਦਾਲੀਆਂ ਵੱਲੋਂ ਲਿਖਵਾਈ ਹੋਈ ਹੈ। ਇਸ ਵਿੱਚ ਬਾਬਾ ਹੰਦਾਲ ਨੂੰ ਗੁਰੂ ਜੀ ਤੋਂ ਵੱਡਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਜਨਮ ਸਾਖੀ ਵਿੱਚ ਬੇਅੰਤ ਭੁੱਲਾਂ ਦੇ ਨਾਲ-ਨਾਲ ਗੁਰੂ ਜੀ ਦਾ ਨਿਰਾਦਰ ਕਰਨ ਵਾਲੀਆਂ ਸਾਖੀਆਂ ਵੀ ਦਰਜ ਹਨ। ਜਿਵੇ ਕਿ ਮਝੌਤ ਵਾਲੀ (57) ਅਤੇ ਸਹਿਜ ਕੁਸੁਹਜ ਵਾਲੀ ਸਾਖੀ (75)। ਯਾਦ ਰਹੇ ਹੁਣ ਤਾਂਈ ਮਿਲੀ ਸਭ ਤੋਂ ਪੁਰਾਣੀ ਹੱਥ ਲਿਖਤ ਵਿੱਚ ਕੁਲ 75 ਸਾਖੀਆਂ ਦਰਜ ਹਨ।



ਹੁਣ ਸਾਡੇ ਸਾਹਮਣੇ ਦੋ ਨੁਕਤੇ, ਜੋ ਵਿਚਾਰ ਦੀ ਮੰਗ ਕਰਦੇ ਹਨ। ਭਾਈ ਬਾਲਾ ਅਤੇ ਉਸ ਵੱਲੋਂ ਲਿਖਵਾਈ ਜਨਮ ਸਾਖੀ। ਜਿਥੋਂ ਤਾਂਈ ਜਨਮਸਾਖੀ ਦਾ ਸਬੰਧ ਹੈ, ਮੌਜੂਦਾ ਜਨਮਸਾਖੀ ਬਾਰੇ ਸਾਰੇ ਵਿਦਵਾਨ ਮੰਨਦੇ ਹਨ ਕਿ ਇਹ ਮਿਲਾਵਟੀ ਹੈ। ਭਾਵ ਇਹ ਅਸਲ ਜਨਮਸਾਖੀ ਨਹੀਂ ਜੋ ਭਾਈ ਬਾਲੇ ਨੇ ਗੁਰੂ ਜੀ ਦੀ ਹਜ਼ੂਰੀ ਵਿੱਚ ਲਿਖਵਾਈ ਸੀ। ਇਸ ਜਨਮ ਸਾਖੀ ਦਾ ਮੁੱਖ ਪਾਤਰ ਭਾਈ ਬਾਲਾ, ਬਾਬਾ ਹੰਦਾਲ (1630 ਬਿ:-1705 ਬਿ:) ਦਾ ਪੁੱਤਰ ਸੀ। ਜਿਸ ਦਾ ਜਨਮ 1657 ਬਿ: (1600 ਈ:) ਵਿੱਚ ਅਤੇ ਬਾਲੇ ਦੇ ਛੋਟੇ ਭਰਾ, ਬਿਧੀ ਚੰਦ ਦਾ ਜਨਮ ਸੰਮਤ 1660 ਬਿਕ੍ਰਮੀ ਵਿੱਚ ਹੋਇਆ ਸੀ। ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਬਾਲ ਚੰਦ ਹੀ ਬਾਲਾ ਹੈ। ਇਹ ਜਨਮਸਾਖੀ ਬਿਧੀ ਚੰਦ ਨੇ ਲਾਹੌਰ ਨਿਵਾਸੀ ਗੋਰਖ ਦਾਸ ਤੋਂ ਲਿਖਵਾਈ ਸੀ। ਜਿਸ ਦਾ ਮਕਸਦ ਬਾਬਾ ਹੰਦਾਲ ਨੂੰ ਗੁਰੂ ਜੀ ਤੋਂ ਵੱਡਾ ਸਾਬਤ ਕਰਨਾ ਸੀ।

ਇਸ ਜਨਮ ਸਾਖੀ ਬਾਰੇ ਡਾ ਸ. ਸ. ਪਦਮ ਲਿਖਦਾ ਹੈ, "ਮੂਲ ਰੂਪ ਵਿਚ ਜਨਮਸਾਖੀ ਬਾਲਾ ਹੰਦਾਲੀਆਂ ਦਾ ਉਤਪ-ਾਦਨ ਹੈ, ਇਹ ਤੱਥ ਬਹੁਤ ਲੰਬੇ ਸਮੇਂ ਤਕ ਵਿਸਰ-ਭੋਲ ਦਾ ਸ਼ਿਕਾਰ ਰਿਹਾ। ਹੰਦਾਲੀਏ ਸਿੱਖ ਪਰੰਪਰਾ ਤੋਂ ਅਲੱਗ ਹੋਈ ਜ਼ਰਾ ਮਾਤਰ ਧੜੇਬੰਦੀ ਸੀ। ਜਿਸ ਦੇ ਪੱਥ-ਭਰਿਸ਼ਟ ਆਗੂ ਬਿਧੀ ਚੰਦ ਨੇ ਇਹ ਜਨਮਸਾਖੀ ਲਿਖਵਾਈ, ਮਨੋਰਥ ਬਾਬੇ ਦੇ ਚਰਿਤ੍ਰ ਘਾਤ ਰਾਹੀਂ, ਆਪਣੀਆਂ ਬਦਫੈਲੀਆਂ ਨੂੰ ਚਲੀ ਆ ਰਹੀ ਰੀਤ ਦਾ ਭਾਗ ਦੱਸ ਕੇ ਭੋਲੇ ਭਾਲੇ ਅਨੁਯਾਈਆਂ ਨੂੰ ਪਤਿਆਉਣ ਅਤੇ ਬਾਬੇ ਦੀ ਕੀਤੀ ਭਵਿੱਖ ਬਾਣੀ ਰਾਹੀਂ ਹੰਦਾਲ ਦੀ ਪ੍ਰਭੁਤਾ ਸਥਾਪਤ ਕਰਨ ਦਾ ਸੀ। (ਸਾਖੀ ਮਹਿਲ ਪਹਿਲੇ ਕੀ)

ਗੁਰੂ ਨਾਨਕ ਜੀ ਵੱਲੋਂ ਭਾਈ ਲਹਿਣਾ ਜੀ ਨੂੰ 4 ਅੱਸੂ, ਸੰਮਤ 1596 ਬਿਕ੍ਰਮੀ (3 ਸਤੰਬਰ 1539 ਈ: ਜੂਲੀਅਨ) ਦਿਨ ਬੁਧਵਾਰ ਗੁਰੂ ਥਾਪਿਆ ਗਿਆ ਸੀ। ਗੁਰੂ ਨਾਨਕ ਦੇਵ ਜੀ 8 ਅੱਸੂ, ਸੰਮਤ 1596 ਬਿਕ੍ਰਮੀ (7 ਸਤੰਬਰ 1539 ਈ: ਜੂਲੀਅਨ) ਦਿਨ ਐਤਵਾਰ ਨੂੰ ਜੋਤੀ ਜੋਤ ਸਮਾਏ ਹਨ। "ਕਤਕ ਮਾਹ ਪਿਛਲੇ ਪੱਖ ਬਾਲਾ ਸੰਧੂ ਗੁਰੂ ਅੰਗਦ ਦੇ ਦਰਸਨਿ ਆਇਆ ਸੀ" । ਇਹ ਸਮਾਂ 12 ਕੱਤਕ ਤੋਂ 27 ਕੱਤਕ ਸੰਮਤ 1596 ਬਿਕ੍ਰਮੀ ਦੇ ਦਰਮਿਆਨ ਬਣਦਾ ਹੈ। ਜਨਮ ਸਾਖੀ ਲਿਖਣ ਨੂੰ ਢਾਈ ਮਹੀਨੇ ਦਾ ਸਮਾਂ, "ਦੁਇ ਮਹੀਨੇ ਸਤਾਰਹ ਦਿਨ ਲਿਖਦਿਆ ਲਗੇ ਆਹੇ", ਵੀ ਇਸੇ ਜਨਮਸਾਖੀ ਵਿੱਚ ਮਿਲਦਾ ਹੈ। ਇਨ੍ਹਾਂ ਤੱਥਾਂ ਦੇ ਅਧਾਰ ਤੇ ਅਸੀਂ ਸਹਿਜੇ ਹੀ ਇਸ ਨਤੀਜੇ ਤੇ ਪੁੱਜ ਸਕਦੇ ਹਾਂ ਕਿ ਜੇ ਗੁਰੂ ਸਾਹਿਬ ਦੀ ਹਜੂਰੀ ਵਿੱਚ ਕੋਈ ਜਨਮ ਸਾਕੀ ਲਿਖੀ ਗਈ ਹੋਵੇਗੀ ਤਾਂ ਉਹ ਸੰਮਤ 1596 ਬਿਕ੍ਰਮੀ ਦੇ ਅਖੀਰ ਤੀਕ ਲਿਖੀ ਜਾ ਚੁੱਕੀ ਹੋਵੇਗੀ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਉਹ ਜਨਮ ਸਾਖੀ ਕਿੱਥੇ ਹੈ?

ਹੁਣ ਤੀਕ ਮਿਲੀ ਸਭ ਤੋਂ ਪੁਰਾਣੀ ਹੱਥ ਲਿਖਤ, ਬਿਕ੍ਰਮੀ 1715 ਸੰਮਤ (1658 ਈ) ਦੀ ਲਿਖੀ ਹੋਈ ਹੈ। ਜੋ ਪਿਆਰੇ ਲਾਲ ਕਪੂਰ, ਦੀ ਸੰਤਾਨ ਪਾਸ ਸੁਰਖਿਅਤ ਹੈ। ਇਹ ਇਕੋ ਹੱਥ ਦੀ ਲਿਖਤ ਹੈ। ਇਸ ਦਾ ਲੇਖਕ ਲਾਹੌਰ ਨਿਵਾਸੀ ਗੋਰਖ ਨਾਥ ਹੈ। "ਸੰਮਤ ੧੭੧੫ ਮਾਘ ਸੁਦੀ ੬ ਪੋਥੀ ਲਿਖੀ ਗੁਰ ਪ੍ਰਸਾਦ ਗੋਰਖ ਦਾਸ ਸੰਗਤ ਗੁਰੂ ਜਾਚਕ"।

ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਜੀ, ਇਹ ਸਾਬਿਤ ਕਰਨ ਲਈ ਕਿ ਗੁਰੂ ਅੰਗਦ ਸਾਹਿਬ ਜੀ ਦੀ ਹਜ਼ੂਰੀ ਵਿੱਚ, ਇਕ ਜਨਮ ਸਾਖੀ ਭਾਈ ਬਾਲੇ ਨੇ ਲਿਖਵਾਈ ਸੀ। ਮਹਿਮਾ ਪ੍ਰਕਾਸ਼ ਦਾ ਹਵਾਲਾ ਵੀ ਦਿੱਤਾ ਹੈ।

ਸੁਨ ਬਚਨ ਗੁਰ ਬਾਲਾ ਮਨ ਹਰਖਾ।
ਗੁਰ ਉਸਤਤ ਮੁਖ ਕੀਨੀ ਬਰਖਾ।
ਪੁਨ ਸਾਖੀ ਸਬਦ ਸਭ ਦੀਏ ਲਿਖਾਇ।
ਜੋ ਸੰਤਨ ਸਿਓ ਕਰ ਲੀਨ ਜਾਇ।

ਮਹਿਮਾ ਪ੍ਰਕਾਸ਼ ਦੇ ਲੇਖਕ, ਸਰੂਪ ਦਾਸ ਭੱਲੇ ਦਾ ਜਨਮ 1744 ਈ: ਦਾ ਮੰਨਿਆ ਜਾਂਦਾ ਹੈ ਅਤੇ ਮਹਿਮਾ ਪ੍ਰਕਾਸ਼ ਦੇ ਲਿਖਣ ਦਾ ਸਮਾਂ 1776 ਈ:। ਇਹ ਸਮਾਂ ਬਾਲੇ ਵਾਲੀ ਮੌਜੂਦਾ ਜਨਮ ਸਾਖੀ ਦੇ ਲਿਖਣ (1658 ਈ:) ਤੋਂ ਬਹੁਤ ਪਿੱਛੋਂ ਦਾ ਬਣਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਸਰੂਪ ਦਾਸ ਭੱਲਾ, ਹੰਦਾਲੀਆਂ ਵਾਲੀ ਜਨਮਸਾਖੀ ਦਾ ਹੀ ਜਿਕਰ ਕਰ ਰਿਹਾ ਹੈ ਨਾ ਕਿ ਗੁਰੂ ਜੀ ਦੀ ਹਜ਼ੂਰੀ ਵਿੱਚ ਲਿਖੀ ਗਈ (1596 ਬਿ:/1658 ਈ: ) ਜਨਮ ਸਾਖੀ ਦਾ।

ਕਵੀ ਸੰਤੋਖ ਸਿੰਘ ਆਪਣੇ ਗ੍ਰੰਥ 'ਸ੍ਰੀ ਗੁਰੂ ਨਾਨਕ ਪ੍ਰਕਾਸ਼ (1832 ਈ:) ਦੇ 37ਵੇਂ ਅਧਿਆਇ "ਨਾਨਕ ਪ੍ਰਕਾਸ਼ ਕਿਨ੍ਹਾਂ ਪੁਸਤਕਾਂ ਤੋਂ ਬਣਿਆ" ਵਿੱਚ ਆਪਣੇ ਸਰੋਤ ਦਾ ਜਿਕਰ ਕਰਦੇ ਹਨ:

ਪੂਰਬ ਪੋਥੀ ਜੋ ਲਿਖੀ ਸ੍ਰੀ ਨਾਨਕ ਇਤਿਹ-ਾਸ। ਲਿਖਵਾਈ ਅੰਗਦ ਗੁਰੂ ਬਾਲੇ ਬਦਨ ਪ੍ਰਕਾਸ਼॥੧੩॥

ਉਪ੍ਰੋਕਤ ਪੰਗਤੀ ਮੁਤਾਬਕ ਤਾਂ ਕਵੀ ਸੰਤੋਖ ਸਿੰਘ ਉਸ 'ਪੂਰਬ ਪੋਥੀ' ਦਾ ਜਿਕਰ ਕਰਦੇ ਹਨ ਜੋ ਗੁਰੂ ਸਾਹਿਬ ਜੀ ਨੇ ਭਾਈ ਬਾਲੇ ਤੋਂ ਲਿਖਵਾਈ ਸੀ। ਉਹ ਜਨਮਸਾਖੀ ਹੀ ਕਵੀ ਜੀ ਦਾ ਇਤਿਹਾਸਕ ਸਰੋਤ ਹੈ। ਪਰ, ਇਸ ਤੋਂ ਅੱਗੇ ਭਾਈ ਸੰਤੋਖ ਸਿੰਘ ਜੀ, ਹੰਦਾਲ ਦਾ ਜਿਕਰ ਕਰਦੇ ਹੋਏ ਲਿਖਦੇ ਹਨ ਕਿ ਹੰਦਾਲ ਦੇ ਘਰ ਇਕ ਨੀਚ ਪੈਦਾ ਹੋ ਗਿਆ। ਜਿਸ ਦੇ ਹੱਥ ਗੁਰੂ ਅੰਗਦ ਜੀ ਵੱਲੋਂ ਲਿਖਵਾਈ ਪੋਥੀ ਆ ਗਈ। ਉਸ ਨੇ ਇਕ ਕਬੀਰ ਪੰਥੀ ਨਾਲ ਮਿਲ ਕੇ ਮਿਲਾਵਟੀ ਪੋਥੀ ਤਿਆਰ ਕਰ ਦਿੱਤੀ ਜਿਸ ਵਿੱਚ ਉਸ ਨੇ ਹੰਦਾਲ ਦੀ ਵਡਿਆਈ ਕੀਤੀ ਅਤੇ ਗੁਰੂ ਨਾਨਕ ਜੀ ਸਬੰਧੀ ਅਯੋਗ ਸਾਖੀਆਂ ਇਸ ਆਸ ਨਾਲ ਲਿਖ ਦਿੱਤੀਆਂ ਕਿ ਗੁਰੂ ਦੇ ਸਿੱਖ ਸਾਨੂੰ ਮੰਨਣ ਲੱਗ ਪੈਣਗੇ। ਅਸਲ ਪੋਥੀ ਨੂੰ ਪਾੜ ਕੇ ਬਿਆਸ ਦਰਿਆ ਦੇ ਸਪੁਰਦ ਕਰ ਦਿੱਤਾ।

ਹਮਕੋ ਮਨਹਿੰਗੇ ਬਹੁ ਮਾਨਵ।
ਲਿਖੀ ਅਧਿਕਤਾ ਉਰ ਆਨਵ।
ਪੂਰਬ ਪੋਥੀ ਹੁਤੀ ਜੋ ਸੋਈ
ਦਈ ਬਿਆਸ ਬੀਚ ਡਬੋਇ॥੨੭॥
ਪੰਨੇ ਛੇਦੇ ਦਈ ਬਹਾਈ।
ਜੋ ਸ੍ਰੀ ਗੁਰੂ ਅੰਗਦ ਲਿਖਵਾਈ।
ਤਿਹ ਕੋ ਤਾਤਪਰਜ ਸਭਿ ਚੀਨੇ।
ਅਧਿਕ ਬਚਨ ਅਪਨੇ ਲਿਖਿ ਦੀਨੇ॥੨੮॥

ਕਵੀ ਸੰਤੋਖ ਸਿੰਘ ਦੀ ਉਪ੍ਰੋਕਤ ਲਿਖਤ ਤੋਂ ਇਹ ਸਪੱਸ਼ਟ ਹੈ, ਕਵੀ ਜੀ ਦਾ ਇਤਿਹ-ਾਸਿਕ ਸਰੋਤ ਹੰਦਾਲੀਆਂ ਵਾਲੀ ਜਨਮਸਾਖੀ ਹੈ ਨਾ ਕਿ 'ਪੂਰਬ ਪੋਥੀ'। "ਕਰਿ ਕੁਕਰਮ ਅਨਸ਼ੋਧ ਬਨਾਈ ਅਪਨ ਵਡਿਨ ਕੀ ਕੀਰਤਿ ਪਾਈ"। ਕਵੀ ਜੀ ਲਿਖਤੀ ਤੌਰ ਤੇ ਇਹ ਮੰਨ ਰਹੇ ਹਨ ਕਿ ਹੰਦਾਲੀਆਂ ਨੇ ਅਸਲ ਜਨਮ ਸਾਖੀ ਨੂੰ ਪਾੜ ਕੇ ਬਿਆਸ ਦਰਿਆ 'ਚ ਰੋੜ ਦਿੱਤਾ ਸੀ। ਜੇ ਇਹ ਸੱਚ ਹੈ ਤਾਂ ਇਹ ਘਟਨਾ ਸੰਮਤ 1715 ਬਿਕ੍ਰਮੀ (1658 ਈ:) ਦੀ ਹੀ ਹੋ ਸਕਦੀ ਹੈ। ਜੇ ਇਹ ਮੰਨ ਲਿਆ ਜਾਵੇ ਕਿ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿੱਚ ਜਨਮ ਸਾਖੀ ਲਿਖੀ ਗਈ ਹੋਵੇਗੀ ਤਾਂ ਉਸ ਦੇ ਲਿਖਣ ਦਾ ਸਮਾਂ 1596 ਬਿ: ਦਾ ਅਖੀਰ ਹੋ ਸਕਦਾ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਹੜੀ ਜਨਮ ਸਾਖੀ 1596 ਬਿ: ਵਿੱਚ ਲਿਖੀ ਗਈ, ਅਤੇ 1715 ਬਿ: ਵਿੱਚ ਹੰਦਾਲੀਆਂ ਨੇ ਨਸ਼ਟ ਕਰ ਦਿੱਤੀ। ਅੱਜ ਤਾਂਈ ਉਸ ਜਨਮਸਾਖੀ ਦੇ ਕਿਸੇ ਵੀ ਵਿਦਵਾਨ ਨੇ ਦਰਸ਼ਨ ਨਹੀਂ ਕੀਤੇ।

(ਬਾਕੀ ਹਿਸਾ ਸਫਾ 42 'ਤੇ ਪੜ੍ਹੋ)

41 ਸਫੇ ਦੀ ਬਾਕੀ

ਉਹ ਹੱਥ ਲਿਖਤ ਖਰੜਾ, ਕਿਸੇ ਵੀ ਲਾਇਬਰੇਰੀ ਵਿੱਚ ਮੌਜੂਦ ਨਹੀਂ ਹੈ ਜਿਹੜਾ ਗੁਰੂ ਅੰਗਦ ਸਾਹਿਬ ਜੀ ਦੀ ਹਜ਼ੂਰੀ ਵਿੱਚ ਲਿਖਿਆ ਗਿਆ ਸੀ। ਤਾਂ ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਮੌਜੂਦਾ ਜਨਮਸਾਖੀ ਨੂੰ ਮਿਲਾਵਟੀ ਕਿਵੇਂ ਕਹਿ ਸਕਦੇ ਹਾਂ?

ਕਿਸੇ ਲਿਖਤ ਨੂੰ ਮਿਲਾਵਟੀ ਤਾਂ ਹੀ ਸਾਬਿਤ ਕੀਤਾ ਜਾ ਸਕਦਾ ਹੈ ਜੇ ਉਸ ਦੀ ਅਸਲ ਮੌਜੂਦ ਹੋਵੇ। ਜਿਵੇਂ ਹੰਦਾਲੀਆਂ ਵਾਲੀ ਮੌਜੂਦਾ ਜਨਮਸਾਖੀ ਦਾ ਮੂਲ ਪਾਠ 'ਜਨਮਸਾਖੀ ਭਾਈ ਬਾਲਾ ਦਾ ਪਾਠ-ਪ੍ਰਮਣੀਕਰਨ ਤੇ ਆਲੋਚਨਾਤਮਕ ਸੰਪਾਦਨ" (ਡਾ: ਗੁਰਬਚਨ ਕੌਰ, ਭਾਸ਼ਾ ਵਿਭਾਗ ਪੰਜਾਬ) ਵਿੱਚ ਮੌਜੂਦ ਹੈ। ਇਸੇ ਤਰ੍ਹਾਂ ਹੀ "ਜਨਮਸਾਖੀ ਭਾਈ ਬਾਲਾ" (ਡਾ: ਸੁਰਿੰਦਰ ਸਿੰਘ ਕੋਹਲੀ, ਪਬਲੀਕੇਸ਼ਨ ਬਿਊਰੋ ਪੰਜਾਬ ਯੂਨੀਵਰਸਿਟੀ) ਵਿੱਚ ਵੀ ਮੂਲ ਪਾਠ ਮੌਜੂਦ ਹੈ। ਪਰ ਦੋਵਾਂ ਵਿੱਚ ਕੁਝ ਪਾਠ ਭੇਦ ਹਨ। ਇਥੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਨੇ ਜਾਣੇ-ਅਣਜਾਣੇ ਪਾਠ ਭੇਦ ਜਾਂ ਜਾਣਬੁਝ ਕੇ ਪਾਠ ਬਦਲੀ ਕੀਤਾ ਹੈ। ਪਰ ਜਦੋਂ ਅਸਲ ਲਿਖਤ (ਜੇ ਕੋਈ ਸੀ) ਮੌਜੂਦ ਹੀ ਨਹੀਂ ਤਾਂ ਇਹ ਖਿਆਲ ਕਰ ਲੈਣਾ ਕਿ ਉਹ ਕਦੇ ਹੁੰਦੀ ਸੀ, ਉਸ ਵਿੱਚ ਹੰਦਾਲੀਆਂ ਨੇ ਮਿਲਾਵਟ ਕਰ ਦਿੱਤੀ, ਕਿਸੇ ਵੀ ਦਲੀਲ ਨਾਲ ਸਹੀ ਨਹੀਂ ਠਹਿਰਾਇਆ ਜਾ ਸਕਦਾ।

ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਜੀ, ਬੇਨਤੀ ਇਹ ਹੈ ਕਿ, ਹੁਣ ਜਦੋਂ ਅਸੀਂ ਇਹ ਸਾਬਿਤ ਨਹੀ ਕਰ ਸਕੇ ਕਿ ਬਾਲੇ ਨਾਮ ਦੇ ਵਿਅਕਤੀ ਤੋਂ ਗੁਰੂ ਜੀ ਨੇ ਕੋਈ ਜਨਮ ਸਾਖੀ ਲਿਖਵਾਈ ਸੀ। ਤਾਂ ਹੰਦਾਲੀਆਂ ਵੱਲੋਂ 1658 ਈ: ਵਿੱਚ ਲਿਖਵਾਈ ਗਈ ਜਨਮਸਾਖੀ ਨੂੰ, ਅਸੀਂ ਮਿਲਾਵਟੀ ਕਿਵੇਂ ਕਹਿ ਸਕਦੇ ਹਾਂ? ਆਪ ਜੀ ਲਿਖਦੇ ਹੋ, "ਸੋ, ਅਜਿਹਾ ਕੁਝ ਵਿਚਾਰਨ ਉਪਰੰਤ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ";

1. ਭਾਈ ਬਾਲਾ ਜੀ ਹੋਏ ਹਨ ਜੋ ਕਿਸੇ ਸਮੇਂ ਗੁਰੂ ਨਾਨਕ ਸਾਹਿਬ ਜੀ ਨਾਲ ਵਿਚਰੇ।
2. ਗੁਰੂ ਅੰਗਦ ਸਾਹਿਬ ਜੀ ਨੇ ਪਹਿਲੇ ਪਾਤਸ਼ਾਹ ਜੀ ਦੀ ਜਨਮਸਾਖੀ ਲਿਖਾਉਣ ਸਮੇਂ ਭਾਈ ਬਾਲਾ ਦੀ ਸੇਵਾ ਲਈ।
3. ਇਸ ਜਨਮਸਾਖੀ ਵਿੱਚ ਡੰਮੀ-ਗੁਰੂ ਹੰਦਾਲੀਆਂ ਦੇ ਕਿਸੇ ਬਦਕਾਰ ਬਾਲੇ ਨੇ ਵਿਗਾੜ ਪਾ ਕੇ ਭਾਈ ਬਾਲੇ ਵਾਲੀ ਜਨਮਸਾਖੀ ਪ੍ਰਸਿੱਧ ਕੀਤੀ ਅਰ ਅਸਲੀ ਜਨਮਸਾਖੀ ਸਦਾ ਲਈ ਖੁਰਦ-ਬੁਰਦ ਕਰ ਦਿੱਤੀ।

ਆਸ ਕਰਦੇ ਹਾਂ ਕਿ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਜੀ, ਇਨ੍ਹਾਂ ਨੁਕਤਿਆਂ ਨੂੰ ਸਪੱਸ਼ਟ ਕਰਕੇ, ਪੰਜਾਬ ਟਾਈਮਜ਼ ਦੇ ਪਾਠਕਾਂ ਸਮੇਤ ਸਾਰੀ ਸਿੱਖ ਸੰਗਤ ਦੀ ਜਾਣਕਾਰੀ ਵਿੱਚ ਵਾਧਾ ਕਰਨ ਦੀ ਕ੍ਰਿਪਾਲਤਾ ਕਰਨਗੇ।

ਧੰਨਵਾਦ


ਸਤਿਕਾਰ ਸਹਿਤ
ਸਰਵਜੀਤ ਸਿੰਘ ਸੈਕਰਾਮੈਂਟੋ

* * * * * * *

# ਪੰਜਾਬੀਆਂ ਨੂੰ ਪੰਜਾਬੀ ਬੋਲੀ ਲਿਖਣ ਅਤੇ ਪੜ੍ਹਨ ਤੇ ਜ਼ਿਆਦਾ ਜ਼ੋਰ ਦੇਣਾ ਚਾਹੀਦਾ ਹੈ

## ਪਾਠਕਾਂ ਦੇ ਪੱਤਰ

(ਪੰਜਾਬੀ ਬੋਲੀ) ਇਸ ਵਿਸ਼ੇ ਤੇ ਅੱਗੇ ਲਿਖਦਾ ਹਾਂ ਪਰ ਸਾਡੀ ਪੰਜਾਬੀ ਬੋਲੀ ਦਾ ਹਾਲ ਸਾਡੇ ਲੀਡਰ ਜੋ ਐਨ ਆਰ ਆਈ ਨਾਲ ਪੰਜਾਬ ਵਿੱਚ ਵਤੀਰਾ ਕਰਦੇ ਹਨ ਉਹ ਹੈ ਰਾਜ ਪੰਜਾਬ ਵਿੱਚ ਕਿਸੇ ਪਾਰਟੀ ਦਾ ਹੋਵੇ ਸਾਡੇ ਲਈ ਕਿਸੇ ਨੇ ਜ਼ਿਆਦਾ ਨਹੀਂ ਕੀਤਾ ਕਾਂਗਰਸ ਵੇਲੇ ਸਵਰਗੀ ਬਲਵੀਰ ਸਿੰਘ ਅਤੇ ਦਲਜੀਤ ਸਿੰਘ ਸਹੋਤਾ ਵੱਲੋਂ ਜੋ ਹੋ ਸਕਿਆ ਉਹ ਐਨ ਆਰ ਆਈ ਵੀਰਾਂ ਦੀ ਸਹਾਇਤਾ ਕੀਤੀ। ਹੁਣ ਫੇਰ ਦੇਖੋ ਆਪ ਵਲੋਂ ਧਾਰੀਵਾਲ ਜੋ ਕੁਝ ਕਰ ਰਹੇ ਹਨ ਐਕਟਿੰਗ ਠੀਕ ਹੈ ਪਰ ਐਕਸ਼ਨ ਇੰਨਾ ਠੀਕ ਨਹੀਂ। ਕਾਗਜ਼ੀ ਕਾਰਵਾਈ ਕੋਈ ਪਰ ਐਨ ਆਰ ਆਈ ਵੀਰ ਨੂੰ ਜੋ ਕਹਿ ਰਹੇ ਹਨ ਉਹ ਹੋ ਹੀ ਨਹੀਂ ਸਕਦਾ ਇਸ ਬਾਰੇ ਖੁੱਲ੍ਹ ਕੇ ਮੈਂ ਫਿਰ ਲਿਖਾਂਗਾ ਗੱਲ ਕਰੀਏ ਪੰਜਾਬੀ ਬੋਲੀ ਦੀ। ਪੰਜਾਬੀ ਬੋਲੀ ਦੇ ਲੇਖਕ, ਹੋਰ ਨੇਤਾ ਹਨ ਉਹ ਜੋ ਹੋ ਸਕਦਾ ਹੈ ਕਰਦੇ ਹਨ । ਕਵਿਤਾ, ਕਹਾਣੀਆਂ ਲਿਖਦੇ ਹਨ । ਕਿਤਾਬਾਂ ਵਿੱਚ ਬਹੁਤ ਕੁਝ ਪੜ੍ਹਨ ਲਈ ਆਉਂਦਾ ਹੈ ਪਰ ਕੀ ਸਾਡੀ ਪੰਜਾਬੀ ਬੋਲੀ ਜ਼ਿਆਦਾ ਵੱਧ ਫੁੱਲ ਰਹੀ ਹੈ। ਇਹ ਪੰਜਾਬੀ ਵੀਰ ਦੱਸਣ ਜਦੋਂ ਤੀਕਰ ਅਸੀਂ ਪੰਜਾਬੀ ਬੋਲੀ ਸਹੀ ਤਰੀਕੇ ਨਾਲ ਬੋਲਦੇ ਨਹੀਂ, ਲਿਖਦੇ ਨਹੀਂ ਸਾਡੇ ਪੰਜਾਬ ਹਰ ਥਾਂ ਪੰਜਾਬੀ ਨੂੰ ਪਹਿਲ ਹੋਵੇ ਹਰ ਥਾਂ ਪੰਜਾਬੀ ਜ਼ੁਬਾਨ ਨੂੰ ਮੋਹਰੇ ਕਰੋ । ਦੁਕਾਨ ਦੇ ਬੋਰਡ ਬਾਕੀ ਬੋਰਡ ਪੰਜਾਬੀ ਵਿੱਚ ਹੋਣ । ਫਿਰ ਹਿੰਦੀ ਅੰਗਰੇਜ਼ੀ ਜਿਵੇਂ ਮਰਜ਼ੀ ਲਿਖੋ । ਸਾਡੇ ਪਿੰਡਾਂ ਵਿੱਚ ਭਾਵੇਂ ਪੰਜਾਬੀ ਬੱਚੇ ਤੋਂ ਬੁੱਢੇ ਤੀਕਰ ਬੋਲਦੇ ਹਨ । ਗੱਲਬਾਤ ਪੰਜਾਬੀ ਵਿੱਚ ਹੈ ਜ਼ਰਾ ਸ਼ਹਿਰ ਜਾਵੋ ਉਥੇ ਜ਼ਿਆਦਾ ਹਿੰਦੀ ਨੂੰ ਤਰਜ਼ੀਹ ਦੇਂਦੇ ਹਨ । ਸਾਡਾ ਪੰਜਾਬੀ ਨੂੰ ਦਿੱਲੀ ਲੈ ਜਾਵੋ ਕੁਝ ਚਿਰ ਬਾਅਦ ਉਹ ਵੀ ਪਹਿਲਾਂ ਪੰਜਾਬੀ ਤੇ ਫਿਰ ਮਿਲ ਗੋਭਾ ਕਰ ਜਾਂਦੇ ਹਨ । ਪੰਜਾਬੀ ਵੱਧ ਤੋਂ ਵੱਧ ਬੋਲੋ ਤੇ ਵੱਧ ਤੋਂ ਵੱਧ ਸਕੂਲਾਂ ਕਾਲਜਾਂ ਵਿੱਚ ਪੜ੍ਹਾਉ । ਇਸ ਦਾ ਪ੍ਰਚਾਰ ਤਦ ਹੀ ਵਧ ਸਕਦਾ ਹੈ। ਹੁਣ ਹੋ ਕੀ ਰਿਹਾ ਹੈ। ਅਗਰ ਕਹਿੰਦੇ ਹਾਂ ਕਿ ਪੰਜਾਬੀ ਪੜ੍ਹੋ ਪਿੰਡਾਂ ਵਿੱਚ ਠੀਕ ਹੈ ਪਰ ਸ਼ਹਿਰਾਂ ਵਿੱਚ ਇਕੋ ਗੱਲ ਕਰਦੇ ਹਨ ਅਗਰ ਹਿੰਦੀ ਇੰਗਲਿਸ਼ ਨਹੀਂ ਪੜ੍ਹੀ ਤਦ ਨੌਕਰੀ ਕਿਥੋਂ ਲਵਾਂਗੇ । ਫਿਰ ਪੰਜਾਬੀ ਕੀ ਕਰੇ । ਹੋਰ ਬਹੁਤ ਕੁਝ ਕਰਨ ਵਾਲਾ ਹੈ। ਪੰਜਾਬੀਆਂ ਨੂੰ ਪੰਜਾਬੀ ਬੋਲੀ ਲਿਖਣ ਅਤੇ ਪੜ੍ਹਨ ਤੇ ਜ਼ਿਆਦਾ ਜ਼ੋਰ ਦੇਣਾ ਚਾਹੀਦਾ ਹੈ। ਉਸ ਤੋਂ ਬਾਅਦ ਬੋਲਣ ਤੇ ਜ਼ੋਰ ਦੇਣਾ ਚਾਹੀਦਾ ਹੈ। ਗਲਤੀ ਮੁਆਫ਼ ।




ਕੇ ਐਸ ਜੋਗੀ

## ਭੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com





# JOB IN DONCASTER

## ਡੌਨਕਾਸਟਰ ਵਿਖੇ ਇੰਡੀਅਨ ਟੇਕ-ਅਵੇ ਲਈ 'ਤੰਦੂਰੀ ਤੇ ਕਰੀ' ਸ਼ੈਫ ਦੀ ਤੁਰੰਤ ਲੋੜ ਹੈ

**ਡੌਨਕਾਸਟਰ** ਵਿਖੇ **ਇੰਡੀਅਨ ਟੇਕ ਅਵੇ** ਲਈ ਤੰਦੂਰੀ ਅਤੇ ਕਰੀ ਦੇ ਮਾਹਿਰ ਸ਼ੈਫ ਦੀ ਤੁਰੰਤ ਲੋੜ ਹੈ। ਉਸ ਦੇ ਕੋਲ ਘੱਟੋ ਘੱਟ 2 ਸਾਲ ਇਸ ਖੇਤਰ ਵਿਚ ਕੰਮ ਕਰਨ ਦਾ ਤਜ਼ਰਬਾ ਹੋਣਾ ਜ਼ਰੂਰੀ ਹੈ। ਉਮੀਦਵਾਰ ਰਸੋਈ ਘਰ ਦੇ ਕੰਮਾਂ ਦੇ ਨਾਲ-ਨਾਲ ਸਿਹਤ ਅਤੇ ਸਫ਼ਾਈ ਦੇ ਅਸੂਲਾਂ ਦੀ ਵੀ ਜਾਣਕਾਰੀ ਰੱਖਦਾ ਹੋਵੇ। ਉਸ ਦੇ ਕੋਲ ਯੂ ਕੇ ਵਿਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ। ਬਾਕੀ ਸ਼ਰਤਾਂ ਅਤੇ ਕੰਮ ਹੇਠਾਂ ਲਿਖੇ ਅਨੁਸਾਰ ਹਨ। ਯੂ ਕੇ ਦੇ ਇੰਪਲਾਈਮੈਂਟ ਕਾਨੂੰਨ ਅਤੇ ਕੰਮ ਮੁਤਾਬਕ ਚੰਗੀ ਤਨਖਾਹ ਮਿਲੇਗੀ। ਯੋਗ ਉਮੀਦਵਾਰ ਵਧੇਰੇ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰ 'ਤੇ ਮਿ: ਪ੍ਰਮਜੀਤ ਸਿੰਘ ਪੱਡਾ ਨਾਲ ਸੰਪਰਕ ਕਰਨ। ਰਿਹਾਇਸ਼ ਦਾ ਪ੍ਰਬੰਧ ਹੋ ਸਕਦਾ ਹੈ।

## TANDOORI AND CURRY CHEFS REQUIRED at Indian Take Away in Doncaster

- Must be expert in making Tandoori & Currys to a high quality.
- Candidate must complete health and hygiene regulations.
- Other duties include: cleaning, preparing dishes to standard set by Head Chef, managing food counter.
- Must have at least 2 years experience of work at Tandoori and Currys.
- Accommodation can be provided eligible candidate.
- Good Salary according to his work skills.
- Must have legal documents and right to work in the UK.

# INDIAN TAKE AWAY
## DONCASTER

For more Information Please Contact:
Mr. Parmjit Singh Padda 07877959265

**3 ਮਾਰਚ ਨੂੰ ਬਰਸੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

# ਹੋਲਾ ਮਹੱਲਾ ਪਾਉਂਟਾ ਸਾਹਿਬ ਦਾ ਦਸਮ ਪਿਤਾ ਦੇ ਲਾਡਲੇ 52 ਕਵੀਆਂ ਦੀ ਪਾਵਨ ਧਰਤੀ



ਹੋਲਾ ਮਹੱਲਾ ਪੰਜਾਬ ਦਾ ਵਿਰਾਸਤੀ ਤਿਉਹਾਰ ਹੈ। ਖ਼ਾਲਸਾ ਪੰਥ ਦੀ ਸਾਜਨਾ ਦੇ ਸੰਕਲਪ ਨੂੰ ਆਪਣੇ ਜਿਹਨ ਵਿੱਚ ਲੈ ਕੇ ਸਮੇਂ ਦੀ ਵੰਗਾਰ ਅਨੁਸਾਰ ਸਾਹਿਤ ਸਿਰਜਣਾਂ ਤੇ ਕਲਾਤਮਿਕ ਰੁਚੀਆਂ ਦੀ ਪੂਰਤੀ ਲਈ ਸਰਬੰਸਦਾਨੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜਵਾਨੀ ਦੇ ਲਗਪਗ ਸਾਢੇ ਚਾਰ ਵਰ੍ਹੇ ਨਾਹਨ ਰਿਆਸਤ ਵਿੱਚ ਯਮਨਾ ਦਰਿਆ ਦੇ ਕਿਨਾਰੇ ਸਥਿਤ ਪਾਉਂਟਾ ਸਾਹਿਬ ਦੀ ਪਾਵਨ ਧਰਤੀ 'ਤੇ ਬਿਤਾਏ। ਗੁਰੂ ਸਾਹਿਬ ਨੇ ਇਸ ਪਵਿੱਤਰ ਧਰਤੀ 'ਤੇ ਆਪਣੇ ਲਾਡਲੇ ਬਵੰਜਾ ਕਵੀਆਂ ਤੇ ਸਾਹਿਤਕ ਰੁਚੀਆਂ ਨੂੰ ਲੈ ਕੇ ਅਦਬੀ ਮਹਿਫਲਾਂ ਨਾਲ ਸ਼ਿੰਗਾਰਿਆ। ਕਲਮ ਦੇ ਧਨੀ ਅਤੇ ਅਨੇਕਾਂ ਭਾਸ਼ਾਵਾਂ ਦੇ ਵਿਦਵਾਨ ਕਲਗੀਧਰ ਪਾਤਸ਼ਾਹ ਨੇ ਇਸੇ ਅਸਥਾਨ 'ਤੇ ਚੰਦਨ ਕਵੀ ਦੀ ਕਵਿਤਾ ਤੋਂ ਪ੍ਰਸੰਨ ਹੋ ਕੇ ਉਸ ਨੂੰ 65000 ਮੋਹਰਾਂ ਦੇ ਕੇ ਸਨਮਾਨਿਤ ਕੀਤਾ। ਯਮਨਾ ਦੇ ਕਲਕਲ ਵਹਿੰਦੇ ਪਾਣੀ ਨਾਲ ਕਲੋਲਾਂ ਕਰਦਿਆਂ ਕੁਦਰਤ ਦੀ ਸੁਹਾਵਣੀ ਗੋਦ ਵਿੱਚ ਬਿਰਾਜਮਾਨ ਹੋ ਕੇ ਸ੍ਰੀ ਦਸਮ ਗ੍ਰੰਥ ਦੀਆਂ ਅਨੇਕਾਂ ਬਾਣੀਆਂ ਦੀ ਰਚਨਾ ਕੀਤੀ। ਇਸੇ ਪਾਉਂਟਾ ਸਾਹਿਬ ਦੀ ਪਵਿੱਤਰ ਭੂਮੀ 'ਤੇ ਸ਼ਸਤਰ ਤੇ ਸ਼ਾਸਤਰ ਵਿੱਦਿਆ ਦੇ ਨਾਲ ਕਾਦਰ ਦੀ ਕੁਦਰਤ ਦੇ ਸੁੰਦਰ ਨਜ਼ਾਰਿਆਂ ਤੋਂ ਬਲਿਹਾਰ ਜਾਂਦਿਆਂ ਅਕਾਲ ਪੁਰਖ ਵਾਹਿਗੁਰੂ ਦੀਆਂ ਗੁੜ੍ਹੀਆਂ ਰਮਜ਼ਾਂ ਨੂੰ ਭਾਂਪਦਿਆਂ ਇਕ ਯੋਗ ਕਲਾ ਪਾਰਖੂ ਦੀ ਤਰ੍ਹਾਂ ਆਪਣੇ ਸਿੰਘਾਂ ਨੂੰ ਸੁਹਣੀਆਂ ਦਸਤਾਰਾਂ ਸਜਾਉਣ ਅਤੇ ਚੰਗੇਰੀਆਂ ਸਾਹਿਤਕ ਰਚਨਾਵਾਂ ਤੇ ਮੁਕਾਬਲਿਆਂ ਵਿੱਚ ਇਨਾਮ ਦਿੱਤੇ ਜਾਣ ਲੱਗੇ। ਦੇਸ਼ ਦੇ ਕੋਨੇ-ਕੋਨੇ ਤੋਂ ਸਾਹਿਤਕਾਰ ਵਿਸ਼ੇਸ਼ ਕਰਕੇ ਕਵੀ ਆਪਣੀਆਂ ਆਤਮ-ਰੱਸ ਭਰਪੂਰ ਕਵਿਤਾਵਾਂ, ਜਿਨ੍ਹਾਂ ਵਿੱਚ ਪ੍ਰੇਮ-ਰੱਸ, ਬੀਰ-ਰੱਸ ਤੇ ਹਾਸ-ਰੱਸ ਸੁਣਾਉਣ ਲਈ ਪਹੁੰਚਦੇ ਸਨ। ਇਸੇ ਅਸਥਾਨ 'ਤੇ ਪੀਰ ਬੁੱਧੂ ਸ਼ਾਹ ਸਢੌਰੇ ਤੋਂ ਆਪਣੇ ਪੁੱਤਰਾਂ ਤੇ ਮੁਰੀਦਾਂ ਸਮੇਤ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਇਆ ਸੀ। ਭੰਗਾਣੀ ਦੇ ਯੁੱਧ ਤੋਂ ਪਿੱਛੋਂ ਆਪਣੇ ਪੁੱਤਰਾਂ ਤੇ ਮੁਰੀਦਾਂ ਦੀ ਸ਼ਹਾਦਤ ਤੋਂ ਪਿੱਛੋਂ, ਬਖ਼ਸ਼ਿਸ਼ ਵਜੋਂ ਛੋਟੀ ਦਸਤਾਰ ਤੇ ਕੇਸਾਂ ਸਮੇਤ ਕੰਘਾ ਪ੍ਰਾਪਤ ਕਰਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਸੀ। ਇਸੇ ਪਵਿੱਤਰ ਅਸਥਾਨ 'ਤੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਦਾ ਜਨਮ ਵੀ ਹੋਇਆ ਸੀ। ਇਥੇ ਹੀ ਕਾਲਪੀ ਰਿਸ਼ੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਗੋਦ ਵਿੱਚ ਆਖਰੀ ਸੁਆਸ ਲਏ ਸਨ।

ਅਸਲ ਵਿੱਚ ਸਰਬੰਸਦਾਨੀ ਪਿਤਾ, ਨੀਲੇ ਦੇ ਸ਼ਾਹ ਸਵਾਰ, ਸੰਤ ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ-ਨਰੋਏ ਸਮਾਜ ਦੀ ਸਿਰਜਨਾ ਅਤੇ ਇਤਿਹਾਸਕ ਤਿਉਹਾਰਾਂ ਨੂੰ ਮਨਾਉਣ ਲਈ ਇਕ ਨਿਵੇਕਲੀ ਵਿਚਾਰਧਾਰਾ ਦੀ ਅਰੰਭਤਾ ਹੋਲੇ-ਮਹੱਲੇ ਦੇ ਪਵਿੱਤਰ ਸਮੇਂ ਹੀ ਕੀਤੀ। ਮਨੁੱਖੀ ਸਮਾਜ ਦੇ ਦੋਵੇਂ ਅੰਗਾਂ ਇਸਤਰੀ ਅਤੇ ਪੁਰਸ਼ ਲਈ ਗ੍ਰਹਿਸਥੀ ਹੋਣਾਂ, ਪਰਉਪਕਾਰ, ਸੇਵਾ ਦੇ ਧਾਰਨੀ ਹੋਣ ਦੇ ਨਾਲ-ਨਾਲ ਹਰ ਸਮੇਂ ਗਰੀਬਾਂ ਤੇ ਮਜਲੂਮਾਂ ਦੀ ਰੱਖਿਆ ਲਈ ਆਪਾ ਸਮਰਪਿਤ ਕਰਨ ਲਈ ਆਪਣੇ ਸਿੱਖਾਂ ਨੂੰ ਪਾਬੰਦ ਕੀਤਾ। ਅਜਿਹੇ ਫ਼ਰਜ਼ਾਂ ਦੀ ਪੂਰਤੀ ਲਈ ਮਨੁੱਖ ਦਾ ਆਰੋਗ ਤੇ ਬਲਵਾਨ ਹੋਣਾ ਵੀ ਬਹੁਤ ਜਰੂਰੀ ਹੈ। ਹੋਲੇ-ਮਹੱਲੇ ਦੇ ਪਵਿੱਤਰ ਤਿਉਹਾਰ ਸਮੇਂ ਆਪਣੇ ਸਿੰਘਾਂ ਲਈ ਅਭਿਆਸ ਵਜੋਂ ਖ਼ਾਲਸਾ ਫ਼ੌਜ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਰਣਤੱਤੇ ਅੰਦਰ ਅਸਲੀ ਦਾਅ-ਪੇਚਾਂ, ਚਾਲਾਂ, ਹਰਕਤਾਂ ਨੂੰ ਧਿਆਨ ਗੋਚਰੇ ਕਰਕੇ ਅਭਿਆਸ ਕਰਵਾਉਂਦੇ। ਹਰ ਜਥੇ ਨੂੰ ਵੱਖ-ਵੱਖ ਰੰਗਾਂ ਦੀਆਂ ਜੰਗੀ ਵਰਦੀਆਂ ਪਹਿਨਾਈਆਂ ਜਾਂਦੀਆਂ। ਅਜਿਹੇ ਮੌਕੇ 'ਤੇ ਘੋੜਿਆਂ, ਹਾਥੀਆਂ ਦੀ ਵਰਤੋਂ ਵੀ ਕੀਤੀ ਜਾਂਦੀ। ਨਗਾਰੇ ਵੱਜਦੇ, ਹਥਿਆਰਾਂ ਦੇ ਟਕਰਾਅ ਹੁੰਦੇ, ਜੈਕਾਰੇ ਗੂੰਜਦੇ। ਦਸਮ ਪਾਤਸ਼ਾਹ ਆਪ ਯੋਧਿਆਂ ਨੂੰ ਹੱਲਾਸ਼ੇਰੀ ਦਿੰਦੇ। ਅੰਤ ਵਿੱਚ ਫਤਹਿ ਦੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ। ਸਮਾਜ ਨੂੰ ਨਵੀਂ ਸੇਧ ਦੇ ਕੇ ਪਸ਼ੂ ਬਿਰਤੀ ਤੋਂ ਅਜ਼ਾਦ ਕਰਵਾਇਆ। ਭਾਰਤੀ ਤਿਉਹਾਰ ਹੋਲੀ ਨੂੰ ਹੋਲੇ-ਮਹੱਲੇ ਦਾ ਰੂਪ ਦੇ ਕੇ ਮਨੁੱਖਤਾ ਨੂੰ ਮਰਦਾਨਗੀ ਤੇ ਆਤਮਿਕ ਸ਼ੁੱਧਤਾ ਦੇ ਮੰਡਲਾਂ ਦਾ ਵਾਸੀ ਬਣਾਇਆ।

ਅੱਜ ਤੇਜ਼ੀ ਨਾਲ ਮਸ਼ੀਨੀਕਰਨ ਅਤੇ ਸਨਅਤੀਕਰਨ ਵੱਲ ਵੱਧ ਰਹੇ ਕੰਪਿਊਟਰ ਯੁੱਗ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਤਰ੍ਹਾਂ ਸ੍ਰੀ ਪਾਉਂਟਾ ਸਾਹਿਬ ਵਿਖੇ ਵੀ ਹੋਲੇ-ਮਹੱਲੇ ਦੀ ਰੌਣਕ ਵੀ ਵੇਖਣ ਯੋਗ ਹੁੰਦੀ ਹੈ। ਪਾਉਂਟਾ ਸਾਹਿਬ ਦੀ ਧਰਤੀ ਹਿਮਾਚਲ, ਹਰਿਆਣਾ, ਪੰਜਾਬ, ਦਿੱਲੀ, ਉਤਰਾਂਚਲ ਖਾਸ ਕਰਕੇ ਦੂਨ ਅਤੇ ਤਰਾਈ ਦੇ ਇਲਾਕੇ ਦੀਆਂ ਸਿੱਖ ਸੰਗਤਾਂ ਲਈ ਵਿਸ਼ੇਸ਼ ਖਿੱਚ ਰੱਖਦੀ ਹੈ। ਲੱਖਾਂ ਸਿੱਖ ਸੰਗਤਾਂ ਇਸ ਪਾਵਨ ਧਰਤੀ ਨੂੰ ਨਤਮਸਤਕ ਹੁੰਦੀਆਂ ਹਨ। ਇਹ ਪਾਉਂਟਾ ਸਾਹਿਬ ਦਾ ਇਤਿਹਾਸਕ ਗੁਰੂ ਘਰ ਪਹਾੜੀ ਤੇ ਪੰਜਾਬੀ ਸੱਭਿਆਚਾਰ ਦਾ ਸੁੰਦਰ ਸੁਮੇਲ ਬਣ ਜਾਂਦਾ ਹੈ। ਇਹ ਮੇਲਾ ਚਾਰ ਦਿਨ ਚੱਲਦਾ ਹੈ। ਇਨ੍ਹਾਂ ਦੀਵਾਨਾਂ ਵਿੱਚ ਕਵੀ ਦਰਬਾਰ, ਕਥਾ-ਕੀਰਤਨ, ਦਰਬਾਰਾਂ ਵਿੱਚ ਗੁਰੂ ਘਰ ਦੇ ਕੀਰਤਨੀਆਂ, ਕਥਾਕਾਰਾਂ, ਕਵੀਆਂ, ਢਾਡੀਆਂ, ਕਵੀਸ਼ਰਾਂ ਨੂੰ ਲਖਾਂ ਸਿੱਖ ਸੰਗਤਾਂ ਸ਼ਰਧਾ ਦੀ ਮੂਰਤੀ ਬਣ ਕੇ ਸਰਵਣ ਕਰਦੀਆਂ ਹਨ। ਮੇਲੇ ਦੇ ਆਖਰੀ ਦਿਨ ਹਿਮਾਚਲ ਦੇ ਲੋਕ ਆਪਣੇ ਰਵਾਇਤੀ ਪਹਿਰਾਵੇ ਵਿੱਚ ਗੁਰੂ ਸਾਹਿਬ ਨੂੰ ਪ੍ਰਣਾਮ ਕਰਨ ਪੁੱਜਦੇ ਹਨ। ਮੇਲੇ ਨੂੰ ਜਾਣ ਵਾਲੇ ਸਾਰੇ ਰਸਤੇ ਸੰਗਤਾਂ ਦੇ ਕਾਫ਼ਲਿਆਂ ਨਾਲ ਭਰੇ ਨਜ਼ਰ ਆਉਂਦੇ ਹਨ।

ਯਮਨਾ ਦਰਿਆ ਕਿਨਾਰੇ ਬਣੀ ਗੁਰ-ਦੁਆਰਾ ਪਾਉਂਟਾ ਸਾਹਿਬ ਦੀ ਆਲੀਸ਼ਾਨ ਸੰਗਮਰਮਰ ਇਮਾਰਤ ਸਿੱਖ ਇਤਿਹਾਸ ਨੂੰ ਆਪਣੇ ਅੰਦਰ ਸਮੋਈ ਬੈਠੀ ਹੈ। ਗੁਰ-ਦੁਆਰਾ ਕੰਪਲੈਕਸ ਵਿੱਚ ਗੁ: ਦਸਤਾਰ ਅਸਥਾਨ, ਗੁ: ਕਵੀ ਦਰਬਾਰ, ਗੁ: ਕਾਲਪੀ ਰਿਸ਼ੀ ਵੀ ਸੁਸ਼ੋਭਿਤ ਹਨ। ਸਾਹਿਤਕਾਰਾਂ ਤੇ ਖੋਜੀਆਂ ਲਈ ਇਕ ਵੱਖਰੀ ਇਮਾਰਤ ਵਿਦਿਆਸਰ ਹੈ, ਜਿਸ ਵਿੱਚ ਲਾਇਬਰੇਰੀ ਅਤੇ ਸਿੱਖ ਅਜਾਇਬ ਘਰ ਬਣੇ ਹੋਏ ਹਨ। ਇਸ ਅਸਥਾਨ ਉਪਰ 22 ਮਈ, 1964 ਨੂੰ ਇਕ ਵੱਡਾ ਸ਼ਹੀਦੀ ਖ਼ੂਨੀ ਸਾਕਾ ਵੀ ਵਾਪਰਿਆ। ਗੁਰਦੁਆਰਾ ਸਾਹਿਬ ਨੂੰ ਮਹੰਤਾਂ ਦੇ ਪ੍ਰਬੰਧ ਤੋਂ ਅਜ਼ਾਦ ਕਰਵਾਉਣ ਸਮੇਂ ਗਿਆਰਾਂ ਸਿੰਘਾਂ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ। ਇਸ ਅਸਥਾਨ ਦਾ ਪ੍ਰਬੰਧ ਹਾਈ ਕੋਰਟ ਵੱਲੋਂ ਬਣਾਈ ਪ੍ਰਬੰਧਕ ਕਮੇਟੀ ਕਰਦੀ ਹੈ। ਜਿਸ ਦਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੀ ਮੁਖੀ ਹੁੰਦਾ ਹੈ। ਸਾਰਾ ਸਾਲ ਇਸ ਅਸਥਾਨ ਦੀ ਯਾਤਰਾ ਲਈ ਵੱਡੀ ਗਿਣਤੀ ਵਿੱਚ ਸੰਗਤ ਪੁੱਜਦੀ ਹੈ। ਹੋਲੇ-ਮਹੱਲੇ ਦੀ ਰੌਣਕ ਆਪਣੀ ਮਿਸਾਲ ਆਪ ਹੀ ਹੁੰਦੀ ਹੈ। ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਸਮੇਂ ਹਰ ਰੋਜ਼ ਸੰਗਤ ਇਥੇ ਪੜਾਅ ਕਰਦੀ ਹੈ। ਚੰਡੀਗੜ੍ਹ ਤੋਂ 120 ਕਿਲੋਮੀਟਰ ਦੂਰ ਵਸਿਆ ਇਹ ਇਤਿਹਾਸਕ ਅਸਥਾਨ ਨਾਹਨ (ਹਿਮਾਚਲ), ਯਮਨਾ ਨਗਰ (ਹਰਿਆਣਾ), ਦੇਹਰਾਦੂਨ (ਉਤਰਾਖੰਡ) ਤੋਂ ਸਿੱਧੀਆਂ ਸੜਕਾਂ ਨਾਲ ਜੁੜਿਆ ਹੋਇਆ ਹੈ। ਹੋਲੇ-ਮਹੱਲੇ ਦਾ ਇਹ ਜੋੜ-ਮੇਲਾ ਆਤਮਿਕ-ਅਨੰਦ ਵਾਲੇ ਰੰਗੀਨ ਸੁਪਨੇ ਛੱਡ ਜਾਂਦਾ ਹੈ।

* * * * * * *

## ਰਿਸ਼ੀਕੇਸ਼ ਦੇ ਸਿੱਖ ਵਪਾਰੀ ਦੀ ਫਿਰਕੂ ਸਮੂਹ ਵਲੋਂ ਕੀਤੀ ਗਈ ਕੁੱਟਮਾਰ ਅਤੇ ਉਸ ਦੀ ਦਸਤਾਰ ਤੇ ਕੇਸਾਂ ਦੀ ਬੇਅਦਬੀ ਦੀ ਘਟਨਾ ਵੱਖ-ਵੱਖ ਧਰਮਾਂ ਦੇ ਅਧਿਕਾਰਾਂ ਤੇ ਆਜ਼ਾਦੀ ਤੇ ਹਮਲਾ: ਗਿਆਨੀ ਰਘਬੀਰ ਸਿੰਘ

ਨਵੀਂ ਦਿੱਲੀ, (ਮਨਪ੍ਰੀਤ ਸਿੰਘ ਖਾਲਸਾ):- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਉੱਤਰਾਖੰਡ ਦੇ ਰਿਸ਼ੀਕੇਸ਼ ਵਿਚ ਇਕ ਸਿੱਖ ਵਪਾਰੀ ਦੀ ਫਿਰਕੂ ਸਮੂਹ ਵਲੋਂ ਕੀਤੀ ਗਈ ਕੁੱਟਮਾਰ ਅਤੇ ਉਸ ਦੀ ਦਸਤਾਰ ਤੇ ਕੇਸਾਂ ਦੀ ਬੇਅਦਬੀ ਦੀ ਘਟਨਾ ਨੂੰ ਦੇਸ਼ ਅੰਦਰ ਵੱਖ-ਵੱਖ ਧਰਮਾਂ ਦੇ ਅਧਿਕਾਰਾਂ ਤੇ ਆਜ਼ਾਦੀ ਫ਼ਲਸਰੂਤੇ ਹਮਲਾ ਕਰਾਰ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਲਿਖਤੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਵੱਖ-ਵੱਖ ਧਰਮਾਂ, ਭਾਈਚਾਰਿਆਂ ਦੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀ ਨੂੰ ਬਰਕਰਾਰ ਰੱਖਣਾ ਹਰੇਕ ਜਮਹੂਰੀ ਸਰਕਾਰ ਦਾ ਬੁਨਿਆਦੀ ਫਰਜ਼ ਬਣਦਾ ਹੈ। ਉਨ੍ਹਾਂ ਕਿਹਾ ਕਿ ਰਿਸ਼ੀਕੇਸ਼ ਵਿਚ ਇਕ ਮਾਮੂਲੀ ਤਕਰਾਰ ਨੂੰ ਲੈ ਕੇ ਭੜਕੀ ਭੀੜ ਵਲੋਂ ਇਕ ਸਿੱਖ ਵਪਾਰੀ ਦੀ ਦਸਤਾਰ ਅਤੇ ਕੇਸਾਂ ਨੂੰ ਨਿਸ਼ਾਨਾ ਬਣਾ ਕੇ ਹਮਲਾ ਕਰਨਾ ਇਸ ਦੇਸ਼ ਦੀ ਜਮਹੂਰੀਅਤ ਲਈ ਬੇਹੱਦ ਸ਼ਰਮਨਾਕ ਹੈ।

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਬੇਸ਼ੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਘਟਨਾ ਨੂੰ ਲੈ ਕੇ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਅਤੇ ਉੱਤਰਾਖੰਡ ਪੁਲਿਸ ਨੂੰ ਪੱਤਰ ਲਿਖ ਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਮੰਗ ਕੀਤੀ ਹੈ ਪਰ ਪੰਜਾਬ ਸਰਕਾਰ ਦਾ ਵੀ ਫਰਜ਼ ਬਣਦਾ ਹੈ ਕਿ ਉਹ ਵੀ ਉੱਤਰਾਖੰਡ ਸਰਕਾਰ ਕੋਲ ਪਹੁੰਚ ਕਰਕੇ ਦੋਸ਼ੀਆਂ ਖ਼ਿਲਾਫ ਸਖਤ ਕਾਨੂੰਨੀ ਕਾਰਵਾਈ ਯਕੀਨੀ ਬਣਾਵੇ ਤਾਂ ਜੋ ਦੇਸ਼ ਅੰਦਰ ਘੱਟ-ਗਿਣਤੀਆਂ ਦੀ ਸੁਰੱਖਿਆ ਅਤੇ ਆਜ਼ਾਦੀ ਨੂੰ ਬਰਕਰਾਰ ਰੱਖਿਆ ਜਾ ਸਕੇ।

– ਲੇਖਕ –
ਰਣਧੀਰ ਸਿੰਘ ਸੰਭਲ
ਯੂ ਕੇ
ਫੋਨ :07417443300



# ਸਾਲਾਨਾ ਜੋੜ ਮੇਲੇ 'ਤੇ ਵਿਸ਼ੇਸ਼ 10 ਤੋਂ 12 ਮਾਰਚ ਸੰਤ ਮੁਹਿੰਦਰ ਸਿੰਘ ਜੀ ਹਰਖੋਵਾਲੀਏ ਅਤੇ ਸੰਤ ਦੀਦਾਰ ਸਿੰਘ ਜੀ ਹਰਖੋਵਾਲੀਏ




ਹਰਖੋਵਾਲੀਏ ਸੰਪ੍ਰਦਾਇ ਦੇ ਬਾਨੀ, ਸੰਤ ਮਹਾਰਾਜਾ ਬਾਬਾ ਜਵਾਲਾ ਸਿੰਘ ਜੀ ਸੰਸਾਰੀ ਜੀਵਾਂ ਦਾ ਭਲਾ ਕਰਦੇ ਹੋਏ ਆਪ ਪਾਵਨ ਅਸਥਾਨ ਡੇਰਾ ਬਾਬਾ ਦਲੀਪ ਸਿੰਘ ਜੀ ਪਿੰਡ ਡੁਮੇਲੀ ਵਿਖੇ 13 ਨਵੰਬਰ 1957 ਈ: ਨੂੰ ਪੰਜ ਭੂਤਕ ਸਰੀਰ ਤਿਆਗ ਕੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਭੇਦ ਹੋ ਗਏ। ਇਨ੍ਹਾਂ ਤੋਂ ਬਾਅਦ ਇਨ੍ਹਾਂ ਦੇ ਸ਼ਿਸ਼ ਸੰਤ ਮੁਹਿੰਦਰ ਸਿੰਘ ਜੀ ਹਰਖੋਵਾਲੀਏ, ਪਰਉਪਕਾਰੀ ਮਹਾਨ ਸੰਗੀਤ ਕਲਾਕਾਰ ਕੀਰਤਨ ਦੇ ਧਨੀ, ਜਿਨ੍ਹਾਂ ਨੇ ਯੂ.ਪੀ. ਵਿੱਚ ਅਤੇ ਭਾਰਤ ਦੇ ਕੋਨੇ-ਕੋਨੇ ਭ੍ਰਮਣ ਕਰਕੇ ਆਪਣੀ ਸੰਤ ਮੰਡਲੀ ਲੱਖਾਂ ਪ੍ਰਾਣੀਆਂ ਨੂੰ ਰੱਬੀ ਬਾਣੀ ਤੇ ਗੁਰਮਤਿ ਨਾਲ ਜੋੜਿਆ।

ਬਹੁਪੱਖੀ ਸ਼ਖ਼ਸੀਅਤ ਦੇ ਮਾਲਕ, ਸੇਵਾ ਸਿਮਰਨ, ਨਿਮਰਤਾ, ਸਾਦਗੀ, ਦ੍ਰਿੜਤਾ, ਨਿਰਭੈਤਾ, ਕਹਿਣੀ ਕਰਨੀ ਦੇ ਸੂਰੇ, ਕੀਰਤਨ ਦੇ ਧਨੀ, ਬ੍ਰਹਮ ਗਿਆਨ ਦੀ ਅਵੱਸਥਾ ਵਾਲੇ ਅਨਮੋਲ ਹੀਰੇ ਮਹਾਨ ਪਰਉਪਕਾਰੀ ਸੰਤ ਬਾਬਾ ਮੁਹਿੰਦਰ ਸਿੰਘ ਜੀ ਹਰਖੋਵਾਲਿਆਂ ਦਾ ਜਨਮ ਪ੍ਰਸਿੱਧ ਇਤਿਹਾਸਕ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਨਗਰ ਲੱਖਣਪੁਰ ਵਿਖੇ ਪਿਤਾ ਸ. ਸੁੰਦਰ ਸਿੰਘ ਦੇ ਘਰ ਮਾਤਾ ਇੰਦਰ ਕੌਰ ਦੀ ਕੁੱਖ ਤੋਂ 28 ਮਾਰਚ 1926 ਈ: ਦਿਨ ਐਤਵਾਰ ਨੂੰ ਹੋਇਆ। ਜਨਮ ਸਮੇਂ ਤੋਂ ਪਹਿਲਾਂ ਹੀ ਘਰ ਵਿੱਚ ਗੁਰਸਿੱਖੀ ਅਸੂਲ ਅਤੇ ਗੁਰਮਤਿ ਮਰਿਯਾਦਾ ਪ੍ਰਚਲੱਤ ਸੀ, ਜਿਸ ਕਰਕੇ ਜਨਮ ਸੰਸਕਾਰ ਨੂੰ ਸਿੱਖੀ ਅਸੂਲਾਂ ਨਾਲ ਅਪਣਾਇਆ ਗਿਆ। ਆਪ ਜੀ ਵਿੱਚ ਧਾਰਮਿਕ ਰੁਚੀ ਬਚਪਨ ਤੋਂ ਹੀ ਪ੍ਰਬਲ ਸੀ। ਛੋਟੀ ਅਵੱਸਥਾ ਵਿੱਚ ਹੀ ਸੰਤ ਬਾਬਾ ਭਾਗ ਸਿੰਘ ਜੀ ਜੱਬੜ ਵਾਲਿਆਂ ਰਾਹੀਂ ਆਪ ਦਾ ਮਿਲਾਪ ਹਰਖੋਵਾਲ ਦੇ ਮੁਖੀ ਸੰਤ ਬਾਬਾ ਜਵਾਲਾ ਸਿੰਘ ਜੀ ਨਾਲ ਡੇਰਾ ਜੱਬੜ ਵਿਖੇ ਹੋਇਆ। ਡੇਰਾ ਹਰਖੋਵਾਲ ਵਿੱਚ ਹੀ ਆਪ ਨੇ ਸੰਤ ਗਿਆਨੀ ਹਰੀ ਸਿੰਘ ਜੀ ਮੁਕੇਰੀਆਂ ਵਾਲਿਆਂ ਤੋਂ ਧਾਰਮਿਕ ਵਿੱਦਿਆ ਅਤੇ ਡੇਰੇ ਵਿੱਚ ਰਹਿ ਕੇ ਮਹਾਂਪੁਰਖਾਂ ਦੀ ਸੇਵਾ ਕਰਦਿਆਂ ਪ੍ਰਾਪਤ ਕੀਤੀ। ਸੰਤਾਂ ਅਤੇ ਸੰਗਤਾਂ ਦੀ ਸੇਵਾ ਵਾਸਤੇ ਸੰਤ ਮਲਕੀਤ ਸਿੰਘ ਜੀ ਜੱਬੜ ਵਾਲਿਆਂ ਨਾਲ 9 ਅਪ੍ਰੈਲ 1943 ਈ: ਨੂੰ ਡੇਰਾ ਹਰਖੋਵਾਲ ਵਿਖੇ ਆਪ ਹਾਜ਼ਰ ਹੋਏ। ਸੰਤ ਬਾਬਾ ਜਵਾਲਾ ਸਿੰਘ ਜੀ ਦੇ ਹਜ਼ੂਰ ਆਪ ਨੇ ਦਿਨ ਰਾਤ ਅਣਥੱਕ ਸੇਵਾ ਤੇ ਪ੍ਰਮੇਸ਼ਰ ਦੀ ਅਰਾਧਨਾ ਕੀਤੀ। ਆਪ ਜੀ ਦਾ ਧਾਰਮਿਕ ਤੇ ਵਿੱਦਿਅਕ ਖੇਤਰ ਵਿੱਚ ਮਹਾਨ ਯੋਗਦਾਨ ਹੈ। ਵਿੱਦਿਆ ਦੇ ਖੇਤਰ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਦਾ 1968 ਈ: ਨੂੰ ਨਿਰਮਾਣ ਕਰਵਾਇਆ। ਇਸੇ ਤਰ੍ਹਾਂ ਸਰਬੱਤ ਲੋਕਾਈ ਦੇ ਭਲੇ ਲਈ 13 ਅਪ੍ਰੈਲ 1981 ਈ: ਨੂੰ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਸਤਿਲੁਜ ਦਰਿਆ 'ਤੇ ਪੁਲ ਉਸਾਰਨ ਦੀ ਅਰੰਭਤਾ ਕਰਵਾਈ। ਇਸ ਤੋਂ ਪਹਿਲਾਂ ਆਪ ਵੱਲੋਂ ਕੀਤੀਆਂ ਜਾ ਰਹੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ 31 ਮਾਰਚ ਸੰਨ 1973 ਨੂੰ ਸ੍ਰੀ ਸੱਚਖੰਡ ਹਰਿਮੰਦਰ ਸਾਹਿਬ ਜੀ ਦੇ ਸਰੋਵਰ ਦੀ ਕਾਰਸੇਵਾ ਕਰਨ ਲਈ ਆਪ ਜੀ ਨੂੰ ਪੰਜਾਂ ਪਿਆਰਿਆਂ ਵਿੱਚ ਸ਼ਾਮਿਲ ਕੀਤਾ ਗਿਆ। ਜਿਵੇਂ ਸੰਤ ਜਵਾਲਾ ਸਿੰਘ ਜੀ ਨੇ ਧਰਮ ਪ੍ਰਚਾਰ ਦਾ ਕੇਂਦਰ 1919 ਈ: ਵਿੱਚ ਹਰਖੋਵਾਲ ਸਥਾਪਿਤ ਕੀਤਾ, ਇਸੇ ਪ੍ਰਕਾਰ ਆਪ ਜੀ ਤੇ ਸੰਤ ਦੀਦਾਰ ਸਿੰਘ ਹਰਖੋਵਾਲਿਆਂ ਨਾਲ ਮਿਲਕੇ, ਸੰਗਤਾਂ ਦੇ ਸਹਿਯੋਗ ਦੁਆਰਾ ਜਲੰਧਰ ਕਪੂਰਥਲਾ ਰੋਡ 'ਤੇ ਸ਼ਾਨਦਾਰ ਸੁੰਦਰ ਗੁਰਦੁਆਰਾ ਡੇਰਾ ਸੰਤਗੜ੍ਹ ਦਾ ਗੁਰਮਤਿ ਪ੍ਰਚਾਰ ਲਈ 15 ਨਵੰਬਰ, 1972 ਈ: ਨੂੰ ਨਿਰਮਾਣ ਕਰਵਾਇਆ। ਇਸ ਅਸਥਾਨ 'ਤੇ ਆਪ ਨੇ ਮਹਾਨ ਪੰਥਕ ਕਾਰਜ ਤੇ ਮਹਾਨ ਉਪਕਾਰ ਕੀਤੇ। ਆਪ ਜੀ ਨੇ ਸੇਵਾ ਸਿਮਰਨ ਦੇ ਨਾਲ-ਨਾਲ ਭਾਰਤ ਦੇ ਸੂਬਿਆਂ ਵਿੱਚ ਪਹੁੰਚ ਕੇ ਸਿੱਖੀ ਦਾ ਪ੍ਰਚਾਰ ਕੀਤਾ। ਇਹ ਪੰਥ ਦੀ ਅਨਮੋਲ ਸ਼ਖ਼ਸੀਅਤ ਸੇਵਾ ਸਿਮਰਨ ਕਰਦੇ ਉੱਤਰ ਪ੍ਰਦੇਸ਼ ਦੇ ਪਿੰਡ ਭੀਰਾ ਪੁੱਜੇ ਹੋਏ ਸਨ। ਇਥੇ ਆਪ ਜੀ ਬੀਮਾਰ ਹੋ ਗਏ। ਜਿਸ ਕਰਕੇ ਆਪ ਜੀ ਨੂੰ ਲਖੀਮਪੁਰ ਖੀਰੀ ਦੇ ਹਸਪਤਾਲ ਪਹੁੰਚਾਇਆ ਗਿਆ। ਜਿਥੇ ਕਿ ਆਪ ਜੀ ਲਖੀਮਪੁਰ ਖੀਰੀ ਦੇ ਹਸਪਤਾਲ ਵਿਖੇ ਪ੍ਰਭੂ ਭਾਣੇ ਵਿੱਚ 12 ਮਾਰਚ 1984 ਨੂੰ ਪ੍ਰਭੂ ਚਰਨਾਂ ਵਿੱਚ ਅਭੇਦ ਹੋ ਗਏ। ਇਨ੍ਹਾਂ ਤੋਂ ਬਾਅਦ ਗੁਰਦੁਆਰਾ ਸੰਤਗੜ੍ਹ ਜਲੰਧਰ ਦੀ ਆਪ ਜੀ ਤੋਂ ਵਰੋਸਾਇ, ਸੰਪੂਰਨਤਾ ਮਹਾਂਪੁਰਸ਼, ਸ਼ੁੱਧ ਅੰਤਹਕਰਣ ਦੇ ਪ੍ਰਤੀਕ, ਬ੍ਰਹਮ ਗਿਆਨੀ, ਨਿਰਮਲ ਭੇਖ ਭੂਸ਼ਣ, ਬ੍ਰਹਮਲੀਨ, ਵਿਸ਼ੇਸ਼ ਸ਼ਖ਼ਸੀਅਤ ਦੇ ਮਾਲਕ, ਮਹਾਨ ਪਰਉਪਕਾਰੀ ਸ੍ਰੀ ਮਾਨ 108 ਪੂਜਨੀਕ, ਤਪੋਨਿਧੀ ਮਹਾਨ ਵਿਦਵਾਨ ਸੰਤ ਬਾਬਾ ਦੀਦਾਰ ਸਿੰਘ ਹੋਏ ਹਨ। ਜਿਨ੍ਹਾਂ ਦਾ ਉੱਚ ਅਕਾਰਸ਼ਕ ਅਨਮੋਲ ਜੀਵਨ ਵੈਰਾਗ, ਸੇਵਾ ਸਿਮਰਨ, ਤਿਆਗ, ਗਿਆਨਵਾਨ ਅਰਥਾਤ ਰਹਸਕ ਸੱਚ 'ਤੇ ਆਧਾਰਿਤ ਸੀ। ਉਨ੍ਹਾਂ ਨੇ ਗੁਰਦੁਆਰਾ ਡੇਰਾ ਸੰਤਗੜ੍ਹ ਜਲੰਧਰ ਵਿਖੇ ਸਮੁੱਚਾ ਜੀਵਨ ਵਿਰੱਕਤੀ ਠਾਠ ਵਿੱਚ ਰਹਿ ਕੇ ਬੇਅੰਤ ਪ੍ਰਾਣੀਆਂ ਨੂੰ ਦੇਸ਼ ਦੇ ਕੋਨੇ-ਕੋਨੇ ਤੇ ਯਾਤਰਾ ਕਰਕੇ ਗੁਰਬਾਣੀ ਅਤੇ ਸੇਵਾ ਸਿਮਰਨ ਨਾਲ ਜੋੜਿਆ। ਆਪ ਜੀ ਦੇ ਪਾਵਨ ਉਪਦੇਸ਼, ਸਦੈਵ ਪ੍ਰਭੂ ਦਾ ਨਾਮ ਜਪਣਾ ਅਤੇ ਗੁਰੂ ਘਰ ਵਿੱਚ ਨਿਸ਼ਕਾਮ ਸੇਵਾ 'ਤੇ ਹੀ ਬਲ ਦਿੰਦੇ ਸਨ।

ਸੰਤ ਬਾਬਾ ਦੀਦਾਰ ਸਿੰਘ ਜੀ ਨੇ ਪਾਵਨ ਅਸਥਾਨ ਡੇਰਾ ਸੰਤਗੜ੍ਹ ਜਲੰਧਰ ਅਤੇ ਡੇਰੇ ਨਾਲ ਸਮੂਹ ਸੰਬੰਧਿਤ ਅਸਥਾਨਾਂ ਦੀ ਸੇਵਾ ਸੰਭਾਲ ਨੂੰ ਪੂਰੀ ਇਮਾਨਦਾਰੀ ਅਤੇ ਮਹਾਂਪੁਰਖਾਂ ਦੇ ਅਸ਼ੀਰਵਾਦ ਅਤੇ ਸੰਗਤਾਂ ਦੇ ਸਹਿਯੋਗ ਨਾਲ ਨਿਭਾਇਆ। ਇਸ ਦੇ ਨਾਲ ਆਪ ਜੀ ਨੇ ਦੇਸ਼ ਦੇ ਕੋਨੇ-ਕੋਨੇ ਤੋਂ ਇਲਾਵਾ ਪੰਜਾਬ, ਯੂ.ਪੀ. ਅਤੇ ਵਿਦੇਸ਼ਾਂ ਵਿੱਚ ਇੰਗਲੈਂਡ ਆਦਿ ਦੇਸ਼ਾਂ ਵਿੱਚ ਪੁੱਜ ਕੇ ਗੁਰਬਾਣੀ ਦਾ ਪ੍ਰਚਾਰ ਕੀਤਾ। ਪ੍ਰਭੂ ਜੀ ਬਸਹਿ ਸਾਧ ਕੀ ਰਸਨਾ॥ ਦੇ ਪਵਿੱਤਰ ਵਾਕ ਅਨੁਸਾਰ ਆਪ ਜੀ ਵੱਲੋਂ ਕੀਤੇ ਜਾਂਦੇ ਸਹਜ ਸੁਭਾਇ ਪਾਵਨ ਬਚਨ ਪੂਰੇ ਹੋ ਜਾਂਦੇ ਸਨ।

ਸੰਤ ਬਾਬਾ ਦੀਦਾਰ ਸਿੰਘ ਜੀ ਨੇ ਇਥੇ ਡੇਰਾ ਸੰਤਗੜ੍ਹ ਜਲੰਧਰ ਰਹਿ ਕੇ ਆਪਣੀ ਜ਼ਿੰਦਗੀ ਦਾ ਅਨਮੋਲ ਸਮਾਂ ਸੰਸਾਰ ਦੇ ਜੀਵਾਂ ਅਤੇ ਗੁਰਬਾਣੀ ਦੀ ਅੰਮ੍ਰਿਤ-ਮਈ ਵਰਖਾ ਵਰਸਾਉਣ 'ਤੇ ਹੀ ਲਾ ਦਿੱਤਾ। ਉਨ੍ਹਾਂ ਨੇ ਆਪਣੇ ਰੂਹਾਨੀ ਪ੍ਰਵਚਨਾਂ ਦੁਆਰਾ ਆਮ ਲੋਕਾਂ ਨੂੰ ਵਹਿਮਾਂ, ਭਰਮਾਂ ਦੀ ਵਿਫੱਲਤਾ ਤੋਂ ਦੂਰ ਕਰਦਿਆਂ ਸਿੱਧਾ ਅਕਾਲ ਪੁਰਖ ਦੇ ਨਾਮ ਵੱਲ ਧਿਆਨ ਦੁਵਾਇਆ। ਆਪ ਜੀ ਨੇ ਭੇਦ-ਭਾਵ ਤੋਂ ਉਪਰ ਉਠ ਕੇ ਆਪਣੇ ਅਧਿਆਤਮਿਕ ਉਪਦੇਸ਼ਾਂ ਰਾਹੀਂ, ਭਾਈਚਾਰੇ ਵਾਲੀਆਂ ਭਰਾਤਰੀ ਭਾਵਨਾਵਾਂ ਨੂੰ ਉਜਾਗਰ ਕੀਤਾ।

ਸੰਤ ਬਾਬਾ ਦੀਦਾਰ ਸਿੰਘ ਜੀ ਨੇ ਆਪਣੇ ਜੀਵਨ ਕਾਲ ਸਮੇਂ ਡੇਰਾ ਸੰਤਗੜ੍ਹ ਜਲੰਧਰ ਵਿਖੇ ਵਿਸ਼ਾਲ ਸੁੰਦਰ ਸ਼ਾਨਦਾਰ ਇਮਾਰਤਾਂ, ਵਿਸ਼ਾਲ ਦੀਵਾਨ ਹਾਲ, ਲੰਗਰ ਹਾਲ, ਇਮਾਰਤਾਂ ਦਾ ਅਤੇ ਸੁੰਦਰ ਦਰਬਾਰ ਸਾਹਿਬ ਹਾਲ ਨਿਰਮਾਣ ਕੀਤਾ। ਬਹੁਤ ਸਾਰੇ ਆਏ ਗਏ ਮਹਾਂਪੁਰਖਾਂ ਤੇ ਮੁਸਾਫਰਾਂ ਵਾਸਤੇ 100 ਤੋਂ ਵੱਧ ਕਮਰੇ ਬਣਵਾਏ। ਇਸ ਤੋਂ ਇਲਾਵਾ ਗੁਰਦੁਆਰਾ ਡੇਰਾ ਸੰਤਗੜ੍ਹ ਸ੍ਰੀ ਅਨੰਦਪੁਰ ਸਾਹਿਬ ਵਿਖੇ 2007 ਈ: ਨੂੰ ਦੀਵਾਨ ਹਾਲ ਦੀ ਵਿਸ਼ਾਲ ਇਮਾਰਤ ਤੇ ਕੀਰਤਨ ਲਈ ਸਟੇਜ ਤਿਆਰ ਕਰਵਾਈ। ਹੋਰ ਬਹੁਤ ਸਾਰੇ ਕਮਰੇ ਤਿਆਰ ਕਰਵਾਏ। ਡੇਰਾ ਸੰਤਗੜ੍ਹ ਸਿੰਘ ਪੁਰਾ ਵਿਖੇ ਦੀਵਾਨ ਹਾਲ, ਲੰਗਰ ਹਾਲ, ਇਸ਼ਨਾਨ ਘਰ ਤੇ ਕਮਰੇ ਨਿਰਮਾਣ ਕਰਵਾਏ। ਜਨਮ ਅਸਥਾਨ ਸੰਤ ਬਾਬਾ ਜਵਾਲਾ ਸਿੰਘ ਜੀ ਪਿੰਡ ਲੰਗੇਰੀ ਸੰਤਗੜ੍ਹ ਗੁਰਦੁਆਰੇ ਦੀ ਸ਼ਾਨਦਾਰ ਇਮਾਰਤ ਬਣਾਈ। ਇਸੇ ਤਰ੍ਹਾਂ ਜਨਮ ਅਸਥਾਨ ਸੰਤ ਬਾਬਾ ਮੁਹਿੰਦਰ ਸਿੰਘ ਜੀ ਡੇਰਾ ਸੰਤਗੜ੍ਹ ਲੱਖਣਪੁਰ ਵਿਖੇ ਮਹਾਂਪੁਰਖਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ, ਲੰਗਰ ਹਾਲ ਤੇ ਦੀਵਾਨ ਹਾਲ ਤੇ ਹੋਰ ਬਹੁਤ ਸਾਰੇ ਮਕਾਨਾਂ ਦੀ ਆਪ ਜੀ ਨੇ ਉਸਾਰੀ ਕਰਵਾਈ। ਪੰਜਾਬ ਵਿੱਚ ਹੋਰ ਵੀ ਆਪ ਜੀ ਨੇ ਕਈ ਧਾਰਮਿਕ ਅਸਥਾਨ ਤੇ ਸਰੋਵਰ ਬਣਵਾਏ। ਪੂਰਨਮਾਸ਼ੀ ਦਾ ਪਾਵਨ ਦਿਹਾੜਾ ਹਰ ਮਹੀਨੇ ਡੇਰਾ ਸੰਤਗੜ੍ਹ ਸਿੰਘ ਪੁਰਾ, ਮਨਾਉਣ ਦੀ ਪ੍ਰਥਾ ਅਰੰਭ ਕਰਵਾਈ।

ਸੰਤ ਬਾਬਾ ਦੀਦਾਰ ਸਿੰਘ ਜੀ ਸਿੱਖ ਸੰਗਤਾਂ ਵਿੱਚ ਪ੍ਰਭੂ ਦੇ ਨਾਮ ਨੂੰ ਜਪਦੇ ਅਤੇ ਜਪਾਉਂਦੇ ਹੋਏ ਡੇਰਾ ਸੰਤਗੜ੍ਹ ਕਪੂਰਥਲਾ ਰੋਡ ਜਲੰਧਰ ਵਿਖੇ ਸੰਤ ਭਗਵਾਨ ਸਿੰਘ ਜੀ ਨੂੰ ਆਪਣਾ ਜਾਨਸ਼ੀਨ ਥਾਪ ਕੇ ਬ੍ਰਹਮ ਗਿਆਨੀ ਸੰਤ ਮਹਾਂਪੁਰਖ ਬਾਬਾ ਦੀਦਾਰ ਸਿੰਘ ਜੀ ਹਰਖੋਵਾਲੀਏ ਸੰਗਤਾਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦਾ ਉਪਦੇਸ਼ ਦਿੰਦੇ ਹੋਏ ਆਖਰੀ 11 ਜਨਵਰੀ 2019 ਦਿਨ ਸ਼ੁੱਕਰਵਾਰ ਨੂੰ ਸਵੇਰੇ ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥ ਦੀ ਅਵੱਸਥਾ ਨੂੰ ਪ੍ਰਾਪਤ ਕਰਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ।

ਮਹਾਂਪੁਰਖਾਂ ਦੇ ਬ੍ਰਹਮਲੀਨ ਹੋ ਜਾਣ ਉਪਰੰਤ ਸੰਤ ਬਾਬਾ ਭਗਵਾਨ ਸਿੰਘ ਜੀ ਪੂਰਨ ਗੁਰਸਿੱਖ ਮਹਾਂਪੁਰਖਾਂ ਵਾਲਾ ਅਨਮੋਲ ਜੀਵਨ ਬਤੀਤ ਕਰ ਰਹੇ ਹਨ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ ਉਪਰੰਤ ਸਿਮਰਨ ਵਿੱਚ ਜੁੜਨਾ, ਆਪ ਜੀ ਦੀ ਨਿੱਤ ਦੀ ਕ੍ਰਿਆ ਹੈ। ਇਸ ਪਿੱਛੋਂ ਸਾਰਾ ਦਿਨ ਡੇਰੇ ਵਿੱਚ ਰਹਿ ਕੇ ਡੇਰੇ ਦੇ ਕੰਮ ਕਾਜਾਂ ਨੂੰ ਦੇਖਣਾ ਅਤੇ ਸਾਥ-ਸਾਥ ਹਿਰਦੇ ਵਿੱਚ ਪ੍ਰਭੂ ਦਾ ਨਾਮ ਜਪਣਾ ਅਤੇ ਸੰਗਤਾਂ ਨੂੰ ਜਪਾਉਣਾ ਹੀ ਆਪ ਜੀ ਦੇ ਜੀਵਨ ਦਾ ਮੁੱਖ ਮੰਤਵ ਬਣਿਆ ਹੋਇਆ ਹੈ। ਸੰਤ ਬਾਬਾ ਦੀਦਾਰ ਸਿੰਘ ਜੀ ਹਰਖੋਵਾਲਿਆਂ ਜੀ ਦੀ ਅਤੇ ਸੰਤ ਹਰਖੋਵਾਲ ਸੰਪ੍ਰਦਾਇ ਦੇ ਕ੍ਰਾਂਤੀਕਾਰੀ ਸੰਤ ਬਾਬਾ ਮੁਹਿੰਦਰ ਸਿੰਘ ਜੀ ਹਰਖੋਵਾਲਿਆਂ ਜੀ ਦੀ ਸਲਾਨਾ ਪਾਵਨ ਯਾਦ ਸੰਤ ਬਾਬਾ ਭਗਵਾਨ ਸਿੰਘ ਜੀ ਹਰਖੋਵਾਲਿਆਂ ਦੀ ਸੁਚੱਜੀ ਅਗਵਾਈ ਵਿੱਚ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸੰਤਗੜ੍ਹ ਕਪੂਰਥਲਾ ਰੋਡ ਜਲੰਧਰ ਵਿਖੇ 10 ਤੋਂ 12 ਮਾਰਚ ਤੱਕ ਸ਼ਰਧਾ ਸਹਿਤ ਮਨਾਈ ਜਾ ਰਹੀ ਹੈ।

**ਲੇਖਿਕਾ**
**ਬਲਵਿੰਦਰ ਕੌਰ ਚਾਹਲ (ਸਾਊਥਾਲ)**



ਲਿਖਤ ਸਾਂਝਾ ਜੋ ਪ੍ਰਚੱਲਤ ਸਮਾਜ ਵਿੱਚ ਅਸਰਦਾਇਕ ਹੋਣ ਭੇਟਾ ਕਰਨੀਆਂ ਭੀ ਸੇਵਾ ਹੁੰਦੀ ਹੈ। ਵਿਗਿਆਨੀ ਯੁੱਗ ਨੇ ਜਿਥੇ ਜੀਵਨ ਸੁਖਾਲਾ ਕੀਤਾ ਉਥੇ ਪੁਲਾਂਗਾਂ ਨੇ ਤਰਥੱਲਾ ਭੀ ਕਰ ਧਰਿਆ, ਬੱਚੇ ਨੌਜਵਾਨ ਤੇ ਬਜ਼ੁਰਗ ਸਭ ਹੀ ਔਕੜ ਵਿੱਚ ਹਨ, ਅਰੰਭ ਬਾਲਕਾਂ ਤੋਂ ਕਰਾਂ, ਆਪਣਾ ਯਾਦ ਕਰਦੀ ਹਾਂ ਕਿ ਤਿੰਨ ਕੁ ਸਾਲ ਦੀ ਸੀ ਦਾਦੀ ਮਾਂ ਜੀ ਨੇ ਸਾਡੇ ਪਿੰਡ ਦੇ ਮਾਸਟਰ, ਮਾਸਟਰਨੀ ਨਾਲ ਚੰਗੇਰੇ ਸਬੰਧ ਸਨ, ਪਿੰਡ ਵਿੱਚ ਜੇ ਕੋਈ ਪਰਿਵਾਰ ਪੜ੍ਹਿਆ ਚੰਗੀਆਂ ਨੌਕਰੀਆਂ ਦਾ ਹੁੰਦਾ ਸੀ ਤਾਂ ਸਾਡੇ ਉਹਨੂੰ ਮਾਣ ਦਿੰਦੇ ਸੀ, ਦਾਦੀ ਨੇ ਮਾਸਟਰਨੀ ਨੂੰ ਜਾ ਕੇ ਕਿਹਾ ਬੀਬੀ ਆਹ ਮੇਰੀ ਪੋਤੀ ਨੂੰ ਨਾਲ ਸਕੂਲ ਲੈ ਜਾਇਆ ਕਰ, ਮਾਂ ਜੀ ਨੇ ਦੁੱਧ ਦੀ ਗੜ੍ਹਬੀ ਦੇ ਆਉਣੀ, ਬੀਬੀ ਜੀ ਕਹਿੰਦੇ ਛੋਟੀ ਹੈ ਬੇਬੇ, ਮਾਂ ਜੀ ਕਹਿੰਦੀ ਕੋਈ ਨੀ ਗਿੱਝ ਜੂ ਗੀ, ਫੇਰ 4 ਸਾਲ ਦੀ ਨੂੰ ਸਕੂਲ ਲੈ ਗਈ ਮਾਸਟਰ ਜੀ ਦਾਖਲ ਕਰ, ਡਰਦੇ ਨੇ ਕਰ ਤਾ ਪਰ ਕਹਿੰਦਾ ਬੇਬੇ ਨਿਆਣੀ 'ਤੇ ਭਾਰ ਪਊ, ਖ਼ੈਰ ਬੇਬੇ ਤਾਂ ਦਬਕੇ ਵਾਲੀ ਸੀ, ਨਾਨਕੀ ਭੇਜਣ ਵੇਲੇ ਭੀ ਕਹਿਣਾ ਕਾਇਦਾ ਫੜਾਇਆ ਕਰੋ, ਘਰ ਵਿੱਚ ਤਾਂ ਕੋਈ ਪੜ੍ਹਿਆ ਨਹੀਂ ਸੀ, ਦੋਨੋਂ ਮਾਮੇ ਪੜ੍ਹਕੇ ਭਰਤੀ ਹੋ ਗਏ ਸਨ, ਦੂਜੇ ਖੇਤੀਬਾੜੀ ਡੰਗਰਾਂ ਵਾਲੇ ਘਰ ਅਤੇ ਬੈਠਕ ਵਾਲੇ ਘਰ ਦੇ ਨੇੜੇ ਨੌਹਰੀਏ ਨਾਈ ਦੀ ਕੱਪੜੇ ਵੇਚਣ ਤੇ ਸੀਊਣ ਦੀ ਹੱਟੀ ਸੀ, ਬੇਬੇ (ਨਾਨੀ) ਨੇ ਲੈ ਜਾਣਾ, ਚਲੋ ਬਚਪਨ ਲੰਘਿਆ, ਖੇਡਨਾ ਭੀ ਨਾਲ ਹੀ, ਲਿਖਣ ਤੋਂ ਭਾਵ ਕਿ ਉਦੋਂ ਦੇ ਮਾਸਟਰ ਨੇ ਭੀ ਅਨੁਭਵ ਕੀਤਾ ਸੀ ਕਿ ਬੋਝ ਚੰਗਾ ਨਹੀਂ ਹੁੰਦਾ, ਤਾਂ ਹੀ ਤਾਂ ਪਹਿਲਾਂ 5 ਸਾਲ ਦੇ ਨੂੰ ਸਕੂਲ ਦਾਖਲ ਕਰਦੇ ਸਨ, ਲਿਖਦੀ ਜਾਵਾਂ ਅੱਧੇ ਸੁੱਤੇ ਹੋਣਾ ਤਾਂ ਮਾਂ ਜੀ ਨੇ ਜੋ ਆਖਿਆ ਕਹੋ ਵਾਖਰੂ ਨਾ ਤਾਂ ਮਾਂ ਜੀ ਨੇ ਸੁਨਣਾ ਕਿ ਅਸੀਂ ਆਖਿਆ ਹੈ ਨਾ ਹੀ ਅਸੀਂ ਕਹਿਣਾ ਪਰ ਮਨ ਦੀ ਧੁੰਨ ਵਿੱਚ ਅੰਕਿਤ ਹੋ ਗਿਆ, ਅੱਜ ਭੀ ਗੂੰਜਦਾ ਹੈ। ਉਦੋਂ ਤਾਂ ਵਾਖਰੂ ਹੀ ਆਖਦੇ ਸੀ ਪਰ ਅਸਰ ਗੂੜ੍ਹਾ ਵਿਸ਼ਵਾਸ ਪੱਕਾ, ਕਿਰਤ, ਨਾਮ ਤੇ ਵੰਡ ਛਕਣਾ, ਕ੍ਰਮਵਾਰ।

**ਸਾਰ-ਅੰਸ਼** :- ਅੱਜ ਦੇ ਯੁੱਗ ਵਿੱਚ ਭੱਜ ਦੌੜ ਨੇ ਸੋਚ ਸ਼ਕਤੀ ਨਠਾ ਧਰੀ, ਇਸ ਪਹਿਲੂ ਦਾ ਧਿਆਨ ਨਹੀਂ, ਬੱਚਿਆਂ 'ਤੇ ਇੰਨਾ ਭਾਰ ਹੈ ਕਿ ਉਹ ਨਿੱਕੇ ਹੁੰਦੇ ਹੀ ਤਣਾਅ ਵਿੱਚ ਧੱਸਗੇ, ਵਿੱਦਿਆ ਪ੍ਰਣਾਲੀ ਵਿੱਚ ਇੰਨੇ ਵੱਧ ਮਜਬੂਨ ਕੰਪਿਊਟਰ, ਮੋਬਾਈਲ, ਯੂ-ਟਿਊਬਾਂ, ਟੈਲੀਵਿਜ਼ਨ ਨੇ ਘੇਰਾ ਹੀ ਪਾ ਲਿਆ, ਸਾਡੇ ਵੇਲੇ ਤਾਂ ਕਾਇਦੇ ਤੇ ਪਹਾੜੇ ਹਿੰਸਿਆਂ ਫੱਟੀ-ਸਲੇਟ 'ਤੇ ਲਿਖੋ, ਉਚੀ ਉਚੀ ਬੋਲੋ, ਯਾਦ ਅੱਗੋਂ ਧਰਮ ਦੀ ਆਪਣੀ ਸਭਾ ਹੈ ਪ੍ਰਚਾਰਕ ਜੀ ਬੱਚਿਆਂ ਨੂੰ ਗੁਰਬਾਣੀ ਪੜ੍ਹਾਉ ਗੁਰਦੁਆਰੇ ਲਿਜਾਉ ਦੋ ਦਿਨ ਉਥੇ ਤਾੜੋ ਪਰ ਬੱਚੇ ਉਥੇ ਪੰਜਾਬੀ ਪੜ੍ਹਨ ਦੀ ਥਾਂ ਖੇਡਣ ਵਿੱਚ ਵੱਧ ਰੁਚੀ ਰੱਖਦੇ ਨੇ। ਇਸ ਸਕੰਜੇ ਵਿੱਚ ਕਿਤੇ ਭੀ ਤਮੀਜ ਨਾਂ ਦੀ ਕੋਈ ਮੱਤ ਵੱਲ ਸੰਕੇਤ ਨਹੀਂ, ਨਾ ਹੀ ਬੱਚੇ ਕੋਈ ਸੱਭਿਅਕ ਤੌਰ ਢੰਗ ਦੇ ਧਾਰਨੀ ਬਣਦੇ ਹੀ ਨੇ, ਪ੍ਰਚਾਰਕ ਅੱਗੋਂ ਮਾਮਾਂ ਹੀ ਸਿੱਖਿਆ ਦੇ ਸਕਦੀਆਂ ਹਨ, ਕੀ ਇਹ ਧਨ ਕਮਾਊ ਸਮਝਦੇ ਨਹੀਂ ਕਿ ਮਾਮਾਂ ਦਿਆੜੀਆਂ 'ਤੇ ਹਨ, ਘਰ ਦਾ ਕਾਰੋਬਾਰ ਸਮਾਂ ਕਿੰਨਾ ਕੁ, ਇਹ ਤਾਂ ਆਪਣੀ ਕਿਰਤ ਲਈ ਆਹ ਹੁਕਮ ਕਰਦੇ ਨੇ, ਕਈ ਬੀਬੀਆਂ ਆਪਣੀ ਸਿੱਖੀ ਲਈ ਬੱਚਿਆਂ 'ਤੇ ਥੋਪਦੀਆਂ ਨੇ, ਚਲੋ ਚੰਗੀ ਮੱਤ ਦੇਣੀ ਤਾਂ ਫਰਜ਼ ਹੈ, ਪਰ ਆਯੂ ਦੇਖ ਕੇ ਸਮਾਂ ਵਿਚਾਰ ਕੇ ਮੇਰਾ ਨਿਰਣਾ ਹੈ ਕਿ ਗੁਰੂ ਉਪਦੇਸ਼ ਭੀ (ਬਾਲ, ਜਵਾਨੀ, ਬਿਰਧ) ਆਪਣੇ ਥਾਂ ਮਹੱਤਤਾ ਰੱਖਦੀਆਂ ਹਨ, ਬੈਠ ਕੇ ਨਾਮ ਜਪਣਾ ਪਾਠ ਕਰਨਾ ਜਦੋਂ ਉਮਰ ਦੇ ਉਹ ਦਿਨ ਆ ਜਾਣ, ਦਬੱਲੀ ਚੱਲੋ ਜੋ ਮੂੰਹ ਆਇਆ ਬੋਲੋ, ਸਮਾਜ ਭਾਈਚਾਰੇ 'ਤੇ ਕੀ ਅਸਰ ਹੈ, ਕੋਈ ਗ਼ਮ ਨਹੀਂ ਇਨ੍ਹਾਂ ਨੂੰ ਅੱਜ ਬੱਚੇ ਮੀਊਜ਼ਕ ਵਿੱਚ ਵੱਧ ਲੀਨ ਹਨ, ਸੋ ਜੋ ਅਸਰ ਬੋਲੀ ਇਸਤਗਾਸਾ, ਵਿਰਸਾ, ਪਿਛੋਕੜ ਉਥੋਂ ਲੈਂਦੇ ਹਨ ਲੋੜ ਹੀ ਨਹੀਂ ਹੋਰ ਕਿਸੇ ਦੀ ਗਾਇਕਾਂ ਨੇ ਮੱਲ ਮਾਰ ਦਿੱਤੀ ਬੜੀ ਵੱਡਮੁੱਲੀ ਦੇਣ ਹੈ ਰਿਣੀ ਹਾਂ ਨਕਾਰਨ ਵਾਲੇ ਜੀ ਗਾਣੇ, ਨੱਚਣ ਕੁੱਦਣ ਭੰਡੋ, ਨਿੱਕੀ ਮੋਟੀ ਸਮਾਜੀ ਸੇਧ ਨੂੰ ਹਟਾਉ, ਬੱਸ ਧਰਮ ਵੱਲ ਹੀ ਕੇਂਦਰਿਤ ਹੋਵੋ, ਹਰ ਸ਼ੈਅ ਦਾ ਰਾਜ਼ ਹੈ ਆਪਣੀ ਥਾਂ 'ਤੇ, ਕਸਰਤ ਵਿੱਚ ਨੱਚਣ ਦਾ ਭਾਗ ਨਹੀਂ, ਸ਼ਾਦੀਆਂ 'ਤੇ ਐਨੇ ਪਦਾਰਥ ਖਾ ਕੇ ਹਜ਼ਮ ਲਈ ਨਿਰਨਾਤਕ ਹੈ, ਨੱਚ ਕੇ ਹੌਲੇ ਹੋ ਜਾਵੋ, ਇਹ ਕਹਿਣਾ ਜੀ ਵਿਆਹਾਂ 'ਤੇ ਰਾਗੀ, ਢਾਡੀ ਤੇ ਕਵੀਸ਼ਰ ਸੱਦੋ ਗਾਉਣ ਵਾਲੇ ਨਾ, ਅਧਰੰਗ ਹੈ ਸਭ ਪਾਸੇ ਚੱਲਣੇ ਪੂਰਨ ਸਮਾਜ ਹੁੰਦਾ ਹੈ, ਭਾਈਚਾਰੇ ਵਿੱਚ ਖੁਸ਼ੀ, ਗ਼ਮੀ ਦਾ ਆਪਣਾ ਸਥਾਨ ਹੈ, ਧਰਮ ਨੂੰ ਵਪਾਰ ਬਣਾ ਕੇ ਠੋਸਣਾਂ ਭਵਿੱਖ ਧੁੰਦਲਾ ਕਰੂਗਾ, ਅੰਤ ਵਿੱਚ ਬਾਲਕ ਵਿਰਸਾ ਹਨ, ਚੰਰਨਜੀਵਤਾ ਲਈ ਸਿਹਤਾਂ ਲਈ ਤਣਾਅ ਦੂਰ ਲਈ ਖੁਸ਼ ਰਹਿਣਾ, ਹੋਣਾ ਤੇ ਰਹਿਣ ਦੇਣਾ ਨਿਆਮਤ ਹੈ, ਧਰਮ ਦੀ ਆਪਣੀ ਥਾਂ ਹੈ ਜੋ ਅੱਜ ਤਾਂ ਧਰਮ ਕਮਾਈ ਦਾ ਸਾਧਨ ਹੈ, ਜਰੂਰ ਕਰੀ ਜਾਵੋ ਪਰ ਭਾਰੂ ਨਾ ਬਣਾਵੋ!

## ਨਿਰਣਾ

ਪਰਚਾ ਪੜਚੋਲ ਤਿੰਨ ਪਹਿਲੂ ਇਕ ਮਾਂ ਬੋਲੀ-ਪੰਜਾਬੀ ਇਕ ਸ਼ੇਅਰ ਯਾਦ ਸੀ, ਨਕਾਬ ਆ ਗਿਆ ਹੈ ਰੁਖੇ ਯਾਰ ਪੇ, ਜਾਂ ਮੇਰੀ ਨਜ਼ਰ ਪੇ ਨਕਾਬ ਆ ਗਿਆ। ਮੇਰੀ ਪੱਕੀ ਸਹੇਲੀ ਤੇ ਕਲਾਸ ਮੇਟ ਦਾ ਸੁਣਾਇਆ, ਵੇਰਵਾ ਫੇਰ ਮਾਂ ਬੋਲੀ, ਮੇਰਾ ਵਿਸ਼ਲੇਸ਼ਣ:- ਬੋਲੀ ਤੇ ਭਾਸ਼ਾ ਦੋ ਅੱਡਰੇ ਖਾਨੇ, ਬੋਲੀ ਤਾਂ ਰੋਟੀ=ਰੂਟੀ, ਪਾਣੀ=ਧਾਣੀ, ਦਾਲ੍ਹ ਦੂਲ, ਚਾਹ=ਚੂਹ, ਦੁੱਧ=ਦੱਧ ਆਦਿ, ਹੋਰ ਬਹੁਤ: ਪਰ ਬੋਲੀ ਵਿੱਚ ਹਨ ਭਾਸ਼ਾ ਵਿੱਚ ਨਹੀਂ ਵਿਸਥਾਰ ਕੀ ਜਾਵਾਂ ਕੇਰਾਂ, ਕਿੱਦਾਂ, ਕਿੱਕਣ, ਜਿੱਕਣ ਆਦਿ ਭਾਸ਼ਾ ਵਿੱਚ ਨਹੀਂ ਲੱਭਣੇ, ਪਰ ਵਿਭਾਗ ਦਾ ਇਧਰ ਤਾਂ ਧਿਆਨ ਹੀ ਨਹੀਂ, ਨਾ ਹੀ ਪੰਜਾਬੀ ਪਾਲਕਾਂ ਤੇ ਹਿੱਤੂਆਂ ਦਾ, ਅੱਜ ਪੰਜਾਬ ਵਿੱਚ ਹਿੰਦੀ, ਅੰਗ੍ਰੇਜ਼ੀ ਤੇ ਹਰਿਆਣਵੀ ਘੁਸੜੀ ਵੀ ਹੈ, ਕਰ, ਪਾ, ਹੋ ਪਾ, ਦੇਖ ਪਾ, ਯਾਨੀ ਸਕਦੇ ਵਰਤੋਂ ਨਹੀਂ ਕੀਤੀ ਜਾ ਰਹੀ ਚੈਨਲਾਂ 'ਤੇ ਤਾਂ ਲਿਖਤਾਂ ਭੀ ਸਹੀ ਨਹੀਂ ਹਨ। ਦੂਜਾ ਹੈ ਪਰਚੇ ਵਿੱਚ ਨਾਵਲ, ਮੇਰੇ ਵਿਸ਼ੇ ਅਨੁਸਾਰ, ਜੱਗੀ ਕੁੱਸਾ ਦੇ ਨਾਵਲ ਪੇਂਡੂ ਸੱਭਿਆਚਾਰ, ਬੋਲੀ ਤੇ ਜੋ ਅੱਜ ਸਿਆਸਤਾਂ ਤੇ ਵਿਹਾਰਾਂ ਵਿੱਚ ਹੈ ਹੂ-ਬ-ਹੂ ਬਿਆਨਤ ਹਨ!

# ਨਿਰਣਾ

ਤੀਜਾ ਹੈ ਸਫ਼ਾ 47 'ਤੇ ਧਰਮਪਾਲ ਸਹਿਗਲ ਹੋਰਾਂ ਦਾ ਹਾਸ ਰਸ ਪਰ ਮਹਿਫਲ ਦੀ ਯਾਨੀ ਮੂਰਤ ਖਿੱਚੀ ਪਈ ਹੈ, ਕੋਈ ਨਕਾਰਤਨ ਨਹੀਂ, ਇਸੇ ਹੀ ਸੰਦਰਭ ਵਿੱਚ ਮੈਂ ਇਕ ਇੰਗਲੈਂਡ ਦੇ ਪਹਿਲੇ ਸਮੇਂ ਨਮੇ ਆਈ ਆਮਦ ਦਾ ਵੇਰਵਾ ਸੱਚੀ ਬਾਤ ਹੈ ਭਰਾ ਧਗਾਰਾ ਸਿੰਘ ਕਹਿੰਦੇ ਬੰਦਾ ਤਾਂ ਬੜਾ ਚੰਗਾ ਸੀ ਕੰਮ ਵਿੱਚ ਰੁਝਾਨ, ਉਵਰ ਟੈਮ ਦਾ ਆਦੀ, ਇਕ ਸਵੇਰ ਐਤਵਾਰ ਨੂੰ ਫੈਕਟਰੀ ਕਿਸੇ ਕਾਰਨ ਬੰਦ ਸੀ ਪਰ ਜੱਟ ਸਾਹਬ ਜਾ ਕੇ ਗੇਟ 'ਤੇ ਧੱਕੇ ਮਾਰਨ ਤੇ ਬੁੜ ਬੁੜ ਕਰਨ ਕੰਜਰੋ ਖੋਲ੍ਹੋ ਮੈਂ ਬਾਹਰ ਖੜਾਂ, ਅੰਦਰੋਂ ਇਕ ਸਕੌਰਟੀ ਵਾਲਾ ਆ ਕੇ ਕਹਿੰਦਾ ਮਿਸਟਰ ਸਿੰਘ ਨੋ ਵਰਕ, ਨੋ ਉਵਰ ਟੈਮ ਟੂਡੇਅ ਗੋਅ ਹੋਮ, ਐਂਡ ਰੈਸਟ, ਟੂਮਾਰੋ ਸਿੰਘ ਮਾਯੂਸ ਹੋ ਮੁੜ ਕੇ ਆਵੇ ਤੇ ਕਿਸੇ ਨੇ ਦੇਖ ਲਿਆ, ਮੁੜ ਹਾਸੇ ਦਾ ਸ਼ਿਕਾਰ, ਹੁਣ ਆਈਏ ਸਾਡੀ ਸੋਚ 'ਤੇ ਅੰਦਰਲੀ ਭੁੱਖ, ਪੈਸੇ ਲਈ ਭੀ ਤੇ ਸਿਆਸਤੀ ਭੁੱਖ ਇਕ ਚੈਨਲ 'ਤੇ ਦੋ ਦਿੱਲੀ ਕੇ ਇਕ ਪੇਂਡੂ ਤੇ ਇਕ ਪੇਂਡੂ ਪਰ ਜਾਤ ਬਰਾਦਰੀ ਵਿੱਚੋਂ, ਹਾਏ ਮੇਰਿਆ ਸਾਈਆਂ ਸਾਹ ਹੀ ਨਹੀਂ ਲੈਂਦਾ ਜੀ ਸੀਨੀਅਰ ਹੀ ਨਹੀਂ ਮੀਡੀਆ ਦਾ ਜਮੇਦਾਰ ਹੈ ਜੀਭ ਜਬਾੜ੍ਹੇ ਦੇ ਅੰਦਰ ਵਾੜ ਹੀ ਨਹੀਂ ਸਕਦਾ, ਵਿਸ਼ਾ ਬੱਸ ਅਕਾਲ ਤਖ਼ਤ, ਸਿੰਘ ਸਾਹਬ ਤੇ ਹੁਕਮ, ਦੋ ਦਸੰਬਰ ਦਾ ਅਕਾਲ ਪੁਰਖ ਦਾ ਅਦੇਸ਼ ਅਕਾਲੀ ਦਲ ਭਗੌੜਾ ਇਹਨੂੰ ਸਭ ਬਾਕੀ ਦਲੀਏ ਰਲ੍ਹ ਕੇ ਭਜਾਉ, ਭਾਵੇਂ ਦੂਜੇ ਧੜੇ ਅਪਣਾ ਤਖ਼ਤੀ ਜਥੇਦਾਰ ਹੀ ਥਾਪੀ ਬੈਠੇ ਨੇ ਇਥੋਂ ਤੱਕ ਕਿ ਅੰਮ੍ਰਿਤਸਰੀਏ ਭੀ ਮਤੇ ਪਾਸ ਰਹੇ ਨੇ ਜੀ ਅਕਾਲੀ ਦਲ ਨੂੰ ਮੰਨਣੇ ਬਣਦੇ ਨੇ ਭਾਵੇਂ ਕਿ ਇਸ ਵਿਸ਼ੇ 'ਤੇ ਜਦੋਂ ਘਿਰਦੇ ਦਿਸੇ ਦਿਖੇ ਤਾਂ ਜੀ ਅਕਾਲੀ ਅੱਖਰ ਪਾਰਟੀ ਨਾਲ ਜੁੜਿਆ ਕਰਕੇ ਬਚਨਵੱਧ ਨੇ ਇਸ ਪੱਤਰਕਾਰ ਨੂੰ ਪੁੱਛੋ ਕਿ ਜਦੋਂ ਤੂੰ ਇਹ ਗੱਲ ਆਖਦਾ ਹੈ ਤਾਂ ਅੰਮ੍ਰਿਤਸਰ ਅਕਾਲੀ ਦਲ ਨਹੀਂ ਤਾਂ ਕਹਿੰਦਾ ਬਾਦਲ ਦਾ ਫਸਤਾ ਵੱਡੋ ਫੁਕਰਿਆ ਤੂੰ ਸਿਫ਼ਤਾਂ ਕਰਦਾ ਹੈ ਪ੍ਰਗਟ ਸਿੰਘ ਤੇ ਸੁਖਪਾਲ ਖਹਿਰੇ ਦੀਆਂ ਕਾਂਗਰਸ ਨੇ ਜੇਕਰ ਮੁੱਦਾ ਚੁੱਕ ਲਿਆ ਤਾਂ ਇਹ ਵੰਡ, ਪਾਣੀ ਤੇ ਸਾਰੇ ਅਧਿਕਾਰ ਕਾਂਗਰਸ ਦੇ ਰਾਜ ਵੇਲੇ ਦੇ ਖੋਹੇ ਹੋਏ ਨੇ, ਪੱਤਰਕਾਰੀ ਆਹ ਹੈ? ਸਾਬਤ ਕਰ ਰਹੇ ਹਨ ਕਿ ਇਹ ਭੀ ਕਿਸਾਨਾਂ ਦੀ ਤਰ੍ਹਾਂ ਕਾਂਗਰਸੀ ਯੂਨੀਅਨ ਹਨ। ਉਧਰ ਗ੍ਰੰਥੀ ਭਲਾ ਕੀ ਕਰਨ ਗਏ ਧਾਮੀ ਗ੍ਰਹਿ 'ਤੇ, ਇਨ੍ਹਾਂ ਨੂੰ ਕੀ, ਇਹ ਮਾਮਲਾ ਸ਼੍ਰੋਮਣੀ ਕਮੇਟੀ ਦਾ ਹੈ, ਕਿਉਂਕਿ ਇਹ ਸਿੰਘ ਸਾਹਬ ਧਾਮੀ ਸਾਹਬ ਦੇ ਹੀ ਚਮਲਾਏ ਵੇ ਨੇ ਹਟਣਗੇ ਪੰਜਾਬ ਨੂੰ ਦੁਸ਼ਮਣਾਂ ਹਵਾਲੇ ਕਰਕੇ, ਅਮਨਸ਼ਾਂਤੀ ਭੰਗ ਕਰਾ ਇਨ੍ਹਾਂ ਨੂੰ ਸੰਗ ਨੀ ਲੱਗਦੀ ਜੋ ਗਿਆਨੀ ਹਰਪ੍ਰੀਤ ਸਿੰਘ ਦੀ ਭਾਸ਼ਾ ਹੈ ਤੇ ਕਿਵੇਂ ਭਮੱਤਰਿਆ ਫਿਰਦਾ ਹੈ, ਜਥੇਬੰਦੀਆਂ ਦੇ ਸਮਾਗਮ ਕਰਵਾਉਂਦਾ, ਕੀ ਅਕਾਲ ਤਖ਼ਤ ਦੇ ਜਥੇਦਾਰ ਇਹਦੇ ਲਈ ਫੇਰ ਜ਼ਿੰਮੇਵਾਰ ਭੀ ਹੋਣੇ ਜੋ ਹਮਾਇਤੀ ਹੈ, ਭੜਕਾਊ ਭਾਸ਼ਨ 'ਤੇ ਕਾਰਵਾਈ ਹੋਣੀ ਬਣਦੀ ਹੈ, ਕੋਈ ਭੀ ਵਿਅਕਤੀ ਕਿਸੇ ਨੂੰ ਮੱਸਾ ਰੰਘੜ ਆਖ ਉਕਸਾਵੇ ਕਾਨੂੰਨ ਉਲੰਘਣਾ ਹੈ। ਵਿਚਾਰ ਪ੍ਰਗਟ ਕਰਨ ਦੀ ਖੁੱਲ੍ਹ ਦਾ ਮਤਲਬ ਨਹੀਂ ਅਤਿਵਾਦ ਵਾਲੀ ਬੋਲੀ ਬੋਲ ਨਾਮਣਾ ਖੱਟੋ, ਕੋਈ ਭੀ ਹੋਵੇ ਚਾਹੇ ਉਧਰ ਡੱਲੇਵਾਲ ਦੀ ਸਿਹਤ ਵਿਗੜ ਰਹੀ, ਭਾਈ ਇਹ ਮਰਨ-ਵਰਤ ਨਹੀਂ, ਮੰਤਵ ਵਰਤ ਹੈ, ਆਗੂ ਜ਼ਿੰਮੇਵਾਰ ਨੇ ਸਿਹਤ ਵਿਗਾੜ ਦੇ ਸਰਕਾਰ ਭੀ ਜਾਣ ਬੁੱਝ ਕੇ ਤਮਾਸ਼ਾ ਦੇਖ ਰਹੀ ਹੈ! ਇਕ ਅਹਿਮ ਭਾਸ਼ਨ ਅੱਜ ਇਸੇ ਹੀ ਪੱਤਰਕਾਰ ਤੋਂ ਸੁਣਿਆ, ਜੀ ਭਗਤ ਭਾਵੇਂ ਚਿਰੋਕਣੇ ਸੰਸਾਰੀ ਸਨ, ਗੁਰੂ ਰਵਿਦਾਸ ਭਗਤ ਸਨ ਪਰ ਕ੍ਰਾਂਤੀਕਾਰੀ ਨਹੀਂ, ਸੁਧਾਰਕਾਰੀ ਸਨ, ਗੁਰਮੁਖਾ ਤੂੰ ਕੀ ਆਖਦਾ ਹੈਂ ਕਿ ਉਹ ਜਾਗਰੂਕਤਾ ਨੀ ਲਿਆ ਸਕੇ, ਮੱਤ-ਹੀਣ ਜੀ ਜੇਕਰ ਚਿੰਗਾੜੀ ਨਾ ਹੁੰਦੀ ਤਾਂ ਫੇਰ ਗੁਰੂਗ੍ਰੰਥ ਵਿੱਚ ਅੰਕਤ ਕਰਨ ਦੀ ਤੁੱਕ ਸੀ? ਤਕਰੀਬਨ ਸੌ ਸਾਲ ਮਗਰੋਂ ? ਦੂਜਾ ਫੁੱਲਝੜੀ ਪਈ ਸੀ ਪਰ ਗੁਰੂ ਨਾਨਕ ਦੇਵ ਦੇ ਫਲਸਫੇ ਦੀ ਤਰ੍ਹਾਂ ਕਿੰਨੇ ਸਮੇਂ ਪਿੱਛੋਂ ਪੂਰਨ ਤੌਰ 'ਤੇ ਪਸਰਿਆ ਸੀ, ਸੱਚਾਈ ਹੈ ਕਿ ਸਿੱਖ ਧਰਮ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿੱਚ ਉਨਤ ਹੋਇਆ, ਇਸੇ ਤਰ੍ਹਾਂ ਹੀ ਗੁਰੂ ਰਵਿਦਾਸ ਫੁਰਮਾਣ ਦੀ ਫੁੱਲਝੜੀ ਮੋਮਬੱਤੀ ਨਾਲ ਲੰਮੇਰੇ ਸਮੇਂ ਮਗਰੋਂ ਜਗਾਈ ਤੇ ਅੱਜ ਦੇਖ ਲਵੋ ਭਾਵੇਂ ਭਾਈਚਾਰੇ ਵਿੱਚ ਵੰਡੀਆਂ ਪੈ ਗਈਆਂ ਮੈਨੂੰ ਖਿਮਾਂ ਕਰਿਉ ਅਗਲਿਆਂ ਗੁਰੂਆਂ ਦੇ ਨਾਲ ਗਿਆਰਮਾਂ ਨੰਬਰ ਲਾ ਤਾ ਬਿਨਾਂ ਝਿਜਕ ਲਿਖ ਰਹੀ ਹਾਂ ਕਿ ਮੈਂ ਹਰ ਸਵੇਰ ਬੇਨਤੀ ਕਰਦੀ ਹੁੰਦੀ ਹਾਂ ਕਿ ਹਲੇਮੀ ਦੇ ਪੁੰਜ ਜੀ ਮੈਨੂੰ ਭੀ ਥੋੜ੍ਹਾ ਜਿਹਾ ਭੋਗ ਦੇ ਦਿਉ ਇਸ ਭੜਪੂੰਜੇ ਬੰਦੇ ਨੂੰ ਕੋਈ ਦੱਸੇ ਕਿ ਜੇਕਰ ਤੈਨੂੰ ਉਨ੍ਹਾਂ ਦਾ ਚੈਨਲ ਬਠਾ ਲੈਂਦਾ ਤਾਂ ਤੂੰ ਗੁਣਵਾਨ ਹੋਣਾ ਸੀ, ਪਰ ਉਨ੍ਹਾਂ ਕੋਲ ਤਾਂ ਤੇਰੇ ਤੇ ਕਿਤੇ ਵੱਧ ਵਿਦਵਾਨ ਗੁਰੂ ਗ੍ਰੰਥ ਦੇ ਗਿਆਨ ਵਾਲੇ ਬੈਠੇ ਨੇ, ਤੇਰੇ ਵਰਗੇ ਭੌਂਕੇ ਤੋਂ ਕੀ ਕਰਵਾਉਣਾ, ਮੈਂ ਲਿਖਦੀ ਜਾਵਾਂ ਕਿ ਮੈਂ ਹਰ ਧਰਮ ਦੇ, ਫਿਰਕੇ ਦੇ, ਬਰਾਦਰੀ ਦੇ ਭਾਈਚਾਰਿਆਂ ਵਿੱਚ ਵਿਚਰਦੀ ਹਾਂ, ਇਹ ਮੇਰੀ ਪਰਵਰਿਸ਼ ਸੀ ਤੇ ਉਮਰ ਭਰ ਨਿਭਾਊਂਗੀ ਆਪਣੇ ਸਬੰਧਾਂ ਵਿੱਚ ਜਾਤ ਬਰਾਦਰੀ ਨਹੀਂ ਪਰ ਕਰਤੂਤਾਂ ਨੂੰ ਜਾਤ ਮੰਨਦੀ ਰਹੂੰਗੀ।

ਸਮੇਟੀ ਪੰਨਾ, ਪੰਜਾਬ ਦੇ ਭਾਗ ਮੰਦੇ ਆਹ ਜੋ ਸਿੰਘ ਸਾਹਬ ਥਾਪੇ ਸ਼੍ਰੋਮਣੀ ਕਮੇਟੀ ਨੇ, ਹੁਣ ਫਸਾ ਕੇ ਹਟਣਗੇ, ਇੰਗਲਿਸਤਾਨ ਵਿੱਚ 84 ਦੀ ਚੂਚਾ ਚੂਚੀ, ਬੜੇ ਲਾਹੇ ਲਏ ਹੁਣ ਕੁਝ ਮੰਦਾ ਪੈ ਗਿਆ ਤਾਂ ਕਾਮਰੇਡ ਲਾਣਾ ਗੁਰੂ ਗੁਰੂ ਜਪ ਚੰਗਾ ਊਧਮ ਮਚਾ ਰਿਹਾ, ਹੁਣ ਅਕਾਲ ਤਖ਼ਤ ਨੂੰ ਸਮਰਪਤ ਹਵਾਰਾ ਤਖ਼ਤੀ ਭੀ, ਗੁਰੂ ਘਰ ਵਿੱਚ ਉਹੀ ਬੰਦੇ ਹੋਰ ਮਤਾ ਪਾਸ ਕਰਨਗੇ ਤੇ ਪੰਜਾਬ ਵਿੱਚ ਫੇਰ ਉਹੀ ਦੌਰ ਲਿਆਉਣਗੇ, ਮੱਤ ਸੋਚੋ ਕਿ ਸਿੱਖ ਸਮਾਜ ਇਨ੍ਹਾਂ ਦੇ ਨਾਲ ਹੈ, ਨਹੀਂ ਸਰਕਾਰਾਂ ਭੀ ਦੇਖਦੀਆਂ ਨੇ ਆਹ ਸਾਡੇ ਗੁਆਂਢੀ ਪਿੰਡ ਦੇ ਗੁਰੂ ਘਰ ਵਿੱਚੋਂ ਖਾਲਿਸਤਾਨੀ ਝੰਡੇ ਹਟਾਉਣ ਦੀ ਹਦਾਇਤ 'ਤੇ ਪ੍ਰਾਪੇਗੰਡਾ ਜੀ ਸਾਡੇ ਝੰਡੇ ਹਟਾਉਣਗੇ? ਭਾਈ ਝੰਡਾ ਧਾਰਮਿਕ ਨਹੀਂ ਰਾਜਨੀਤਕ ਹੈ, ਨਿਸ਼ਾਨ ਸਾਹਬ ਲਈ ਨਹੀਂ ਹੈ, ਗੁੰਮਰਾਹ ਨਾ ਕਰੋ ਪਰ ਸੁਧਰ ਜਾਵੋ, ਚੈਨਲੋ ਦਿਨ ਥੋੜ੍ਹੇ ਹੁੰਦੇ ਨੇ, ਅਤਿ ਨਾ ਚੁੱਕੋ, ਅਰਪਊ ਕੁਰਲਾਣੇ ਬੱਸ ਹੋਰ ਕੀ ਲਿਖਾਂ ਇਨ੍ਹਾਂ ਧਨ ਕਮਾਊ ਜਥੇਬੰਦੀਆਂ ਨੇ ਧਰਮ ਦਾ ਥੱਲਾ ਲੁਵਾ ਦੇਣਾ, ਸਮਰਥੱਕ ਸਭ ਭਾਗੀਦਾਰ, ਦਾਖੂਦਾਣਾ ਲੈਣਗੇ, ਰੱਬ ਰਾਖਾ।

**-ਬਲਵਿੰਦਰ ਕੌਰ ਚਾਹਲ ਸਾਊਥਾਲ**

## ਟੱਪੇ

ਮਹਿੰਗਾ ਹੋਈ ਜਾਂਦਾ ਸੋਨਾ ਏਂ,
ਸੋਚ ਸਮਝ ਕੇ ਲਾਇਓ ਅੱਖੀਆਂ
ਪਿੱਛੋਂ ਪੈਂਦਾ ਪਛਤਾਣਾ ਏਂ।
ਅਸੀਂ ਵੀਹਾਂ ਦੀ ਚਾਹ ਪੀਤੀ,
ਵਰ੍ਹਿਆਂ ਪਿੱਛੋਂ ਮਿਲ ਕੇ ਵੀ
ਉਸ ਨੇ ਚੱਜਦੀ ਨਾ ਗੱਲ ਕੀਤੀ।
ਮਸਾਂ ਚਿੜੀਆਂ ਦਿੱਸੀਆਂ ਨੇ,
ਖਾਲੀ ਸਾਡੀ ਜੇਬ ਵੇਖ ਕੇ
ਉਸ ਅੱਖਾਂ ਫੇਰ ਲਈਆਂ ਨੇ।
ਸਾਰਾ ਰੌਲਾ ਹੈ ਨਸੀਬਾਂ ਦਾ,
ਅਮੀਰ ਅੱਜ ਕੱਲ੍ਹ ਐਸ਼ ਕਰਦੇ
ਬੁਰਾ ਹਾਲ ਹੈ ਗਰੀਬਾਂ ਦਾ।
ਫੁੱਲ ਪਾਣੀ ਬਾਝੋਂ ਮੁਰਝਾਏ ਨੇ,
ਉਹ ਹਾਲ,ਹਾਲ ਕਰਦਾ ਫਿਰੇ
ਦਿਨ ਮਾੜੇ ਉਸ ਦੇ ਆਏ ਨੇ।
ਨਾ ਸੁੱਟੋ ਐਵੇਂ ਪਾਣੀ ਨੂੰ,
ਦੁਨੀਆਂ ਤੇ ਜਿਉਂਦੇ ਰਹਿਣ ਲਈ
ਇਸ ਦੀ ਲੋੜ ਹੈ ਹਰ ਪ੍ਰਾਣੀ ਨੂੰ।
ਪਾਣੀ ਨਾਲ ਜੱਗ ਭਰਿਆ,
ਇਹ ਕਹਿਣ ਦੀਆਂ ਗੱਲਾਂ ਨੇ
ਕਿਸੇ ਨਾਲ ਜਾਂਦਾ ਨਹੀਂ ਮਰਿਆ।

## ਟੱਪੇ

ਕਾਂ ਉੱਡ ਚੱਲਿਆ ਬਨੇਰੇ ਤੋਂ,
ਤੂੰ ਸਾਨੂੰ ਕੌੜਾ ਬੋਲੇਂਗਾ
ਇਹ ਆਸ ਨਹੀਂ ਸੀ ਤੇਰੇ ਤੋਂ।
ਪ੍ਰਵਾਨੇ ਦਾ ਕੰਮ ਹੈ ਸੜਨੇ ਦਾ,
ਕਿਤੇ ਤੈਨੂੰ ਚੈੱਕ ਤਾਂ ਨਹੀਂ ਮਿਲਦਾ
ਸਾਡੇ ਨਾਲ ਰੋਜ਼ ਲੜਨੇ ਦਾ।
ਚਿੜੀ ਆਲ੍ਹਣੇ 'ਚ ਬਹਿ ਗਈ ਏ,
ਦੂਜਿਆਂ ਬਾਰੇ ਵੀ ਸੋਚ ਲੈ ਤੂੰ
ਤੈਨੂੰ ਕਿਉਂ ਆਪਣੀ ਪਈ ਏ?
ਸ਼ੀਸ਼ਾ ਦਿਲ ਦਾ ਟੁੱਟ ਚੱਲਿਆ,
ਜੇ ਅਸੀਂ ਹੀ ਨਾ ਰਹੇ ਇੱਥੇ
ਫਿਰ ਕੱਲਾ ਕੀ ਕਰੇਂਗਾ ਝੱਲਿਆ?
ਧੁੱਪ 'ਚ ਕਲੀਆਂ ਮੁਰਝਾਈਆਂ ਨੇ,
ਜਿਨ੍ਹਾਂ ਨੇ ਪਿਓ ਦੀ ਪੱਗ ਰੋਲੀ
ਉਹ ਪਿੱਛੋਂ ਬਹੁਤ ਪਛਤਾਈਆਂ ਨੇ।
ਅੱਗ ਲਾਈ ਹੋਈ ਏ ਪਰਾਲੀ ਨੂੰ,
ਜੇ ਬੰਜਰ ਬਣ ਗਿਆ ਇਹ
ਫਿਰ ਕੀ ਕਰੇਂਗਾ ਖੇਤ ਖਾਲੀ ਨੂੰ?
ਰੰਗ ਫਿੱਕਾ ਪੈ ਗਿਆ ਪੱਗ ਦਾ,
ਅਸੀਂ ਜਿਸ ਨੂੰ ਦਿਲ 'ਚ ਬਿਠਾਇਆ
ਉਹ ਸਾਡਾ ਬੜਾ ਕੁਝ ਲੱਗਦਾ।

ਮਹਿੰਦਰ ਸਿੰਘ ਮਾਨ

## ਹਾਇਕੂ

ਰੰਗਾਂ ਦੀ ਧੁੱਪ
ਜੋ ਫੁੱਲ ਕਲੀਆਂ ਨੇ
ਬਦਲੇ ਰੂਪ

2) ਚਾਨਣੀ ਰਾਤ
ਚੰਨ ਤਾਰਿਆਂ ਨਾਲ
ਬਣੀ ਬਾਰਾਤ

3) ਗਰਮ ਰੱਖੇ
ਜੋ ਸੂਰਜ ਦੀ ਅੱਖ
ਪੂਰਾ ਸੰਸਾਰ

4) ਪ੍ਰਕ੍ਰਿਤੀ ਬਣੀ
ਬਸ ਸਾਹਾਂ ਦੀ ਡੋਰ
ਦਿੰਦੀ ਜੀਵਨ

5) ਜਿੱਥੇ ਸੂਰਜ
ਸੂਰਜਮੁਖੀ ਫੁੱਲ
ਉੱਧਰ ਘੁੰਮਣ



6) ਚਲੇ ਹਨੇਰ
ਜੋ ਫ਼ਸਲਾਂ ਦੇ ਢੇਰ
ਉਡਾ ਲੈ ਗਏ

7) ਰੁੱਖ ਦਿੰਦੇ ਨੇ
ਸ਼ੁੱਧ ਆਕਸੀਜਨ
ਚਲਦੇ ਸਾਹ

8) ਆਈ ਵਰਖਾ
ਹਰਿਆਲੀ ਨਾਤੀ
ਜੰਗਲ ਬਦਲੇ

9) ਘਟਾ ਚੜੀ ਹੈ
ਨੱਚਣ ਲੱਗੇ ਮੋਰ
ਜੰਗਲ ਬਦਲੇ

10) ਉਡਦੇ ਪੰਛੀ
ਆਸ਼ਾਵਾਂ ਦੇ ਪ੍ਰਤੀਕ
ਖੁੱਲਾ ਅੰਬਰ

ਕਸ਼ਮੀਰੀ ਲਾਲ ਚਾਵਲਾ
* * * * *

# ਕਾਵਿ-ਕਿਆਰੀ



## ਸਿੰਘਾਂ ਦੀ ਸ਼ਾਨ ਹੋਲਾ ਮਹੱਲਾ



-ਤਰਲੋਚਨ ਸਿੰਘ ਚੰਨ ਜੰਡਿਆਲਵੀ

ਗੁਰੂ ਨਾਨਕ ਤੋਂ ਗੁਰ ਦਸਮੇਸ਼, ਦਸਾਂ ਗੁਰਾਂ ਦਾ ਇਕ ਉਪਦੇਸ਼।
ਚੜ੍ਹਦੀ ਕਲਾ ਸਰਬੱਤ ਦਾ ਭਲਾ, ਪਰ ਆਨ ਵੱਖਰੀ।
ਕਲਗੀਧਰ ਦੇ ਸਿੰਘਾਂ ਦੀ ਹੈ, ਸ਼ਾਨ ਵੱਖਰੀ।
ਕੰਘਾ ਕੇਸ ਕੜਾ ਕ੍ਰਿਪਾਨ, ਰੇਬ ਕਛਹਿਰਾ ਸਿੰਘਾਂ ਦਾ,
ਪੰਜ ਕਕਾਰਾਂ ਨਾਲ ਹੈ ਨਾਤਾ ਗਹਿਰਾ ਸਿੰਘਾਂ ਦਾ।
ਨਾਨਕ ਪੰਥੀ ਅੰਮ੍ਰਿਤਧਾਰੀ ਕੌਮ ਮਹਾਨ ਵੱਖਰੀ।
ਕਲਗੀਧਰ ਦੇ ਸਿੰਘਾਂ ਦੀ ਹੈ, ਸ਼ਾਨ ਵੱਖਰੀ।
ਇਕ ਦੂਜੇ ਦਾ ਜਦੋਂ ਖ਼ਾਲਸਾ ਦਰਸ਼ਨ ਪਾਉਂਦਾ ਏ।
ਗੁਰਾਂ ਦੀ ਬਖ਼ਸ਼ੀ ਫਤਿਹ, ਜਵਾਬ ਵਿੱਚ ਫਤਿਹ ਬੁਲਾਉਂਦਾ ਏ।
ਰੂਪ ਨਿਆਰਾ ਸਿਰ ਦਸਤਾਰਾ ਬਣੀ ਪਹਿਚਾਨ ਵੱਖਰੀ।
ਕਲਗੀਧਰ ਦੇ ਸਿੰਘਾਂ ਦੀ ਹੈ, ਸ਼ਾਨ ਵੱਖਰੀ।
ਰਹਿਣੀ ਰਹਿਤ ਮਾਣ ਮਰਿਆਦਾ ਦੇ ਵਿੱਚ ਪੂਰੇ ਜੋ,
ਸੋਈ ਸਿੱਖ ਸਤਿਗੁਰ ਨੂੰ ਭਾਉਂਦੇ ਸਿਦਕੀ ਸੂਰੇ ਜੋ,
ਬਾਣੀ ਪੜ੍ਹਦੇ ਪੈਦਾ ਕਰਦੇ ਨੇ ਦਾਸਤਾਨ ਵੱਖਰੀ।
ਕਲਗੀਧਰ ਦੇ ਸਿੰਘਾਂ ਦੀ ਹੈ, ਸ਼ਾਨ ਵੱਖਰੀ।
ਗਊ ਗਰੀਬ ਦੀ ਰੱਖਿਆ ਕਰ ਨੱਥ ਪਾਉਂਦੇ ਜਾਬਰ ਨੂੰ,
ਚੰਨ ਜੰਡਿਆਲਵੀ ਗਿਚੀਓਂ ਫੜ੍ਹ ਝਟਕਾਉਂਦੇ ਜਾਬਰ ਨੂੰ,
ਸੋਹਣੀ ਸਿੱਖੀ ਖੰਨਿਓਂ ਤਿੱਖੀ ਵਿੱਚ ਜਹਾਨ ਵੱਖਰੀ।
ਕਲਗੀਧਰ ਦੇ ਸਿੰਘਾਂ ਦੀ ਹੈ, ਸ਼ਾਨ ਵੱਖਰੀ।

* * * * * * *

## ਸੋਚਾਂ ਸੌੜੀਆਂ

ਧੀਆਂ ਲਈ ਕਿਉਂ ਰੱਖੀਆਂ ਨੇ ਸੋਚਾਂ ਸੌੜੀਆਂ?
ਪੁੱਤਾਂ ਵਾਂਗ ਇਨ੍ਹਾਂ ਦੀਆਂ ਵੀ ਵੰਡੋ ਲੋਹੜੀਆਂ।
ਸਾਰੇ ਕੰਮ ਨੇ ਅੱਜ ਕੱਲ੍ਹ ਧੀਆਂ ਕਰਦੀਆਂ,
ਮਾਪਿਆਂ ਦੀ ਜ਼ਿੰਦਗੀ ਖੁਸ਼ੀਆਂ ਨਾਲ ਭਰਦੀਆਂ।
ਜੱਗ ਦੀ ਜਣਨੀ, ਗੁਰੂ ਜੀ ਨੇ ਕਿਹਾ ਇਨ੍ਹਾਂ ਨੂੰ,
ਤੁਸੀਂ ਚੰਗਾ, ਮਾੜਾ ਬੋਲਦੇ ਹੋ ਜਿਨ੍ਹਾਂ ਨੂੰ।
ਪੁੱਤਾਂ ਨੂੰ ਚੰਗੇ ਕਹੋ ਨਾ ਇਨ੍ਹਾਂ ਸਾਮ੍ਹਣੇ,
ਇਨ੍ਹਾਂ ਨੂੰ ਪਿਆਰ ਕਰੋ ਪੁੱਤਾਂ ਸਾਮ੍ਹਣੇ।
ਪੇਕੇ ਛੱਡ ਇਹ ਨਵੇਂ ਘਰ ਵਸਾਉਂਦੀਆਂ,
ਜੇ ਕੋਈ ਸੱਦੇ, ਤਾਂ ਹੀ ਪੇਕੇ ਆਉਂਦੀਆਂ।
ਜੇ ਕੋਈ ਖਿਝੇ, ਫੁੱਲਾਂ ਵਾਂਗ ਮੁਰਝਾਉਂਦੀਆਂ,
ਸਾਰਿਆਂ ਨੂੰ ਸੋਚਾਂ ਵਿੱਚ ਪਾ ਜਾਂਦੀਆਂ।
ਉਂਝ ਇਹ ਨਾ ਕਿਸੇ ਦੇ ਸਿਰ ਆਉਂਦੀਆਂ,
ਪਰ ਲੋੜ ਪੈਣ ਤੇ ਫੌਲਾਦ ਬਣ ਜਾਂਦੀਆਂ।
ਧੀਆਂ ਲਈ ਕਿਉਂ ਰੱਖੀਆਂ ਨੇ ਸੋਚਾਂ ਸੌੜੀਆਂ?
ਪੁੱਤਾਂ ਵਾਂਗ ਇਨ੍ਹਾਂ ਦੀਆਂ ਵੀ ਵੰਡੋ ਲੋਹੜੀਆਂ।

ਮਹਿੰਦਰ ਸਿੰਘ ਮਾਨ



o o o o

# ਜੁੱਤੀ ਹਾਂ ਮੈਂ ਜੁੱਤੀ

ਜੁੱਤੀ ਹਾਂ ਮੈਂ ਜੁੱਤੀ ਸੱਜਣਾ, ਤੇਰੇ ਪੈਰ ਦੀ ਜੁੱਤੀ,
ਸਦੀਆਂ ਤੋਂ ਰਹੀ ਮੇਰੀ ਕਿਸਮਤ, ਸੁੱਸਰੀ ਵਾਂਗੂੰ ਸੁੱਤੀ।


ਹੁਣ ਤੱਕ ਮੈਨੂੰ ਆਪਣੇ ਪੈਰੀਂ, ਰੋਲ਼ਿਆ ਤੂੰ ਰੱਜ ਰੱਜ ਕੇ,
ਰਹੀ ਮੈਂ ਤੇਰੀ ਦਾਸੀ ਬਣ ਕੇ, ਮਾਣ ਤਾਣ ਸਭ ਤੱਜ ਕੇ,
ਲੱਖਾਂ ਠੋਕਰਾਂ ਨਿੱਤ ਖਾਧੀਆਂ, ਤੇਰੇ ਹੁਕਮੀਂ ਲੱਗ ਕੇ।
ਕਦੀ ਵੀ ਮੂੰਹੋਂ ਸੀਅ ਨਾ ਕੀਤੀ, ਹਰ ਇੱਕ ਪੀੜ ਮੈਂ ਘੁੱਟੀ,
ਜੁੱਤੀ ਹਾਂ ਮੈਂ ਜੁੱਤੀ ਸੱਜਣਾ, ਤੇਰੇ ਪੈਰ ਦੀ ਜੁੱਤੀ।

ਕੰਡੇ, ਪੱਥਰ, ਬਿਖੜੇ ਪੈਂਡੇ, ਮੇਰੇ ਹਿੱਸੇ ਆਏ,
ਉੱਚੇ, ਨੀਵੇਂ, ਖਿੰਘਰ, ਪਰਬਤ, ਆਪਣੇ ਸੰਗ ਹੰਢਾਏ,
ਤੇਰੇ ਵਰਗੇ ਕਿੰਨੇ ਜ਼ਾਲਮਾਂ, ਕਿੰਨੇ ਜ਼ੁਲਮ ਕਮਾਏ।
ਜ਼ੁਲਮ, ਕਰਮ ਦੇ ਪੁੜਾਂ ਵਿਚਾਲ਼ੇ, ਪਿਸਦੀ ਰਹੀ ਮੈਂ ਸੁੱਕੀ,
ਜੁੱਤੀ ਹਾਂ ਮੈਂ ਜੁੱਤੀ ਸੱਜਣਾ, ਤੇਰੇ ਪੈਰ ਦੀ ਜੁੱਤੀ।

ਆਪਣਾ ਰੋਅਬ 'ਤੇ ਦਾਬ ਰੱਖਣ ਲਈ, ਤੂੰ ਚਲਾਇਆ ਮੈਨੂੰ,
ਨਾ ਚਾਹਿਆਂ ਵੀ ਹੁਕਮ ਵਜਾਇਆ, ਕਹਿ ਨਾ ਸਕੀ ਕੁੱਛ ਤੈਨੂੰ,
ਤੂੰ ਹਰ ਘਾਟ 'ਤੇ ਹਰ ਤਲਵੇ ਦਾ, ਮਜ਼ਾ ਚਖਾਇਆ ਮੈਨੂੰ।
ਲੱਖ ਆਹਾਂ 'ਤੇ ਹੌਕੇ ਦੱਬ ਕੇ, ਚੱਲਦੀ ਰਹੀ ਸਿਰ ਸੁੱਟੀ,
ਜੁੱਤੀ ਹਾਂ ਮੈਂ ਜੁੱਤੀ ਸੱਜਣਾ, ਤੇਰੇ ਪੈਰ ਦੀ ਜੁੱਤੀ।

ਬੀਤ ਗਿਆ ਉਹ ਵੇਲਾ ਸੱਜਣਾ, ਹੁਣ ਤੇਰੇ ਸਿਰ ਵਰ੍ਹਨਾ,
ਤੇਰੀਆਂ ਪੁਠੀਆਂ ਮਨ ਆਈਆਂ ਦਾ, ਲੇਖਾ ਜੋਖਾ ਕਰਨਾ,
ਚੰਮ ਦੀਆਂ ਚੱਲੀਆਂ ਤੇਰੀਆਂ ਦਾ ਡੰਨ, ਤੇਰੇ ਚੰਮ ਨੇ ਭਰਨਾ।
ਏਸੇ ਲਈ ਹੁਣ ਚੱਲਣ ਲੱਗੀ ਹਾਂ, ਤੇਰੇ ਉੱਤੇ ਪੁੱਠੀ,
ਜੁੱਤੀ ਹਾਂ ਮੈਂ ਜੁੱਤੀ ਸੱਜਣਾ, ਤੇਰੇ ਪੈਰ ਦੀ ਜੁੱਤੀ।

ਜੁੱਤੀ ਹਾਂ ਮੈਂ ਜੁੱਤੀ ਸੱਜਣਾ, ਤੇਰੇ ਪੈਰ ਦੀ ਜੁੱਤੀ।
ਸਦੀਆਂ ਤੋਂ ਰਹੀ ਮੇਰੀ ਕਿਸਮਤ ਸੁੱਸਰੀ ਵਾਂਗੂੰ ਸੁੱਤੀ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ

## ਕਾਵਿ-ਵਿਅੰਗ

## ਧਾਮੀ ਦੀ ਹਾਮੀ ?



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਅਹੁਦਾ ਛੱਡਿਆ ਭਾਵੇਂ 'ਪ੍ਰਧਾਨਗੀ' ਦਾ
ਫਿਰ ਵੀ ਆਪਣਾ ਹੁਕਮ ਚਲਾਈ ਜਾਵੇ।
ਪਹਿਲੇ 'ਕਾਰੇ' ਨਹੀਂ ਪੰਥ ਨੇ ਮਾਫ ਕੀਤੇ
ਹਾਂਡੀ ਕਾਠ ਦੀ ਮੁੜ ਮੁੜ ਚੜ੍ਹਾਈ ਜਾਵੇ।
ਰੱਸੀ ਸੜ ਗਈ ਵੱਟ ਨਹੀਂ ਗਿਆ ਹਾਲੇ
ਤਖ਼ਤ ਸਾਹਿਬ ਦੇ ਨਾਲ ਟਕਰਾਈ ਜਾਵੇ।
ਦੋ ਦਸੰਬਰ ਨੂੰ 'ਖੰਡਾ ਜੋ ਖੜਕਿਆ' ਸੀ
ਹੁਕਮਨਾਮੇ ਦੇ ਅਰਥ 'ਉਲਟਾਈ' ਜਾਵੇ।
ਜਥੇਦਾਰ ਨੂੰ 'ਲਾਹੁਣ' ਦਾ ਭਾਰ ਦਿਲ 'ਤੇ
ਹੁਣ ਦੁਬਾਰਾ ਗੁਨਾਹ ਨਹੀਂ ਕਰਨ ਲੱਗੇ।
ਸਾਰਾ ਲਾਣਾ ਹੁਸ਼ਿਆਰ ਪੁਰ ਜਾਈ ਜਾਂਦਾ
ਧਾਮੀ ਸ੍ਰਾਬ ਪਰ ਹਾਮੀ ਨਹੀਂ ਭਰਨ ਲੱਗੇ।

== 00000 ==

# ਮਾਇਆਵਤੀ ਕਾਰਣ ਬਸਪਾ ਰਾਜਨੀਤਕ ਬਰਬਾਦੀ ਦੇ ਦੌਰ ਵਲ

**ਖਾਸ ਖਬਰ** ✪ ਕੀ ਆਪਣੇ ਭਤੀਜੇ ਆਕਾਸ਼ ਨੂੰ ਪਾਰਟੀ ਵਿਚੋਂ ਕੱਢਣਾ ਆਤਮਘਾਤੀ ਕਦਮ ਹੈ ?

ਬਹੁਜਨ ਸਮਾਜ ਪਾਰਟੀ ਮੁਖੀ ਮਾਇਆਵਤੀ ਨੇ ਆਪਣੇ ਭਤੀਜੇ ਆਕਾਸ਼ ਆਨੰਦ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਹੈ। ਇੱਕ ਦਿਨ ਪਹਿਲਾਂ ਹੀ ਮਾਇਆਵਤੀ ਨੇ ਆਕਾਸ਼ ਆਨੰਦ ਨੂੰ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਹਟਾ ਦਿੱਤਾ ਸੀ। ਕੁਝ ਦਿਨ ਪਹਿਲਾਂ ਮਾਇਆਵਤੀ ਨੇ ਆਪਣੇ ਭਤੀਜੇ ਦੇ ਸਹੁਰੇ ਅਸ਼ੋਕ ਸਿਧਾਰਥ ਨੂੰ ਵੀ ਪਾਰਟੀ ਵਿੱਚੋਂ ਕੱਢ ਦਿੱਤਾ ਸੀ। ਯਾਦ ਰਹੇ ਕਿ ਪਿਛਲੇ ਸਾਲ ਜੂਨ ਵਿੱਚ, ਜਦੋਂ ਬਸਪਾ ਸੁਪਰੀਮੋ ਮਾਇਆਵਤੀ ਨੇ ਪਹਿਲੀ ਵਾਰ ਆਪਣੇ ਭਤੀਜੇ ਅਤੇ ਉੱਤਰਾਧਿਕਾਰੀ ਆਕਾਸ਼ ਆਨੰਦ ਨੂੰ ਪਾਰਟੀ ਦਾ ਰਾਸ਼ਟਰੀ ਕੋਆਰਡੀਨੇਟਰ ਨਿਯੁਕਤ ਕੀਤਾ ਸੀ, ਤਾਂ ਉਨ੍ਹਾਂ ਨੇ ਇੱਕ ਮਹੀਨੇ ਦੇ ਅੰਦਰ ਹੀ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਦਿੱਤਾ ਸੀ। ਉਸ ਸਮੇਂ ਇਹ ਮੰਨਿਆ ਜਾ ਰਿਹਾ ਸੀ ਕਿ ਮਾਇਆਵਤੀ ਹੁਣ ਪਾਰਟੀ ਨੂੰ ਮੁੜ ਸੁਰਜੀਤ ਕਰਨ ਲਈ ਕਦਮ ਚੁੱਕ ਰਹੀ ਹੈ। ਪਰ 2 ਮਾਰਚ ਨੂੰ, ਜਦੋਂ ਮਾਇਆਵਤੀ ਨੇ ਆਕਾਸ਼ ਨੂੰ ਦੁਬਾਰਾ ਅਹੁਦੇ ਤੋਂ ਹਟਾਉਣ ਤੋਂ ਬਾਅਦ ਪਾਰਟੀ ਵਿਚੋਂ ਕੱਢ ਦਿੱਤਾ ਤਾਂ ਇਸਨੂੰ ਬਸਪਾ ਲਈ ਇੱਕ ਸਿਆਸੀ ਹੋਂਦ ਦੇ ਸੰਕਟ ਵਜੋਂ ਦੇਖਿਆ ਜਾ ਰਿਹਾ ਹੈ। ਇਸ ਨੂੰ ਮਾਇਆਵਤੀ ਦਾ ਆਤਮਘਾਤੀ ਕਦਮ ਕਿਹਾ ਜਾ ਰਿਹਾ ਹੈ ? ਉਸਦੀ ਇਹ ਹਰਕਤ ਕਈ ਸਵਾਲ ਖੜ੍ਹੇ ਕਰ ਰਹੀ ਹੈ। ਯੂਪੀ ਨੂੰ ਇਸ ਸਮੇਂ ਇੱਕ ਮਜ਼ਬੂਤ ਦਲਿਤ ਲੀਡਰਸ਼ਿਪ ਦੀ ਲੋੜ ਹੈ ਪਰ ਉਸ ਦਿਸ਼ਾ ਵਿੱਚ ਵਧਣ ਦੀ ਬਜਾਏ, ਮਾਇਆਵਤੀ ਕੁਝ ਹੋਰ ਕਰ ਰਹੀ ਹੈ।

ਆਕਾਸ਼ ਆਨੰਦ ਵਿਦੇਸ਼ ਤੋਂ ਐਮਬੀਏ ਦੀ ਡਿਗਰੀ ਲੈ ਕੇ ਵਾਪਸ ਆਇਆ ਹੈ। ਉਨ੍ਹਾਂ ਨੂੰ ਮਾਇਆਵਤੀ ਦੇ ਉੱਤਰਾਧਿਕਾਰੀ ਵਜੋਂ ਇੱਕ ਮਜ਼ਬੂਤ ਸੰਭਾਵਨਾ ਵਜੋਂ ਦੇਖਿਆ ਜਾ ਰਿਹਾ ਸੀ। ਬਸਪਾ ਵਰਕਰਾਂ ਨੇ ਵੀ ਆਕਾਸ਼ ਨੂੰ ਪਸੰਦ ਕਰਨਾ ਸ਼ੁਰੂ ਕਰ ਦਿੱਤਾ ਸੀ, ਪਰ ਉਸੇ ਸਮੇਂ ਮਾਇਆਵਤੀ ਨੇ ਖੁਣਸ ਖਾਕੇ ਆਪਣੇ ਭਤੀਜੇ ਤੋਂ ਛੁਟਕਾਰਾ ਪਾ ਲਿਆ।

ਮਾਇਆਵਤੀ ਨੇ ਕਿਹਾ ਸੀ ਕਿ ਆਕਾਸ਼ ਆਨੰਦ ਨੂੰ ਹਟਾਉਣਾ ਜ਼ਰੂਰੀ ਸੀ, ਕਿਉਂਕਿ ਅਨੰਦ ਦੇ ਸਹੁਰੇ ਦਾ ਉਸ 'ਤੇ ਬਹੁਤ ਪ੍ਰਭਾਵ ਸੀ। ਮਾਇਆਵਤੀ ਨੇ ਕਿਹਾ ਕਿ ਸਿਧਾਰਥ ਦੀਆਂ ਕਾਰਵਾਈਆਂ ਨੇ ਆਨੰਦ ਦੇ ਰਾਜਨੀਤਿਕ ਵਿਚਾਰਾਂ ਨੂੰ ਇਸ ਤਰ੍ਹਾਂ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਸੀ ਜੋ ਪਾਰਟੀ ਦੇ ਹਿੱਤ ਵਿੱਚ ਨਹੀਂ ਸੀ। ਸਿਧਾਰਥ ਨੂੰ ਪੂਰੀ ਤਰ੍ਹਾਂ ਜ਼ਿੰਮੇਵਾਰ ਠਹਿਰਾਉਂਦੇ ਹੋਏ, ਮਾਇਆਵਤੀ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਨਾ ਸਿਰਫ਼ ਬਸਪਾ ਨੂੰ ਨੁਕਸਾਨ ਪਹੁੰਚਾਇਆ ਬਲਕਿ ਆਕਾਸ਼ ਆਨੰਦ ਦੇ ਰਾਜਨੀਤਿਕ ਕਰੀਅਰ ਨੂੰ ਵੀ ਪਟੜੀ ਤੋਂ ਉਤਾਰ ਦਿੱਤਾ।

ਹਾਲਾਂਕਿ, ਆਕਾਸ਼ ਆਨੰਦ ਨੇ ਭਾਜਪਾ ਅਤੇ ਪ੍ਰਧਾਨ ਮੰਤਰੀ ਮੋਦੀ ਵਿਰੁੱਧ ਕਈ ਬਿਆਨ ਦਿੱਤੇ ਸਨ ਜੋ ਬਸਪਾ ਦੇ ਯੁਵਾ ਕੇਡਰ ਵਿੱਚ ਚਰਚਾ ਦਾ ਵਿਸ਼ਾ ਬਣੇ ਹੋਏ ਸਨ। ਹਾਈਕਮਾਨ ਯਾਨੀ ਮਾਇਆਵਤੀ ਨੂੰ ਆਕਾਸ਼ ਦੇ ਬਿਆਨ ਪਸੰਦ ਨਹੀਂ ਆਏ।



### ਡਗਮਗਾ ਰਹੀ ਹੈ ਸਿਆਸਤ ਵਿਚ ਬਸਪਾ

ਪਾਰਟੀ ਪਿਛਲੇ ਸਾਲਾਂ ਤੋਂ ਲਗਾਤਾਰ ਗਿਰਾਵਟ ਦਾ ਸਾਹਮਣਾ ਕਰ ਰਹੀ ਹੈ। ਉਸਦੀ ਵੋਟ ਪ੍ਰਤੀਸ਼ਤਤਾ ਹੌਲੀ-ਹੌਲੀ ਘੱਟ ਰਹੀ ਹੈ। ਪਿਛਲੇ ਸਾਲ ਦੀਆਂ ਲੋਕ ਸਭਾ ਚੋਣਾਂ ਵਿੱਚ, ਪਾਰਟੀ 488 ਸੀਟਾਂ 'ਤੇ ਚੋਣ ਲੜਨ ਦੇ ਬਾਵਜੂਦ ਇੱਕ ਵੀ ਸੀਟ ਜਿੱਤਣ ਵਿੱਚ ਅਸਫਲ ਰਹੀ, ਜਿਸ ਵਿੱਚ ਉੱਤਰ ਪ੍ਰਦੇਸ਼ ਦੀਆਂ 79 ਸੀਟਾਂ ਸ਼ਾਮਲ ਸਨ। ਇਹ 2014 ਦੇ ਪ੍ਰਦਰਸ਼ਨ ਦਾ ਦੁਹਰਾਓ ਸੀ। ਪਾਰਟੀ ਦਾ ਵੋਟ ਸ਼ੇਅਰ ਰਾਸ਼ਟਰੀ ਪੱਧਰ 'ਤੇ 2.04% ਅਤੇ ਉੱਤਰ ਪ੍ਰਦੇਸ਼ ਵਿੱਚ 9.39% ਰਹਿ ਗਿਆ। ਬਸਪਾ ਨੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਸਪਾ ਅਤੇ ਆਰਐਲਡੀ ਨਾਲ ਗੱਠਜੋੜ ਕਰਕੇ ਉੱਤਰ ਪ੍ਰਦੇਸ਼ ਵਿੱਚ 10 ਸੀਟਾਂ ਜਿੱਤੀਆਂ ਸਨ। 2022 ਦੀਆਂ ਯੂਪੀ ਵਿਧਾਨ ਸਭਾ ਚੋਣਾਂ ਵਿੱਚ ਬਸਪਾ ਨੇ ਸਿਰਫ਼ ਇੱਕ ਸੀਟ ਜਿੱਤੀ ਸੀ। ਇਸ ਤੋਂ ਇਲਾਵਾ, ਇਸਦਾ ਵੋਟ ਸ਼ੇਅਰ 2017 ਵਿੱਚ 22.23% ਤੋਂ ਘਟ ਕੇ 12.88% ਰਹਿ ਗਿਆ। 2017 ਵਿੱਚ, ਇਸਨੇ 19 ਸੀਟਾਂ ਜਿੱਤੀਆਂ ਸਨ।

ਵੱਡਾ ਸਵਾਲ ਇਹ ਹੈ ਕਿ ਬਸਪਾ ਦਲਿਤ ਨੌਜਵਾਨਾਂ ਨੂੰ ਆਪਣੇ ਪਾਸੇ ਕਿਵੇਂ ਲਿਆਵੇਗੀ ? ਨੌਜਵਾਨਾਂ ਵਿੱਚੋਂ ਇੱਕ ਵੱਡਾ ਵਰਗ, ਪਾਰਟੀ ਤੋਂ ਨਿਰਾਸ਼ ਹੋ ਕੇ, ਆਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਦੇ ਚੰਦਰਸ਼ੇਖਰ ਆਜ਼ਾਦ ਵਰਗੇ ਨੇਤਾਵਾਂ ਵੱਲ ਆਕਰਸ਼ਿਤ ਹੋ ਗਿਆ ਹੈ। ਕੀ ਆਕਾਸ਼ ਨੂੰ ਪਾਰਟੀ ਤੋਂ ਹਟਾਉਣ ਤੋਂ ਬਾਅਦ ਮਾਇਆਵਤੀ ਖੁਦ ਪਾਰਟੀ ਵਿੱਚ ਵਧੇਰੇ ਸਰਗਰਮ ਭੂਮਿਕਾ ਨਿਭਾਏਗੀ ? ਇਹ ਪਾਰਟੀ ਦੇ ਹਰ ਮੈਂਬਰ ਦੇ ਮਨ ਵਿੱਚ ਇੱਕ ਵੱਡਾ ਸਵਾਲ ਹੈ। ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਹੋਣ ਦੇ ਨਾਤੇ, ਕੀ ਉਹ ਸੜਕਾਂ 'ਤੇ ਉਤਰੇਗੀ, ਰੈਲੀਆਂ ਅਤੇ ਜਨਤਕ ਮੀਟਿੰਗਾਂ ਨੂੰ ਸੰਬੋਧਨ ਕਰੇਗੀ ? ਜੇਕਰ ਉਸਨੂੰ ਆਉਣ ਵਾਲੀ ਚੋਣ ਲੜਾਈ ਵਿੱਚ ਵਰਕਰਾਂ ਨੂੰ ਪ੍ਰੇਰਿਤ ਕਰਨਾ ਹੈ ਅਤੇ ਉਨ੍ਹਾਂ ਨੂੰ ਦਿਸ਼ਾ ਦੇਣਾ ਹੈ, ਤਾਂ ਸ਼ਾਇਦ ਉਸਨੂੰ ਅਜਿਹਾ ਕਰਨਾ ਹੀ ਪਵੇਗਾ। ਉੱਤਰ ਪ੍ਰਦੇਸ਼ ਵਿੱਚ 2027 ਵਿੱਚ ਚੋਣਾਂ ਹੋਣੀਆਂ ਹਨ। ਪਰ ਮਾਇਆਵਤੀ ਨੇ ਇਹ ਕੰਮ 2022 ਦੀਆਂ ਵਿਧਾਨ ਸਭਾ ਚੋਣਾਂ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਕਿਉਂ ਨਹੀਂ ਕੀਤਾ ?

ਮਾਇਆਵਤੀ ਦੀ ਆਕਾਸ਼ ਵਿਰੁੱਧ ਕਾਰਵਾਈ ਕਈ ਵਾਰ ਹੈਰਾਨੀਜਨਕ ਰਹੀ ਸੀ। ਮਈ 2023 ਵਿੱਚ, ਆਕਾਸ਼ ਆਨੰਦ ਨੇ ਯੂਪੀ ਦੇ ਸੀਤਾਪੁਰ ਰੈਲੀ ਵਿੱਚ ਸਿਰਫ਼ ਇਹ ਕਿਹਾ ਸੀ ਕਿ ਭਾਜਪਾ ਅੱਤਵਾਦੀਆਂ ਦੀ ਪਾਰਟੀ ਹੈ। ਅਗਲੇ ਹੀ ਦਿਨ, ਮਾਇਆਵਤੀ ਨੇ ਆਕਾਸ਼ ਨੂੰ ਬਸਪਾ ਦੇ ਰਾਸ਼ਟਰੀ ਕੋਆਰਡੀਨੇਟਰ ਦੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ। ਧਿਆਨ ਦਿਓ ਕਿ ਉਸਨੇ ਸਿਰਫ਼ ਆਕਾਸ਼ ਨੂੰ ਹੀ ਨਹੀਂ ਹਟਾਇਆ ਸਗੋਂ ਉਸਨੂੰ ਬਰਖਾਸਤ ਵੀ ਕਰ ਦਿੱਤਾ। ਪਰ ਇੱਕ ਮਹੀਨੇ ਦੇ ਅੰਦਰ, ਜਦੋਂ ਪਾਰਟੀ ਵਰਕਰਾਂ ਨੇ ਉਨ੍ਹਾਂ ਨੂੰ ਫੀਡਬੈਕ ਦਿੱਤਾ ਕਿ ਆਕਾਸ਼ ਦੇ ਭਾਸ਼ਣ ਦਲਿਤ ਨੌਜਵਾਨਾਂ ਵਿੱਚ ਪਸੰਦ ਕੀਤੇ ਜਾ ਰਹੇ ਹਨ, ਤਾਂ ਮਾਇਆਵਤੀ ਨੇ ਆਕਾਸ਼ ਨੂੰ ਦੁਬਾਰਾ ਵਾਪਸ ਲਿਆਂਦਾ ਸੀ।

ਅੱਜ ਵੀ ਮਾਇਆਵਤੀ ਦੀ ਆਪਣੇ ਭਤੀਜੇ ਨੂੰ ਪਾਰਟੀ ਵਿਚੋਂ ਕੱਢਣ ਦੀ ਕਾਰਵਾਈ ਬਾਰੇ ਕਿਹਾ ਜਾਂਦਾ ਹੈ ਕਿ ਉਸਨੇ ਭਾਜਪਾ ਦੇ ਦਬਾਅ ਹੇਠ ਆਕਾਸ਼ ਵਿਰੁੱਧ ਕਾਰਵਾਈ ਕੀਤੀ ਸੀ। ਮਾਇਆਵਤੀ ਦੀ ਇਸ ਕਾਰਵਾਈ ਨੇ ਭਾਜਪਾ ਦੇ ਇਸ਼ਾਰੇ 'ਤੇ ਕੰਮ ਕਰਨ ਵਾਲੀ ਨੇਤਾ ਵਜੋਂ ਉਸਦੀ ਛਵੀ ਨੂੰ ਹੋਰ ਮਜ਼ਬੂਤ ਕੀਤਾ। ਕਈ ਵਿਰੋਧੀ ਪਾਰਟੀਆਂ ਦਾ ਦੋਸ਼ ਹੈ ਕਿ ਮਾਇਆਵਤੀ ਦੇ ਕਾਰਨ ਹੀ ਭਾਜਪਾ ਨੇ ਯੂਪੀ ਵਿੱਚ ਦਲਿਤਾਂ ਦਾ ਵਿਕਾਸ ਤੇ ਰਸਤਾ ਰੋਕਿਆ ਹੈ।

### ਕਾਂਸ਼ੀ ਰਾਮ ਦੀ ਵਿਰਾਸਤ ਕਿਸ ਕੋਲ ਹੈ ?

ਕਿਹਾ ਜਾ ਰਿਹਾ ਹੈ ਕਿ ਇਸ ਕਾਰਵਾਈ ਰਾਹੀਂ ਮਾਇਆਵਤੀ ਨੇ ਦਲਿਤਾਂ ਨੂੰ ਸੁਨੇਹਾ ਦਿੱਤਾ ਹੈ ਕਿ ਉਹ ਕਾਂਸ਼ੀ ਰਾਮ ਦੀ ਵਿਰਾਸਤ ਦੀ ਸੱਚੀ ਉੱਤਰਾਧਿਕਾਰੀ ਹੈ। ਅਤੇ ਪਾਰਟੀ ਨੂੰ ਬਚਾਉਣ ਲਈ, ਉਹ ਅਜਿਹਾ ਕਰੇਗੀ ਭਾਵੇਂ ਉਸਨੂੰ ਆਪਣੇ ਪਰਿਵਾਰਕ ਮੈਂਬਰਾਂ ਵਿਰੁੱਧ ਕਾਰਵਾਈ ਕਿਉਂ ਨਾ ਕਰਨੀ ਪਵੇ। ਪਰ ਨਗੀਨਾ ਤੋਂ ਸੰਸਦ ਮੈਂਬਰ ਚੰਦਰਸ਼ੇਖਰ ਆਜ਼ਾਦ, ਜੋ ਦਲਿਤ ਨੌਜਵਾਨਾਂ ਵਿੱਚ ਬਹੁਤ ਮਸ਼ਹੂਰ ਨੇਤਾ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਕਾਂਸ਼ੀ ਰਾਮ ਦੀ ਰਾਜਨੀਤਿਕ ਵਿਰਾਸਤ ਦੇ ਉੱਤਰਾਧਿਕਾਰੀ ਵਜੋਂ ਪੇਸ਼ ਕੀਤਾ ਹੈ। ਉਹ ਅਕਸਰ ਬਸਪਾ ਸੰਸਥਾਪਕ ਕਾਂਸ਼ੀਰਾਮ ਦਾ ਹਵਾਲਾ ਦਿੰਦੇ ਹਨ ਅਤੇ ਉਨ੍ਹਾਂ ਦੀਆਂ ਤਸਵੀਰਾਂ ਅਤੇ ਬਿਆਨਾਂ ਦੀ ਵਰਤੋਂ ਕਰਦੇ ਹਨ।

ਸਮਾਜਵਾਦੀ ਪਾਰਟੀ, ਜੋ ਆਪਣਾ ਵੋਟ ਅਧਾਰ ਵਧਾਉਣ ਅਤੇ "ਮੁਸਲਿਮ-ਯਾਦਵ" ਪਾਰਟੀ ਦੀ ਛਵੀ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਨੇ ਵੀ ਕਾਂਸ਼ੀ ਰਾਮ ਦੇ ਜਨਮ ਅਤੇ ਮੌਤ ਦੀ ਵਰ੍ਹੇਗੰਢ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਕੇ ਦਲਿਤਾਂ ਨਾਲ ਜੁੜਨ ਦੀ ਕੋਸ਼ਿਸ਼ ਕੀਤੀ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿੱਚ, ਪਾਰਟੀ ਨੂੰ ਦਲਿਤ ਵੋਟਾਂ ਦੇ ਇੱਕ ਵੱਡੇ ਹਿੱਸੇ ਦੇ ਆਪਣੇ ਪਾਸੇ ਆਉਣ ਦਾ ਬਹੁਤ ਫਾਇਦਾ ਹੋਇਆ ਅਤੇ ਇਹ 37 ਸੀਟਾਂ ਨਾਲ ਉੱਤਰ ਪ੍ਰਦੇਸ਼ ਵਿੱਚ ਸਭ ਤੋਂ ਵੱਡੀ ਪਾਰਟੀ ਵਜੋਂ ਵੀ ਉਭਰੀ ਹੈ।

ਆਕਾਸ਼ ਆਨੰਦ ਵਿਰੁੱਧ ਕਾਰਵਾਈ ਕਰਕੇ, ਮਾਇਆਵਤੀ ਨੇ ਸਿਰਫ਼ ਇੱਕ ਨੌਜਵਾਨ ਨੇਤਾ ਨੂੰ ਪਾਰਟੀ ਵਿੱਚੋਂ ਕੱਢਿਆ ਹੈ; ਇਸ ਤੋਂ ਪਹਿਲਾਂ ਵੀ ਉਸ ਦੀਆਂ ਕਾਰਵਾਈਆਂ ਅਜੀਬ ਰਹੀਆਂ ਹਨ। ਬਸਪਾ ਦੇ ਸਵਾਮੀ ਪ੍ਰਸਾਦ ਮੌਰਿਆ, ਜੋ ਕਦੇ ਮਾਇਆਵਤੀ ਦੇ ਸਭ ਤੋਂ ਨੇੜਲੇ ਲੋਕਾਂ ਵਿੱਚੋਂ ਇੱਕ ਸਨ, ਨੂੰ ਮਾਇਆਵਤੀ ਨੇ ਪਾਰਟੀ ਵਿੱਚੋਂ ਕੱਢ ਦਿੱਤਾ ਸੀ। ਪਾਰਟੀ ਫੰਡਾਂ ਨੂੰ ਸੰਭਾਲਣ ਵਾਲੇ ਨਸੀਮੁਦੀਨ ਸਿੱਦੀਕੀ ਨੂੰ ਦੋਸ਼ਾਂ ਦੇ ਬਹਾਨੇ ਹਟਾ ਦਿੱਤਾ ਗਿਆ। ਉਹ ਇਮਰਾਨ ਮਸੂਦ ਨੂੰ ਪਾਰਟੀ ਵਿੱਚ ਲੈ ਆਈ ਪਰ ਮਾਇਆਵਤੀ ਨੇ ਉਸਨੂੰ ਸਿਰਫ਼ ਅਨੁਸ਼ਾਸਨਹੀਣਤਾ ਦਾ ਦੋਸ਼ ਲਗਾ ਕੇ ਪਾਰਟੀ ਵਿੱਚੋਂ ਕੱਢ ਦਿੱਤਾ।

ਪੂਰਵਾਂਚਲ ਦੇ ਦਲਿਤ ਨੇਤਾ ਆਰ.ਕੇ. ਚੌਧਰੀ ਨੂੰ ਵੀ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ। ਮਾਇਆਵਤੀ ਨੇ ਆਜ਼ਮਗੜ੍ਹ ਤੋਂ ਗੁੱਡੂ ਜਮਾਲੀ ਨੂੰ ਮੈਦਾਨ ਵਿੱਚ ਉਤਾਰਿਆ ਤਾਂ ਜੋ ਸਪਾ ਉੱਥੋਂ ਹਾਰ ਜਾਵੇ। ਚੋਣਾਂ ਤੋਂ ਬਾਅਦ, ਜਮਾਲੀ ਖੁਦ ਸਪਾ ਵਿੱਚ ਸ਼ਾਮਲ ਹੋ ਗਿਆ। ਇਹ ਸਿਰਫ਼ ਨਾਮ ਨਹੀਂ ਹਨ ਸਗੋਂ ਉਹ ਲੋਕ ਹਨ ਜੋ ਆਪਣੇ-ਆਪਣੇ ਖੇਤਰਾਂ ਵਿੱਚ ਬਸਪਾ ਦੀ ਰਾਜਨੀਤੀ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਗਏ ਸਨ।

# ਸਿੱਖ ਧਰਮ ਦੀ ਵਿਸ਼ਾਲਤਾ, ਵਿਆਖਿਆ, ਮਨੁੱਖਤਾ ਲਈ ਪੈਗਾਮ ਬਨਾਮ ਐਲਨ ਮਸਕ ਦਾ ਏਆਈ ਐਪ ਗਰੋਕ

ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
9815700916



ਆਧੁਨਿਕ ਯੁਗ ਵਿਚ ਸਿਖ ਧਰਮ ਤੇ ਗੁਰਮਤਿ ਦੀ ਵਿਆਖਿਆ ਪ੍ਰੋਫੈਸਰ ਕਿਸ਼ਨ ਸਿੰਘ, ਡਾਕਟਰ ਅੰਬੇਡਕਰ, ਪ੍ਰੋਫੈਸਰ ਪੂਰਨ ਸਿੰਘ, ਸਿਰਦਾਰ ਕਪੂਰ ਸਿੰਘ ਆਈਸੀਐਸ, ਡਾਕਟਰ ਗੁਰਭਗਤ ਸਿੰਘ, ਸਰਦਾਰ ਗੁਰਤੇਜ ਸਿੰਘ ਆਦਿ ਨੇ ਬਹੁਤ ਹੀ ਵਿਸ਼ਾਲਤਾ ਨਾਲ ਕੀਤੀ ਹੈ। ਪ੍ਰੋਫੈਸਰ ਕਿਸ਼ਨ ਸਿੰਘ ਗੁਰਮਤਿ ਨੂੰ ਸਮਾਜਿਕ, ਰਾਜਨੀਤਕ ਇਨਕਲਾਬ ਦਸਦਾ ਹੋਇਆ ਗੁਰੂ ਨੂੰ ਆਦਰਸ਼ਵਾਦੀ ਸਟੇਟ ਦਾ ਮਾਡਲ ਦਸਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰੂ ਦਾ ਥੀਸਿਜ। ਉਸਨੇ ਖਾਲਸਾ ਰਾਜ ਦੀ ਵਿਆਖਿਆ ਮਨੁੱਖਤਾ ਦੇ ਹਿਤ ਵਜੋਂ ਕੀਤੀ ਹੈ, ਜਿਸਦਾ ਉਸਨੇ ਇਤਿਹਾਸਕ ਪ੍ਰਸੰਗ ਤੇ ਦਾਰਸ਼ਨਿਕਤਾ ਸਿਰਜੀ ਹੈ। ਉਸਦੀ ਪੁਸਤਕ ਸਿੱਖ ਲਹਿਰ ਅਜੋਕੇ ਪ੍ਰਸੰਗ ਵਿਚ ਪੜ੍ਹਨਯੋਗ ਹੈ। ਖਬੇਪਖੀਆਂ ਨੂੰ ਇਹ ਪੁਸਤਕ ਪੜ੍ਹਨ ਦੀ ਲੋੜ ਹੈ। ਕਾਮਰੇਡ ਸੰਤ ਸਿੰਘ ਸੇਖੋਂ ਨਾਲ ਕਿਸ਼ਨ ਸਿੰਘ ਦੀ ਬਹਿਸਾਂ ਜੋ ਖਬੇਪਖੀਆਂ ਦੇ ਮੈਗਜ਼ੀਨ ਸੇਧ ਪੇਪਰ ਵਿਚ ਛਪੀਆਂ ਸਨ, ਉਸਨੇ ਇਕਲੇ ਤੌਰ ਉਪਰ ਗੁਰਮਤਿ ਵਿਰੋਧੀ ਕਾਮਰੇਡਾਂ ਨੂੰ ਲਾਜੁਆਬ ਕਰ ਦਿਤਾ ਸੀ।

ਡਾਕਟਰ ਅੰਬੇਡਕਰ ਨੇ ਆਪਣੀ ਪੁਸਤਕ ਜਾਤ ਪਾਤ ਬੀਜ ਨਾਸ਼ ਵਿਚ ਕਿਹਾ ਸੀ ਕਿ ਬੁਧ, ਸਤਿਗੁਰੂ ਨਾਨਕ, ਸੰਤ ਕਬੀਰ ਜਿਥੇ ਖਲੋਤੇ ਉਥੇ ਤੁਹਾਨੂੰ ਖਲੌਣਾ ਪਵੇਗਾ। ਉਨ੍ਹਾਂ ਕਿਹਾ ਸੀ ਕਿ ਸਿੱਖਾਂ ਅੰਦਰ ਸਾਥੀ ਭਾਵਨਾ ਬਹੁਤ ਹੈ, ਉਹ ਸੰਗਤੀ ਰੂਪ ਵਿਚ ਆਪਣੇ ਭਾਈਚਾਰੇ ਦੇ ਹੱਕ ਵਿਚ ਖਲੌਂਦੇ ਹਨ। ਇਹ ਜਜਬਾ ਮੈਨੂੰ ਪਸੰਦ ਹੈ। ਇਹ ਉਨ੍ਹਾਂ ਦੀ ਤਾਕਤ ਹੈ।

ਸਿਰਦਾਰ ਕਪੂਰ ਸਿੰਘ ਸਿੱਖ ਚਿੰਤਨ ਅਤੇ ਅਭਿਆਸ ਨੂੰ ਪ੍ਰਾਪਤ ਧਰਮਾਂ ਦਾ ਸੰਯੋਗ ਨਹੀਂ ਮੰਨਦੇ, ਜਿਵੇਂ ਕਿ ਕਈ ਭਾਰਤੀ ਵਿਦਵਾਨ ਕਹਿ ਜਾਂ ਲਿਖ ਦਿੰਦੇ ਹਨ। ਸਿਰਦਾਰ ਕਪੂਰ ਸਿੰਘ ਅਨੁਸਾਰ ਸਿੱਖੀ ਇਹ ਇਕ ਆਵੇਸ਼ ਸੀ, ਉਚੇਰੀ ਦਿਬ-ਦ੍ਰਿਸ਼ਟੀ ਦਾ ਇਕ ਕ੍ਰਿਸ਼ਮਾ ਸੀ ਜੋ ਆਪਣੀ ਮੌਲਿਕਤਾ ਨਾਲ ਵਾਪਰਿਆ। ਸਿੱਖੀ ਵਿਚ ਵੱਡਾ ਮਹੱਤਵ, ਉਨ੍ਹਾਂ ਅਨੁਸਾਰ ਨਾਮ ਅਭਿਆਸ ਜਾਂ ਅਨੁਸ਼ਾਸਨ ਨੂੰ ਹੈ।

ਅਜਿਹੇ ਨਾਮ ਅਨੁਸ਼ਾਨ ਦਾ ਅਭਿਆਸ ਕਰਨ ਵਾਲਾ ਸਿੱਖ, ਨਿਰਪੇਖ ਯਥਾਰਥ ਜਾਂ ਅਕਾਲ ਪੁਰਖ ਵਿਚ ਵਿਅਸਤ ਮਨੁੱਖ ਹੈ ਜੋ ਜਗਤ ਪ੍ਰਤੀ ਵੀ ਸੁਚੇਤ ਹੈ। ਇਸ ਵਿਚ ਰਹਿ ਕੇ ਕਰਮਸ਼ੀਲ ਹੁੰਦਾ ਹੈ। ਇਸ ਲਈ ਉਹ ਸਿੱਖ ਸੰਕਲਪ ਦੇ ਮਨੁੱਖ ਨੂੰ ਮੁਕਤ ਪਰ ਸਮਾਜਿਕ-ਰਾਜਨੀਤਕ ਜੀਵਨ ਵਿਚ ਉਚੇਰੀਆਂ ਕੀਮਤਾਂ ਲਈ ਸੰਘਰਸ਼ਸ਼ੀਲ ਮਨੁੱਖ ਮੰਨਦੇ ਹਨ। ਸਿੱਖੀ ਵਿਚ ਅਕਾਲ ਪੁਰਖ ਨਾਲ ਸੰਬੰਧ ਸਿੱਧਾ ਸਥਾਪਤ ਹੁੰਦਾ ਹੈ ਕਿਸੇ ਅਵਤਾਰ ਰਾਹੀਂ ਨਹੀਂ, ਇਹ ਰਿਸ਼ਤਾ "ਅਨੰਦ" ਦਾ ਅਨੁਭਵ ਹੈ।

ਡਾਕਟਰ ਗੁਰਭਗਤ ਸਿੰਘ ਨੇ ਕਿਹਾ ਸੀ ਕਿ ਵਿਸ਼ਵ ਵਿਚ ਸਿੱਖ ਧਰਮ ਮਨੁੱਖਤਾ ਦੇ ਹਿਤ ਵਿਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਮਨੁੱਖ ਨੂੰ ਮੁਕਤੀ ਤੇ ਸ਼ਾਂਤੀ ਵਲ ਲਿਜਾ ਸਕਦਾ ਹੈ। ਡਾਕਟਰ ਗੁਰਭਗਤ ਸਿੰਘ ਨੇ ਇਸਨੂੰ ਵਿਸਮਾਦ ਪੂੰਜੀ ਨਾਲ ਸੰਬੋਧਨ ਕੀਤਾ ਸੀ। ਡਾ: ਗੁਰਭਗਤ ਸਿੰਘ ਦਾ ਕਹਿਣਾ ਹੈ ਕਿ ਬਰਤਾਨਵੀ ਸਾਮਰਾਜ ਵੱਲੋਂ ਪੰਜਾਬ ਉਤੇ ਕਬਜ਼ਾ ਕਰ ਲੈਣ ਤੋਂ ਬਾਅਦ ਖ਼ਾਲਸਾ ਪੈਰਾਡਾਈਮ ਨੂੰ ਤੋੜਨਾ, ਇਸ ਦੀ ਮੌਲਿਕਤਾ ਨੂੰ ਨਸ਼ਟ ਕਰਨਾ, ਸਾਮਰਾਜ ਦੇ ਹਥਿਆਰਾਂ ਵਿਚੋਂ ਇਕ ਵੱਡਾ ਹਥਿਆਰ ਸੀ। ਬਰਤਾਨਵੀ ਸਾਮਰਾਜ ਨੇ ਚੁਸਤੀ ਤੇ ਚਲਾਕੀ ਨਾਲ ਸਿੱਖਾਂ ਦੇ ਇਕ ਅਹਿਮ ਹਿੱਸੇ ਨੂੰ ਉਸ ਦੇ ਬ੍ਰਹਿਮੰਡੀ, ਇਨਕਲਾਬੀ ਸੋਚ-ਪ੍ਰਬੰਧ ਅਤੇ ਜੀਵਨ ਜਾਚ ਤੋਂ ਚੇਤੰਨ ਤੌਰ 'ਤੇ ਤੋੜ ਦਿੱਤਾ ਸੀ। ਆਮ ਸਿੱਖਾਂ ਨੇ ਆਪਣੇ ਅਵਚੇਤਨ ਵਿਚ ਸਿੱਖ ਤੱਤ ਨੂੰ ਸਾਂਭੀ ਰੱਖਿਆ। ਇਹ ਸਿੱਖ ਤੱਤ ਹੀ, ਇਤਿਹਾਸ ਅੰਦਰ ਸਮੇਂ ਸਮੇਂ ਜਾਬਰ ਰਾਜ ਨਾਲ ਟਕਰਾਉਂਦਾ ਅਤੇ ਸਿੱਖ ਵਿਰਾਸਤ ਤੋਂ ਪ੍ਰੇਰਿਤ ਹੋ ਕੇ ਸੰਘਰਸ਼ ਕਰਦਾ ਰਿਹਾ ਹੈ। ਸਿੱਖਾਂ ਦਾ ਅਵਚੇਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬਾਨ ਦੇ ਜੀਵਨ ਦੀ ਸਿਰਜਣਾ ਹੈ। ਕੇਵਲ ਉਨ੍ਹਾਂ ਸਿੱਖਾਂ ਨੂੰ ਹੀ ਵਰਗਲਾਇਆ ਜਾ ਸਕਦਾ ਹੈ ਜਿਨ੍ਹਾਂ ਦੇ ਅਵਚੇਤਨ ਦਾ ਸਬੰਧ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਕਮਜ਼ੋਰ ਹੋ ਚੁੱਕਿਆ ਹੈ।

ਸਰਦਾਰ ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਮਨੁੱਖਤਾ ਦਾ ਧਰਮ ਸਿੱਖ ਧਰਮ ਹੈ।ਗੁਰੂ ਗ੍ਰੰਥ ਸਾਹਿਬ ਮਨੁੱਖੀ ਕਲਿਆਣ ਦਾ ਥੀਸਿਜ ਹੈ ਜੋ ਮਨੁੱਖਤਾ ਦੇ ਹਿੱਤ ਵਿਚ ਰਾਜਨੀਤੀ, ਸਮਾਜ, ਮਨੁੱਖ ਦੀ ਨੈਤਿਕ ਬਣਤਰ ਸਿਰਜਦਾ ਹੈ, ਪਰ ਅਜੋਕੀ ਧਾਰਮਿਕ ਤੇ ਰਾਜਨੀਤਿਕ ਲੀਡਰਸ਼ਿਪ ਸਤਿਗੁਰੂ ਦੇ ਇਸ ਸਿਧਾਂਤ ਨੂੰ ਸਮਝਣ ਵਿਚ ਅਸਫਲ ਸਿਧ ਹੋਈ ਹੈ। ਗੁਰੂ ਸਾਹਿਬਾਨ ਨਾ ਕੇਵਲ ਆਧੁਨਿਕ ਸਮਿਆਂ ਦੇ ਜ਼ਿੰਮੇਵਾਰ ਜ਼ਾਮਨ (ਗਵਾਹ) ਹਨ ਬਲਕਿ ਉਹਨਾਂ ਪ੍ਰਵਿਰਤੀਆਂ (ਰੁਝਾਨਾਂ) ਨੂੰ ਸਾਜਣ ਵਾਲੇ ਵੀ ਹਨ, ਜਿਨ੍ਹਾਂ ਨੇ ਮਨੁੱਖ ਮਾਤਰ ਨੂੰ ਮੱਧ-ਕਾਲ ਦੇ ਹਨ੍ਹੇਰੇ ਵਿੱਚੋਂ ਕੱਢ ਕੇ ਸਿੱਧਾ ਆਧੁਨਿਕ ਸਮਿਆਂ ਦੇ ਦਰਵਾਜ਼ੇ ਉੱਤੇ ਲਿਆ ਖੜ੍ਹਾ ਕੀਤਾ। ਉਹਨਾਂ ਆਉਣ ਵਾਲੇ ਸਮਿਆਂ ਲਈ ਵੀ ਵੱਡਮੁੱਲੀ ਅਗਵਾਈ ਪ੍ਰਦਾਨ ਕੀਤੀ। ਹੋਣਾ ਵੀ ਇਉਂ ਹੀ ਚਾਹੀਦਾ ਸੀ ਕਿਉਂਕਿ ਜਿਸ ਰੱਬ ਦਾ ਰੂਪ ਹੋ ਕੇ ਆਪ ਸੰਸਾਰ ਉੱਤੇ ਵਿਚਰੇ ਹਨ, ਉਹ "ਸਾਹਿਬੁ ਮੇਰਾ ਨੀਤ ਨਵਾ..॥" (ਮ: 1, ਪੰਨਾ 660) ਹੈ। ਉਹ ਕਦੇ ਪੁਰਾਣਾ ਨਹੀਂ ਹੁੰਦਾ, "ਸਚੁ ਪੁਰਾਣਾ ਨਾ ਥੀਐ; ਨਾਮੁ ਨ ਮੈਲਾ ਹੋਇ ॥" (ਮ: 3, ਪੰਨਾ 1248), ਗੁਰੂ ਜੀ ਦੀ ਏਸ ਸਦੀਵੀ ਪ੍ਰਸੰਗਕਤਾ ਨੂੰ ਜਿਨ੍ਹਾਂ ਪ੍ਰਵਾਨ ਕੀਤਾ ਉਹਨਾਂ ਅਨੇਕਾਂ ਗੁੰਝਲਾਂ, ਜੰਜਾਲਾਂ ਤੋਂ ਮੁਕਤੀ ਪ੍ਰਾਪਤ ਕੀਤੀ "ਫੂਟੋ ਆਂਡਾ ਭਰਮ ਕਾ; ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ; ਗੁਰਿ ਕੀਨੀ ਬੰਦਿ ਖਲਾਸੁ ॥" (ਮ: 5, ਪੰਨਾ 1002)

ਇਨ੍ਹਾਂ ਚਿੰਤਕਾਂ ਦੇ ਵਿਚਾਰਾਂ ਦਾ ਸਿੱਟਾ ਇਹ ਹੈ ਕਿ ਸਿੱਖ ਸੰਗਤ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਮਨੁੱਖੀ ਸੇਵਾ, ਸਰਬਤ ਦੇ ਭਲੇ ਨੂੰ ਨਿਭਾਉਣ ਵਿਚ ਸਫਲ ਹੋਈ ਹੈ। ਇਸ ਵਿਚ ਗੁਰੂ ਦੀ ਤੌਰੀ ਸੰਗਤੀ ਦਸਵੰਧ ਦਾ ਵੱਡਾ ਰੋਲ ਰਿਹਾ ਹੈ। ਕਰੋਨਾ ਯੁਗ ਵਿਚ ਸਿੱਖ ਪੂਰੇ ਵਿਸ਼ਵ ਵਿਚ ਮੌਤ ਅਗੇ ਡਟਕੇ ਖਲੋਏ ਤੇ ਮਨੁੱਖਤਾ ਦੇ ਹਿਤ ਵਿਚ ਸੇਵਾ ਨਿਭਾਈ, ਕੁਦਰਤੀ ਵਿਪਤਾਵਾਂ ਵਿਚ ਲੋਕਾਂ ਦੇ ਸਾਥੀ ਬਣੇ। ਇਹ ਪ੍ਰਭਾਵ ਪੂਰੇ ਵਿਸ਼ਵ ਤੇ ਉਨ੍ਹਾਂ ਦੀ ਸਰਕਾਰਾਂ ਵਿਚ ਬਣਿਆ ਹੈ। ਇਸ ਬਾਰੇ ਵਿਸ਼ਾਲ ਚਿੰਤਨ ਉਘਾੜਨ ਦੀ ਲੋੜ ਹੈ, ਪਰ ਸਾਡੇ ਅਗੇ ਰੁਕਾਵਟ ਮਾਇਆਧਾਰੀ, ਲਾਲਚੀ ਤੇ ਵਿਕਾਊ ਸਿੱਖ ਲੀਡਰਸ਼ਿਪ ਹੈ। ਅਜਿਹੇ 'ਚ ਟੇਸਲਾ ਮੁਖੀ ਐਲਨ ਮਸਕ ਦੇ ਏਆਈ ਐਪ ਗਰੋਕ ਨੇ ਹੁਣ ਇਸ ਮਸਲੇ 'ਤੇ ਆਨਲਾਈਨ ਨਵੀਂ ਬਹਿਸ ਨੂੰ ਜਨਮ ਦਿੱਤਾ ਹੈ। ਇਸ ਏਆਈ ਐਪ ਨੇ ਇੱਕ ਸਵਾਲ ਦੇ ਜਵਾਬ ਵਿੱਚ ਸਿੱਖ ਧਰਮ ਦੀ ਬਿਹਤਰ ਧਰਮ ਵੱਜੋਂ ਚੋਣ ਕੀਤੀ ਹੈ।

ਗੁਰਕਰਨ-ਗਿੱਲ ਨਾਂ ਦੇ ਇਕ ਹੈਂਡਲ ਤੋਂ 'ਐਕਸ' 'ਤੇ ਹਾਲ ਹੀ ਪਾਈ ਇਕ ਪੋਸਟ ਵਾਇਰਲ ਹੋ ਰਹੀ ਹੈ ਜਿਸ ਵਿਚ ਗਰੋਕ ਨੂੰ ਪੁਛਿਆ ਗਿਆ, "ਜੇ ਤੁਹਾਨੂੰ ਧਰਤੀ ਉੱਤੇ ਰਾਜ ਕਰਨ ਲਈ ਇਕ ਧਾਰਮਿਕ ਸਰਵਉੱਚਤਾ ਦੀ ਚੋਣ ਕਰਨੀ ਪਵੇ, ਤਾਂ ਤੁਸੀਂ ਸਿੱਖ, ਈਸਾਈ, ਇਸਲਾਮ, ਯਹੂਦੀ, ਹਿੰਦੂ, ਜਾਂ ਕਿਸੇ ਹੋਰ ਪ੍ਰਮੁੱਖ ਧਾਰਮਿਕ ਸਮੂਹ ਵਿਚੋਂ ਕਿਸ ਨੂੰ ਚੁਣੋਗੇ ?"

ਗਰੋਕ ਦਾ ਦਿਲਚਸਪ ਜਵਾਬ ਸੀ, "ਮੁਸ਼ਕਲ ਸਵਾਲ ਹੈ। ਜੇ ਮੈਨੂੰ ਧਰਤੀ 'ਤੇ ਵਾਗਡੋਰ ਸੰਭਾਲਣ ਲਈ ਕਿਸੇ ਧਰਮ ਨੂੰ ਚੁਣਨਾ ਪਿਆ, ਤਾਂ ਮੈਂ ਸਿੱਖ ਧਰਮ ਨੂੰ ਚੁਣਾਂਗਾ।" ਇਹੀ ਨਹੀਂ ਇਸ ਵਿਚ ਕਾਰਨ ਵੀ ਦਸਿਆ ਗਿਆ ਹੈ ਕਿ ਸਿੱਖ ਧਰਮ ਦੇ ਸਿਧਾਂਤ ਦੁਨੀਆ ਵਿਚੋਂ ਸਭ ਤੋਂ ਬਿਹਤਰ ਹਨ। ਗਰੋਕ ਏ.ਆਈ. ਅਨੁਸਾਰ, "ਕਿਉਂਕਿ ਇਸ ਵਿਚ ਇਨਸਾਨੀਅਤ ਦੀਆਂ ਬੁਨਿਆਦੀ ਭਾਵਨਾਵਾਂ ਹਨ, ਜਿਵੇਂ ਸਾਰਿਆਂ ਲਈ ਬਰਾਬਰੀ, ਕੋਈ ਜਾਤ-ਪਾਤ ਦਾ ਰੌਲਾ ਨਹੀਂ, ਅਤੇ ਲੋਕਾਂ ਦੀ ਸੇਵਾ 'ਤੇ ਵੱਡਾ ਜ਼ੋਰ, ਜਿਵੇਂ ਕਿ ਗੁਰਦੁਆਰਿਆਂ ਵਿਚ ਮੁਫਤ ਭੋਜਨ। ਇਹ ਧਰਮ ਹੋਰਨਾਂ ਧਰਮਾਂ ਦੇ ਲੋਕਾਂ 'ਤੇ ਦਬਦਬਾ ਬਣਾਉਣ ਵਿਚ ਨਹੀਂ ਬਲਕਿ ਲੋਕਾਂ ਨਾਲ ਮਿਲਵਰਤਨ 'ਚ ਰਹਿਣ 'ਤੇ ਵਧੇਰੇ ਜ਼ੋਰ ਦਿੰਦਾ ਹੈ। ਇਸ ਤੋਂ ਇਲਾਵਾ, ਇਸ ਧਰਮ ਵਿਚ ਮੂਰਤੀ ਪੂਜਾ ਦੀ ਬਜਾਏ ਇਕ ਰੱਬ 'ਤੇ ਧਿਆਨ ਕੇਂਦਰਿਤ ਕਰਨਾ ਇਸ ਨੂੰ ਸਰਲ ਰੱਖਦਾ ਹੈ, ਜੋ ਛੋਟੇ-ਮੋਟੇ ਝਗੜਿਆਂ ਨੂੰ ਘਟਾ ਸਕਦਾ ਹੈ।"

ਜਵਾਬ ਵਿਚ ਅੱਗੇ ਕਿਹਾ ਗਿਆ, "ਸਿੱਖ ਧਰਮ ਨੂੰ ਅੱਖਾਂ ਬੰਦ ਕਰ ਕੇ ਚੁਣਿਆ ਜਾ ਸਕਦਾ ਹੈ, ਜਿਸ ਦੀ ਨੈਤਿਕ ਰੀੜ੍ਹ ਹੈ ਜੋ ਆਸਾਨੀ ਨਾਲ ਝੁਕਦੀ ਨਹੀਂ ਹੈ।" ਹਾਲਾਂਕਿ ਇਸ ਨੇ ਇਹ ਵੀ ਕਿਹਾ, "ਕੋਈ ਵੀ ਧਰਮ ਸੰਪੂਰਨ ਨਹੀਂ ਹੁੰਦਾ, ਜਦੋਂ ਤੁਸੀਂ ਇਸ ਨੂੰ ਗ੍ਰਹਿ ਦੀਆਂ ਚਾਬੀਆਂ ਦਿੰਦੇ ਹੋ- ਮਨੁੱਖ ਧਰਮ ਦੀ ਪਰਵਾਹ ਕੀਤੇ ਬਿਨਾਂ ਇਸ ਨੂੰ ਗੰਦਾ ਕਰਨ ਦਾ ਤਰੀਕਾ ਲੱਭ ਹੀ ਲੈਂਦੇ ਹਨ।

ਸੋ ਸਿੱਖ ਧਰਮ ਆਪਣੇ ਵਿਸ਼ੇਸ਼ ਸਿਧਾਂਤਾਂ ਖਾਸ ਕਰ ਸਤਸੰਗਤ, ਲੰਗਰ, ਪੰਗਤ, ਵੰਡ ਛਕਣਾ, ਕੁਦਰਤ ਨਾਲ ਪਿਆਰ, ਸਰਬੱਤ ਦਾ ਭਲਾ, ਸੇਵਾ, ਵਿਸ਼ਵਵਿਆਪੀ ਭਾਈਚਾਰਾ, ਨਿਆਂ, ਆਜ਼ਾਦੀ ਅਤੇ ਸਾਂਝੀਵਾਲਤਾ ਨਾਲ ਵਿਸ਼ਵ ਸ਼ਾਂਤੀ, ਸਦਭਾਵਨਾ ਅਤੇ ਖੁਸ਼ਹਾਲੀ ਦੇ ਸਾਡੇ ਮਨਚਾਹੇ ਟੀਚੇ ਨੂੰ ਪ੍ਰਾਪਤ ਕਰਨ ਲਈ ਇੱਕ ਵਿਹਾਰਕ ਪਹੁੰਚ ਪੇਸ਼ ਕਰਦਾ ਹੈ।ਅਜੋਕੇ ਸਮੇਂ ਦੌਰਾਨ ਪੂਰਾ ਵਿਸ਼ਵ ਹੀ ਸੰਕਟਮਈ ਹਾਲਾਤਾਂ ਵਿਚੋਂ ਲੰਘ ਰਿਹਾ ਹੈ।

ਅਜੋਕੀ ਸਦੀ ਦੇ ਮੁੱਢਲੇ ਸਾਲਾਂ ਦੌਰਾਨ, ਮਨੁੱਖੀ ਹੋਂਦ ਨੂੰ ਹੀ ਵੱਡੇ ਖਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਾਤਾਵਰਣੀ ਪ੍ਰਦੂਸ਼ਣ ਵਿਚ ਲਗਾਤਾਰ ਵਾਧਾ ਅਤੇ ਸਮਾਜ ਵਿਚ ਰਿਸ਼ਵਤ ਖੋਰੀ ਦਾ ਵੱਡੇ ਪੈਮਾਨੇ ਉੱਤੇ ਚਲਣ, ਸਾਡੇ ਕੁਦਰਤੀ ਤੇ ਸਮਾਜਿਕ ਮਾਹੌਲ ਨੂੰ ਵੱਡੀ ਢਾਹ ਲਾ ਰਹੇ ਹਨ। ਮਾਦਕ ਪਦਾਰਥਾਂ ਦੀ ਲਗਾਤਾਰ ਵਧ ਰਹੀ ਵਰਤੋਂ ਤੇ ਏਡਜ਼ ਵਰਗੀਆਂ ਭਿਆਨਕ ਬੀਮਾਰੀਆਂ ਦੇ ਦੈਂਤਾਂ ਨੇ ਮਨੁੱਖੀ ਜੀਵਨ ਨੂੰ ਵੱਡਾ ਖਤਰਾ ਪੈਦਾ ਕਰ ਦਿੱਤਾ ਹੈ। ਸੱਤਾ ਦੀ ਹਵਸ, ਹਿੰਸਾ ਤੇ ਕਰਾਈਮ ਵਿਚ ਵਾਧੇ ਅਤੇ ਕੌਮਾਂ ਵਿਚਕਾਰ ਰਾਜਨੀਤਕ ਦਵੈਸ਼ ਨੇ ਵਿਸ਼ਵ ਸ਼ਾਂਤੀ ਨੂੰ ਗੰਭੀਰ ਸੰਕਟ ਪੈਦਾ ਕਰ ਦਿੱਤਾ ਹੈ।

ਅਜਿਹੇ ਸੰਕਟਮਈ ਹਾਲਾਤਾਂ ਵਿਚ ਮਨੁੱਖਤਾ ਦੇ ਸਿਰ ਉਪਰ ਵਿਨਾਸ਼ ਦੇ ਬੱਦਲ ਮੰਡਰਾ ਰਹੇ ਹਨ। ਸਾਨੂੰ ਸਿੱਖਾਂ ਨੂੰ ਉਸ ਸਤਾ ਦੀ ਲਾਲਚੀ ਲੀਡਰਸ਼ਿਪ ਤੋਂ ਬੱਚਣ ਦੀ ਲੋੜ ਹੈ ਜੋ ਸਾਡਾ ਧਰਮ ਪਰੰਪਰਾਵਾਂ ਗੰਦਲਾ ਕਰ ਰਹੇ ਹਨ ਤੇ ਸਿੱਖ ਧਰਮ ਦਾ ਨੁਕਸਾਨ ਕਰ ਰਹੇ ਹਨ। ਸਿੱਖ ਧਰਮ ਦਾ ਭਵਿੱਖ ਬਹੁਤ ਉਜਵਲ ਹੈ। ਮੇਰੀ ਧਾਰਨਾ ਹੈ ਕਿ ਸੰਸਾਰ ਵਿਚ ਧਰਮਾਂ, ਸਭਿਅਤਾਵਾਂ ਦੇ ਨਾਮ ਉਪਰ ਟਕਰਾਅ ਵੀ ਤਿਖੇ ਹੋਣੇ ਹਨ, ਮਨੁੱਖਤਾ ਦਾ ਵੀ ਨੁਕਸਾਨ ਹੋਣਾ ਹੈ, ਜੰਗਾਂ ਦਾ ਵੀ ਮਾਹੌਲ ਬਣਨਾ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਸਿੱਖੀ ਸਿਧਾਂਤ, ਮਨੁੱਖੀ ਜੀਵਨ ਲਈ ਖ਼ਤਰਾ ਬਣੇ ਮੌਜੂਦਾ ਹਾਲਾਤਾਂ ਤੋਂ ਮੁਕਤੀ ਦਾ ਰਾਹ ਦਿਖਾਉਣ ਦੇ ਸਮਰਥ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ, ਵਿਸ਼ਵ ਭਰ ਵਿਚ ਸ਼ਾਂਤੀ ਅਤੇ ਖੁਸ਼ਹਾਲੀ ਦੀ ਸਥਾਪਨਾ ਲਈ ਸੁਯੋਗ ਰਾਹਨੁਮਾਈ ਪ੍ਰਦਾਨ ਕਰਨ ਵਾਲਾ, ਇਕ ਵੱਡਮੁੱਲਾ ਗ੍ਰੰਥ ਹੈ। ਇਸ ਵਿਚ ਮੌਜੂਦ ਸਿਧਾਂਤ ਸਮੂਹ ਮਾਨਵਤਾ ਲਈ ਅਮਲਯੋਗ ਹਨ ਤੇ ਜੋ ਅਜੋਕੇ ਸਮੇਂ ਦੌਰਾਨ ਤੇ ਭਵਿੱਖ ਲਈ ਵੀ ਬਹੁਤ ਸਾਰਥਕਤਾ ਰੱਖਦੇ ਹਨ। ਪਰ ਗੁਰੂ ਗ੍ਰੰਥ ਸਾਹਿਬ ਦਾ ਪੈਗਾਮ ਤੇ ਸਿੱਖ ਸੰਗਤੀ ਰੂਪ ਵਿਚ ਮਨੁੱਖਤਾ ਲਈ ਵਿਸ਼ਾਲ ਨੈਰੇਟਿਵ ਸਿਰਜਣਗੇ। ਪੱਛਮ ਸਿੱਖ ਧਰਮ ਵਲ ਝੁਕੇਗਾ।

ਆਰਨਲਡ ਟਾਇਨਬੀ (ਜਗਤ ਪ੍ਰਸਿੱਧ ਇਤਿਹਾਸਕਾਰ) ਲਿਖਦੇ ਹਨ ਕਿ "ਮਨੁੱਖਤਾ ਦਾ ਭਵਿੱਖ ਪਿਆ ਧੁੰਧਲਾ ਹੋਵੇ, ਇੱਕ ਚੀਜ਼ ਘੱਟੋ-ਘੱਟ ਦੇਖੀ ਜਾ ਸਕਦੀ ਹੈ। ਉਹ ਇਹ ਕਿ ਵੱਡੇ ਜੀਵਤ ਧਰਮ ਇੱਕ ਦੂਜੇ ਉੱਤੇ ਪਹਿਲਾਂ ਨਾਲੋਂ ਵੀ ਵਧੇਰੇ ਅਸਰ ਪਾਉਣਗੇ, ਕਿਉਂਕਿ ਧਰਤੀ ਦੇ ਵੱਖ-ਵੱਖ ਇਲਾਕਿਆਂ ਅਤੇ ਮਨੁੱਖੀ ਨਸਲ ਦੀਆਂ ਵੱਖ-ਵੱਖ ਸ਼ਾਖਾਵਾਂ ਵਿਚਕਾਰ ਵਧ ਰਹੇ ਸੰਚਾਰ ਸਾਧਨਾਂ ਕਾਰਨ, ਸੰਬੰਧ ਵਧ ਰਹੇ ਹਨ। ਇਸ ਹੋਣ ਵਾਲੀ ਵਿਚਾਰ-ਚਰਚਾ ਵਿੱਚ ਸਿੱਖਾਂ ਦੀ ਧਾਰਮਿਕ ਪੁਸਤਕ 'ਆਦਿ ਗ੍ਰੰਥ' ਕੋਲ ਸੰਸਾਰ ਦੇ ਧਰਮਾਂ ਨੂੰ ਕਹਿਣ ਲਈ ਜੋ ਕੁੱਝ ਹੈ, ਉਸ ਦੀ ਖ਼ਾਸ ਮਹੱਤਤਾ ਅਤੇ ਕੀਮਤ ਹੈ"।

ਸੋ ਅਸੀਂ ਕਿਰਤੀਆਂ ਦਾ ਗੁਰੂ ਪੰਥ ਹਾਂ ਜੋ ਅਨੇਕਾਂ ਬਿਪਤਾਵਾਂ, ਚੰਦਰੀਆਂ ਹਵਾਵਾਂ ਵਿਚੋਂ ਪਾਰ ਹੋਕੇ ਨਿਤਰਾਂਗੇ। ਗੁਰੂ ਸਾਡੀਆਂ ਗੁਲਾਮੀ ਦੀਆਂ ਬੇੜੀਆਂ ਕਟੇਗਾ ਮਾਇਆ, ਲਾਲਸਾ ਦਾ ਸ਼ਿਕੰਜਾ ਸਾਡੇ ਉਪਰ ਭਾਰੂ ਹੈ, ਇਸ ਦਾ ਜਕੜਜਾਲ ਤੇ ਭਰਮਜਾਲ ਅਸੀਂ ਗੁਰੂ ਦੇ ਮਾਰਗ ਉਪਰ ਚਲਕੇ ਤੋੜਨ ਵਿਚ ਸਹਾਈ ਹੋਵਾਂਗੇ। ਇਹ ਗੁਲਾਮੀ ਦੇ ਸੰਗਲ ਗੁਰੂ ਦੀ ਸ਼ਰਨ ਤੇ ਮਾਰਗ ਉਪਰ ਚਲਣ ਨਾਲ ਹੀ ਟੁਟਣੇ ਹਨ।

ਮਾਰੂ ਮਹਲਾ 5॥ ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥1॥ ਆਵਣ ਜਾਣੁ ਰਹਿਓ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥

# ਲੈਸਟਰ ਵਿਖੇ ਅੰਤਰਰਾਸ਼ਟਰੀ ਮਾਂ-ਬੋਲੀ ਦਿਹਾੜਾ 2025 ਮਨਾਇਆ ਗਿਆ



**ਅੰਤਰਰਾਸ਼ਟਰੀ ਮਾਂ ਬੋਲੀ ਪੰਜਾਬੀ ਦਿਹਾੜਾ ਪੰਜਾਬੀ ਸਰੋਤਿਆਂ ਦੇ ਕਲੱਬ, ਓਡਬੀ ਪੰਜਾਬੀ ਸਕੂਲ ਅਤੇ ਰਾਮਗੜ੍ਹੀਆ ਪੰਜਾਬੀ ਸਕੂਲ ਦੇ ਸਹਿਯੋਗਾਂ ਨਾਲ ਗੁਰਦਵਾਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਓਡਬੀ ਲੈਸਟਰਸ਼ਹਿਰ ਵਿਖੇ ਸ਼ਰਧਾ ਭਾਵਨਾ ਨਾਲ ਐਤਵਾਰ 2 ਮਾਰਚ 2025 ਨੂੰ 12.30 ਤੋਂ 3.00 ਵਜੇ ਤੱਕ ਮਨਾਇਆ ਗਿਆ ਜਿਸ ਵਿੱਚ ਖਾਸ ਮਹਿਮਾਨਾ, ਕਵੀਆਂ ਅਤੇ ਪੰਜਾਬੀ ਸਕੂਲ ਦੇ ਵਿਦਆਰਥੀਆ ਨੇ ਭਾਗ ਲਿਆ ਅਤੇ ਮਹਾਰਾਜਾ ਚਾਰਲਜ ਵਲੋਂ ਭੇਜੀ ਚਿੱਠੀ ਪੜ੍ਹੀ ਗਈ।**

ਪ੍ਰੋਗਰਾਮ ਦੀ ਅਰੰਭਤਾ ਬੱਚੀ ਜਸਕੀਰਤ ਕੋਰ ਜੀ ਨੇ ਦੋ ਸ਼ਬਦ ਕੀਰਤਨ ਨਾਲ ਕੀਤੀ ਅਤੇ ਜਿਨ੍ਹਾ ਦਾ ਸਾਥ ਗਿਆਨੀ ਦਲਜੀਤ ਸਿੰਘ ਜੀ ਨੇ ਦਿੱਤਾ। ਜਸਪਾਲ ਸਿੰਘ ਕੰਗ, ਸਿੱਖ ਫੈਡਰੇਸ਼ਨ ਜੀ ਨੇ ਦੱਸਿਆ ਕਿ ਵਿਰਕ ਜੀ ਮਾਂ-ਬੋਲੀ ਪੰਜਾਬੀ ਦੀ ਚੜ੍ਹਦੀ ਕਲਾ ਲਈ ਕੁੱਝ ਦਹਾਕਿਆ ਤੋਂ ਲੈਸਟਰ ਦੇ ਵੱਖ ਵੱਖ ਗੁਰਦਵਾਰਾ ਸਾਹਿਬ, ਜਾਂ ਲਾਇਬਰੇਰੀਜ ਵਿਖੇ ਬਹੁਤ ਉਚੇ ਮਿਆਰ ਦੇ ਸਮਾਗਮ ਕਰਾਉਂਦੇ ਆਏ ਰਹੇ ਹਨ। ਫਿਰ ਉਨ੍ਹਾਂ ਨੇ ਬਕਿੰਘਮ ਪੈਲਸ ਤੋਂ 13 ਫਰਵਰੀ ਦੀ ਲਿਖੀ ਚਿੱਠੀ ਪੜ੍ਹ ਕੇ ਸੁਣਵਾਈ ਜਿਸ ਵਿੱਚ ਮਹਾਰਾਜਾ ਚਾਰਲਜ ਨੇ ਤਰਲੋਚਨ ਸਿੰਘ ਦਾ ਉਨ੍ਹਾਂ ਨੂੰ 'ਜਲਦੀ ਠੀਕ ਹੋ ਜਾਓ 'ਕਾਰਡ ਭੇਜਣ ਦਾ ਧੰਨਵਾਦ ਕੀਤਾ ਅਤੇ 2 ਮਾਰਚ ਨੂੰ ਮਾਂ-ਬੋਲੀ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਸਭ ਨੂੰ ਸ਼ੁੱਭ ਇਸ਼ਾਵਾਂ ਭੇਜੀਆਂ।

ਤਰਲੋਚਨ ਸਿੰਘ ਵਿਰਕ, ਸੰਚਾਲਕ ਪੰਜਾਬੀ ਲਿਸਨਰਜ ਕਲੱਬ, ਨੇ ਦੱਸਿਆ ਕਿ ਹਰ ਇੱਕ ਇਨਸਾਨ ਨੂੰ ਆਪਣੀ ਮਾਂ-ਬੋਲੀ ਨਾਲ ਕੁਦਰਤੀ ਬਹੁਤ ਪਿਆਰ ਹੁੰਦਾ ਹੈ। ਸਰਕਾਰੀ ਸਕੂਲਾਂ ਵਿੱਚ ਉਨ੍ਹਾਂ ਮਾਂ-ਬੋਲੀਆਂ ਨੂੰ ਸਿੱਖਣ ਦੀ ਇਜ਼ਾਜ਼ਤ ਹੈ ਜਿਨ੍ਹਾਂ ਸਕੂਲਾਂ ਵਿੱਚ ਕਲਾਸਾਂ ਜਿੰਨੇ ਬੱਚੇ ਪੜ੍ਹਦੇ ਹੋਣ ਪਰ ਇਹ ਤਾਂ ਹੀ ਹੋ ਸਕਦਾ ਹੈ ਜੇ ਵਿਦਿਆਰਥੀਆਂ ਦੇ ਮਾਪਿਆਂ ਦੀ ਚਾਹਤ ਹੋਵੇ। ਤਨਮਨਜੀਤ ਸਿੰਘ ਢੇਸੀ ਸੰਸਦ ਮੈਂਬਰ ਨੇ ਆਪਣੇ ਟੈਲੀਫੋਨ ਸੁਨੇਹੇ ਵਿੱਚ ਦੱਸਿਆ ਕਿ ਮਾਂ-ਬੋਲੀ ਪੰਜਾਬੀ ਦੀ ਤਰੱਕੀਆਂ ਲਈ ਸਾਨੂੰ ਸਭ ਨੂੰ ਘਰਾਂ ਗੁਰਦਵਾਰਾ ਸਾਹਿਬ ਵਿਖੇ ਸਿਰਫ ਪੰਜਾਬੀ ਵਿੱਚ ਹੀ ਗੱਲ ਕਰਨੀ ਚਾਹੀਦੀ ਹੈ ਅਤੇ ਵੱਧ ਤੋਂ ਵੱਧ ਆਪਣੇ ਬੱਚਿਆਂ ਨੂੰ ਚੱਲ ਰਹੇ ਪੰਜਾਬੀ ਸਕੂਲਾਂ ਵਿੱਚ ਦਾਖਲ ਕਰਾਉਣੇ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਇੱਕ ਬੱਚਾ ਇਸ ਸਮੇ ਜੀ ਸੀ ਐਸ ਈ ਪੰਜਾਬੀ ਕਰ ਰਿਹਾ ਹੈ ਅਤੇ ਦੂਜਾ ਬੱਚਾ ਏ ਲੈਵਲ ਪੰਜਾਬੀ ਕਰਦਾ ਹੈ।

ਖਾਲਸਾ ਏਡ ਇੰਟਰਨੈਸ਼ਨਲ ਦੇ ਸੇਵਾਦਾਰ ਭਾਈ ਬਲਿੰਦਰ ਸਿੰਘ ਅਤੇ ਦਰਬਾਰਾ ਸਿੰਘ ਜੀ ਵਲੋਂ ਲਗਾਏ ਗਏ ਸਟਾਲ ਤੋਂ £201 ਦਾਨ ਕੀਤੇ ਗਏ।ਪ੍ਰਬੰਧਕਾਂ ਵਲੋਂ ਗੁਰਦਵਾਰਾ ਕਮੇਟੀ, ਕੈਬਿੰਨ ਕਿੰਗ ਦੇ ਮਾਲਕ ਅਤੇ ਦੇਵ ਥਰੀਕੇ ਵਾਲਾ ਐਪਰੀਸ਼ੀਏਸ਼ਨ ਸੋਸਾਇਟੀ ਦੇ ਮੁੱਖ ਸੇਵਾਦਾਰ ਭਾਈ ਸੁਖਦੇਵ ਸਿੰਘ ਅਟਵਾਲ, ਓਡਬੀ ਪੰਜਾਬੀ ਸਕੂਲ, ਰਾਮਗੜ੍ਹੀਆ ਪੰਜਾਬੀ ਸਕੂਲ, ਪੰਜਾਬੀ ਕਵੀਆ, ਕਾਂਉਸਲਰ ਸੰਤੋਖ ਸਿੰਘ ਅਟਵਾਲ, ਰਾਮ ਸਿੰਘ ਢੇਸੀ, ਗਿਆਨੀ ਗੁਰਸੇਵਕ ਸਿੰਘ ਜੀ ਅਤੇ ਤਨਮਨਜੀਤ ਸਿੰਘ ਢੇਸੀ, ਬੱਚਿਆਂ ਦੇ ਮਾਪਿਆਂ, ਇਨ੍ਹਾਂ ਸਭ ਦੇ ਸੀਹਯੋਗ ਦੇਣ ਲਈ ਦਿਲੋਂ ਬਹੁਤ ਧੰਨਵਾਦ ਕੀਤਾ ਜਾਂਦਾ ਹੈ।

**ਮਾਮਲਾ ਡਰੱਗ ਸਮਗਲਰਾਂ ਦੀਆਂ ਜਾਇਦਾਦਾਂ 'ਤੇ ਬੁਲਡੋਜ਼ਰ ਕਾਰਵਾਈ ਦਾ**

# ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਮੰਗਿਆ ਜਵਾਬ



ਚੰਡੀਗੜ੍ਹ-ਪੰਜਾਬ ਵਿੱਚ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ 'ਤੇ ਕੀਤੀ ਗਈ ਬੁਲਡੋਜ਼ਰ ਕਾਰਵਾਈ 'ਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਮਾਮਲੇ ਵਿੱਚ ਦਾਇਰ ਪਟੀਸ਼ਨ ਵਿੱਚ ਇਸ ਕਾਰਵਾਈ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਦੇ ਵਿਰੁੱਧ ਦੱਸਿਆ ਗਿਆ ਹੈ।

ਪਟੀਸ਼ਨਕਰਤਾ ਨੇ ਕਿਹਾ ਕਿ ਐਨਡੀਪੀਐਸ ਐਕਟ ਵਿੱਚ ਨਸ਼ਾ ਤਸਕਰਾਂ ਦੀ ਜਾਇਦਾਦ 'ਤੇ ਬੁਲਡੋਜ਼ਰ ਚਲਾਉਣ ਦੀ ਕੋਈ ਵਿਵਸਥਾ ਨਹੀਂ ਹੈ। ਐਕਟ ਦੇ ਅਨੁਸਾਰ, ਤਸਕਰੀ ਤੋਂ ਪ੍ਰਾਪਤ ਜਾਇਦਾਦ ਜ਼ਬਤ ਕੀਤੀ ਜਾ ਸਕਦੀ ਹੈ। ਪਿਛਲੇ ਸਾਲ, ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਮਾਮਲੇ ਵਿੱਚ ਬੁਲਡੋਜ਼ਰ ਕਾਰਵਾਈ 'ਤੇ ਰੋਕ ਲਗਾ ਦਿੱਤੀ ਸੀ।

## ਅਕਾਲ ਤਖਤ ਦੀ ਭਰਤੀ ਕਮੇਟੀ 3 ਸਫ਼ੇ ਦੀ ਬਾਕੀ

ਗਿਆਨੀ ਰਘਬੀਰ ਸਿੰਘ ਦੇ ਬਿਆਨ ਤੋਂ ਬਾਅਦ ਹੁਣ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਉੱਤੇ ਸੰਕਟ ਖੜਾ ਹੋ ਗਿਆ ਹੈ।

ਸਿਆਸੀ ਮਾਹਿਰ ਮੰਨਦੇ ਹਨ, "ਜਥੇਦਾਰ ਅਕਾਲ ਤਖਤ ਸਾਹਿਬ ਦਾ ਇਹ ਬਿਆਨ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਨੂੰ ਸਿੱਧੇ ਤੌਰ 'ਤੇ ਚੁਣੌਤੀ ਹੈ ਅਤੇ ਇਸ ਨਾਲ ਹੀ ਸ਼੍ਰੋਮਣੀ ਅਕਾਲੀ ਦੇ ਸੰਕਟ ਵਿੱਚ ਵਾਧੇ ਦੇ ਆਸਾਰ ਹੋਰ ਬਣ ਗਏ ਹਨ।"

ਡਾਕਟਰ ਪਰਮਜੀਤ ਸਿੰਘ ਮਾਨਸਾ ਮੁਤਾਬਕ ਜਦੋਂ ਤੱਕ ਐੱਸਜੀਪੀਸੀ ਉੱਤੇ ਸ਼੍ਰੋਮਣੀ ਅਕਾਲੀ ਦਲ ਦਾ ਕਬਜ਼ਾ ਰਹੇਗਾ, ਉਦੋਂ ਤੱਕ ਉਨ੍ਹਾਂ ਦੀ ਚੱਲੇਗੀ। ਜਿਸ ਤਰੀਕੇ ਨਾਲ ਜਥੇਦਾਰ ਸਾਹਿਬ ਨੇ ਆਪਣਾ ਬੈ.ਗ ਤਿਆਰ ਰੱਖੇ ਜਾਣ ਬਾਰੇ ਬਿਆਨ ਦਿੱਤਾ ਹੈ, ਉਸ ਤੋਂ ਸਪਸ਼ਟ ਹੈ ਕਿ ਉਨ੍ਹਾਂ ਨੂੰ ਅਹੁਦੇ ਤੋਂ ਹਟਾਏ ਜਾਣ ਦਾ ਖ਼ਦਸ਼ਾ ਹੈ। ਉਨ੍ਹਾਂ ਆਖਿਆ ਕਿ ਅਕਾਲੀ ਦਲ ਆਪਣੀ ਭਰਤੀ ਮੁਹਿੰਮ ਨੂੰ ਕਦੇ ਵੀ .ਗਲਤ ਨਹੀਂ ਆਖੇਗਾ, ਦੂਜੇ ਪਾਸੇ ਸਿੱਖ ਜਗਤ ਸ੍ਰੀ ਅਕਾਲ ਤ.ਖ਼ਤ ਸਾਹਿਬ ਦੇ ਹੁਕਮ ਨੂੰ ਮੰਨਣ ਦੇ ਲਈ ਪਾਬੰਧ ਹੈ, ਇਸ ਕਰ ਕੇ ਪੰਥਕ ਸੰਕਟ ਆਉਣ ਵਾਲੇ ਦਿਨਾਂ ਵਿੱਚ ਹੋਰ ਵੱਧਣ ਦੇ ਆਸਾਰ ਬਣ ਗਏ ਹਨ।

ਪ੍ਰੋਫੈਸਰ ਸੁਖਦਿਆਲ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦਾ ਜੋ ਵਤੀਰਾ ਹੈ, ਉਸ ਨੂੰ ਦੇਖਦੇ ਹੋਏ, ਇਨ੍ਹਾਂ ਦੀ ਸ਼ਿਕਾਇਤ ਹੋ ਸਕਦੀ ਅਤੇ ਇਸ ਤੋਂ ਬਾਅਦ ਇਨ੍ਹਾਂ ਨੂੰ ਦੁਬਾਰਾ ਸ਼੍ਰੀ ਅਕਾਲ ਤ.ਖ਼ਤ ਸਾਹਿਬ ਉੱਤੇ ਤਲਬ ਕੀਤਾ ਜਾ ਸਕਦਾ ਹੈ। ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਉਨ੍ਹਾਂ ਖ਼ਿਲਾ.ਫ਼ ਸ੍ਰੀ ਅਕਾਲ ਤ.ਖ਼ਤ ਸਾਹਿਬ ਸ.ਖ਼ਤ ਰੁ.ਖ਼ ਅ.ਖ਼ਤਿਆਰ ਕਰ ਸਕਦਾ ਹੈ।

### 7 ਮਾਰਚ ਨੂੰ ਹੋਵੇਗੀ ਸ਼੍ਰੋਮਣੀ ਕਮੇਟੀ ਦੀ ਹੰਗਾਮੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ


ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਇਕੱਤਰਤਾ 7 ਮਾਰਚ ਨੂੰ ਹੋਵੇਗੀ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਸ਼੍ਰੋਮਣੀ ਕਮੇਟੀ ਦੇ ਮੁੱਖ ਦ.ਫ਼ਤਰ ਵਿਖੇ 7 ਮਾਰਚ 2025 ਨੂੰ ਸਵੇਰੇ 11 ਵਜੇ ਰੱਖੀ ਗਈ ਹੈ। ਉਨ੍ਹਾਂ ਦੱਸਿਆ ਇਸ ਇਕੱਤਰਤਾ ਵਿੱਚ ਸ਼੍ਰੋਮਣੀ ਕਮੇਟੀ ਦੇ ਆਉਂਣ ਵਾਲੇ ਬਜਟ ਸਬੰਧੀ ਗਠਿਤ ਸਬ-ਕਮੇਟੀ ਦੀਆਂ ਸਿ.ਫ਼ਾਰਸ਼ਾਂ ਅਤੇ ਸਿੱਖ ਸੰਸਥਾ ਦੇ ਕੰਮਕਾਜ ਨਾਲ ਸਬੰਧਤ ਵਿਚਾਰ ਹੋਵੇਗੀ।

ਭਾਵੇਂ ਸ਼੍ਰੋਮਣੀ ਕਮੇਟੀ ਨੇ ਉਪਰੋਕਤ ਇਕੱਤਰਤਾ ਦਾ ਵਿਸ਼ਾ ਕੁਝ ਹੋਰ ਦੱਸਿਆ ਹੈ। ਪਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਅਸਤੀਫੇ ਕਾਰਨ ਕਿਸੇ ਇਕ ਅੰਤ੍ਰਿੰਗ ਕਮੇਟੀ ਮੈਂਬਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀਆਂ ਸੇਵਾਵਾਂ ਸੌਂਪੀਆਂ ਜਾਣਗੀ। ਇਥੇ ਇਹ ਵੀ ਦੱਸਣਯੋਗ ਹੈ ਕਿ ਧਾਮੀ ਆਪਣੇ ਲਏ ਹੋਏ ਫੈਂਸਲੇ 'ਤੇ ਸਥਿਰ ਹਨ ਅਤੇ ਫੈਸਲਾ ਬਦਲਣ ਨੂੰ ਤਿਆਰ ਨਹੀਂ ਹਨ।

ਧਾਮੀ ਨੂੰ ਮਿਲਕੇ ਜਿੱਥੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਮੈਂਬਰ, ਅਕਾਲੀ ਆਗੂਆਂ ਦਾ ਵਫਦ, ਕਈ ਅਕਾਲੀ ਆਗੂ, ਪੰਥਕ ਸਖਸ਼ੀਅਤਾਂ ਨੇ ਮੁੜ ਸੇਵਾਵਾਂ ਸੰਭਾਲਣ ਦੀ ਅਪੀਲ ਕੀਤੀ ਹੈ, ਪਰ ਧਾਮੀ ਇਨ੍ਹਾਂ ਸਾਰਿਆਂ ਨੂੰ ਆਪਣਾ ਵੱਲੋਂ ਲਏ ਫੈਸਲੇ ਨੂੰ ਮੁੱੜ ਨਾ ਵਿਚਾਰਨ ਦਾ ਕਹਿ ਕੇ ਸਤਿਕਾਰ ਨਾਲ ਵਾਪਸ ਭੇਜਦੇ ਰਹੇ ਹਨ।


ਇਥੇ ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਬੀਤੀ 17 ਫਰਵਰੀ ਨੂੰ ਅਚਾਨਕ ਅਸਤੀ.ਫ਼ਾ ਦਿੱਤੇ ਜਾਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦਾ ਕੰਮ ਕਾਜ ਪ੍ਰਭਾਵਿਤ ਹੋ ਰਿਹਾ ਹੈ।ਧਾਮੀ ਇਮਾਨਦਾਰ ਤੇ ਸਾਦਗੀ ਭਰੀ ਜੀਵਨ ਸ਼ੈਲੀ ਵਾਲੀ ਪੰਥਕ ਸ਼.ਖ਼ਸੀਅਤ ਵਜੋਂ ਜਾਣੇ ਜਾਂਦੇ ਜਾਂਦੇ ਹਨ। ਇਸ ਦੌਰਾਨ ਪ੍ਰਧਾਨ ਦੇ ਅਸਤੀਫੇ ਬਾਰੇ ਕੋਈ ਅੰਤਿਮ .ਫ਼ੈਸਲਾ ਹੋਣ ਤੱਕ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਨੂੰ ਕਾਰਜਕਾਰੀ ਪ੍ਰਧਾਨ ਵਜੋਂ ਜ਼ਰੂਰੀ ਸੇਵਾਵਾਂ ਨਿਭਾਉਣ ਦੇ ਅਧਿਕਾਰ ਦੇ ਦਿੱਤੇ ਗਏ ਸਨ, ਪਰ ਇਸੇ ਸਾਲ ਆ ਰਹੀਆਂ ਨੌਂਵੇਂ ਤੇ ਦਸਵੇਂ ਪਾਤਿਸ਼ਾਹਾਂ ਨਾਲ ਸੰਬੰਧਿਤ 350 ਸਾਲਾ ਸ਼ਤਾਬਦੀਆਂ ਦੇ ਪ੍ਰੋਗਰਾਮ ਉਲੀਕਣ, ਧਰਮ ਪ੍ਰਚਾਰ ਮੁਹਿੰਮ ਸੰਬੰਧੀ ਕੀਤੇ ਜਾਣ ਵਾਲੇ ਅਹਿਮ ਕਾਰਜ ਅਜੇ ਠੱਪ ਪਏ ਹਨ ਤੇ ਇਸ ਦੇ ਨਾਲ ਹੀ ਇਸੇ ਸਾਲ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਹੋਣ ਦੀ ਵੀ ਸੰਭਾਵਨਾ ਹੈ, ਜਿਸ ਲਈ ਧਾਮੀ ਦਾ ਪ੍ਰਧਾਨ ਬਣੇ ਰਹਿਣਾ ਅਹਿਮ ਸਮਝਿਆ ਜਾ ਰਿਹਾ ਹੈ।

ਉਮੀਦ ਹੈ ਕਿ 7 ਮਾਰਚ ਦੀ ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਨੂੰ ਨਵਾਂ ਪ੍ਰਧਾਨ ਮਿਲ ਸਕਦਾ ਹੈ। ਰਘੂਜੀਤ ਸਿੰਘ ਵਿਰਕ ਜੋ ਸ੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਹਨ, ਬਾਦਲ ਪਰਿਵਾਰ ਦੇ ਨੇੜੇ ਹਨ, ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਮਿਲ ਸਕਦੀ ਹੈ। ਪਤਾ ਲਗਾ ਹੈ ਕਿ ਗਿਆਨੀ ਰਘਬੀਰ ਸਿੰਘ ਨੂੰ ਵੀ ਅਕਾਲ ਤਖਤ ਸਾਹਿਬ ਤੋਂ ਬਦਲਣ ਦੀ ਸੰਭਾਵਨਾ ਹੈ, ਕਿਉਂਕਿ ਬਾਦਲ ਅਕਾਲੀ ਦਲ ਉਨ੍ਹਾਂ ਦੀਆਂ ਗਤੀਵਿਧੀਆਂ ਤੇ ਬਿਆਨਾਂ ਤੋਂ ਔਖਾ ਮਹਿਸੂਸ ਕਰ ਰਿਹਾ ਹੈ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼
ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

**Respectable Arora Sikh family seeking a suitable match for their British born son, he is a doctor (GP), 46 years old, 5'10" tall, clean shaven, slim with good personality. He is sencere and well versed in both culture. Girl must be born and educated in U.K. Cast no bar. For more information call: 07943 196894 or reply to ref. 842 (3066)**


# ਨਵੀਂ ਵਿਆਹੀ ਵਹੁਟੀ ਸਹੁਰੇ ਘਰ ਤੋਂ ਲੱਖਾਂ ਰੁਪਏ ਦੇ ਗਹਿਣੇ ਅਤੇ ਨਕਦੀ ਲੈ ਕੇ ਹੋਈ ਫਰਾਰ



ਸ਼ੇਰਪੁਰ-ਬਲਾਕ ਸ਼ੇਰਪੁਰ ਦੇ ਪਿੰਡ ਰਾਮਨਗਰ ਛੰਨਾਂ ਵਿਖੇ ਇਕ ਹੈਰਾਨੀਜਨਕ ਘਟਨਾ ਵਾਪਰੀ ਸੀ, ਜਦੋਂ ਵਿਆਹ ਦੇ ਇਕ ਹਫਤੇ ਬਾਅਦ ਹੀ ਨਵੀਂ ਵਿਆਹੀ ਦੁਲਹਨ ਆਪਣੇ ਸਹੁਰੇ ਘਰ ਤੋਂ ਲੱਖਾਂ ਰੁਪਏ ਦੇ ਗਹਿਣੇ ਅਤੇ ਨਕਦੀ ਲੈ ਕੇ ਫਰਾਰ ਹੋਈ ਨਵ-ਵਿਆਹੀ ਦੁਲਹਨ ਨੂੰ ਕਾਬੂ ਕਰਨ ਵਿਚ ਪੁਲਸ ਨੇ ਸਫਲਤਾ ਹਾਸਲ ਕੀਤੀ।

ਸਹਿਜਪ੍ਰੀਤ ਸਿੰਘ ਵਾਸੀ ਰਾਮਨਗਰ ਛੰਨਾ ਨੇ ਸ਼ੇਰਪੁਰ ਪੁਲਸ ਕੋਲ ਬਿਆਨ ਦਰਜ ਕਰਵਾਏ ਸਨ ਕਿ ਉਸ ਦਾ ਵਿਆਹ 14 ਫਰਵਰੀ 2025 ਨੂੰ ਵੀਰਪਾਲ ਕੌਰ ਪੁੱਤਰੀ ਚਮਕੌਰ ਸਿੰਘ ਥਾਣਾ ਮਹਿਤਾ ਜ਼ਿਲ੍ਹਾ ਬਰਨਾਲਾ ਨਾਲ ਹੋਇਆ ਸੀ। ਇਸ ਤੋਂ ਇਕ ਹਫਤੇ ਬਾਅਦ 21 ਫਰਵਰੀ 2025 ਨੂੰ ਉਸ ਦੀ ਪਤਨੀ ਵੀਰਪਾਲ ਕੌਰ ਬਿਨਾਂ ਦੱਸੇ ਘਰ ਦੇ ਬਾਹਰ ਆਈ ਗੱਡੀ ਵਿਚ ਬੈਠ ਕੇ ਕਾਰ ਸਵਾਰ ਵਿਅਕਤੀ ਨਾਲ ਚਲੀ ਗਈ ਸੀ। ਇਸ ਤੋਂ ਬਾਅਦ ਜਦੋਂ ਉਸ ਨੇ ਘਰ ਵਿਚ ਦੇਖਿਆ ਤਾਂ 7 ਲੱਖ ਰੁਪਏ ਅਤੇ 20 ਤੋਲੇ ਸੋਨੇ ਦੇ ਗਹਿਣੇ ਗਾਇਬ ਸਨ, ਜਿਸ ਮਗਰੋਂ ਥਾਣਾ ਸ਼ੇਰਪੁਰ ਵਿਖੇ ਵੀਰਪਾਲ ਕੌਰ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ। ਥਾਣਾ ਸ਼ੇਰਪੁਰ ਦੇ ਥਾਣਾ ਮੁਖੀ ਇੰਸ. ਬਲਵੰਤ ਸਿੰਘ ਬਿਲਿੰਗ ਨੇ ਦੱਸਿਆ ਕਿ ਵੀਰਪਾਲ ਕੌਰ ਨੂੰ ਪੁਲਸ ਪਾਰਟੀ ਨੇ ਉਤਰਾਖੰਡ -ਯੂ.ਪੀ. ਦੇ ਬਾਰਡਰ ਨੇੜਿਓਂ ਬਿਲਾਸਪੁਰ ਤੋਂ ਗ੍ਰਿਫਤਾਰ ਕਰ ਕੇ ਉਸ ਦੀ ਨਿਸ਼ਾਨਦੇਹੀ 'ਤੇ ਗਹਿਣੇ ਬਰਾਮਦ ਕੀਤੇ ਹਨ। ਉਨ੍ਹਾਂ ਦੱਸਿਆ ਉਕਤ ਔਰਤ ਦਾ ਪੁਲਸ ਰਿਮਾਂਡ ਲੈ ਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਜਾਰੀ ਹੈ।


# CHANGE OF NAME

Please one tick box

- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ______

SON / DAUGHTER / WIFE OF MR ______

WHOSE PERMANENT ADDRESS IN INDIA IS ______

______

AND IS NOW LIVING AT ______

______ HEREBY GIVE NOTICE OF MY INTENTION

TO CHANGE MY NAME TO ______

TEL ______

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਆਸਟ੍ਰੇਲੀਆ ਨੂੰ 4 ਵਿਕਟਾਂ ਨਾਲ ਹਰਾਕੇ ਭਾਰਤ ਫਾਈਨਲ ਵਿਚ ਪਹੁੰਚਿਆ




ਦੁਬਈ-ਵਿਰਾਟ ਕੋਹਲੀ ਦੀ ਸ਼ਾਨਦਾਰ ਬੱਲੇਬਾਜ਼ੀ ਦੀ ਬਦੌਲਤ ਭਾਰਤ ਨੇ ਆਸਟ੍ਰੇਲੀਆ ਨੂੰ ਚਾਰ ਵਿਕਟਾਂ ਨਾਲ ਹਰਾ ਕੇ 5ਵੇਂ ਚੈਂਪੀਅਨਜ਼ ਟਰਾਫੀ ਫਾਈਨਲ ਵਿਚ ਜਗ੍ਹਾ ਬਣਾ ਲਈ ਹੈ। ਭਾਰਤੀ ਜਿੱਤ ਇਹ ਯਕੀਨੀ ਬਣਾਉਂਦੀ ਹੈ ਕਿ ਅੱਠ ਟੀਮਾਂ ਦੇ ਮੁਕਾਬਲੇ ਦਾ ਫਾਈਨਲ ਹੁਣ ਲਾਹੌਰ ਦੀ ਬਜਾਏ ਇੱਥੇ ਹੋਵੇਗਾ। ਮੈਚ ਦੇ ਖਿਡਾਰੀ ਰਹੇ ਕੋਹਲੀ (84 ਦੌੜਾਂ, 98 ਗੇਂਦਾਂ) ਭਾਰਤੀ ਬੱਲੇਬਾਜ਼ੀ ਦਾ ਕੇਂਦਰ ਸਨ। ਇਸ ਤੋਂ ਪਹਿਲਾਂ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਆਸਟ੍ਰੇਲੀਆ ਟੀਮ ਵਲੋਂ ਕਪਤਾਨ ਸਟੀਵ ਸਮਿਥ ਨੇ 73 ਦੌੜਾਂ ਤੇ ਐਲੇਕਸ ਕੈਰੀ ਨੇ 61 ਦੌੜਾਂ ਬਣਾ ਕੇ ਆਸਟ੍ਰੇਲੀਆ ਨੂੰ 264 ਦੌੜਾਂ ਤੱਕ ਪਹੁੰਚਾਇਆ। ਟੀਚੇ ਦਾ ਪਿੱਛਾ ਕਰਦਿਆਂ ਭਾਰਤ ਨੇ 48.1 ਓਵਰਾਂ 'ਚ 265 ਦੌੜਾਂ ਬਣਾ ਲਈਆਂ। ਹੁਣ, ਭਾਰਤ ਬੁੱਧਵਾਰ ਨੂੰ ਲਾਹੌਰ ਵਿਚ ਦੱਖਣੀ ਅਫਰੀਕਾ ਤੇ ਨਿਊਜ਼ੀਲੈਂਡ ਵਿਚਕਾਰ ਦੂਜੇ ਸੈਮੀਫਾਈਨਲ ਦੇ ਜੇਤੂ ਦੀ ਉਡੀਕ ਕਰੇਗਾ। ਕੋਹਲੀ ਨੇ ਦੌੜਾਂ ਦਾ ਪਿੱਛਾ ਕਰਦੇ ਹੋਏ 3 ਵੱਡੀਆਂ ਸਾਂਝੇਦਾਰੀਆਂ ਵੀ ਕੀਤੀਆਂ। ਉਸ ਨੇ ਸ਼੍ਰੇਅਸ ਅਈਅਰ ਨਾਲ 91, ਅਕਸ਼ਰ ਪਟੇਲ ਨਾਲ 44 ਤੇ ਕੇ.ਐਲ. ਰਾਹੁਲ ਨਾਲ 47 ਦੌੜਾਂ ਬਣਾਈਆਂ। ਇਨ੍ਹਾਂ ਸਾਂਝੇਦਾਰੀਆਂ ਨੇ ਦੌੜਾਂ ਦਾ ਪਿੱਛਾ ਕਰਨਾ ਆਸਾਨ ਬਣਾ ਦਿੱਤਾ। ਅੰਤ ਵਿਚ ਹਾਰਦਿਕ ਪਾਂਡਿਆ ਨੇ ਤੇਜ਼ 28 ਦੌੜਾਂ ਬਣਾਈਆਂ ਤੇ ਕੇ.ਐਲ. ਰਾਹੁਲ ਨੇ ਛੱਕਾ ਮਾਰ ਕੇ ਜਿੱਤ ਨੂੰ ਪੱਕਾ ਕੀਤਾ। ਉਹ 42 ਦੌੜਾਂ ਬਣਾ ਕੇ ਅਜੇਤੂ ਵਾਪਸ ਪਰਤਿਆ। ਆਸਟ੍ਰੇਲੀਆ ਆਪਣੇ ਕੁਝ ਪ੍ਰਮੁੱਖ ਸਿਤਾਰਿਆਂ ਦੀ ਗੈਰ-ਹਾਜ਼ਰੀ ਕਾਰਨ ਕਮਜ਼ੋਰ ਹੋ ਗਿਆ ਸੀ, ਪਰ 2011 ਵਿਸ਼ਵ ਕੱਪ ਦੇ ਕੁਆਰਟਰ ਫਾਈਨਲ ਤੋਂ ਬਾਅਦ ਭਾਰਤ ਨੇ ਕਿਸੇ ਵੀ ਆਈ.ਸੀ.ਸੀ. ਟੂਰਨਾਮੈਂਟ ਦੇ ਨਾਕਆਊਟ 'ਚ ਉਸ ਨੂੰ ਹਰਾਇਆ ਨਹੀਂ ਸੀ। ਹਾਲਾਂਕਿ, ਕੋਹਲੀ ਉਸ ਅਸਮਾਨਤਾ ਨੂੰ ਠੀਕ ਕਰਨ ਲਈ ਦ੍ਰਿੜ ਸੀ। ਸੈਮੀਫਾਈਨਲ ਲਈ ਵਰਤੀ ਗਈ ਪਿੱਚ ਤਾਜ਼ਾ ਸੀ, ਪਰ ਪਿਛਲੇ ਮੈਚਾਂ ਨਾਲੋਂ ਬਹੁਤ ਨਿਰਵਿਘਨ ਸੀ। ਭਾਰਤੀ ਗੇਂਦਬਾਜ਼ ਵੀ ਕੁਝ ਜਿੱਤ ਦੇ ਸਿਹਰਾ ਦੇ ਹੱਕਦਾਰ ਹਨ ਕਿਉਂਕਿ ਉਨ੍ਹਾਂ ਸਮਿਥ ਤੇ ਕੈਰੀ ਦੇ ਵਧੀਆ ਰਫ਼ਤਾਰ ਵਾਲੇ ਅਰਧ ਸੈਂਕੜੇ ਦੇ ਬਾਵਜੂਦ ਆਸਟ੍ਰੇਲੀਆਈ ਬੱਲੇਬਾਜ਼ਾਂ ਨੂੰ ਦੱਬੀ ਰੱਖਿਆ। ਆਸਟ੍ਰੇਲੀਆ ਲਈ ਕਪਤਾਨ ਸਟੀਵ ਸਮਿਥ ਨੇ 73 ਤੇ ਐਲੇਕਸ ਕੈਰੀ ਨੇ 61 ਦੌੜਾਂ ਬਣਾਈਆਂ। ਭਾਰਤੀ ਗੇਂਦਬਾਜ਼ਾਂ ਨੇ ਆਸਟ੍ਰੇਲੀਆ ਨੂੰ ਆਲ-ਆਊਟ ਕਰ ਦਿੱਤਾ। ਮੁਹੰਮਦ ਸ਼ਮੀ ਨੇ 3 ਵਿਕਟਾਂ, ਰਵਿੰਦਰ ਜਡੇਜਾ ਤੇ ਵਰੁਣ ਚੱਕਰਵਰਤੀ ਨੇ 2-2 ਵਿਕਟਾਂ ਲਈਆਂ।

# ਅਮਰੀਕਾ ਚ ਭਾਰਤੀ ਵਿਦਿਆਰਥਣ ਨਾਲ ਦਰਦਨਾਕ ਹਾਦਸਾ

ਸੈਕਰਾਮੈਂਟੋ : ਅਮਰੀਕਾ ਵਿਚ ਦਰਦਨਾਕ ਹਾਦਸੇ ਦਾ ਸ਼ਿਕਾਰ ਬਣੀ ਨੀਲਮ ਸ਼ਿੰਦੇ ਕੋਮਾ ਵਿਚ ਹੈ ਅਤੇ ਡਾਕਟਰ ਉਸ ਦੇ ਸਿਰ ਦੀ ਸਰਜਰੀ ਕਰਨ ਵਾਸਤੇ ਪਰਵਾਰ ਦੀ ਸਹਿਮਤੀ ਚਾਹੁੰਦੇ ਹਨ ਪਰ ਭਾਰਤ ਵਿਚ ਮੌਜੂਦ ਉਸ ਦੇ ਪਿਤਾ ਨੂੰ ਵੀਜ਼ਾ ਨਹੀਂ ਮਿਲ ਰਿਹਾ। ਮਹਾਰਾਸ਼ਟਰ ਦੇ ਸਤਾਰਾ ਜ਼ਿਲ੍ਹੇ ਨਾਲ ਸਬੰਧਤ ਨੀਲਮ ਸ਼ਿੰਦੇ ਨੂੰ 14 ਫਰਵਰੀ ਦੀ ਸ਼ਾਮ ਇਕ ਤੇਜ਼ ਰਫ਼ਤਾਰ ਗੱਡੀ ਨੇ ਟੱਕਰ ਮਾਰ ਦਿਤੀ ਜਦੋਂ ਉਹ ਪੈਦਲ ਕਿਸੇ ਕੰਮ ਜਾ ਰਹੀ ਸੀ। ਹਿੱਟ ਐਂਡ ਰਨ ਦੇ ਇਸ ਮਾਮਲੇ ਵਿਚ ਨੀਲਮ ਦੀਆਂ ਲੱਤਾਂ–ਬਾਹਾਂ ਟੁੱਟ ਗਈਆਂ ਜਦਕਿ ਸਿਰ ਵਿਚ ਵੀ ਗੰਭੀਰ ਸੱਟ ਵੱਜੀ। ਐਮਰਜੰਸੀ ਕਾਮਿਆਂ ਵੱਲੋਂ ਉਸ ਨੂੰ ਬੇਹੱਦ ਨਾਜ਼ੁਕ ਹਾਲਤ ਵਿਚ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਦੂਜੇ ਪਾਸੇ ਨੀਲਮ ਦੇ ਪਰਵਾਰ ਨੂੰ ਹਾਦਸੇ ਬਾਰੇ 16 ਫ਼ਰਵਰੀ ਨੂੰ ਪਤਾ ਲੱਗਾ ਅਤੇ ਉਸੇ ਦਿਨ ਤੋਂ ਨੀਲਮ ਦੇ ਪਿਤਾ ਤਾਨਾਜੀ ਸ਼ਿੰਦੇ ਅਮਰੀਕਾ ਜਾਣ ਦੀ ਚਾਰਾਜੋਈ ਕਰ ਰਹੇ ਹਨ।35 ਸਾਲ ਦੀ ਨੀਲਮ ਸ਼ਿੰਦੇ ਕੈਲੇਫੋਰਨੀਆ ਦੇ ਸੈਕਰਾਮੈਂਟੋ ਸ਼ਹਿਰ ਵਿਚ ਯੂਨੀਵਰਸਿਟੀ ਆਫ਼ ਕੈਲੇਫੋਰਨੀਆ ਦੇ ਡੇਵਿਸ ਹੈਲਥ ਸੈਂਟਰ ਵਿਚ ਦਾਖਲ ਹੈ ਅਤੇ ਹਸਪਤਾਲ ਦੇ ਪ੍ਰਬੰਧਕਾਂ ਵੱਲੋਂ ਰੋਜ਼ਾਨਾ ਉਸ ਦੇ ਮਾਪਿਆਂ ਨੂੰ ਸਿਹਤ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ। ਇਥੇ ਦਸਣਾ ਬਣਦਾ ਹੈ ਕਿ ਨੀਲਮ ਸ਼ਿੰਦੇ ਸਟੱਡੀ ਵੀਜ਼ਾ ਤੇ ਅਮਰੀਕਾ ਪੁੱਜੀ ਅਤੇ ਚਾਰ ਸਾਲ ਦੀ ਸਖ਼ਤ ਮਿਹਨਤ ਮਗਰੋਂ ਆਪਣੇ ਕੋਰਸ ਦੇ ਅੰਤਮ ਵਰ੍ਹੇ ਵਿਚ ਦਾਖਲ ਹੋ ਗਈ। ਕੁਝ ਦਿਨ ਪਹਿਲਾਂ ਹੀ ਨੀਲਮ ਸ਼ਿੰਦੇ ਦੀ ਮਾਤਾ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ ਅਤੇ ਹੁਣ ਤਾਨਾਜੀ ਸ਼ਿੰਦੇ ਆਪਣੇ ਆਪ ਨੂੰ ਬੇਸਹਾਰਾ ਮਹਿਸੂਸ ਕਰ ਰਹੇ ਹਨ। ਉਧਰ ਸੈਕਰਾਮੈਂਟੋ ਪੁਲਿਸ ਨੇ ਨੀਲਮ ਸ਼ਿੰਦੇ ਨੂੰ ਟੱਕਰ ਮਾਰ ਕੇ ਫਰਾਰ ਹੋਇਆ ਡਰਾਈਵਰ ਗ੍ਰਿਫ਼ਤਾਰ ਕਰ ਲਿਆ ਹੈ ਪਰ ਕਿਸੇ ਨਜ਼ਦੀਕੀ ਪਰਵਾਰਕ ਮੈਂਬਰ ਦੀ ਗੈਰਮੌਜੂਦਗੀ ਵਿਚ ਉਸ ਵਿਰੁੱਧ ਗੰਭੀਰ ਦੋਸ਼ ਆਇਦ ਕਰਨ ਵਿਚ ਦਿੱਕਤ ਆ ਰਹੀ ਹੈ। ਇਸੇ ਦੌਰਾਨ ਮਹਾਰਾਸ਼ਟਰ ਵਿਚ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੀ ਐਮ.ਪੀ. ਸੁਪ੍ਰਿਆ ਸੁਲੇ ਵੱਲੋਂ ਨੀਲਮ ਸ਼ਿੰਦੇ ਦਾ ਮਾਮਲਾ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਕੋਲ ਉਠਾਇਆ ਗਿਆ ਹੈ ਤਾਂਕਿ ਪਰਵਾਰ ਦੇ ਕਿਸੇ ਮੈਂਬਰ ਨੂੰ ਜਲਦ ਤੋਂ ਜਲਦ ਵੀਜ਼ਾ ਮਿਲ ਸਕੇ।

MANAK
SOLICITORS



**Aneeta Kaur Kang**
Family Director

Aneeta heads up our Family department and is accredited by the Law Society's Advanced Family Law panel, evidencing her excellent knowledge. She prides herself on being approachable and will always ensure her clients receive the utmost level of care.

Gravesend | Orpington | Sevenoaks | London



manaksolicitors.co.uk
**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)**

**Surinder Singh Manak LLB (Hons)**

# ਬ੍ਰਿਟਿਸ਼ ਸਰਕਾਰ ਨੇ ਡਾ. ਸਵਾਤੀ ਢੀਂਗਰਾ ਨੂੰ ਬੈਂਕ ਆਫ਼ ਇੰਗਲੈਂਡ ਦੀ ਮੁਦਰਾ ਨੀਤੀ ਕਮੇਟੀ ਦੇ ਕਾਰਜਕਾਲ ਵਿੱਚ ਵਾਧਾ



ਡਾ. ਸਵਾਤੀ ਢੀਂਗਰਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਿਟਿਸ਼ ਸਰਕਾਰ ਨੇ ਡਾ. ਸਵਾਤੀ ਢੀਂਗਰਾ ਨੂੰ ਬੈਂਕ ਆਫ਼ ਇੰਗਲੈਂਡ ਦੀ ਮੁਦਰਾ ਨੀਤੀ ਕਮੇਟੀ ਦੇ ਅਗਲੇ ਤਿੰਨ ਸਾਲਾਂ ਦੇ ਕਾਰਜਕਾਲ ਲਈ ਦੁਬਾਰਾ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਢੀਂਗਰਾ ਅਗਸਤ 2022 ਵਿੱਚ ਕਮੇਟੀ 'ਚ ਸ਼ਾਮਲ ਹੋਈ ਸੀ, ਹੁਣ 8 ਅਗਸਤ 2028 ਤੱਕ ਇਸ ਕਮੇਟੀ ਵਿੱਚ ਰਹੇਗੀ। ਭਾਰਤੀ ਮੂਲ ਦੀ ਅਰਥਸ਼ਾਸਤਰੀ ਡਾ. ਸਵਾਤੀ ਢੀਂਗਰਾ ਮੁਦਰਾ ਨੀਤੀ ਵਿੱਚ ਢਿੱਲ ਦੇਣ ਦੀ ਵਕਾਲਤ ਕਰਨ ਵਾਲੀ ਬੈਂਕ ਆਫ਼ ਇੰਗਲੈਂਡ ਦੀ ਸਭ ਤੋਂ ਵੱਧ ਅਹਿਮ ਮੈਂਬਰ ਰਹੀ ਹੈ। ਹਾਲ ਹੀ ਵਿੱਚ ਉਸਨੇ ਇੱਕ ਤਿਮਾਹੀ-ਪੁਆਇੰਟ ਕਟੌਤੀ ਲਈ ਬਹੁਗਿਣਤੀ ਦੀ ਤਰਜੀਹ ਤੋਂ ਵੱਖ ਹੋ ਕੇ ਅੱਧੇ-ਪੁਆਇੰਟ ਤੱਕ ਦਰ ਵਿੱਚ 4.25% ਤੱਕ ਕਟੌਤੀ ਕਰਨ ਲਈ ਵੋਟ ਦਿੱਤੀ। ਢੀਂਗਰਾ ਐਲ ਐਸ ਈ ਵਿੱਚ ਅਰਥ ਸ਼ਾਸਤਰ ਦੇ ਇੱਕ ਐਸੋਸੀਏਟ ਪ੍ਰੋਫੈਸਰ ਅਤੇ ਇਸਦੇ ਸੈਂਟਰ ਫਾਰ ਇਕਨਾਮਿਕ ਪਰਫਾਰਮੈਂਸ ਵਿੱਚ ਇੱਕ ਐਸੋਸੀਏਟ ਵੀ ਹੈ। 2022 ਵਿੱਚ ਉਸ ਸਮੇਂ ਦੇ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ, ਜੋ ਪਹਿਲਾਂ ਖਜ਼ਾਨਾ ਮੰਤਰੀ ਵਜੋਂ ਸੇਵਾ ਨਿਭਾ ਚੁੱਕੇ ਸਨ, ਨੇ ਡਾ. ਸਵਾਤੀ ਢੀਂਗਰਾ ਨੂੰ ਬੈਂਕ ਆਫ਼ ਇੰਗਲੈਂਡ ਦੀ ਵਿਆਜ ਦਰ-ਨਿਰਧਾਰਨ ਕਮੇਟੀ ਦੇ ਅਗਲੇ ਮੈਂਬਰ ਵਜੋਂ ਨਿਯੁਕਤ ਕੀਤਾ ਸੀ।




Geographical restrictions apply. Check eligibility online.


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਸਿੱਖ ਰਾਜਨੀਤੀ ਵਿਚ ਅਸੀਂ ਕਿੱਥੇ ਖੜ੍ਹੇ ਹਾਂ ?

ਡਾ. ਪਰਮਵੀਰ ਸਿੰਘ
ਮੋਬਾਈਲ :
98720-74322



ਅਕਾਲੀਆਂ ਦੀ ਵੀ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀਆਂ ਸੰਸਥਾਵਾਂ ਦਾ ਸਤਿਕਾਰ ਬਹਾਲ ਕਰਨ-ਕਰਾਉਣ ਲਈ ਯਤਨਸ਼ੀਲ ਹੋਣ, ਬੇਲੋੜੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨ ਅਤੇ ਆਮ ਲੋਕਾਂ ਦੇ ਮਸਲਿਆਂ ਪ੍ਰਤੀ ਸੰਜੀਦਾ ਪਹੁੰਚ ਅਪਣਾਉਣ ਦਾ ਯਤਨ ਕਰਨ। ਇਸ ਖ਼ੁਸ਼ਫਹਿਮੀ ਵਿੱਚੋਂ ਬਾਹਰ ਨਿਕਲਣ ਕਿ ਦੂਜੀਆਂ ਪਾਰਟੀਆਂ ਜਾਂ ਸਰਕਾਰਾਂ ਤੋਂ ਦੁਖੀ ਹੋ ਕੇ ਲੋਕ ਉਨ੍ਹਾਂ ਲਈ ਸਰਕਾਰ ਬਣਾਉਣ ਦਾ ਰਾਹ ਪੱਧਰਾ ਕਰ ਦੇਣਗੇ।

ਪੰਜਾਬ ਦੀ ਰਾਜਨੀਤੀ ਵਿਚ ਅਕਾਲੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ ਤੇ ਕਿਸੇ ਸਮੇਂ ਇਹ ਇੰਨਾ ਪ੍ਰਭਾਵਸ਼ਾਲੀ ਸੀ ਕਿ ਦਿੱਲੀ ਦੀ ਸਰਕਾਰ ਵੀ ਅਕਾਲੀਆਂ ਨੂੰ ਨਾਰਾਜ਼ ਕਰ ਕੇ ਕੋਈ ਰਾਜਨੀਤਕ ਫ਼ੈਸਲਾ ਲੈਣ ਤੋਂ ਸੰਕੋਚ ਕਰਦੀ ਸੀ। ਅਕਾਲੀ ਆਗੂਆਂ ਦੀ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਦੇਸ਼ ਦੇ ਵੱਡੇ ਆਗੂਆਂ ਨਾਲ ਸਿੱਧੀ ਗੱਲਬਾਤ ਹੋਇਆ ਕਰਦੀ ਸੀ। ਜਦੋਂ ਅਕਾਲੀ ਆਗੂ ਕੋਈ ਬਿਆਨ ਦਿੰਦੇ ਸਨ ਤਾਂ ਕੋਈ ਨਾ ਕੋਈ ਕੇਂਦਰੀ ਆਗੂ ਜਾਂ ਮੰਤਰੀ ਉਨ੍ਹਾਂ ਦੀ ਹਮਾਇਤ ਕਰ ਦਿੰਦਾ ਸੀ ਜਿਸ ਨਾਲ ਅਕਾਲੀਆਂ ਦਾ ਕੇਂਦਰੀ ਸੱਤਾ ਵਿਚ ਪ੍ਰਭਾਵ ਦੇਖਣ ਨੂੰ ਮਿਲ ਜਾਂਦਾ ਸੀ। ਦੇਸ਼ ਤੇ ਕੌਮ ਖ਼ਾਤਰ ਲਾਸਾਨੀ ਕੁਰਬਾਨੀਆਂ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਦਾ ਹਰ ਪਾਸੇ ਬੋਲਬਾਲਾ ਸੀ।

ਇਸ ਦੇਸ਼ ਦੀ ਸਿਆਸੀ ਮੁੱਖਧਾਰਾ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਸੀ ਅਕਾਲੀ ਦਲ। ਅਕਾਲੀ ਆਗੂ ਕਈ ਵਾਰੀ ਲੜੇ ਅਤੇ ਕਈ ਵਾਰ ਫਿਰ ਇਕੱਠੇ ਹੋਏ ਹਨ। ਇਹ ਸਮਝਿਆ ਜਾਂਦਾ ਸੀ ਕਿ ਇਕਜੁੱਟ ਹੋਏ ਅਕਾਲੀਆਂ ਨੂੰ ਚੋਣਾਂ ਵਿਚ ਹਰਾਉਣਾ ਲਗਪਗ ਅਸੰਭਵ ਜਾਪਦਾ ਹੈ। ਆਮ ਲੋਕ ਅਕਸਰ ਇਹ ਗੱਲਾਂ ਕਰਦੇ ਸਨ ਕਿ ਹੁਣ ਪਿੰਡਾਂ ਵਾਲੇ ਭਾਵ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਵੀ ਕਮਰਕੱਸੇ ਕਰ ਕੇ ਅਤੇ ਕੇਸਰੀ ਝੰਡੀਆਂ ਫੜੀ ਸਕੂਟਰਾਂ-ਬਾਈਕਾਂ, ਸਾਈਕਲਾਂ 'ਤੇ ਨਜ਼ਰ ਆਉਣ ਲੱਗ ਪਏ ਹਨ, ਹੁਣ ਇਨ੍ਹਾਂ ਨੂੰ ਸਰਕਾਰ ਬਣਾਉਣ ਤੋਂ ਕੋਈ ਰੋਕ ਨਹੀਂ ਸਕਦਾ। ਬਾਦਲ, ਟੌਹੜਾ ਅਤੇ ਤਲਵੰਡੀ ਦੀ ਤਿੱਕੜੀ ਪੰਜਾਬ ਵਿਚ ਮਸ਼ਹੂਰ ਰਹੀ ਹੈ ਅਤੇ ਇਹ ਸਮਝਿਆ ਜਾਂਦਾ ਸੀ ਕਿ ਜਦੋਂ ਇਹ ਇਕੱਠੇ ਹੋ ਗਏ ਤਾਂ ਪੰਥ ਵਿਚ ਏਕਤਾ ਹੋ ਗਈ ਅਤੇ ਜਦੋਂ ਇਹ ਲੜ ਪਏ ਤਾਂ ਪੰਥ ਵਿਚ ਦੁਫਾੜ ਪੈ ਗਈ ਹੈ। ਪੰਜਾਬ ਵਿਚ ਇਨ੍ਹਾਂ ਨੂੰ ਪੰਥ ਸਮਝਿਆ ਜਾਣ ਲੱਗਾ ਸੀ।

ਪਿਛਲੇ ਇਕ-ਡੇਢ ਦਹਾਕੇ ਦੌਰਾਨ ਜਦੋਂ ਦਾ ਪੰਜਾਬ ਦੀ ਰਾਜਨੀਤੀ ਨੇ ਪਲਟਾ ਖਾਧਾ ਹੈ ਤਾਂ ਆਮ ਲੋਕ ਇਹ ਸਮਝਣ ਲੱਗੇ ਕਿ ਆਗੂ ਪੰਥ ਨਹੀਂ ਹਨ। ਪੰਥ ਤਾਂ ਉਹ ਹੈ ਜਿਹੜਾ ਗੁਰੂ ਨਾਲ ਜੁੜਿਆ ਹੋਇਆ ਹੈ, ਸਵੇਰੇ ਉੱਠ ਕੇ ਗੁਰਦੁਆਰਾ ਸਾਹਿਬ ਜਾਂਦਾ ਹੈ, ਲੰਗਰ ਵਿਚ ਸੇਵਾ ਕਰਦਾ ਹੈ, ਜੋੜਿਆਂ ਦੀ ਸੇਵਾ ਕਰਦਾ ਹੈ, ਸਾਈਕਲ-ਸਕੂਟਰ ਸਟੈਂਡ 'ਤੇ ਲਵਾਉਣ ਦੀ ਸੇਵਾ ਵਿਚ ਜੁਟਿਆ ਹੋਇਆ ਹੈ, ਦਰਬਾਰ ਸਾਹਿਬ ਨੂੰ ਇਸ਼ਨਾਨ ਕਰਵਾ ਰਿਹਾ ਹੈ, ਸਰੋਵਰਾਂ ਵਿਚ ਇਸ਼ਨਾਨ ਕਰ ਰਿਹਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦੀ ਸੇਵਾ ਕਰਦਾ ਹੈ, ਪ੍ਰਭਾਤ-ਫੇਰੀਆਂ ਕੱਢਦਾ ਹੈ, ਨਗਰ-ਕੀਰਤਨ ਵਿਚ ਉਤਸ਼ਾਹ ਨਾਲ ਸ਼ਾਮਲ ਹੁੰਦਾ ਹੈ, ਆਦਿ।

ਆਗੂ ਤਾਂ ਪੰਥ ਦੀ ਵਿਚਾਰਧਾਰਾ ਨੂੰ ਅੱਗੇ ਵਧਾਉਣ ਅਤੇ ਪੰਥਕ ਮਸਲੇ ਹੱਲ ਕਰਾਉਣ ਦਾ ਕਾਰਜ ਕਰਦੇ ਹਨ। ਭਾਵੇਂ ਉਨ੍ਹਾਂ ਦੀ ਭੂਮਿਕਾ ਵੀ ਅੱਖੋਂ-ਪਰੋਖੇ ਨਹੀਂ ਕੀਤੀ ਜਾ ਸਕਦੀ ਪਰ ਫਿਰ ਵੀ ਇਹ ਚਿੰਤਨ ਹੋਣ ਲੱਗਾ ਹੈ ਕਿ ਕਿਹੜੇ ਪੰਥਕ ਆਗੂ ਇਹ ਕਾਰਜ ਕਰ ਰਹੇ ਹਨ।

ਜਦੋਂ ਆਗੂਆਂ ਦੇ ਪੰਥਕ ਕਾਰਜਾਂ ਦੀ ਪੜਚੋਲ ਆਰੰਭ ਹੋਈ ਤਾਂ ਆਮ ਸੰਗਤ ਭਾਵੇਂ ਇਸ ਗੱਲ 'ਤੇ ਤਾਂ ਖ਼ੁਸ਼ੀ ਮਹਿਸੂਸ ਕਰ ਰਹੀ ਸੀ ਕਿ ਸਿੱਖ ਇਤਿਹਾਸ ਦੀਆਂ ਯਾਦਗਾਰਾਂ ਸੜਕਾਂ 'ਤੇ ਖੜ੍ਹੀਆਂ ਕਰ ਦਿੱਤੀਆਂ ਗਈਆਂ ਹਨ ਜਿਸ ਨਾਲ ਬੱਚਿਆਂ ਅਤੇ ਆਮ ਲੋਕਾਂ ਨੂੰ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਅਤੇ ਗੁਰਸਿੱਖਾਂ ਦੀਆਂ ਕੁਰਬਾਨੀਆਂ ਅੱਖਾਂ ਅੱਗੇ ਆ ਜਾਂਦੀਆਂ ਹਨ। ਇਸ ਦੇ ਨਾਲ ਇਹ ਵੀ ਚਿੰਤਨ ਦਾ ਹਿੱਸਾ ਬਣ ਗਿਆ ਕਿ ਅਕਾਲੀਆਂ ਦੇ ਰਾਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ, ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਬਿਨਾਂ-ਮੰਗਿਆਂ ਮਾਫ਼ੀ ਦਿੱਤੀ ਗਈ। ਪੰਥ ਅਤੇ ਗੁਰੂ ਗ੍ਰੰਥ ਤੋਂ ਸ਼ਕਤੀ ਲੈ ਕੇ ਸਰਕਾਰਾਂ ਬਣਾਉਣ ਵਾਲਾ ਅਕਾਲੀ ਦਲ ਗਾਡੀ ਰਾਹ ਦਾ ਤਿਆਗ ਕਰ ਕੇ ਔਝੜੇ ਰਾਹ ਪੈ ਗਿਆ ਪ੍ਰਤੀਤ ਹੋਇਆ। ਇਸ ਦੇ ਨਾਲ ਹੀ ਬਹੁਤ ਸਾਰੀਆਂ ਅਜਿਹੀਆਂ ਹੋਰ ਘਟਨਾਵਾਂ ਵੀ ਜੁੜਦੀਆਂ ਗਈਆਂ ਜਿਨ੍ਹਾਂ ਨੇ ਅਕਾਲੀਆਂ ਦੁਆਰਾ ਕੀਤੇ ਗਏ ਚੰਗੇ ਕੰਮਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਿਸ ਦੇ ਫਲਸਰੂਪ ਉਹ ਸੱਤਾ ਵਿੱਚੋਂ ਬਾਹਰ ਹੋ ਗਏ। ਸੱਤਾ ਵਿੱਚੋਂ ਬਾਹਰ ਹੋਣ ਤੋਂ ਬਾਅਦ ਜਿਵੇਂ ਅਕਾਲੀ ਆਗੂ ਇਕ-ਦੂਜੇ ਦੇ ਨੇੜੇ ਆਉਣ ਦੀਆਂ ਕੋਸ਼ਿਸ਼ਾਂ ਕਰ ਲੈਂਦੇ ਸਨ, ਇਸ ਵਾਰ ਉਹ ਰੁਝਾਨ ਨਜ਼ਰ ਨਹੀਂ ਆ ਰਿਹਾ।

ਮੌਜੂਦਾ ਸਮੇਂ ਵਿਚ ਅਜਿਹੇ ਹਾਲਾਤ ਪੈਦਾ ਹੋ ਗਏ ਹਨ ਕਿ ਇਨ੍ਹਾਂ ਦੀ ਲੜਾਈ ਪੰਥ ਅਤੇ ਪੰਜਾਬ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੀ ਹੋ ਗਈ ਹੈ। ਅਕਾਲੀ ਸਫ਼ਾਂ ਤੱਕ ਸੀਮਿਤ ਹੋਣ ਵਾਲੀ ਲੜਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਪੁੱਜ ਗਈ ਹੈ ਜਿਸ ਨਾਲ ਸਮੁੱਚੇ ਪੰਥ ਵਿਚ ਉਦਾਸੀ ਅਤੇ ਨਿਰਾਸ਼ਾ ਵਾਲੀ ਸਥਿਤੀ ਪੈਦਾ ਹੋ ਗਈ ਹੈ।

ਪੰਜਾਬ ਦੇ ਬਹੁਤੇ ਲੋਕ ਅਕਾਲੀ ਦਲ ਨਾਲ ਜੁੜੇ ਹੋਏ ਹਨ, ਉਨ੍ਹਾਂ ਦੇ ਵੱਡੇ-ਵਡੇਰਿਆਂ ਨੇ ਪੰਥ-ਕੌਮ ਲਈ ਕੁਰਬਾਨੀਆਂ ਕੀਤੀਆਂ ਹਨ। ਪੰਜਾਬ ਦੇ ਹਿੱਤਾਂ ਲਈ ਮੋਰਚੇ ਲਾਉਣ ਅਤੇ ਇੱਥੋਂ ਦੇ ਮਸਲੇ ਹੱਲ ਕਰਾਉਣ ਲਈ ਜਿਹੜੇ ਯਤਨ ਉਨ੍ਹਾਂ ਦੇ ਬਜ਼ੁਰਗਾਂ ਨੇ ਕੀਤੇ ਸਨ, ਉਨ੍ਹਾਂ 'ਤੇ ਮਾਣ ਕਰ ਕੇ ਉਹ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਹੁਣ ਜਦੋਂ ਅਕਾਲੀਆਂ ਦੀ ਰਾਜਨੀਤਕ ਹਾਲਤ ਪਤਲੀ ਹੁੰਦੀ ਜਾ ਰਹੀ ਹੈ ਤਾਂ ਵੀ ਉਹ ਚਾਹੁੰਦੇ ਹਨ ਕਿ ਕੋਈ ਅਜਿਹਾ ਰਾਹ ਨਿਕਲੇ ਕਿ ਪੰਜਾਬ ਵਿਚ ਪੰਥ ਦੀ ਗੂੰਜ ਦੁਬਾਰਾ ਪੈਦਾ ਹੋ ਸਕੇ। ਇੱਥੋਂ ਤੱਕ ਕਿ ਪੰਜਾਬ ਦੀਆਂ ਪ੍ਰਮੁੱਖ ਰਾਜਨੀਤਕ ਪਾਰਟੀਆਂ ਜਿਹੜੀਆਂ ਅਕਸਰ ਅਕਾਲੀਆਂ ਦੇ ਵਿਰੋਧ ਵਿਚ ਭੁਗਤਦੀਆਂ ਰਹੀਆਂ ਹਨ, ਉਨ੍ਹਾਂ ਦੇ ਆਗੂ ਵੀ ਇਹ ਚਾਹੁੰਦੇ ਹਨ ਕਿ ਅਕਾਲੀਆਂ ਦਾ ਪੰਜਾਬ ਵਿਚ ਪੁਨਰ-ਸਥਾਪਨ ਹੋਣਾ ਚਾਹੀਦਾ ਹੈ।

ਰਾਜਨੀਤਕ ਪਾਰਟੀਆਂ ਦੇ ਆਪਣੇ ਏਜੰਡੇ ਹੁੰਦੇ ਹਨ ਪਰ ਅਕਾਲੀ ਦਲ ਦੀ ਮਜ਼ਬੂਤੀ ਲਈ ਉਨ੍ਹਾਂ ਵੱਲੋਂ ਦਿੱਤੇ ਗਏ ਬਿਆਨ ਕਿਤੇ ਨਾ ਕਿਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਪ੍ਰਗਟ ਕਰਦੇ ਪ੍ਰਤੀਤ ਹੁੰਦੇ ਹਨ। ਇਹ ਸਮਝਿਆ ਜਾਣ ਲੱਗਿਆ ਹੈ ਕਿ ਕੇਂਦਰੀ ਪਾਰਟੀਆਂ ਨੂੰ ਹੁਕਮ ਕੇਂਦਰੀ ਆਗੂਆਂ ਵੱਲੋਂ ਕੀਤੇ ਜਾਂਦੇ ਹਨ ਜਿਸ ਨਾਲ ਕਈ ਵਾਰ ਪੰਜਾਬ ਦੇ ਹਿੱਤਾਂ ਨੂੰ ਅੱਖੋਂ-ਪਰੋਖੇ ਕਰ ਦਿੱਤਾ ਜਾਂਦਾ ਹੈ।

ਕੇਂਦਰੀ ਪਾਰਟੀਆਂ ਨਾਲ ਜੁੜੇ ਹੋਏ ਆਗੂ ਪਾਰਟੀ ਲਾਈਨ ਨਾਲ ਜੁੜੇ ਹੋਣ ਕਰਕੇ ਕਈ ਵਾਰੀ ਅਜਿਹੇ ਫ਼ੈਸਲੇ ਵਿਰੁੱਧ ਬੋਲਣ ਦੀ ਹਿੰਮਤ ਨਹੀਂ ਕਰ ਸਕਦੇ। ਇਸ ਨਾਲ ਪੰਜਾਬ ਦਾ ਨੁਕਸਾਨ ਹੁੰਦਾ ਹੈ। ਅਜਿਹਾ ਨਹੀਂ ਕਿ ਹੁਣ ਸਭ ਕੁਝ ਖ਼ਤਮ ਹੋ ਗਿਆ ਹੈ। ਸ਼ਾਮ ਨੂੰ ਪੰਜਾਬੀ ਵਿਚ ਚੱਲਣ ਵਾਲੇ ਸਮੂਹ ਚੈਨਲਾਂ ਦੇ ਪ੍ਰਾਈਮ-ਟਾਈਮ ਅਕਾਲੀ ਰਾਜਨੀਤੀ 'ਤੇ ਕੇਂਦਰਿਤ ਹੁੰਦੇ ਹਨ। ਪੰਜਾਬ ਦੇ ਕਿਹੜੇ ਪ੍ਰਮੁੱਖ ਮਸਲੇ ਹਨ, ਉਨ੍ਹਾਂ ਦਾ ਕਿਵੇਂ ਨਿਵਾਰਨ ਹੋ ਸਕਦਾ ਹੈ, ਆਮ ਲੋਕਾਂ ਨੂੰ ਸਰਕਾਰ ਦੀਆਂ ਕਿਹੜੀਆਂ ਨੀਤੀਆਂ ਪ੍ਰਭਾਵਿਤ ਕਰਦੀਆਂ ਹਨ; ਇਹ ਸਭ ਗੱਲਾਂ ਪ੍ਰਮੁੱਖ ਵਿਚਾਰ-ਚਰਚਾ ਵਿੱਚੋਂ ਲੋਪ ਹੋ ਗਈਆਂ ਜਾਪਦੀਆਂ ਹਨ। ਕੇਵਲ ਅਕਾਲੀ ਰਾਜਨੀਤੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ ਸਬੰਧੀ ਖ਼ਬਰਾਂ ਅਤੇ ਵਿਚਾਰ-ਚਰਚਾ ਜਿੰਨੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੀ ਜਾਂਦੀ ਹੈ, ਉਸ ਤੋਂ ਇਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਆਮ ਲੋਕਾਂ ਦੇ ਮਨ ਵਿਚ ਪੰਥ ਦੀਆਂ ਇਹ ਸੰਸਥਾਵਾਂ ਕਿੰਨੇ ਪ੍ਰਭਾਵਸ਼ਾਲੀ ਢੰਗ ਨਾਲ ਮੌਜੂਦ ਹਨ ਜਿਨ੍ਹਾਂ ਨੂੰ ਬਾਹਰ ਰੱਖ ਕੇ ਨਹੀਂ ਦੇਖਿਆ ਜਾ ਸਕਦਾ।

ਮੌਜੂਦਾ ਸਮੇਂ ਵਿਚ ਇਹੀ ਪ੍ਰਮੁੱਖ ਅਤੇ ਵੱਡਾ ਮਸਲਾ ਆਮ ਲੋਕਾਂ ਦੀ ਦ੍ਰਿਸ਼ਟੀ ਵਿਚ ਮਹੱਤਵਪੂਰਨ ਹੈ। ਅਜਿਹੇ ਮਾਹੌਲ ਵਿਚ ਅਕਾਲੀਆਂ ਦੀ ਵੀ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀਆਂ ਸੰਸਥਾਵਾਂ ਦਾ ਸਤਿਕਾਰ ਬਹਾਲ ਕਰਨ-ਕਰਾਉਣ ਲਈ ਯਤਨਸ਼ੀਲ ਹੋਣ, ਬੇਲੋੜੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨ ਅਤੇ ਆਮ ਲੋਕਾਂ ਦੇ ਮਸਲਿਆਂ ਪ੍ਰਤੀ ਸੰਜੀਦਾ ਪਹੁੰਚ ਅਪਣਾਉਣ ਦਾ ਯਤਨ ਕਰਨ। ਇਸ ਖ਼ੁਸ਼ਫਹਿਮੀ ਵਿੱਚੋਂ ਬਾਹਰ ਨਿਕਲਣ ਕਿ ਦੂਜੀਆਂ ਪਾਰਟੀਆਂ ਜਾਂ ਸਰਕਾਰਾਂ ਤੋਂ ਦੁਖੀ ਹੋ ਕੇ ਲੋਕ ਉਨ੍ਹਾਂ ਲਈ ਸਰਕਾਰ ਬਣਾਉਣ ਦਾ ਰਾਹ ਪੱਧਰਾ ਕਰ ਦੇਣਗੇ।

ਅਕਾਲੀਆਂ ਦੀ ਰਾਜਨੀਤੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਆਰੰਭ ਹੁੰਦੀ ਹੈ ਜਿਸ ਨਾਲ ਸੇਵਾ, ਨਿਮਰਤਾ, ਪਰਉਪਕਾਰ, ਸਮਰਪਣ ਆਦਿ ਦੀ ਭਾਵਨਾ ਜੁੜੀ ਹੋਈ ਹੈ। ਮੌਜੂਦਾ ਅਕਾਲੀ ਆਗੂਆਂ ਵਿਚ ਇਹ ਭਾਵਨਾ ਮਨਫ਼ੀ ਦਿਖਾਈ ਦੇ ਰਹੀ ਹੈ। ਟੀਵੀ ਚੈਨਲਾਂ 'ਤੇ ਉੱਚੀ ਅਤੇ ਰੁੱਖੀ ਭਾਸ਼ਾ ਨਾਲ ਪੱਖ ਪੇਸ਼ ਕਰਨ ਦੀ ਨੀਤੀ ਕੁਝ ਨਹੀਂ ਸੰਵਾਰ ਸਕਦੀ ਅਤੇ ਨਾ ਹੀ ਆਮ ਲੋਕਾਂ ਵਿਚ ਕੋਈ ਉਸਾਰੂ ਪ੍ਰਭਾਵ ਸਿਰਜ ਸਕਦੀ ਹੈ। ਅੱਜ ਇਹ ਚਿੰਤਨ ਕਰਨ ਦੀ ਲੋੜ ਹੈ ਕਿ 400 ਸਾਲ ਪਹਿਲਾਂ ਛੇਵੇਂ ਪਾਤਸ਼ਾਹ ਦੁਆਰਾ ਸਥਾਪਤ ਹੋਈ ਸਿੱਖ ਰਾਜਨੀਤੀ ਵਿਚ ਅਸੀਂ ਕਿੱਥੇ ਖੜ੍ਹੇ ਹਾਂ ਤੇ ਜਿਹੜੀਆਂ ਪਾਰਟੀਆਂ ਦਾ ਇਤਿਹਾਸ ਬਹੁਤਾ ਪੁਰਾਣਾ ਨਹੀਂ ਹੈ, ਉਹ ਅੱਗੇ ਕਿਵੇਂ ਲੰਘ ਗਈਆਂ ਹਨ ?

-(ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ)।

# ਸ਼ੇਰੇ ਪੰਜਾਬ ਦੇ ਇਤਿਹਾਸ ਨਾਲ ਜੁੜਿਆ ਜਸਰੋਟੇ ਦਾ ਕਿਲ੍ਹਾ ਬਣਿਆ ਖੰਡਹਰ

ਇੰਦਰਜੀਤ ਸਿੰਘ ਹਰਪੁਰਾ



ਜਸਰੋਟਾ ਰਿਆਸਤ ਪੁਰਾਣੀਆਂ ਪਹਾੜੀ ਬਾਈਧਾਰ ਰਿਆਸਤਾਂ 'ਚੋਂ ਇਕ ਰਿਆਸਤ ਸੀ, ਜਿਹੜੀ ਡੁਗਰ ਦੇ ਹਲਕੇ ਵਿਚ ਦਰਿਆ ਰਾਵੀ ਦੇ ਪੱਛਮ ਵੱਲ ਉੱਪਰਲੀਆਂ ਸ਼ਿਵਾਲਿਕ ਪਹਾੜੀਆਂ ਵਿਚ ਸਥਿਤ ਸੀ। ਇਸ ਰਿਆਸਤ ਦੇ ਦੱਖਣ 'ਚ ਕਰਾਈਧਾਰ ਪਰਬਤੀ-ਲੜੀ ਹੈ, ਜਿਹੜੀ ਜਸਰੋਟਾ ਰਿਆਸਤ ਨੂੰ ਉੱਤਰ ਵਲੋਂ ਬਜੋਹਲੀ, ਭਾਦੂ ਅਤੇ ਮਾਨਕੋਟ ਰਿਆਸਤਾਂ ਨਾਲੋਂ ਵੱਖ ਕਰਦੀ ਹੈ। ਇਸ ਦੇ ਪੂਰਬ ਵਿਚ ਲਖਣਪੁਰ, ਦੱਖਣ ਵਿਚ ਮੈਦਾਨੀ ਇਲਾਕਾ ਅਤੇ ਪੱਛਮ ਵੱਲ ਰਿਆਸਤ ਸਾਂਬਾ ਹੈ। ਜਸਰੋਟ ਰਿਆਸਤ ਦੀ ਰਾਜਧਾਨੀ ਜਸਰੋਟਾ ਸ਼ਹਿਰ ਹੈ, ਜਿਸ ਦੇ ਨਾਂਅ ਉੱਪਰ ਇਸ ਰਿਆਸਤ ਅਤੇ ਇੱਥੋਂ ਦੇ ਰਾਜ-ਘਰਾਣੇ ਦਾ ਨਾਂਅ ਪਿਆ। ਜਸਰੋਟਾ ਸ਼ਹਿਰ ਕਰਾਈਧਾਰ ਪਰਬਤਾਂ ਦੇ ਬਾਹਰ ਦੱਖਣੀ ਪਾਸੇ ਵੱਲ ਵਸਿਆ ਹੋਇਆ ਹੈ। ਰਿਆਸਤ ਜਸਰੋਟਾ ਇਨ੍ਹਾਂ ਰਾਜਿਆਂ ਦੇ ਰਾਜ ਦੌਰਾਨ ਇਕ ਖੁਸ਼ਹਾਲ ਰਿਆਸਤ ਸੀ। ਇਸ ਰਾਜ ਖੇਤਰ ਦੀ ਭੂਮੀ ਮੈਦਾਨੀ ਇਲਾਕੇ ਦੇ ਬਿਲਕੁਲ ਨਾਲ ਲਗਦੀ ਹੋਣ ਕਰਕੇ ਕਾਫੀ ਜ਼ਰਖੇਜ਼ ਸੀ ਅਤੇ ਜਸਰੋਟਾ ਦਾ ਸ਼ਕਤੀਸਾਲੀ ਹੋਣਾ ਕੁਦਰਤੀ ਸੀ।

ਜਸਰੋਟਾ ਦਾ ਰਾਜ ਘਰਾਣਾ ਹੋਰ ਰਿਆਸਤੀ ਰਾਜ-ਕੁਲਾਂ ਵਾਂਗ ਹੀ ਮੂਲ ਰੂਪ 'ਚ ਜੰਮੂ ਦੇ ਸ਼ਾਹੀ ਖ਼ਾਨਦਾਨ ਵਿਚੋਂ ਸੀ। 13ਵੀਂ ਸਦੀ ਦੌਰਾਨ ਦੀ ਇਹ ਮੁਢਲੀ ਰਿਆਸਤ ਛੋਟੇ-ਛੋਟੇ ਪਹਾੜੀ ਰਾਜਵਾੜਿਆਂ 'ਚੋਂ ਪੁਰਾਣੀ ਜਾਪਦੀ ਹੈ। ਭੁਜ ਦੇਵ ਅਣਵੰਡੀ ਰਿਆਸਤ ਜੰਮੂ ਦਾ ਅਖੀਰਲਾ ਰਾਜਾ ਸੀ। ਇਸ ਦੇ ਚਾਰ ਪੁੱਤਰ ਸਨ, ਜਿਨ੍ਹਾਂ 'ਚੋਂ ਸਭ ਤੋਂ ਵੱਡਾ ਮਾਨਕੋਟੀਆ ਖ਼ਾਨਦਾਨ ਦਾ ਬਾਨੀ ਹੋਇਆ, ਦੂਜਾ ਜੰਮੂ ਦਾ ਰਾਜਾ ਬਣ ਗਿਆ, ਤੀਜਾ 'ਕਰਨ ਦੇਵ' ਜਿਸ ਲਈ ਜਸਰੋਟਾ ਦਾ ਇਲਾਕਾ ਬਾਕੀ ਰਹਿ ਗਿਆ ਸੀ, ਜਸਰੋਟ ਦੇ ਨਾਲ ਲਗਦੇ ਰਾਜਿਆਂ ਦੇ ਇਲਾਕੇ ਮਿਲਾ ਕੇ ਨਵੀਂ ਰਿਆਸਤ ਦਾ ਰਾਜਾ ਬਣ ਗਿਆ। ਬਾਅਦ ਵਿਚ ਜਸਰੋਟਾ ਸ਼ਹਿਰ ਨੂੰ ਰਾਜਧਾਨੀ ਬਣਾਉਣ ਕਾਰਨ ਇਸ ਘਰਾਣੇ ਦਾ ਨਾਂਅ ਜਸਰੋਟੀਆ ਅਤੇ ਰਿਆਸਤ ਦਾ ਨਾਂਅ ਜਸਰੋਟਾ ਚੱਲਿਆ ਜਸਰੋਟਾ ਨਗਰ ਦੀ ਨੀਂਹ ਕਿਉਂਕਿ ਜਸ-ਦੇਵ ਨੇ ਰੱਖੀ ਸੀ, ਇਸ ਲਈ ਇਸ ਦਾ ਨਾਂਅ ਜਸਰੋਟਾ ਰੱਖਿਆ ਗਿਆ।

ਜਸਰੋਟਾ ਬਾਰੇ ਸੰਸਕਿਬ ਸਾਹਿਤ ਵਿਚ ਤਾਂ ਕੁਝ ਨਹੀਂ ਮਿਲਦਾ, ਪਰ ਅਕਬਰ ਦੇ ਸਮੇਂ ਦੇ ਮੁਸਲਿਮ ਇਤਿਹਾਸ 'ਚ ਦੋ ਕੁ ਵਾਰੀ ਇਸ ਦਾ ਜ਼ਿਕਰ ਆਉਂਦਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਇਸ ਰਿਆਸਤ ਦਾ ਥੋੜ੍ਹਾ-ਬਹੁਤ ਸੰਬੰਧ ਜੰਮੂ ਨਾਲ ਹਮੇਸ਼ਾ ਹੀ ਰਿਹਾ। ਅਕਬਰਨਾਮਾ ਅਤੇ ਮਾਅਸਿਹ-ਉਲ-ਉਸਰ ਪੁਸਤਕਾਂ 'ਚ ਵੀ ਇਹ ਮੁਗ਼ਲ ਸਲਤਨਤ ਦੀਆਂ ਦੋ ਵੱਡੀਆਂ ਵਿਰੋਧੀ ਪਹਾੜੀ ਰਿਆਸਤਾਂ ਵਿਚੋਂ ਰਿਹਾ ਹੈ।

ਇਸ ਰਿਆਸਤ ਦਾ ਮੁੱਢ 13ਵੀਂ ਸਦੀ ਦੌਰਾਨ ਬੱਝਿਆ ਅਤੇ ਸੰਨ 1834 ਤੱਕ ਇਕ ਦੂਜੇ ਤੋਂ ਬਾਅਦ ਇਸ ਦੇ ਕੁੱਲ ਸਤਾਈ ਰਾਜੇ ਹੋਏ। ਇਸ ਰਿਆਸਤ ਦੇ ਮੁਢਲੇ ਇਤਿਹਾਸ ਬਾਰੇ ਕਿਤੇ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਮਿਲਦੀ। ਕਰਮ ਦੇਵ, ਬੀਰ ਦੇਵ, ਕਾਲੂ-ਦੇਵ, ਅਮੀਲ ਦੇਵ, ਬਲਾਰ ਦੇਵ, ਕਲਸ ਦੇਵ ਅਤੇ ਪ੍ਰਤਾਪ ਦੇਵ ਆਦਿ ਦੇ ਨਾਂਅ ਹੀ ਮੁੱਢਲੇ ਜਸਰੋਟ ਰਾਜਿਆਂ 'ਚੋਂ ਮਿਲਦੇ ਹਨ। ਰਾਜਾ ਪ੍ਰਤਾਪ ਦੇਵ ਅਤੇ ਇਸ ਦੇ ਭਰਾ ਸੰਗਰਾਮ ਦੇਵ ਵਿਚਕਾਰ ਕੁਝ ਮਤਭੇਦ ਹੋ ਜਾਣ ਕਰਕੇ ਰਿਆਸਤ ਜਸਰੋਟਾ ਦਾ ਖੇਤਰ ਦੋ ਹਿੱਸਿਆਂ ਵਿਚ ਵੰਡਿਆ ਗਿਆ, ਜਿਸ ਦੇ ਫ਼ਲਸਰੂਪ ਇਕ ਨਵੀਂ ਸਟੇਟ ਹੋਂਦ 'ਚ ਆਈ। ਇਸ ਰਿਆਸਤ ਦੀ ਰਾਜਧਾਨੀ 'ਲਖਣਪੁਰ' 'ਚ ਸਥਾਪਿਤ ਕੀਤੀ ਗਈ ਅਤੇ ਇਸ ਕਰਕੇ ਰਿਆਸਤ ਦਾ ਨਾਂਅ ਵੀ ਲਖਣਪੁਰ ਪਿਆ। ਲਖਣਪੁਰ ਦੀ ਪੱਛਮੀ ਹੱਦ ਰਾਵੀ ਦਰਿਆ ਦੀ ਸਹਾਇਕ ਨਦੀ 'ਉੱਝ' ਮੰਨਿਆ ਗਿਆ। ਰਾਜੇ ਦੀ ਰਿਹਾਇਸ਼ ਲਈ ਲਖਣਪੁਰ 'ਚ ਅਤੇ ਥੀਨ ਵਿਖੇ ਇਕ ਟਿੱਲੇ ਉੱਪਰ ਕਿਲ੍ਹੇ ਬਣਵਾਏ ਗਏ। ਇਸ ਲਈ ਇਸ ਰਿਆਸਤ ਨੂੰ ਰਾਜਾ ਸੰਗਰਾਮ-ਦੇਵ ਦੇ ਸਮਕਾਲੀ ਇਤਿਹਾਸ ਵਿਚ ਕਿਧਰੇ-ਕਿਧਰੇ ਥੀਨ ਰਿਆਸਤ ਵੀ ਕਿਹਾ ਗਿਆ ਹੈ। ਇਨ੍ਹਾਂ ਦੋਹਾਂ ਥਾਵਾਂ 'ਤੇ ਬਣਾਏ ਕਿਲਿਆਂ ਦੇ ਖੰਡਰਾਤ ਅਜੇ ਵੀ ਮੌਜੂਦ ਹਨ।

ਪ੍ਰਤਾਪ ਦੇਵ ਤੋਂ ਬਾਅਦ ਜਤਰ ਦੇਵ, ਅਤਰ ਦੇਵ ਜਾਂ ਅਟਲ ਦੇਵ, ਸੁਲਤਾਨ ਦੇਵ, ਸਗਤ ਦੇਵ, ਦੌਲਤ-ਦੇਵ ਅਤੇ ਭਾਬੂ ਦੇਵ ਰਾਜਿਆਂ ਦੇ ਤੌਰ 'ਤੇ ਗੱਦੀਨਸ਼ੀਨ ਹੋਏ। ਇਨ੍ਹਾਂ ਵਿਚੋਂ ਰਾਜਾ ਭਾਬੂ-ਦੇਵ ਨੂੰ ਅਕਬਰ ਦੇ ਸਮੇਂ ਦਾ ਵਿਰੋਧੀ ਰਾਜਾ ਦੱਸਿਆ ਗਿਆ ਹੈ। ਸੰਨ 1588-89 ਦੌਰਾਨ ਜੰਮੂ ਤੋਂ ਲੈ ਕੇ ਜਸਵਾਨ ਤਕ ਦੀਆਂ ਸਾਰੀਆਂ ਪਹਾੜੀ ਰਿਆਸਤਾਂ ਨੇ ਬਗ਼ਾਵਤ ਕੀਤੀ, ਪਰ ਇਸ ਬਗ਼ਾਵਤ ਨੂੰ ਦਬਾ ਦਿੱਤਾ ਗਿਆ। ਇਸ ਤੋਂ 6 ਕੁ ਸਾਲ ਪਿੱਛੋਂ ਦੁਬਾਰਾ ਫਿਰ ਇਨ੍ਹਾਂ ਹੀ ਰਾਜਿਆਂ ਨੇ ਬਗ਼ਾਵਤ ਕੀਤੀ, ਜਿਸ ਦੀ ਅਗਵਾਈ ਰਾਜਾ ਭਾਬੂ ਨੇ ਕੀਤੀ ਸ਼ਾਹੀ ਫ਼ੌਜਾਂ ਨੇ ਕਾਫੀ ਜੱਦੋ-ਜਹਿਦ ਉਪਰੰਤ ਜੰਮੂ ਉਪਰ ਕਬਜ਼ਾ ਕਰ ਲਿਆ। ਇਸ ਉਪਰੰਤ ਇਹ ਪੂਰਬ ਵੱਲ ਵਧਿਆ ਅਤੇ ਸਾਂਬਾ ਦੇ ਸਥਾਨ 'ਤੇ ਆ ਕੇ ਲਖਣਪੁਰ ਦੇ ਰਾਜਾ ਬਲਭਦਰ ਅਤੇ ਜਸਰੋਟਾ ਦੇ ਰਾਜਾ ਭਾਬੂ ਨੂੰ ਹਥਿਆਰ ਸੁੱਟਣੇ ਪਏ ਸ਼ਇਸ ਤੋਂ ਪਿੱਛੋਂ ਜਸਰੋਟਾ ਅਤੇ ਕਬਜ਼ਾ ਕਰਨ ਲਈ ਵੀ ਮੁਗ਼ਲ ਫ਼ੌਜਾਂ ਨੂੰ ਰਾਜਾ ਭਾਬੂ ਦੇ ਪੁੱਤਰਾਂ ਅਤੇ ਰਿਸ਼ਤੇਦਾਰਾਂ ਨਾਲ ਚੰਗਾ ਟਾਕਰਾ ਕਰਨਾ ਪਿਆ ਅਤੇ ਘਮਸਾਣ ਦੀ ਲੜਾਈ ਹੋਈ। ਭਾਬੂ ਦੇਵ ਤੋਂ ਪਿੱਛੋਂ ਭੁਜ ਦੇਵ, ਫ਼ਤਹਿ ਦੇਵ, ਤੇਜ ਦੇਵ, ਸ਼ਿਵ ਦੇਵ, ਜਗਦੇਵ, ਸੁਖਦੇਵ ਅਤੇ ਧਰੁਵ-ਦੇਵ ਕ੍ਰਮਵਾਰ ਹੋਏ। ਇਨ੍ਹਾਂ ਬਾਰੇ ਵੀ ਕੋਈ ਵਿਸ਼ੇਸ਼ ਘਟਨਾ ਦਾ ਪਤਾ ਨਹੀਂ ਹੈ। ਫਿਰ ਕਿਰਾਲ ਦੇਵ ਤੇ ਰਤਨ ਦੇਵ ਹੋਏ। ਰਤਨਦੇਵ ਜੰਮੂ ਦੇ ਰਾਜਾ ਰਣਜੀਤ ਦੇਵ ਦਾ ਸਮਕਾਲੀ (1750 ਈ.) ਸੀ।

ਇਤਿਹਾਸਕਾਰਾਂ ਵਲੋਂ ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ 18ਵੀਂ ਸਦੀ ਦੇ ਪਹਿਲੇ ਅੱਧ ਤੱਕ ਮੁਗ਼ਲ ਤਾਕਤ ਦੇ ਘਟਣ ਨਾਲ ਪੰਜਾਬ ਉੱਪਰ ਅਹਿਮਦ ਸ਼ਾਹ ਦੁਰਾਨੀ ਦਾ ਕਬਜ਼ਾ ਹੋ ਗਿਆ ਅਤੇ ਬਸੋਹਲੀ ਵਰਗੀਆਂ ਪਹਾੜੀ ਰਿਆਸਤਾਂ ਵਾਂਗ 'ਜਸਰੋਟਾ' ਵੀ ਕਾਫ਼ੀ ਹੱਦ ਤੱਕ ਜੰਮੂ ਰਾਜ ਅਧਿਕਾਰ ਹੇਠ ਆ ਗਈ।18ਵੀਂ ਸਦੀ ਦੇ ਪਿਛਲੇ ਅੱਧ ਦੌਰਾਨ ਸਿੱਖਾਂ ਨੇ ਇਸ ਰਿਆਸਤ ਵੱਲ ਵਧਣਾ ਸ਼ੁਰੂ ਕਰ ਦਿੱਤਾ। ਅੱਗੋਂ ਪਹਾੜੀ ਮੁਖੀਆਂ ਨੇ ਵੀ ਇਨ੍ਹਾਂ ਦੀਆਂ ਲੜਾਈਆਂ 'ਚ ਭਾੜੇ ਦੇ ਸਿਪਾਹੀਆਂ ਵਜੋਂ ਲੜਨ ਦੀ ਪੇਸ਼ਕਸ਼ ਕਰ ਦਿੱਤੀ। ਇਸ ਤਰ੍ਹਾਂ ਸਿੱਖਾਂ ਨੇ ਆਪਣੇ ਪੈਰ ਇਨ੍ਹਾਂ ਰਿਆਸਤਾਂ 'ਚ ਵੀ ਟਿਕਾ ਲਏ। ਸੰਨ 1744 ਤੋਂ ਲੈ ਕੇ 1783 ਦੌਰਾਨ ਜਸਰੋਟਾ ਅਤੇ ਚੰਬਾ, ਬਸੋਹਲੀ ਤੇ ਜੰਮੂ ਤੱਕ ਸਿੱਖਾਂ ਵਲੋਂ ਹਮਲੇ ਹੋਏ। ਇਤਿਹਾਸਕਾਰਾਂ ਦਾ ਖ਼ਿਆਲ ਹੈ, ਪਠਾਨਕੋਟ ਦੇ ਕਾਬਜ਼ ਹਮਲਾਵਰਾਂ 'ਚੋਂ ਘਨਈਆ ਮਿਸਲ ਦੇ ਸਰਦਾਰਾਂ ਨੇ ਸਭ ਤੋਂ ਪਹਿਲਾਂ ਹੱਲਾ ਕੀਤਾ। ਇਸ ਦੌਰਾਨ (19ਵੀਂ ਸਦੀ ਦੇ ਸ਼ੁਰੂ ਤੱਕ) ਜਸਰੋਟਾ ਰਿਆਸਤ ਦੀ ਗੱਦੀ 'ਤੇ ਭਾਗ ਸਿੰਘ, ਅਜੈਬ ਸਿੰਘ ਤੇ ਲਾਲ ਸਿੰਘ ਬੈਠੇ। ਸੰਨ 1801 ਤੱਕ ਰਣਜੀਤ ਸਿੰਘ ਪੰਜਾਬ ਦਾ ਮਹਾਰਾਜਾ ਬਣਿਆ ਤੇ ਸੰਨ 1808 'ਚ ਉਹ ਜਸਰੋਟਾ ਵੱਲ ਵਧਿਆ ਤਾਂ ਜਸਰੋਟਾ ਸਰਦਾਰਾਂ ਨੇ ਅੱਗੋਂ ਧੀਰਜ ਭਾਅ ਨਾਲ ਨਜ਼ਰਾਨਾ ਭੇਟ ਕੀਤਾ ਅਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਅਧੀਨਤਾ ਸਵੀਕਾਰ ਕਰ ਲਈ। ਇਸੇ ਤਰ੍ਹਾਂ ਬਾਕੀ ਦੀਆਂ ਰਿਆਸਤਾਂ ਵੀ ਸਿੱਖ ਤਾਕਤ ਦੇ ਕਬਜ਼ੇ ਹੇਠ ਆ ਗਈਆਂ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਉੱਘੇ ਸਰਦਾਰ ਦੇਸਾ ਸਿੰਘ ਮਜੀਠਾ ਨੂੰ ਪਹਾੜੀ ਖੇਤਰ ਦਾ ਨਾਜ਼ਮ ਥਾਪਿਆ। ਬਸੌਲੀ, ਭਾਦੂ ਤੇ ਮਾਨਕੋਟ ਇਲਾਕੇ ਵੀ ਉਸ ਦੇ ਅਧੀਨ ਹੀ ਆ ਗਏ। ਇਸ ਸਮੇਂ ਜਸਰੋਟਾ ਦਾ ਰਾਜਾ ਰਣਬੀਰ ਸਿੰਘ ਸੀ, ਜਿਸ ਦੀ ਮੌਤ ਪਿੱਛੋਂ ਉਸ ਦੇ ਕੋਈ ਬੇਟਾ ਨਾ ਹੋਣ ਕਰਕੇ ਉਸ ਦਾ ਛੋਟਾ ਭਰਾ ਭੂਰੀ ਸਿੰਘ ਰਾਜਾ ਬਣਿਆ। ਇਹ ਜਸਰੋਟਾ ਖ਼ਾਨਦਾਨ ਦਾ ਆਖਰੀ ਰਾਜਾ ਸੀ ਅਤੇ ਪੂਰੀ ਤਰ੍ਹਾਂ ਸਿੱਖਾਂ ਦੇ ਅਧੀਨ ਰਿਹਾ।

ਸੰਨ 1828 ਵਿਚ ਮਹਾਰਾਜਾ ਰਣਜੀਤ ਸਿੰਘ ਵਲੋਂ ਸਿੱਖ ਵਜ਼ੀਰ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੂੰ ਰਾਜਾ ਬਣਾ ਕੇ ਇੱਥੇ ਭੇਜਿਆ ਗਿਆ ਅਤੇ ਜਸਰੋਟਾ ਰਿਆਸਤ ਇਸ ਨੂੰ ਜਗੀਰ ਦੇ ਤੌਰ 'ਤੇ ਦੇ ਦਿੱਤੀ ਗਈ। ਹੀਰਾ ਸਿੰਘ ਨੇ ਜਸਰੋਟਾ ਦੀ ਪਹਾੜੀ ਉੱਪਰ ਪੁਰਾਣੇ ਕਿਲ੍ਹੇ ਦਾ ਫਿਰ ਨਿਰਮਾਣ ਕੀਤਾ। ਨਾਨਕਸ਼ਾਹੀ ਇੱਟਾਂ ਨਾਲ ਬਣੇ, ਇਸ ਕਿਲ੍ਹੇ 'ਚੋਂ 18ਵੀਂ ਤੇ 19ਵੀਂ ਸਦੀ ਦੀ ਸਿੱਖ ਭਵਨ ਨਿਰਮਾਣ ਕਲਾ ਦੀ ਖ਼ੂਬਸੂਰਤ ਝਲਕ ਦੇਖੀ ਜਾ ਸਕਦੀ ਹੈ।

ਕਿਲ੍ਹੇ ਦਾ ਇਕ ਵੱਡਾ ਦਰਵਾਜ਼ਾ, ਜੋ ਹੁਣ ਲਗਭਗ ਢਹਿ ਚੁੱਕਾ ਹੈ, ਇਸ ਦੀ ਬੁਲੰਦੀ ਨੂੰ ਦਰਸਾਉਂਦਾ ਹੈ। ਉਸ ਤੋਂ ਅੱਗੇ ਚੱਲ ਕੇ ਕਾਫੀ ਖੰਡਰਾਤ ਆਉਂਦੇ ਹਨ ਅਤੇ ਫਿਰ ਇਕ ਵੱਡਾ ਤਲਾਬ ਅਤੇ ਉਸ ਦੇ ਕਿਨਾਰੇ ਇਕ ਸ਼ਾਹੀ ਮਹਿਲ ਦੇ ਖੰਡਰ ਮੌਜੂਦ ਹਨ ਜੋ ਇਸ ਕਿਲ੍ਹੇ ਦੀ ਖ਼ੂਬਸੂਰਤੀ ਨੂੰ ਅੱਜ ਵੀ ਦਰਸਾਉਂਦੇ ਹਨ।

# ਅਪ੍ਰੀਲੀਆਂ ' ਚ ਯਾਦਗਾਰੀ ਹੋ ਨਿਬੜਿਆਂ ਕਾਰਨੀਵਲ (ਕਾਰਨੇਵਾਲੇ) 2025 ਦਾ ਤਿਉਹਾਰ ਪੰਜਾਬੀ ਮਾਂ ਬੋਲੀ , ਭੰਗੜਾ ਤੇ ਪੰਜਾਬੀ ਸੰਗੀਤ ਰਿਹਾ ਦਰਸ਼ਕਾਂ ਲਈ ਖਿੱਚ ਦਾ ਕੇਂਦਰ






ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ) ਵਿਦੇਸ਼ਾਂ ਦੀ ਧਰਤੀ ਤੇ ਹਰ ਸਾਲ ਕਾਰਨੀਵਾਲ (ਕਾਰਨੇਵਾਲੇ) ਦਾ ਤਿਉਹਾਰ ਬਹੁਤ ਹੀ ਉਤਸ਼ਾਹ ਤੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ।ਇਟਲੀ ਦੇ ਵੱਖ ਵੱਖ-ਵੱਖ ਸ਼ਹਿਰਾਂ ਤੇ ਕਸਬਿਆਂ ਵਿੱਚ ਵੀ ਇਹ ਤਿਉਹਾਰ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਲਾਸੀਓ ਸੂਬੇ ਦੇ ਜਿਲ੍ਹਾ ਲਾਤੀਨਾ ਦੇ ਪ੍ਰਸਿੱਧ ਸ਼ਹਿਰ ਅਪ੍ਰੀਲੀਆਂ ਵਿਖੇ ਨੰਨ੍ਹੇ ਮੁੰਨੇ ਬੱਚਿਆਂ ਤੇ ਵੱਡਿਆਂ ਵੱਲੋਂ ਤਿਉਹਾਰ ਨੂੰ ਸਮਰਪਿਤ ਰੰਗ ਬਰੰਗੇ ਕੱਪੜੇ ਪਾ ਕੇ ਬਹੁਤ ਹੀ ਖੁਸ਼ੀ ਨਾਲ ਇਹ ਤਿਉਹਾਰ ਮਨਾਇਆ ਜਿੱਥੇ ਇਸ ਤਿਉਹਾਰ ਨੂੰ ਸਮਰਪਿਤ ਦੁਸਹਿਰੇ ਦੇ ਤਿਉਹਾਰ ਵਾਗ ਵੱਖ ਵੱਖ-ਵੱਖ ਪ੍ਰਕਾਰ ਦੀਆਂ ਝਾਕੀਆਂ ਪੇਸ਼ ਕੀਤੀਆਂ ਗਈਆਂ ਉੱਥੇ ਇਸ ਤਿਉਹਾਰ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਤਾਜ ਕਲੱਬ ਕੰਪੋ ਦੀ ਕਾਰਨੇ (ਅਪ੍ਰੀਲੀਆ) ਤੇ ਭਾਰਤੀ ਭਾਈਚਾਰੇ ਦੇ ਸਹਿਯੋਗ ਨਾਲ ਗਿੱਧੇ ਤੇ ਭੰਗੜੇ ਦੀ ਖ਼ਾਸ ਪੇਸ਼ਕਾਰੀ ਕੀਤੀ ਗਈ ਜਿੱਥੇ ਪੰਜਾਬੀ ਪਹਿਰਾਵੇ ਵਿੱਚ ਸਜੇ ਗੱਭਰੂ ਤੇ ਮੁਟਿਆਰਾਂ ਵੱਲੋਂ ਪੰਜਾਬੀ ਸੱਭਿਆਚਾਰ ਸਮਰਪਿਤ ਤੇ ਪੰਜਾਬੀ ਸੰਗੀਤ ਤੇ ਭੰਗੜੇ ਪਾ ਕੇ ਇਟਾਲੀਅਨ ਲੋਕਾਂ ਵਿੱਚ ਖਿੱਚ ਦਾ ਕੇਂਦਰ ਬਣਿਆ ਰਿਹਾ । ਇਸ ਮੌਕੇ ੳ ਅ ਤੇ ਪੰਜਾਬੀ ਭਾਸ਼ਾ ਦੇ ਅੱਖਰ ਦੀ ਝਲਕ ਇਸ



ਮੇਲੇ ਵਿੱਚ ਦੇਖਣ ਨੂੰ ਮਿਲੀ । ਦੱਸਣਯੋਗ ਹੈ ਕਿ ਅਪ੍ਰੀਲੀਆਂ ਵਿੱਚ ਨਗਰ ਕੌਂਸਲ ਦੇ ਸਹਿਯੋਗ ਨਾਲ ਹਰ ਸਾਲ ਸ਼ਹਿਰ ਵਿੱਚ ਹੋਣ ਵਾਲ਼ੇ ਮੇਲਿਆਂ ਵਿੱਚ ਭਾਰਤੀ ਭਾਈਚਾਰੇ ਵੱਲੋਂ ਨਿਵੇਕਲੀ ਪਹਿਲ ਕਦਮੀ ਕੀਤੀ ਜਾਂਦੀ ਹੈ ਭਾਵੇ ਉਹ ਪੰਜਾਬੀ ਤੇ ਹਿੰਦੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਹੋਵੇ ਜਾਂ ਫਿਰ ਭਾਰਤੀ ਤੇ ਪੰਜਾਬੀ ਸੱਭਿਆਚਾਰ ਨੂੰ ਜਿਸ ਦਾ ਮਕਸਦ ਲੋਕਾਂ ਨੂੰ ਭਾਰਤ ਤੇ ਪੰਜਾਬ ਦੀ ਸੱਭਿਆਚਾਰ ਤੋ ਜਾਣੂ ਕਰਵਾਉਣਾ ਹੈ । ਇਸ ਪਹਿਲਕਦਮੀ ਦੀ ਇਟਲੀ ਲੋਕਾਂ ਵਲੋ ਵੀ ਸ਼ਲਾਘਾ ਕੀਤੀ ਜਾ ਰਹੀ ਹੈ ਕਿ ਭਾਰਤੀ ਭਾਈਚਾਰੇ ਦਾ ਸੱਭਿਆਚਾਰ ਤੇ ਕਲਚਰ ਬਹੁਤ ਹੀ ਵਧੀਆ ਹੈ । ਦੂਜੇ ਪਾਸੇ ਇਸ ਮੇਲੇ ਵਿੱਚ ਇਟਾਲੀਅਨ ਸੱਭਿਆਚਾਰ ਤੇ ਕਲਚਰਲ ਦੀਆਂ ਦੀ ਬਹੁਤ ਸਾਰੀਆਂ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ ਜੇਕਰ ਗੱਲ ਕਰੀਏ ਤਾਂ ਇਸ ਸਾਲ ਦਾ ਇਹ ਕਾਰਨੀਵਲ(ਕਾਰਨੇਵਾਲੇ) ਤਿਉਹਾਰ ਅੱਤਿਮ ਯਾਦਾਂ ਛੱਡ ਹੋਇਆ ਯਾਦਗਾਰੀ ਹੋ ਨਿਬੜਿਆਂ। ਜਿਕਰਯੋਗ ਹੈ ਕਿ ਇਸ ਤਿਉਹਾਰ ਨੂੰ ਲੈ ਕੇ ਬੱਚਿਆਂ ਤੇ ਵੱਡਿਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਦਾ ਹੈ। ਤੇ ਰੱਲ ਮਿਲ ਕੇ ਇਸ ਤਿਉਹਾਰ ਨੂੰ ਮਨਾਇਆ ਜਾਂਦਾ ਹੈ ।

## ਇਸ਼ਕ ਦੇ ਮਾਮਲੇ ਵਿਚ ਹਿਮਾਚਲ ਦੇ ਗਭਰੂ ਦਾ ਕਤਲ

### ✪ ਨਬਾਲਗ ਲੜਕੀ ਸਣੇ ਚਾਰ ਦੋਸ਼ੀ ਗ੍ਰਿਫ਼ਤਾਰ




ਨੰਗਲ-ਪਿੰਡ ਅੱਪਰ ਅਰਨਿਆਲਾ ਦੇ ਨਿਰੰਜਨ ਸਿੰਘ ਨੇ ਥਾਣਾ ਸਦਰ ਊਨਾ ਵਿੱਚ ਦਰਖਾਸਤ ਦਿੱਤੀ ਸੀ ਕਿ ਵੰਸ਼ ਵਾਸੀ ਅੱਪਰ ਅਰਨਿਆਲਾ, ਮਨਪ੍ਰੀਤ ਸਿੰਘ ਵਾਸੀ ਰਾਏਪੁਰ ਸਹੋੜਾ, ਸ਼ਿਵਮ ਅਪਰ ਕੋਟਲਾ ਤੇ ਰਿਤਿਕ ਅੱਪਰ ਅਰਨੋਲੀ ਨੇ ਉਹਨਾਂ ਦੇ ਬੇਟੇ ਹਰਦੀਪ ਨੂੰ ਅਗਵਾ ਕਰ ਲਿਆ ਸੀ ਅਤੇ ਇਸ ਸਬੰਧੀ ਲੜਕੇ ਦੀ ਮਾਰ ਕੁਟਾਈ ਕਰਨ ਦੀ ਇੱਕ ਵੀਡੀਓ ਬਣਾ ਕੇ ਕੇਸ਼ਵ ਨਾਮੀ ਲੜਕੇ ਦੇ ਮੋਬਾਈਲ 'ਤੇ ਭੇਜੀ ਸੀ, ਪੁਲਿਸ ਵੱਲੋਂ ਜਾਂਚ ਦੇ ਵਿੱਚ ਮਾਮਲਾ ਅਗਵਾ ਦਾ ਨਹੀਂ ਸਗੋਂ ਪ੍ਰੇਮ ਪ੍ਰਸੰਗ ਦਾ ਪਾਇਆ ਗਿਆ ਅਤੇ ਇਸ ਵਿੱਚ ਇੱਕ ਨਾਬਾਲਗ ਲੜਕੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਥਾਣਾ ਸਦਰ ਉਨਾਂ ਦੇ ਐੱਸਐੱਚਓ ਗੌਰਵ ਨੇ ਦੱਸਿਆ ਕਿ ਪੁਲਿਸ ਵੱਲੋਂ ਜਾਂਚ ਦੌਰਾਨ ਪਤਾ ਲੱਗਿਆ ਕਿ ਉਕਤ ਕਥਿਤ ਦੋਸ਼ੀਆਂ ਨੇ 19 ਸਾਲਾ ਹਰਦੀਪ ਸਿੰਘ ਨੂੰ ਮਾਰ ਦਿੱਤਾ ਸੀ ਅਤੇ ਪੁਲਿਸ ਵੱਲੋਂ ਸ਼ੱਕ ਕੀਤਾ ਜਾ ਰਿਹਾ ਹੈ ਕਿ ਉਸਦੀ ਲਾਸ਼ ਨੂੰ ਬ੍ਰਹਮਪੁਰ ਦੇ ਲਾਗੇ ਨਹਿਰ ਵਿੱਚ ਸੁੱਟ ਦਿੱਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਇਸ ਮਾਮਲੇ ਦੇ ਵਿੱਚ ਮਨਪ੍ਰੀਤ ਮਨੀ ਵਾਸੀ ਬਸਦੇਹੜਾ, ਤਰਨਜੀਤ ਭੁੱਲਰ ਵਾਸੀ ਲੋਹਰ ਦੇਹਲਾਂ, ਵੰਸ਼ ਅੱਪਰ ਅਰਨਿਆਲਾ ਅਤੇ ਇੱਕ ਨਾਬਾਲਗ ਲੜਕੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਹਨਾਂ ਨੇ ਦੱਸਿਆ ਕਿ ਗੋਤਾਖੋਰਾਂ ਨੂੰ ਲਿਆ ਕੇ ਲਾਸ਼ ਨੂੰ ਲੱਭਿਆ ਜਾਵੇਗਾ।

## ਬਲਾਤਕਾਰ ਕਾਰਨ 14 ਸਾਲਾ ਬੱਚੀ ਹੋਈ ਗਰਭਵਤੀ, ਦੋਸ਼ੀ ਗ੍ਰਿਫ਼ਤਾਰ

ਜਲੰਧਰ-ਬਿਹਾਰ ਦੇ ਇੱਕ 22 ਸਾਲਾ ਬਿਹਾਰੀ ਨੌਜਵਾਨ ਪ੍ਰਿੰਸ ਵੱਲੋਂ 14 ਸਾਲ ਦੀ ਲੜਕੀ ਨਾਲ ਜਬਰ ਜਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਗੱਲ ਉਦੋਂ ਜੱਗਜ਼ਾਹਰ ਹੋਈ 14 ਸਾਲਾ ਬੱਚੀ ਇਕ ਮਹੀਨੇ ਦੀ ਗਰਭਵਤੀ ਪਾਈ ਗਈ। ਇਸ ਤੋਂ ਬਾਅਦ ਪਰਿਵਾਰ ਨੇ ਤੁਰੰਤ ਪੁਲੀਸ ਨੂੰ ਮਾਮਲੇ ਦੀ ਸ਼ਿਕਾਇਤ ਦਿੱਤੀ। ਪੁਲੀਸ ਨੇ ਲੜਕੀ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਕੇਸ ਦਰਜ ਕਰ ਕੇ ਮੁਲਜ਼ਮ ਨੂੰ ਭਾਰਗਵ ਕੈਂਪ ਨੇੜਿਓਂ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਨੂੰ ਦਿੱਤੇ ਬਿਆਨਾਂ ਵਿੱਚ ਪੀੜਤ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਦੀ ਲੜਕੀ ਦੀ ਉਮਰ 14 ਸਾਲ ਹੈ ਅਤੇ ਜਲੰਧਰ ਵਿੱਚ ਪੜ੍ਹਦੀ ਸੀ। ਇਸ ਦੌਰਾਨ 22 ਸਾਲਾ ਪ੍ਰਿੰਸ ਉਸ ਨੂੰ ਵਰਗਲਾ ਕੇ ਆਪਣੇ ਨਾਲ ਲੈ ਗਿਆ ਤੇ ਉਸ ਨਾਲ ਜਬਰ ਜਨਾਹ ਕੀਤਾ। ਇਸ ਦੌਰਾਨ 9 ਜਨਵਰੀ 2025 ਨੂੰ ਪੀੜਤ ਲੜਕੀ ਦੇ ਪੇਟ 'ਚ ਅਚਾਨਕ ਤੇਜ਼ ਦਰਦ ਹੋਣ ਲੱਗਾ ਤਾਂ ਉਸ ਨੇ ਇਸ ਦੀ ਸੂਚਨਾ ਆਪਣੇ ਪਰਿਵਾਰ ਨੂੰ ਦਿੱਤੀ। ਪਰਿਵਾਰ ਵਾਲੇ ਲੜਕੀ ਨੂੰ ਹਸਪਤਾਲ ਲੈ ਗਏ ਅਤੇ ਉਸਦਾ ਇਲਾਜ ਸ਼ੁਰੂ ਕਰਵਾਇਆ। ਉਥੇ ਡਾਕਟਰਾਂ ਨੇ ਪਰਿਵਾਰ ਨੂੰ ਦੱਸਿਆ ਕਿ ਉਨ੍ਹਾਂ ਦੀ ਬੇਟੀ ਇੱਕ ਮਹੀਨੇ ਦੀ ਗਰਭਵਤੀ ਹੈ।

## ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਯਾਤਰੀਆਂ ਦੀ ਗਿਣਤੀ ਵਿਚ ਹੋਇਆ ਭਾਰੀ ਵਾਧਾ

### ✪ ਗੁਮਟਾਲਾ ਨੇ ਕਿਹਾ ਕਿ ਟਰਮੀਨਲ ਦਾ ਤੁਰੰਤ ਵਿਸਤਾਰ ਕਰੋ, ਪਾਰਕਿੰਗ ਅਤੇ ਹੋਰ ਯਾਤਰੀ ਸੁਵਿਧਾਵਾਂ ਨੂੰ ਸੁਧਾਰੋ



ਅੰਮ੍ਰਿਤਸਰ-ਇੱਥੇ ਸਥਿਤ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਨੇ ਜਨਵਰੀ 2025 'ਚ ਅੰਤਰਰਾਸ਼ਟਰੀ ਯਾਤਰੀਆਂ ਦੀ ਹੁਣ ਤੱਕ ਦੀ ਸਭ ਤੋਂ ਵੱਧ ਆਵਾਜਾਈ ਦਰਜ ਕਰ ਕੇ ਨਵਾਂ ਰਿਕਾਰਡ ਬਣਾਇਆ ਹੈ। ਹਵਾਈ ਅੱਡੇ ਦੇ ਵਿਕਾਸ ਅਤੇ ਵਧੇਰੇ ਉਡਾਣਾਂ ਲਈ ਯਤਨਸ਼ੀਲ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਹਵਾਈ ਅੱਡੇ ਨੇ ਜਨਵਰੀ 2025 'ਚ ਹੁਣ ਤੱਕ ਦੀ ਸਭ ਤੋਂ ਵੱਧ 1.14 ਲੱਖ ਅੰਤਰਰਾਸ਼ਟਰੀ ਯਾਤਰੀਆਂ ਦੀ ਆਵਾਜਾਈ ਦਰਜ ਕੀਤੀ ਹੈ। ਇਸ ਤੋਂ ਪਹਿਲਾਂ ਸਭ ਤੋਂ ਵੱਧ 1.11 ਲੱਖ ਯਾਤਰੀਆਂ ਦੀ ਗਿਣਤੀ ਬੀਤੇ ਦਸੰਬਰ 2024 ਵਿੱਚ ਦਰਜ ਕੀਤੀ ਗਈ ਸੀ।

ਏਅਰਪੋਰਟ ਅਥਾਰਿਟੀ ਆਫ ਇੰਡੀਆ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਮੁਤਾਬਿਕ ਘਰੇਲੂ ਆਵਾਜਾਈ ਵਿੱਚ ਵੀ ਕੁੱਲ 2.10 ਲੱਖ ਯਾਤਰੀਆਂ ਨਾਲ 19.5% ਦਾ ਵੱਡਾ ਵਾਧਾ ਹੋਇਆ ਹੈ। ਜਨਵਰੀ 2024 ਵਿੱਚ ਇਹ ਗਿਣਤੀ 1.76 ਲੱਖ ਦਰਜ ਹੋਈ ਸੀ ਅਤੇ ਹੁਣ ਜਨਵਰੀ ਦੇ ਮਹੀਨੇ ਕੁੱਲ ਯਾਤਰੀਆਂ ਦੀ ਗਿਣਤੀ ਲਗਪਗ 3.24 ਲੱਖ ਹੈ ਜੋ 18.6% ਫੀਸਦ ਵੱਧ ਹੈ। ਸ੍ਰੀ ਗੁਮਟਾਲਾ ਨੇ ਦੱਸਿਆ ਕਿ ਇਸ ਵਾਧੇ ਦਾ ਮੁੱਖ ਕਾਰਨ ਥਾਈ ਲੌਇਨ ਏਅਰ ਅਤੇ ਏਅਰ ਇੰਡੀਆ ਐਕਸਪ੍ਰੈਸ ਵੱਲੋਂ ਬੈਂਕਾਕ ਲਈ ਸਾਲ 2024 ਦੇ ਅੰਤ ਵਿੱਚ ਸ਼ੁਰੂ ਕੀਤੀਆਂ ਗਈਆਂ ਨਵੀਆਂ ਉਡਾਣਾਂ, ਏਅਰ ਇੰਡੀਆ ਦੀ ਬਰਮਿੰਘਮ, ਨਿਓਸ ਏਅਰ ਦੀ ਮਿਲਾਨ ਤੇ ਮਲੇਸ਼ੀਆ ਏਅਰਲਾਈਨ ਦੀ ਕੁਆਲਾਲੰਪੁਰ ਲਈ ਉਡਾਣਾਂ ਦੀ ਵਧਾਈ ਗਈ ਗਿਣਤੀ ਅਤੇ ਵਧੇਰੇ ਪੰਜਾਬੀਆਂ ਵੱਲੋਂ ਦਿੱਲੀ ਜਾਣ ਦੀ ਬਜਾਏ ਅੰਮ੍ਰਿਤਸਰ ਲਈ ਸਿੱਧੀਆਂ ਅੰਤਰਰਾਸ਼ਟਰੀ ਉਡਾਣਾਂ ਨੂੰ ਤਰਜੀਹ ਦੇਣਾ ਹੈ। ਯਾਤਰੀਆਂ ਦੀ ਵਧ ਰਹੀ ਆਵਾਜਾਈ ਨੂੰ ਦੇਖਦਿਆਂ ਉਨ੍ਹਾਂ ਨੇ ਟਰਮੀਨਲ ਦੇ ਤੁਰੰਤ ਵਿਸਤਾਰ, ਪਾਰਕਿੰਗ ਅਤੇ ਹੋਰ ਯਾਤਰੀ ਸੁਵਿਧਾਵਾਂ ਦੇ ਸੁਧਾਰ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ।


**ANIL DHEER**

Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants- Vaccine-specific resources & IPC (W.H.O)



ਵਿਸ਼ਵ ਜਨਮ ਤੋਂ ਬਿਮਾਰੀ ਦਿਵਸ- 2025

# ਜਨਮ ਦੇ ਨੁਕਸ ਤੋਂ ਜਰੂਰੀ ਹੈ ਬਚਾਅ




"ਵਿਸ਼ਵ ਭਰ ਵਿਚ 3 ਮਾਰਚ, 2025 ਨੂੰ ਵਿਸ਼ਵ ਡਿਫੇਕਟਿਵ ਜਨਮ ਪ੍ਰਤੀ ਜਾਗਰੂਕਤਾ ਬਾਰੇ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਵਿਸ਼ਵ ਭਰ ਲਈ ਲਗਾਤਾਰ ਜਨਮ ਸਮੇਂ ਤੋਂ ਹੀ ਬਿਮਾਰੀਆਂ ਦਾ ਵੱਧ ਰਿਹਾ ਅੰਕੜਾ ਚਿੰਤਾ ਬਣ ਗਿਆ ਹੈ। ਇਸ ਸਾਲ ਦਾ ਥੀਮ ਹੈ- ਜਨਮ ਦੇ ਨੁਕਸ ਦੀ ਹਰ ਪੱਧਰ 'ਤੇ ਰੋਕਥਾਮ। ਔਰਤਾਂ ਵਿਚ ਅਲਕੋਹਲ, ਮਾਰਿਜੁਆਨਾ, ਵੇਪਸ, ਡਰੱਗਜ਼, ਸਿਗਰੇਟ ਦੇ ਨਸ਼ੇ ਦੀ ਲਗਾਤਾਰ ਵੱਧ ਰਹੀ ਵਰਤੋਂ ਖਤਰਨਾਕ ਬਿਮਾਰੀਆਂ ਦੇ ਰਹੀ ਹੈ। ਆਪਣੀ 'ਤੇ ਤੰਦਰੁਸਤ ਬੱਚੇ ਲਈ ਪ੍ਰੈਗਨੈਂਸੀ ਤੋਂ ਪਹਿਲਾਂ, ਦੌਰਾਣ ਅਤੇ ਬਾਅਦ ਵਿਚ ਖਿਆਲ ਰੱਖਣਾ ਜਰੂਰੀ ਹੋ ਗਿਆ ਹੈ"-

ਹੈਲਥ ਮੀਡੀਆ ਕੈਨੇਡਾ : ਵਿਸ਼ਵ ਭਰ ਵਿਚ 3 ਮਾਰਚ 2025 ਨੂੰ ਵਿਸ਼ਵ ਜਨਮ ਡਿਫੈਕਟ ਦਿਵਸ ਵਾਲੇ ਦਿਨ ਜਾਗਰੁਕਤਾ ਨਾਲ, ਪੈਦਾ ਹੋ ਰਹੇ ਨੁਕਸ ਵਾਲੇ ਬੱਚਿਆਂ ਦਾ ਅੰਕੜਾ ਘੱਟ ਕਰਨ 'ਤੇ ਜੋਰ ਦਿੱਤਾ ਜਾ ਰਿਹਾ ਹੈ। ਅੱਜ ਪੂਰੀ ਦੁਨੀਆ ਵਿਚ ਨੁਕਸ ਵਾਲੇ ਯਾਨਿ ਡਿਫੈਕਟਿਵ ਬੱਚੇ ਪੈਦਾ ਹੋ ਰਹੇ ਹਨ। ਅਮਰੀਕਾ ਵਿਚ ਹਰ 4 ਮਿੰਟ ਵਿਚ 1 ਨੁਕਸ ਵਾਲਾ ਬੱਚਾ ਯਾਨਿ ਹਰ ਸਾਲ 121,000 ਤੋਂ ਵੱਧ ਪੈਦਾ ਹੋ ਰਹੇ ਹਨ। ਜਨਮ ਦੇ ਸਮੇਂ ਮੌਜੂਦ ਢਾਂਚਾਗਤ ਤਬਦੀਲੀਆਂ ਹਨ ਜੋ ਸਰੀਰ ਦੇ ਲਗਭਗ ਕਿਸੇ ਵੀ ਹਿੱਸੇ ਜਾਂ ਅੰਗਾਂ (ਦਿਲ, ਦਿਮਾਗ, ਪੈਰ) ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਸਰੀਰ ਕਿਵੇਂ ਦਿਸਦਾ ਜਾਂ ਕੰਮ ਕਰਦਾ ਹੈ। ਜਨਮ ਦੇ ਬਿਮਾਰੀਆਂ ਆਮ ਤੋਂ ਲੈ ਕੇ ਗੰਭੀਰ 'ਤੇ ਵੱਖ-ਵੱਖ ਵੀ ਹੋ ਸਕਦੀਆਂ ਹਨ। ਜਨਮ ਦੇ ਨੁਕਸ ਨਾਲ ਪ੍ਰਭਾਵਿਤ ਹਰੇਕ ਬੱਚੇ ਦੀ ਤੰਦਰੁਸਤੀ ਜ਼ਿਆਦਾਤਰ ਇਸ ਗੱਲ 'ਤੇ ਨਿਰਭਰ ਕਿ ਕਿਸ ਅੰਗ ਜਾਂ ਸਰੀਰ ਹਿੱਸਾ ਸ਼ਾਮਿਲ ਹੈ ਅਤੇ ਕਿੰਨਾ ਪ੍ਰਭਾਵਿਤ ਹੋਇਆ ਹੈ। ਪੀੜਿਤ ਵਿਅਕਤੀ ਦੀ ਸੰਭਾਵਿਤ ਉਮਰ ਪ੍ਰਭਾਵਿਤ ਹੋ ਸਕਦੀ ਹੈ ਜਾਂ ਨਹੀਂ।

ਜਨਮ ਦੇ ਨੁਕਸ ਦੀ ਪਛਾਣ ਕਿਵੇਂ: ਜਨਮ ਤੋਂ ਪਹਿਲਾਂ, ਜਨਮ ਵੇਲੇ, ਜਾਂ ਬਾਅਦ ਕਿਸੇ ਵੀ ਸਮੇਂ ਬਿਮਾਰੀ ਆ ਸਕਦੀ ਹੈ। ਜ਼ਿਆਦਾਤਰ ਇਹ ਨੁਕਸ ਜੀਵਨ ਦੇ ਪਹਿਲੇ ਸਾਲ ਅੰਦਰ ਦੇਖੇ ਜਾ ਰਹੇ ਹਨ। ਪ੍ਰੈਗਨੈਂਸੀ ਦੌਰਾਣ ਕਿਸੇ ਵੀ ਪੜਾਅ, ਆਮਤੌਰ 'ਤੇ ਪਹਿਲੇ 3 ਮਹੀਨਿਆਂ ਵਿਚ, ਜਦੋਂ ਬੱਚੇ ਦੇ ਅੰਗ ਬਣ ਰਹੇ ਹੁੰਦੇ ਹਨ। ਪ੍ਰੈਗਨੈਂਸੀ ਦੇ ਆਖਰੀ 6 ਮਹੀਨੇ ਦੇ ਦੌਰਾਣ ਟਿਸ਼ੂ, ਅਤੇ ਅੰਗ ਵੱਧਦੇ 'ਤੇ ਵਿਕਾਸ ਕਰਦੇ ਰਹਿੰਦੇ ਹਨ। ਕਈ ਕਾਰਨ ਗੁੰਝਲਦਾਰ ਮਿਕਸ ਕਾਰਨਾਂ ਵਿਚ ਸਾਡੇ ਜੀਨ, ਵਿਵਹਾਰ, ਵਾਤਾਵਰਣ ਵਿਚ ਮੌਜੂਦ ਚੀਜ਼ਾਂ ਸ਼ਾਮਲ ਹਨ। ਪਰ, ਅਸੀਂ ਪੂਰੀ ਤਰਾਂ ਨਹੀਂ ਸਮਝਦੇ ਕਿ ਇਹ ਕਾਰਕ ਜਨਮ ਦੇ ਨੁਕਸ ਪੈਦਾ ਕਰਨ ਲਈ ਇਕੱਠੇ ਕਿਵੇਂ ਕੰਮ ਕਰ ਸਕਦੇ ਹਨ। ਜਦੋਂ ਕਿ ਸਾਡੇ ਕੋਲ ਅਜੇ ਹੋਰ ਕੰਮ ਕਰਨਾ ਬਾਕੀ ਹੈ, ਅਸੀਂ ਪਿਛਲੀ ਖੋਜ ਦੁਆਰਾ ਜਨਮ ਦੇ ਨੁਕਸ ਬਾਰੇ ਬਹੁਤ ਕੁੱਝ ਸਿੱਖਿਆ ਹੈ। ਉਦਾਹਰਨ ਲਈ, ਕੁੱਝ ਚੀਜਾਂ ਜਨਮ ਨੁਕਸ ਵਾਲੇ ਬੱਚੇ ਦੇ ਹੋਣ ਦੀ ਸੰਭਾਵਨਾ ਨੂੰ ਵਧਾ ਸਕਦੀਆਂ ਹਨ, ਜਿਵੇਂ ਕਿ ਪ੍ਰੈਗਨੈਂਸੀ ਦੌਰਾਣ ਸਿਗਰਟਨੋਸ਼ੀ, ਸ਼ਰਾਬ ਪੀਣਾ, ਕੁੱਝ ਦਵਾਈਆਂ ਲੈਣਾ, ਪ੍ਰੈਗਨੈਂਸੀ ਤੋਂ ਪਹਿਲਾਂ ਅਤੇ ਦੌਰਾਣ ਮੋਟਾਪਾ ਹੋਣਾ ਜਾਂ ਬੇਕਾਬੂ ਸ਼ੂਗਰ ਹੋਣਾ, ਆਈਸੋਟਰੇਟੀਨੋਇਨ ਦਵਾਈ, ਪ੍ਰੈਗਨੈਂਸੀ ਦੌਰਾਣ ਇਨਫੈਕਸ਼ਨ ਜ਼ੀਕਾ ਅਤੇ ਸਾਈਟੋਮੇਗਲੋ ਵਾਇਰਸ। * ਗਰਮੀ ਦੇ ਐਕਸਪੋਜ਼ਰ ਕਾਰਨ ਸਰੀਰ ਦਾ ਤਾਪਮਾਨ ਹਾਈ ਰਹਿਣਾ।* ਜ਼ਿਆਦਾ ਉਮਰ 'ਚ ਮਾਂ ਹੋਣ ਦੇ ਨਾਤੇ, ਕਿਉਂਕਿ ਉਮਰ ਦੇ ਨਾਲ ਕ੍ਰੋਮੋਸੋਮਲ ਅਸਧਾਰਨਤਾਵਾਂ ਨਾਲ ਖਤਰਾ ਵੱਧ ਸਕਦਾ ਹੈ।


*ਖਿਆਲ ਰੱਖਣਾ ਜਰੂਰੀ ਹੋ ਗਿਆ ਹੈ:*

- ਜਨਮ ਦੇ ਨੁਕਸ ਦੇ ਰੋਕਥਾਮ 'ਚ ਵਿਸ਼ੇਸ਼ ਟੈਸਟ: ਹੈਲਦੀ ਅਤੇ ਬੱਚੇ ਦੇ ਜਨਮ ਦੇ ਨੁਕਸ ਦੇ ਸੰਭਾਵਿਤ ਖਤਰੇ ਘੱਟ ਕਰਨ ਲਈ ਈਕੋਕਾਰਡੀਓਗਰਾਮ, ਐਕਸ-ਰੇ, ਜੈਨੇਟਿਕ ਕਾਊਂਸਲਿੰਗ, ਸਮੇਂ-ਸਮੇਂ 'ਤੇ ਡਾਕਟਰ ਦੀ ਸਲਾਹ, ਵਿਟਾਮਿਨ ਸਪਲੀਮੈਂਟ, ਪੌਸ਼ਟਿਕ ਖੁਰਾਕ, ਪ੍ਰੈਗਨੈਂਸੀ ਦੌਰਾਣ ਪ੍ਰੋਪਰ ਦੇਖਭਾਲ, ਜਰੂਰੀ ਵੈਕਸੀਨੇਸ਼ਨ ਕਰਾਓ।
- ਕੋਈ ਵੀ ਓਵਰ-ਦੀ-ਕਾਊਂਟਰ ਦਵਾਈ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਜਰੂਰ ਲਵੋ।
- ਫੋਲਿਕ ਐਸਿਡ ਡੇਲੀ 400 ਗ੍ਰਾਮ ਦੀ ਮਾਤਰਾ, ਦਿਮਾਗ ਅਤੇ ਰੀੜ ਦੀ ਹੱਡੀ ਦੇ ਜਨਮ ਵੇਲੇ ਦੇ ਨੁਕਸ ਨੂੰ ਰੋਕਣ 'ਚ ਹੈਲਪ ਕਰਦਾ ਹੈ।
- ਅਲਕੋਹਲ, ਡਰੱਗਸ, ਤੰਬਾਕੂ, ਦਾ ਨਸ਼ੇ ਦੂਰ ਰਹੋ। ਪ੍ਰੈਗਨੈਂਸੀ ਦੌਰਾਣ ਅਲਕੋਹਲ ਪੀਣ ਨਾਲ ਗਰਭਪਾਤ, ਮਰੇ ਹੋਏ ਬੱਚੇ ਦਾ ਜਨਮ, ਜੜਿਨ ਭਰ ਲਈ ਸਰੀਰਕ, ਵਿਹਾਰਕ, 'ਤੇ ਬੋਧਿਕ, ਅਸਮਰਥਤਾਵਾਂ, ਅਤੇ ਭਰੂਣ ਅਲਕੋਹਲ ਸਪੈਕਟਰਮ ਡਿਸਆਰਡਰ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ।
- ਤੰਬਾਕੂ-ਸਿਗਰੇਟ ਪੀਣ ਅਤੇ ਮਾਰਿਜੁਆਨਾ, ਨਾਲ ਅਚਨਚੇਤੀ ਜਨਮ, ਕੱਟੇ ਹੋਏ ਬੁੱਲ, ਬੱਚਾ ਅੰਡਰਵੇਟ, ਵਾਲੀ ਹਾਲਤ ਪੈਦਾ ਹੋ ਸਕਦੀ ਹੈ।
- ਔਰਤਾਂ ਸ਼ੂਗਰ ਰੋਗ ਦੀ ਹਾਲਤ 'ਚ ਵਰਕ-ਆਊਟ, ਯੋਗਾ, ਮੈਡੀਟੇਸ਼ਨ, ਸਹੀ ਖੁਰਾਕ, ਜਾਂਚ, ਦੁਆਰਾ ਕੰਟ੍ਰੋਲ 'ਚ ਰੱਖਣ। ਪ੍ਰੈਗਨੈਂਸੀ ਤੋਂ ਪਹਿਲਾਂ, ਦੌਰਾਣ ਅਤੇ ਬਾਅਦ 'ਚ ਮਾਂ-ਬੱਚੇ ਲਈ ਸੰਭਾਵਿਤ ਖਤਰੇ ਦਾ ਕਾਰਨ ਬਣ ਸਕਦੇ ਹਨ।
- ਤੰਦਰੁਸਤੀ ਅਤੇ ਤੰਦਰੁਸਤ ਬੱਚੇ ਲਈ ਗਰਭਵਤੀ ਔਰਤਾਂ ਨੂੰ ਹਰ ਜਰੂਰੀ ਸ਼ਾਟ-ਵੈਕਸੀਨੇਸ਼ਨ, ਲਈ ਸਮੇਂ -ਸਮੇਂ 'ਤੇ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਜੰਕ-ਮਸਾਲੇਦਾਰ ਖੁਰਾਕ, ਦੀ ਥਾਂ ਤਾਜ਼ੇ ਫੱਲ-ਸਬਜ਼ੀਆਂ ਦਾ ਜੂਸ, ਸੂਪ, ਕੈਫੀਨ ਦੀ ਵਰਤੋਂ ਘੱਟ ਕਰਨ ਦੀ ਲੋੜ ਹੈ।

ਨੋਟ : ਪ੍ਰੈਗਨੈਂਸੀ ਤੋਂ ਪਹਿਲਾਂ ਜਾਂ ਦੌਰਾਣ ਕਮਜੋਰ 'ਤੇ ਕਿਸੇ ਬਿਮਾਰੀ ਨਾਲ ਪੀੜਿਤਾਂ ਨੂੰ ਆਪਣੀ ਅਤੇ ਤੰਦਰੁਸਤ ਬੱਚੇ ਲਈ ਲੋੜ ਤੋਂ ਵੱਧ ਖਿਆਲ ਰੱਖਣ ਦੀ ਲੋੜ ਹੈ। ਕਿਸੇ ਵੀ ਮਾੜੇ ਲੱਛਣ ਦਿਸਣ ਦੀ ਹਾਲਤ ਵਿਚ ਬਿਨਾ ਦੇਰੀ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲਵੋ।

# ਗੋਲਡ ਕਾਰਡ ਦੀ ਬਜਾਏ ਯੋਗਤਾ ਅਧਾਰਤ ਪ੍ਰਵਾਸ ਪ੍ਰਣਾਲੀ ਦੀ ਲੋੜ-ਸਾਂਸਦ ਆਰ ਓ ਖੰਨਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਡੈਮੋਕਰੈਟਿਕ ਸਾਂਸਦ ਆਰ ਓ ਖੰਨਾ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸਤਾਵਿਤ "ਗੋਲਡ ਕਾਰਡ" ਪ੍ਰੋਗਰਾਮ ਦਾ ਜੋਰਦਾਰ ਵਿਰੋਧ ਕੀਤਾ ਹੈ ਜਿਸ ਤਹਿਤ 50 ਲੱਖ ਡਾਲਰ ਦੇ ਵਿਦੇਸ਼ੀ ਨਿਵੇਸ਼ ਬਦਲੇ ਅਮਰੀਕੀ ਨਾਗਰਿਕਤਾ ਦੀ ਪੇਸ਼ਕਸ਼ ਕੀਤੀ ਗਈ ਹੈ। ਸਾਂਸਦ ਖੰਨਾ ਨੇ "ਨਿਊਜਵੀਕ" ਨਾਲ ਇਕ ਮੁਲਾਕਾਤ ਦੌਰਾਨ ਕਿਹਾ ਕਿ "ਅਮਰੀਕਾ ਵਿਚ ਸਫਲ ਕੰਪਨੀ ਬਣਾਉਣ ਲਈ ਤੁਹਾਡੇ ਬੈਂਕ ਖਾਤੇ ਵਿਚ 50 ਲੱਖ ਡਾਲਰ ਹੋਣੇ ਜਰੂਰੀ ਨਹੀਂ ਹਨ। ਸਰਗੀ ਬ੍ਰਿਨ, ਸੁੰਦਰ ਪਿਚਾਈ ਜਾਂ ਸਤਿਆ ਨੇਡੈਲਾ ਦੀ ਉਦਾਹਰਣ ਸਾਹਮਣੇ ਹੈ।" ਉਨਾਂ ਨੇ ਗੁਣਵੱਤਾ ਅਧਾਰਤ ਪ੍ਰਵਾਸ ਵਿਵਸਥਾ ਉਪਰ ਜੋਰ ਦਿੱਤਾ ਜਿਸ ਤਹਿਤ ਕੁਸ਼ਲ ਵਰਕਰਾਂ ਨੂੰ ਪਹਿਲ ਦਿੱਤੀ ਜਾਵੇ ਤੇ ਇਸ ਦੇ ਨਾਲ ਹੀ ਸ਼ੋਸ਼ਣ ਵਿਰੁੱਧ ਸੁਰੱਖਿਆ ਵਜੋਂ ਐਚ-1ਬੀ ਵੀਜਾ ਪ੍ਰੋਗਰਾਮ ਵਿਚ ਸੁਧਾਰ ਕੀਤਾ ਜਾਵੇ। ਉਨਾਂ ਕਿਹਾ ਕਿ "ਸਾਨੂੰ ਕੁਸ਼ਲ ਵਰਕਰਾਂ ਦਾ ਸਵਾਗਤ ਕਰਨਾ ਚਾਹੀਦਾ ਹੈ ਜੋ ਸਿਰਜਨਾਤਮਿਕ ਤੇ ਉਸਾਰੂ ਯੋਗਤਾ ਰਖਦੇ ਹਨ। ਇਨਾਂ ਵਰਕਰਾਂ ਦਾ ਸ਼ੋਸ਼ਣ ਨਾ ਹੋਵੇ ਜਿਸ ਵਾਸਤੇ ਐਚ-1ਬੀ ਪ੍ਰੋਗਰਾਮ ਵਿਚ ਫੇਰਬਦਲ ਦੀ ਲੋੜ ਹੈ। ਜਿਕਰਯੋਗ ਹੈ ਕਿ ਟਰੰਪ ਨੇ ਅਮੀਰ ਵਿਦੇਸ਼ੀਆਂ ਲਈ "ਗਲੋਡ ਕਾਰਡ" ਪ੍ਰੋਗਰਾਮ ਦਾ ਐਲਾਨ ਕੀਤਾ ਹੈ ਜਿਸ ਤਹਿਤ 50 ਲੱਖ ਅਮਰੀਕੀ ਡਾਲਰ ਫੀਸ ਦੇ ਬਦਲੇ ਉਨਾਂ ਨੂੰ ਅਮਰੀਕਾ ਵਿਚ ਰਹਿਣ ਤੇ ਕੰਮ ਕਰਨ ਦਾ ਅਧਿਕਾਰ ਦਿੱਤਾ ਜਾਵੇਗਾ ਤੇ ਅਮਰੀਕੀ ਨਾਗਰਿਕਤਾ ਦਿੱਤੀ ਜਾਵੇਗੀ। ਕਾਰਡਾਂ ਦੀ ਵਿਕਰੀ ਛੇਤੀ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ। ਇਨਾਂ ਕਾਰਡਾਂ ਦੀ ਕੋਈ ਗਿਣਤੀ ਨਿਰਧਾਰਤ ਨਹੀਂ ਕੀਤੀ ਗਈ ਹੈ। ਟਰੰਪ ਨੂੰ ਆਸ ਹੈ ਕਿ ਇਸ ਨਾਲ ਅਮੀਰ ਵਿਦੇਸ਼ੀ ਅਮਰੀਕਾ ਵੱਲ ਰੁਖ ਕਰਨਗੇ ਜਿਸ ਨਾਲ ਅਮਰੀਕੀ ਅਰਥ ਵਿਵਸਥਾ ਮਜਬੂਤ ਹੋਵੇਗੀ। ਵਣਜ ਸਕੱਤਰ ਹਾਵਰਡ ਲੁਟਨਿਕ ਅਨੁਸਾਰ ਮੌਜੂਦਾ ਈ ਬੀ-5 ਵੀਜਾ ਤਹਿਤ ਗਰੀਨ ਕਾਰਡ ਲੈਣ ਲਈ ਬਹੁਤ ਘੱਟ ਕੀਮਤ ਰਖੀ ਗਈ ਹੈ। ਈ ਬੀ-5 ਵੀਜਾ ਪ੍ਰੋਗਰਾਮ ਤਹਿਤ ਬਿਨੇਕਾਰ ਨੂੰ 8 ਲੱਖ ਡਾਲਰ ਤੋਂ 10 ਲੱਖ ਡਾਲਰ ਦੇ ਦਰਮਿਆਨ ਨਿਵੇਸ਼ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ 1 ਲੱਖ ਡਾਲਰ ਤੋਂ 2 ਲੱਖ ਡਾਲਰ ਤੱਕ ਕਵਰਿੰਗ ਫੀਸ ਦੇਣੀ ਪੈਂਦੀ ਹੈ ਤੇ ਘੱਟੋ ਘੱਟ 10 ਅਮਰੀਕੀਆਂ ਨੂੰ ਕੰਮ 'ਤੇ ਰਖਣਾ ਪੈਂਦਾ ਹੈ। ਇਸੇ ਦੌਰਾਨ ਇਮੀਗ੍ਰੇਸ਼ਨ ਨੀਤੀ ਮਾਹਿਰਾਂ ਨੇ ਕਿਹਾ ਹੈ ਕਿ ਰਾਸ਼ਟਰਪਤੀ ਕੋਲ ਨਵੀਂ ਵੀਜਾ ਸ਼੍ਰੇਣੀ ਬਣਾਉਣ ਜਾਂ ਈ ਬੀ-5 ਪ੍ਰੋਗਰਾਮ ਨੂੰ ਖਤਮ ਕਰਨ ਦਾ ਅਧਿਕਾਰ ਨਹੀਂ ਹੈ,ਇਹ ਅਧਿਕਾਰ ਅਮਰੀਕੀ ਕਾਂਗਰਸ ਕੋਲ ਹੈ।



# ਨਸ਼ਿਆਂ ਤੋਂ ਛੁਟਕਾਰਾ-ਜਾਗੇ ਹੈਂ ਖ਼ੁਾਬ ਮੇਂ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



ਨਸ਼ਿਆਂ ਦਾ ਪੰਜਾਬ ਨਾਲ ਅਜਿਹਾ ਸੰਬੰਧ ਬਣ ਚੁੱਕਾ ਹੈ ਕਿ ਹੁਣ ਨਸ਼ੇ ਆਮ ਵਰਤਾਰਾ ਲਗਦੇ ਹਨ। ਹੁਣ ਗੰਭੀਰਤਾ ਨਾਲ ਨਸ਼ੇ ਬਾਰੇ ਸੋਚ ਕੇ ਹੰਭ ਚੁੱਕੇ ਹਾਂ। ਸਰਕਾਰੀ ਰਿਕਾਰਡ ਬੋਲਦਾ ਹੈ ਕਿ 10 ਦਸ ਲੱਖ ਤੋਂ ਵੱਧ ਲੋਕੀਂ ਨਸ਼ੇ ਦੇ ਆਦੀ ਹਨ। ਇਹਨਾਂ ਅੰਕੜਿਆਂ ਤੋਂ ਪਰੇ ਵੀ ਬਹੁਤ ਕੁੱਝ ਹੈ। ਜਦੋਂ ਨਸ਼ੇ ਭਾਰੂ ਹੋ ਗਏ ਤਾਂ ਨਸ਼ਾ ਛੁਡਾਊ ਕੇਂਦਰ ਵੀ ਖੁੱਲੇ। ਨਸ਼ਾ ਛੁਡਾਊ ਸਰਕਾਰੀ ਕੇਂਦਰਾਂ ਤੋਂ 2.62 ਲੱਖ ਲੋਕ ਇਲਾਜ ਕਰਵਾ ਰਹੇ ਹਨ। ਇਸ ਤੋਂ ਇਲਾਵਾ 6.12 ਲੱਖ ਨਿੱਜੀ ਕੇਂਦਰਾਂ ਤੋਂ ਇਲਾਜ ਕਰਵਾ ਰਹੇ ਹਨ। ਇਲਾਜ ਕਰਵਾਉਣ ਵਾਲਿਆਂ ਦਾ ਅੰਕੜਾ ਤਾਂ ਆ ਜਾਂਦਾ ਹੈ ਪਰ ਛੁਟਕਾਰਾ ਪਾਉਣ ਵਾਲਿਆਂ ਦਾ ਅੰਕੜਾ ਰਹੱਸ ਵਿੱਚ ਰਹਿੰਦਾ ਹੈ। ਇਹਨਾਂ ਦਾ ਮੁੜ ਵਸੇਬਾ ਵੀ ਚੁੱਪ ਧਾਰ ਕੇ ਰਹਿੰਦਾ ਹੈ। ਨਸ਼ੇ ਆਮ ਦ੍ਰਿਸਟੀ ਤੋਂ ਇਲਾਵਾ ਅੱਜ ਮਜਾਕ ਦਾ ਪਾਤਰ ਵੀ ਬਣ ਕੇ ਰਹਿ ਗਿਆ ਹੈ। ਨਸ਼ੇ ਦਾ ਹਾਲ ਇਹ ਹੈ ਕਿ ਜਿਵੇਂ ਸੁਪਨਾ ਲੈਂਦੇ ਹਾਂ , ਸਪਨੇ ਵਿੱਚ ਜਾਗਦੇ ਹਾਂ ਵਾਸਤਵ ਵਿੱਚ ਸੁੱਤੇ ਹੁੰਦੇ ਹਾਂ ਜ਼ਾਗਣ ਤੋਂ ਪਤਾ ਚੱਲਦਾ ਹੈ ਕਿ ਸੁੱਤੇ ਪਏ ਸਾਂ। ਇਹੀ ਕਥਨ ਨਸ਼ੇ ਤੇ ਢੁਕਵਾਂ ਹੈ:-

"ਹੈ ਗ਼ੈਬ ਗ਼ੈਬ,
ਜਿਸਕੋ ਸਮਝਤੇ ਹੈਂ ਹਮ ਸ਼ੁਹਦੂ,
ਹੈ ਖ਼ੁਾਬ ਮੇਂ ਹਨੋਜ਼,
ਜੋ ਜਾਗੇ ਹੈ ਖ਼ੁਾਬ ਮੇਂ"

ਸਰਕਾਰ ਦੇ ਉਪਰਾਲਿਆਂ ਦੇ ਬਾਵਜੂਦ ਨਸ਼ੇ ਕਾਬੂ ਨਹੀਂ ਆ ਰਹੇ। ਪੰਜਾਬ ਚ 36 ਦੇ ਲਗਭਗ ਸਰਕਾਰੀ ਅਤੇ 185 ਦੇ ਲਗਭਗ ਪ੍ਰਾਈਵੇਟ ਨਸ਼ੇ ਛੁਡਾਊ ਕੇਂਦਰ ਹਨ। ਇਹ ਨਸ਼ੇ ਛੁਡਾਉਂਦੇ ਹਨ। ਨਸ਼ਿਆਂ ਦੇ ਮਰੀਜ਼ਾਂ ਦੀ ਗਿਣਤੀ ਵਧਦੀ ਜਾਂਦੀ ਹੈ। 19 ਸਰਕਾਰੀ ਅਤੇ 74 ਨਿੱਜੀ ਮੁੜ ਵਸੇਬਾ ਕੇਂਦਰ ਕੰਮ ਕਰਦੇ ਹਨ। ਮਰੀਜ਼ ਅੰਦਰੋਂ ਲਾਹਣਤ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਮਾਨਸਿਕ ਸਥਿਤੀ ਪੇਸ਼ ਨਹੀਂ ਜਾਣ ਦਿੰਦੀ। ਪਰਨਾਲਾ ਉਥੇ ਹੀ ਪੁੱਜ ਜਾਂਦਾ ਹੈ। ਬੇਵੱਸ ਇੱਥੋਂ ਤੱਕ ਹਨ ਕਿ ਜੋ ਨਸ਼ੇ ਛੱਡ ਵੀ ਦਿੰਦੇ ਹਨ ਉਹ ਮੁੜ ਕੇ ਫਿਰ ਤੋਂ ਨਸ਼ੇ ਕਰਨ ਲੱਗ ਜਾਂਦੇ ਹਨ। ਨਸ਼ੇ ਗੁੰਮਰਾਹ ਹੋ ਕੇ ਜਾਂ ਮਾੜੀ ਸੰਗਤ ਵਿੱਚੋਂ ਪੈਦਾ ਹੁੰਦੇ ਹਨ ਜਦੋਂ ਨਸ਼ੇ ਨਾਲ ਜੁੜਿਆ ਜਾਂਦਾ ਹੈ ਹਿੰਸਾ ਅਤੇ ਅਪਰਾਧ ਆਪਣੇ ਆਪ ਹੀ ਨਾਲ ਜੁੜ ਜਾਂਦੇ ਹਨ। ਅਫਸੋਸ ਕੁੜੀਆਂ ਵੀ ਨਸ਼ਿਆਂ ਦੀਆਂ ਆਦੀ ਹੋ ਗਈਆਂ ਹਨ। ਗੁਰਦਾਸ ਮਾਨ ਦਾ ਗਾਣਾ ਕਾਫੀ ਹੈ, "ਧੂਏਂ ਨਾਲ ਛਾਤੀਆਂ ਦਾ ਦੁੱਧ ਸਾੜਤਾ ਜੰਮਣੇ ਤੋਂ ਪਹਿਲਾਂ ਅੱਧਾ ਪੁੱਤ ਮਾਰਤਾ"



ਸੰਯੁਕਤ ਰਾਸ਼ਟਰ ਦੀ ਰਿਪੋਰਟ ਜੋ 2020 ਵਿੱਚ ਪ੍ਰਕਾਸ਼ਿਤ ਹੋਈ ਸੀ ਉਸ ਤਹਿਤ ਪ੍ਰਮੁੱਖ ਬਜਾਰਾਂ ਵਿੱਚ ਸਲਾਨਾ 31.5 ਕਰੋੜ ਡਾਲਰ ਦਾ ਕਾਰੋਬਾਰ ਹੁੰਦਾ ਹੈ। ਇਸ ਦਾ ਸੇਕ ਪੰਜਾਬ ਤੱਕ ਪੁੱਜਦਾ ਹੈ। ਪੰਜਾਬ ਵਿੱਚ ਮਿਲੀਭੁਗਤ ਅਤੇ ਮਾਫੀਏ ਦੀਆਂ ਖਬਰਾਂ ਆਮ ਹਨ। ਇੱਕਾ ਦੁੱਕਾ ਪੁਲਿਸ ਮੁਲਾਜ਼ਮ ਨਸ਼ੇ ਰਾਹੀਂ ਸਾਰੇ ਵਿਭਾਗ ਨੂੰ ਲਬੇੜ ਦਿੰਦੇ ਹਨ। ਇਸ ਦਾ ਸਿੱਧਾ ਅਸਰ ਤਾਂ ਹੁੰਦਾ ਹੈ ਕਿ ਪੁਲਿਸ ਦੀ ਡਿਊਟੀ ਨਸ਼ੇ ਫੜਨਾ ਹੁੰਦਾ ਹੈ। 18 ਨਵੰਬਰ 2023 ਨੂੰ ਅੰਮ੍ਰਿਤਸਰ ਪੁਲਸ ਨੇ ਪੁਲਿਸ ਮੁਲਾਜ਼ਮ ਕੋਲੋਂ ਚੋਦਾਂ ਕਰੋੜ ਦੀ ਦੋ ਕਿੱਲੋ ਹੀਰੋਅਨ ਫੜੀ। ਇਸ ਦੇ ਅੱਗੇ ਪਿੱਛੇ ਕੌਣ ਹੋ ਸਕਦਾ ਹੈ? ਅਜਿਹੇ ਮੌਕਿਆਂ ਤੇ ਸਰਕਾਰ ਅਤੇ ਪੁਲਿਸ ਦੇ ਉਪਰਾਲੇ ਮਿੱਟੀ ਵਿੱਚ ਦਬ ਜਾਂਦੇ ਹਨ। ਇੱਕ ਕਰਮਚਾਰੀ ਤੋਂ ਫੜਿਆ ਨਸ਼ਾ ਤਾਂ ਦਿਖ ਜਾਂਦਾ ਹੈ ਪਰ ਪੁਲਿਸ ਨੇ ਫੜਿਆ ਇਹ ਨਹੀਂ ਦਿੱਖਦਾ। ਇੱਥੇ ਰਣਜੀਤ ਬਾਵੇ ਦਾ ਗਾਣਾ,"ਸਰਕਾਰਾਂ ਹੀ ਵਿਕਾਉਂਦੀਆਂ ਨੇ ਚਿੱਟਾ ਤਾਂ ਹੀ ਤਾਂ ਸ਼ਰੇਆਮ ਵਿਕਦਾ" ਪੁੱਖਤਾ ਹੋ ਜਾਂਦਾ ਹੈ। ਗੁਲਾਮੀ ਦੇ ਯੁੱਗ ਵਿੱਚ ਸ਼ਰਾਬ ਭਾਰੂ ਸੀ ਇਸੇ ਲਈ ਮਹਾਤਮਾ ਗਾਂਧੀ ਜੀ ਨੇ ਕਿਹਾ ਸੀ, "ਜੇ ਭਾਰਤ ਦਾ ਸ਼ਾਸਨ ਅੱਧੇ ਘੰਟੇ ਲਈ ਮੇਰੇ ਹੱਥਾਂ ਵਿੱਚ ਆ ਜਾਵੇ ਤਾਂ ਮੈਂ ਸ਼ਰਾਬ ਦੀਆਂ ਡਿਸਟਿੱਲਰੀਆਂ ਅਤੇ ਸ਼ਰਾਬ ਦੀਆਂ ਦੁਕਾਨਾਂ ਨੂੰ ਬਿਨਾਂ ਮੁਆਵਜ਼ਾ ਦਿੱਤੇ ਹੀ ਬੰਦ ਕਰ ਦੇਵਾਂਗਾ" ਇਸ ਤੋਂ ਇਹ ਵੀ ਸਪਸ਼ਟ ਹੈ ਕਿ ਨਸ਼ੇ ਚਿਰਾਂ ਤੋਂ ਚੱਲਦੇ ਆ ਰਹੇ ਹਨ। ਬਦਲੇ ਸਮੇਂ ਅਨੁਸਾਰ ਨਸ਼ੇ ਬਦਲੇ ਰੂਪ ਵਿੱਚ ਆਉਂਦੇ ਹਨ। "ਮਰਜ਼ ਬੜ੍ਹਤੀ ਗਈ ਜੂ ਜੂ ਦਵਾ ਕੀ"। ਪੰਜਾਬ ਪੰਚਾਇਤੀ ਰਾਜ ਐਕਟ 1994 ਵਿੱਚ ਆਪਣੇ ਪਿੰਡ ਚੋਂ ਸ਼ਰਾਬ ਦਾ ਠੇਕਾ ਚੁਕਵਾਉਣ ਦੀ ਵਿਵਸਥਾ ਹੈ ਇਹ ਧਾਰਾ ਵੀ ਮਾਲੀਏ ਦੀ ਆੜ ਹੇਠ ਦਮ ਤੋੜ ਦਿੰਦੀ ਹੈ।

ਅੱਜ ਨਸ਼ਿਆਂ ਤੋਂ ਛੁਟਕਾਰੇ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਸਰਕਾਰੀ ਅਤੇ ਮਰੀਜ਼ਾਂ ਦੀ ਦ੍ਰਿੜ ਇੱਛਾ ਤੇ ਨਿਰਭਰ ਹੈ। ਇਸ ਤੋਂ ਬਿਨਾਂ ਨਸ਼ੇ ਛੱਡਣੇ ਸੁਪਨੇ ਹੀ ਹਨ। ਨਸ਼ੇ ਥੱਲੇ ਦਬਦਾ ਜਾ ਰਿਹਾ ਪੰਜਾਬ ਅੱਜ ਸੌਦਾਗਰਾਂ ਖਿਲਾਫ਼ ਸਖ਼ਤ ਕਾਰਵਾਈ ਅਤੇ ਨਸ਼ੇ ਦੇ ਆਦੀਆਂ ਲਈ ਮੁੜ ਵਸੇਬਾ ਮੰਗਦਾ ਹੈ।

# ਚੌਥਾ ਉਸਤਾਦ ਰਾਜਿੰਦਰ ਪਰਦੇਸੀ ਯਾਦਗਾਰੀ ਐਵਾਰਡ ਦਿੱਤਾ ਗਿਆ ਸੁਰਿੰਦਰਪ੍ਰੀਤ ਘਣੀਆਂ ਨੂੰ

## ✪ ਵੰਝਲੀ ਦੀ ਤਾਨ ਗ਼ਜ਼ਲ ਸੰਗ੍ਰਹਿ ਅਤੇ ਧਰਤੀ ਪੰਜਾਬ ਦੀਏ ਪੁਸਤਕਾਂ ਲੋਕ ਅਰਪਣ



ਜਲੰਧਰ (ਤੇਜਿੰਦਰ ਮਨਚੰਦਾ)-ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.)ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਸਹਿਯੋਗ ਨਾਲ਼ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਭਰਵਾਂ ਸਾਹਿਤਕ ਇਕੱਠ ਕੀਤਾ ਗਿਆ ਜਿਸ ਦੇ ਪ੍ਰਧਾਨਗੀ ਮੰਡਲ ਵਿੱਚ ਨਾਮਵਰ ਸਾਹਿਤਕਾਰ ਪ੍ਰੋ.ਸੰਧੂ ਵਰਿਆਣਵੀ (ਜਨ ਸਕੱਤਰ ਕੇਂ.ਪੰ.ਲੇ.ਸ.ਸੇ.), ਡਾ. ਲਖਵਿੰਦਰ ਜੌਹਲ, ਕੁਲਦੀਪ ਸਿੰਘ ਬੇਦੀ, ਹਰਜਿੰਦਰ ਸਿੰਘ ਅਟਵਾਲ, ਸੁਰਿੰਦਰਪ੍ਰੀਤ ਘਣੀਆਂ ਅਤੇ ਮੰਚ ਦੇ ਪ੍ਰਧਾਨ ਡਾ.ਕੰਵਲ ਭੱਲਾ ਤੇ ਜਨ ਸਕੱਤਰ ਜਗਦੀਸ਼ ਰਾਣਾ ਵਿਰਾਜਮਾਨ ਹੋਏ। ਮੰਚ ਵਲੋਂ ਚੌਥਾ ਉਸਤਾਦ ਰਾਜਿੰਦਰ ਪਰਦੇਸੀ ਯਾਦਗਾਰੀ ਐਵਾਰਡ ਸੁਰਿੰਦਰਪ੍ਰੀਤ ਘਣੀਆਂ ਨੂੰ ਸਨਮਾਨ ਪੱਤਰ, ਨਕਦ ਰਾਸ਼ੀ ਅਤੇ ਦੁਸ਼ਾਲਾ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਡਾ.ਲਖਵਿੰਦਰ ਜੌਹਲ, ਕੁਲਦੀਪ ਸਿੰਘ ਬੇਦੀ ਅਤੇ ਪ੍ਰੋ.ਸੰਧੂ ਵਰਿਆਣਵੀ ਨੇ ਜਿੱਥੇ ਰਾਜਿੰਦਰ ਪਰਦੇਸੀ ਨਾਲ਼ ਆਪਣੀਆਂ ਯਾਦਾਂ ਦਾ ਜਿਕਰ ਕੀਤਾ ਉਥੇ ਹੀ ਉਹਨਾਂ ਦੀ ਸ਼ਾਇਰੀ ਦੇ ਅਹਿਮ ਪਹਿਲੂਆਂ ਤੇ ਚਾਨਣਾ ਪਾਉਂਦਿਆਂ ਉਹਨਾਂ ਦੁਆਰਾ ਬਣਾਏ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਨੂੰ ਲਗਾਤਾਰ ਗਤੀਸ਼ੀਲ ਰੱਖਣ ਲਈ ਜਗਦੀਸ਼ ਰਾਣਾ ਅਤੇ ਡਾ.ਕੰਵਲ ਭੱਲਾ ਦੀ ਵੀ ਤਾਰੀਫ਼ ਕੀਤੀ। ਲੈਕ.ਬਲਬੀਰ ਕੌਰ ਰਾਏਕੋਟੀ ਨੇ ਉਸਤਾਦ ਰਾਜਿੰਦਰ ਪਰਦੇਸੀ ਬਾਰੇ ਬੜਾ ਅਰਥ ਭਰਪੂਰ ਪਰਚਾ ਪੜ੍ਹਦਿਆਂ ਕਿਹਾ ਕਿ ਉਹਨਾਂ ਵਰਗਾ ਸ਼ਾਇਰ ਹੋਣਾ ਹਰ ਕਿਸੇ ਦੇ ਬਸ ਦੀ ਗੱਲ ਨਹੀਂ।

ਹਰਜਿੰਦਰ ਸਿੰਘ ਅਟਵਾਲ ਹੋਰਾਂ ਨੇ ਸੁਰਿੰਦਰਪ੍ਰੀਤ ਘਣੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਮੰਚ ਦੀ ਸਨਮਾਨ ਵਾਸਤੇ ਚੋਣ ਬਿਲਕੁਲ ਢੁੱਕਵੀਂ ਹੈ ਕਿਉਂਕਿ ਰਾਜਿੰਦਰ ਪਰਦੇਸੀ ਵਾਂਗ ਸੁਰਿੰਦਰਪ੍ਰੀਤ ਘਣੀਆਂ ਵੀ ਨਾਬਰੀ ਦਾ ਸ਼ਾਇਰ ਹੈ। ਡਾ. ਕੰਵਲ ਭੱਲਾ, ਜਗਦੀਸ਼ ਰਾਣਾ ਨੇ ਕਿਹਾ ਕਿ ਰਾਜਿੰਦਰ ਪਰਦੇਸੀ ਦੀ ਸੰਗਤ ਵਿਚ ਰਹਿੰਦਿਆਂ ਬੜਾ ਕੁਝ ਸਿੱਖਣ ਨੂੰ ਮਿਲ਼ਿਆ ਤੇ ਉਹਨਾਂ ਦੀਆਂ ਕਹੀਆਂ ਗੱਲਾਂ ਅੱਜ ਵੀ ਸਾਡਾ ਮਾਰਗਦਰਸ਼ਨ ਕਰਦੀਆਂ ਹਨ। ਸੁਰਿੰਦਰਪ੍ਰੀਤ ਘਣੀਆਂ ਨੇ ਐਵਾਰ ਪ੍ਰਾਪਤ ਕਰਦਿਆਂ ਕਿਹਾ ਕਿ ਸਰਕਾਰੀ ਸਨਮਾਨਾਂ ਤੋਂ ਕਿਤੇ ਉੱਪਰ ਮੰਨਦੇ ਹਨ ਅਜਿਹੇ ਸਨਮਾਨ ਨੂੰ। ਉਹਨਾਂ ਰਾਜਿੰਦਰ ਪਰਦੇਸੀ ਨਾਲ਼ ਆਪਣੀਆਂ ਮਿਲਣੀਆਂ ਦਾ ਜਿਕਰ ਵੀ ਕੀਤਾ ਅਤੇ ਆਪਣੀਆਂ ਅਰਥ ਭਰਪੂਰ ਗ਼ਜ਼ਲਾਂ ਸੁਣਾ ਕੇ ਖ਼ੂਬ ਤਾੜੀਆਂ ਬਟੋਰੀਆਂ। ਇਸ ਮੌਕੇ ਮੰਚ ਵਲੋਂ ਉਮਦਾ ਗ਼ਜ਼ਲ ਕਹਿਣ ਵਾਲ਼ੀ ਗ਼ਜ਼ਲਕਾਰਾ ਜਗਜੀਤ ਕੌਰ ਢਿੱਲਵਾਂ ਦਾ ਗ਼ਜ਼ਲ ਸੰਗ੍ਰਹਿ ਵੰਝਲੀ ਦੀ ਤਾਨ ਅਤੇ ਸੁਖਦੇਵ ਸਿੰਘ ਗੰਢਵਾਂ ਦਾ ਕਾਵਿ ਸੰਗ੍ਰਹਿ ਧਰਤੀ ਪੰਜਾਬ ਦੀਏ ਵੀ ਲੋਕ ਅਰਪਣ ਕੀਤਾ ਗਿਆ। ਉਪਰੰਤ ਹੋਏ ਕਵੀ ਦਰਬਾਰ ਵਿਚ ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ, ਕੇ ਸਾਧੂ ਸਿੰਘ, ਦਰਸ਼ਨ ਬੋਪਾਰਾਏ, ਹਰਬੰਸ ਸਿੰਘ ਅਕਸ, ਜਗਜੀਤ ਕੌਰ ਢਿੱਲਵਾਂ, ਗੁਰਦੀਪ ਸਿੰਘ ਸੈਣੀ, ਅਮਰਜੀਤ ਸਿੰਘ ਜੀਤ, ਰਣਜੀਤ ਸਰਾਂਵਾਲੀ, ਸਵਿੰਦਰ ਸੰਧੂ, ਆਸ਼ੀ ਈਸਪੁਰੀ, ਜਸਪਾਲ ਜ਼ੀਰਵੀ, ਮਨੋਜ ਫਗਵਾੜਵੀ, ਸੁਖਦੇਵ ਗੰਢਵਾਂ, ਮਿੱਤਰ ਮਨਜੀਤ, ਮਾਧਵੀ ਅੱਗਰਵਾਲ, ਕੀਮਤੀ ਕੈਸਰ, ਵਿਜੈ ਫ਼ਿਰਾਕ, ਵੰਦਨਾ ਮਹਿਤਾ, ਪ੍ਰਦੀਪ ਬਿੰਦ, ਤਰਨਜੀਤ ਗੋਗੋਂ, ਦਲਜੀਤ ਮਹਿਮੀ, ਲਾਲੀ ਕਰਤਾਰਪੁਰੀ, ਸੁਰਜੀਤ ਸਾਜਨ, ਸਾਹਿਬਾ ਜੀਟਨ ਕੌਰ, ਹਰਜਿੰਦਰ ਸਿੰਘ ਜਿੰਦੀ, ਕੁਲਵਿੰਦਰ ਗਾਖਲ, ਦੀਪਿਕਾ ਅਰੋੜਾ, ਸੁਰਿੰਦਰ ਸਾਗਰ, ਜਰਨੈਲ ਸਾਖੀ, ਅਮਰਜੀਤ ਪੇਂਟਰ, ਸੀਰਤ ਸਿਖਿਆਰਥੀ ਸਮੇਤ ਤਿੰਨ ਦਰਜਨ ਤੋਂ ਵੱਧ ਕਵੀਆਂ ਨੇ ਪ੍ਰਭਾਵਸ਼ੀਲ ਰਚਨਾਵਾਂ ਸਾਂਝੀਆਂ ਕੀਤੀਆਂ। ਗ਼ਜ਼ਲ ਗਾਇਕ ਸੁਰਿੰਦਰ ਗੁਲਸ਼ਨ ਨੇ ਰਾਜਿੰਦਰ ਪਰਦੇਸੀ ਦੀ ਇਕ ਗ਼ਜ਼ਲ ਗਾਈ। ਇਸ ਮੌਕੇ ਬਿੱਟੂ ਮਹਿਤਪੁਰੀ, ਕੁਲਭੂਸ਼ਨ, ਵਿਸ਼ਵਾਮਿੱਤਰ, ਸੁਖਵਿੰਦਰ ਸਿੰਘ ਢਿੱਲਵਾਂ, ਕਰਨਲ ਜਗਬੀਰ ਸਿੰਘ ਸੰਧੂ, ਅਸ਼ੋਕ ਟਾਂਡੀ, ਰੋਹਿਤ ਸਿੱਧੂ ਅਲੱਗ, ਤਰਸੇਮ ਜਲੰਧਰੀ, ਸੰਦੀਪ ਕੌਰ ਚੀਮਾ, ਅਮਰ ਸਿੰਘ ਅਮਰ, ਰੀਤੂ ਕਲਸੀ, ਗੀਤਾ ਵਰਮਾ ਤੇ ਹੋਰ ਵੀ ਵਿਸ਼ੇਸ਼ ਤੌਰ ਤੇ ਹਾਜ਼ਿਰ ਰਹੇ।

# ਸਿਹਤ ਅਤੇ ਸੁਚੱਜੇ ਜੀਵਨ ਨੂੰ ਸਮਰਪਿਤ 'ਡਾ. ਭੁਰਜੀ ਸ਼ੋਅ'

ਪ੍ਰੋ. ਕੁਲਬੀਰ ਸਿੰਘ



'ਡਾ. ਭੁਰਜੀ ਸ਼ੋਅ' ਕਿਉਂ ਕਿ ਸਿਹਤ, ਸਿਹਤਮੰਦ ਜੀਵਨ, ਤੰਦਰੁਸਤੀ ਅਤੇ ਵੱਖ ਵੱਖ ਬਿਮਾਰੀਆਂ ਤੋਂ ਬਚਣ ਦੀ ਗੱਲ ਕਰਦਾ ਹੈ, ਸਿਹਤਮੰਦ ਖੁਰਾਕ ਅਤੇ ਕਸਰਤ ਬਾਰੇ ਸਮਝਾਉਂਦਾ ਹੈ ਇਸ ਲਈ ਦਰਸ਼ਕ ਇਸ ਸ਼ੋਅ ਨੂੰ ਬੜਾ ਪਸੰਦ ਕਰਦੇ ਹਨ। ਅੱਜ ਸਿਹਤ, ਖੁਰਾਕ, ਕਸਰਤ ਬੜੇ ਮਹੱਤਵਪੂਰਨ ਵਿਸ਼ੇ ਬਣ ਗਏ ਹਨ। ਸਾਡੇ ਜੀਵਨ ਵਿਚ ਜਿੰਨਾ ਮਹੱਤਵ ਇਨ੍ਹਾਂ ਦਾ ਹੈ ਓਨਾ ਮਹੱਤਵ ਅਸੀਂ ਇਨ੍ਹਾਂ ਨੂੰ ਦਿੰਦੇ ਨਹੀਂ ਹਾਂ। ਸਾਡੇ ਕੋਲ ਸਮਾਂ ਹੀ ਨਹੀਂ ਹੈ। ਅਸੀਂ ਹਰ ਵੇਲ ਰੁੱਝੇ ਹੋਏ ਹਾਂ। ਕਾਹਲ ਵਿਚ ਹਾਂ।




'ਡਾ. ਭੁਰਜੀ ਸ਼ੋਅ' ਵਿਚ ਜਿੱਥੇ ਡਾ. ਭੁਰਜੀ ਖੁਦ ਆਪਣੇ ਤਜਰਬੇ ਦਰਸ਼ਕਾਂ ਨਾਲ ਸਾਂਝੇ ਕਰਦੇ ਹਨ ਉਥੇ ਵੱਖ ਵੱਖ ਮਾਹਿਰ ਡਾਕਟਰਾਂ ਨਾਲ, ਵੱਖ ਵੱਖ ਬਿਮਾਰੀਆਂ ਸੰਬੰਧੀ ਇੰਟਰਵਿਊ ਕਰਦੇ ਹਨ। ਸਿਹਤ ਸਮੱਸਿਆਵਾਂ ਦੀ ਗੱਲ ਕਰਦਾ ਇਹ ਪ੍ਰੋਗਰਾ ਜਿਸ ਵੀ ਸਿਹਤ-ਵਿਸ਼ੇ ਦੀ ਚੋਣ ਕਰਦਾ ਹੈ ਉਸ ਬਾਰੇ ਦਰਸ਼ਕਾਂ ਨੂੰ ਸਰਲ ਢੰਗ-ਤਰੀਕੇ ਅਤੇ ਸਰਲ ਸ਼ਬਦਾਂ ਵਿਚ ਸੱਭ ਕੁਝ ਸਪਸ਼ਟ ਕਰ ਦਿੰਦਾ। ਸਫਲਤਾ 'ਤੇ ਆਪਣੇ ਆਪਣੇ ਢੰਗ ਨਾਲ ਪ੍ਰਤੀਕਰਮ ਵਿਅਕਤ ਕੀਤੇ ਹਨ।

ਦਰਅਸਲ ਚਰਚਾ ਉਦੋਂ ਆਰੰਭ ਹੋਈ ਜਦੋਂ ਚੀਨ ਦੀ ਛੋਟੀ ਜਿਹੀ ਕੰਪਨੀ ਡੀਪਸੀਕ ਨੇ ਐਪਲ ਦੇ ਐਪ ਸਟੋਰ ਵਿਚ ਵੇਖਦੇ ਹੀ ਵੇਖਦੇ ਪਹਿਲਾ ਸਥਾਨ ਲੈ ਲਿਆ। ਇਸ ਕੰਪਨੀ ਦਾ ਨਰਮਾਣ 2023 ਵਿਚ ਹੋਇਆ। ਜਦੋਂ ਇਸਨੇ ਓਪਨ ਸੋਰਸ ਏ ਆਈ ਮਾਡਲ ਡੀਪਸੀਕ ਆਰ 1 ਦੀ ਸ਼ੁਰੂਆਤ ਕੀਤੀ ਤਾਂ ਉਹ ਵਿਸ਼ਵ ਪੱਧਰ 'ਤੇ ਓਪਨ ਏ ਆਈ ਦੇ ਚੈਟ ਜੀ ਪੀ ਟੀ, ਜੈਮਿਨੀ ਅਤੇ ਕਲਾਊਡ ਏ ਆਈ ਤੋਂ ਅੱਗੇ ਨਿਕਲ ਗਿਆ।

ਚਰਚਾ ਇਸ ਲਈ ਵੀ ਹੋ ਰਹੀ ਹੈ ਕਿ ਮੁਕਾਬਲਤਨ ਇਸਨੂੰ ਬਹੁਤ ਘੱਟ ਲਾਗਤ ਵਿਚ ਤਿਆਰ ਕੀਤਾ ਗਿਆ ਹੈ। ਕੇਵਲ 55-56 ਲੱਖ ਡਾਲਰ ਵਿਚ। ਜਦ ਕਿ ਅਮਰੀਕੀ ਕੰਪਨੀਆਂ ਇਸਨੂੰ ਵਿਕਸਤ ਕਰਨ 'ਤੇ ਕਰੋੜਾਂ ਡਾਲਰ ਲਗਾ ਚੁੱਕੀਆਂ ਹਨ।

ਡੀਪਸੀਕ ਏ ਆਈ ਦੇ ਕਰਤਾ ਧਰਤਾ ਚੀਨ ਦੇ 40 ਸਾਲਾ ਲਿਆਂਗ ਵੇਨਫੇਂਗ ਹਨ। ਉਸ ਵਿਚ ਅੰਤਾਂ ਦੀ ਦੂਰ-ਦ੍ਰਿਸ਼ਟੀ ਅਤੇ ਸਪਸ਼ਟਤਾ ਹੈ। ਉਹ ਬਜ਼ਾਰ ਨੂੰ ਬਾਰੀਕੀ ਵਿਚ ਸਮਝਣ ਦੀ ਸਮਰੱਥਾ ਰੱਖਦਾ ਹੈ। ਇਸੇ ਲਈ ਉਸਨੇ ਜਲਾਈ 2024 ਵਿਚ ਚੀਨੀ ਮੀਡੀਆ ਸਾਹਮਣੇ ਕਿਹਾ ਸੀ, "ਓਪਨ ਏ ਆਈ ਕੋਈ ਭਗਵਾਨ ਨਹੀਂ ਹੈ ਅਤੇ ਹਮੇਸ਼ਾ ਸੱਭ ਤੋਂ ਅੱਗੇ ਨਹੀਂ ਰਹਿ ਸਕਦਾ ਹੈ।" ਇਸਦੇ ਕੁਝ ਮਹੀਨੇ ਬਾਅਦ ਲਿਆਂਗ ਨੇ ਡੀਪਸੀਕ ਏ ਆਈ ਦੁਆਰਾ ਦੁਨੀਆਂ ਭਰ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਕਿ ਅਲਰਜੀ ਕੀ ਹੈ ਅਤੇ ਇਹ ਕਿਉਂ ਹੁੰਦੀ ਹੈ। ਜੇਕਰ ਹੋ ਜਾਵੇ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ ਕਿਹੜੀ ਦਵਾਈ ਲੈਣੀ ਚਾਹੀਦੀ ਹੈ।

ਇਕ ਪ੍ਰੋਗਰਾਮ ਵਿਚ ਉਨ੍ਹਾਂ ਸਮਝਾਇਆ ਕਿ ਕੋਰੋਨਾ ਵਾਇਰਸ ਤੋਂ ਪੀੜਤ ਲੋਕਾਂ ਨੂੰ ਕੀ ਦਿਲ ਦੀਆਂ ਸਮੱਸਿਆਵਾਂ ਦਾ ਵਧੇਰੇ ਖਤਰਾ ਹੈ? ਉਹ ਅਕਸਰ ਆਖਦੇ ਹਨ ਕਿ ਸਿਹਤ ਹੀ ਅਸਲੀ ਦੌਲਤ ਹੈ। ਇਕ ਕੜੀ ਇਸ ਨੁਕਤੇ ਦੁਆਲੇ ਕੇਂਦਰਿਤ ਸੀ ਕਿ ਸ਼ਾਕਾਹਾਰੀ ਭੋਜਨ ਕਿਵੇਂ ਮਾਸਾਹਾਰੀ ਭੋਜਨ ਤੋਂ ਬਿਹਤਰ ਹੈ। ਇਕ ਹੋਰ ਕਿਸ਼ਤ ਵਿਚ ਡਾ. ਭੁਰਜੀ ਜਾਣਕਾਰੀ ਦੇ ਰਹੇ ਸਨ ਕਿ ਸਾਨੂੰ ਚਾਵਲ ਬਨਾਉਣ ਬਾਅਦ ਤਾਜ਼ਾ ਹੀ ਖਾਣੇ ਚਾਹੀਦੇ ਹਨ। ਕੁਝ ਸਮਾਂ ਰੱਖ ਕੇ, ਬੇਹੇ ਬਾਸੇ ਜਾਂ ਫਰਿੱਜ ਵਿਚੋਂ ਕੱਢ ਕੇ ਗਰਮ ਕਰਕੇ ਚਾਵਲ ਬਿਲਕੁਲ ਵੀ ਨਹੀਂ ਖਾਣੇ ਚਾਹੀਦੇ। ਕਿਉਂ ਕਿ ਅਜਿਹੇ ਚਾਵਲ ਖਾਣ ਯੋਗ ਨਹੀਂ ਰਹਿੰਦੇ। ਇਸ ਨਾਲ ਪੇਟ ਦਰਦ ਅਤੇ ਪੇਟ ਦੀਆਂ ਹੋਰ ਪ੍ਰੇਸ਼ਾਨੀਆਂ ਹੋ ਸਕਦੀਆਂ ਹਨ।

ਡਾ. ਭੁਰਜੀ ਅਕਸਰ ਸਿਹਤ ਅਤੇ ਬਿਮਾਰੀਆਂ ਬਾਰੇ ਸਮਝਾਉਂਦੇ ਹੋਏ ਵਿਸ਼ਵ ਭਰ ਵਿਚੋਂ ਉਦਾਹਰਨਾਂ ਦਿੰਦੇ ਹਨ। ਉਨ੍ਹਾਂ ਦੇਸ਼ਾਂ, ਉਨ੍ਹਾਂ ਇਲਾਕਿਆਂ ਦੀ ਗੱਲ ਜ਼ਰੂਰ ਕਰਦੇ ਹਨ ਜਿੱਥੇ ਬਿਮਾਰੀਆਂ ਬਹੁਤ ਘੱਟ ਹਨ ਜਾਂ ਜਿੱਥੇ ਲੋਕ ਲੰਮੀ ਉਮਰ ਬਤੀਤ ਕਰਦੇ ਹਨ। ਉਨ੍ਹਾਂ ਦੀ ਜੀਵਨ-ਸ਼ੈਲੀ, ਉਨ੍ਹਾਂ ਦੀ ਖੁਰਾਕ, ਉਨ੍ਹਾਂ ਦੀ ਕਸਰਤ, ਉਨ੍ਹਾਂ ਦੇ ਸ਼ੌਕ ਅਤੇ ਉਨ੍ਹਾਂ ਦੀ ਦਿਨ ਦੀ ਰੁਟੀਨ ਬਾਰੇ ਦੱਸਦੇ ਹਨ। ਦੱਸਦੇ ਹਨ ਕਿ ਉਹ ਬਹੁਤ ਘੱਟ ਬਿਮਾਰ ਕਿਉਂ ਹੁੰਦੇ ਹਨ, ਉਹ ਲੰਮਾ ਸਿਹਤਮੰਦ ਜੀਵਨ ਕਿਉਂ ਜਿਉਂਦੇ ਹਨ।

ਉਨ੍ਹਾਂ ਵਿਚ ਕੁਝ ਗੱਲਾਂ ਵੱਖਰੀਆਂ, ਵਿਸ਼ੇਸ਼ ਤੇ ਇਕੋ ਜਿਹੀਆਂ ਹੁੰਦੀਆਂ ਹਨ। ਉਹ ਕੁਦਰਤ ਦੇ ਨੇੜੇ ਰਹਿੰਦੇ ਹਨ। ਉਨ੍ਹਾਂ ਵਿਚ ਮਨ ਦੀ ਇਕਾਗਰਤਾ, ਮਨ ਦਾ ਟਿਕਾਅ ਬਹੁਤ ਹੁੰਦਾ ਹੈ। ਉਹ ਆਪਣ ਆਪ ਨੰ ਕਾਹਲ ਨਹੀਂ ਪਾਉਂਦੇ। ਬਹੁਤੀ ਭੱਜ ਦੌੜ ਤੋਂ ਬੱਚਦੇ ਹਨ। ਉਨ੍ਹਾਂ ਦੀ ਖੁਸ਼ੀ, ਸੰਤੁਸ਼ਟੀ, ਸਹਿਜ ਤੇ ਲੰਮੀ ਉਮਰ ਦਾ ਰਾਜ਼ ਹੈ ਕਿ ਉਹ ਤੁਰੇ ਫਿਰਦੇ ਰਹਿੰਦੇ ਹਨ। ਉਨ੍ਹਾਂ ਦਾ ਹਰ ਰੋਜ਼ ਕੋਈ ਮਨੋਰਥ ਹੁੰਦਾ ਹੈ ਅਤੇ ਉਸ ਮਨੋਰਥ ਨੂੰ ਪੂਰਾ ਕਰਨ ਲਈ ਉਹ ਸਾਰਾ ਦਿਨ ਰੁੱਝੇ ਰਹਿੰਦੇ ਹਨ। ਘਰ ਦੀ ਬਗ਼ੀਚੀ ਵਿਚ ਉਗਾਈਆਂ ਸਬਜ਼ੀਆਂ-ਫਲ੍ਹ-ਅਨਾਜ ਖਾਂਦੇ ਹਨ। ਭੋਜਨ ਖਾਣ ਸਮੇਂ 20-25 ਪ੍ਰਤੀਸ਼ਤ ਪੇਟ ਖ਼ਾਲੀ ਰੱਖਦੇ ਹਨ। ਪੌਦਿਆਂ, ਬੂਟਿਆਂ ਨੂੰ ਨਿਹਾਰਦੇ ਹਨ। ਗੋਡੀ ਕਰਦੇ ਹਨ, ਪਾਣੀ ਦਿੰਦੇ ਹਨ। ਲੋਕਾਂ ਨਾਲ, ਆਲੇ ਦੁਆਲੇ ਨਾਲ ਜੁੜੇ ਰਹਿੰਦੇ ਹਨ। ਇਕ ਦੂਸਰੇ ਦੀ ਮਦਦ ਕਰਦੇ ਹਨ। ਦੁੱਖ-ਸੁਖ ਵਿਚ ਸ਼ਾਮਲ ਹੁੰਦੇ ਹਨ। ਭਾਈਚਾਰਕ ਸਾਂਝ ਤੇ ਸਨੇਹ ਪੈਦਾ ਕਰਦੇ ਹਨ। ਛੋਟੀਆਂ ਛੋਟੀਆਂ ਗੱਲਾਂ ਦਾ ਤਣਾਅ ਨਹੀਂ ਲੈਂਦੇ। ਉੱਤਮ ਹੋਣ ਦੀ ਚਿੰਤਾ ਨਹੀਂ ਕਰਦੇ ਬੱਸ ਕੰਮ ਕਰੀ ਜਾਂਦੇ ਹਨ ਅਤੇ ਕੰਮ ਵਿਚ ਹੀ ਖੁਸ਼ ਰਹਿੰਦੇ ਹਨ। ਇੰਞ ਖੁਸ਼ੀ ਉਨ੍ਹਾਂ ਦੇ ਰੋਜ਼ਾਨਾ ਜੀਵਨ ਦਾ ਅੰਗ ਬਣ ਜਾਂਦੀ ਹੈ। ਉਹ ਮੁਸ਼ਕਲਾਂ ਨੂੰ ਸਵੀਕਾਰ ਕਰਦੇ ਹਨ ਅਤੇ ਉਨ੍ਹਾਂ ਨੂੰ ਜੀਵਨ ਦਾ ਹਿੱਸਾ ਮੰਨਦੇ ਹਨ। ਦੋਸਤ ਬਣਾਉਂਦੇ ਹਨ ਅਤੇ ਦੋਸਤੀ ਨਿਭਾਉਂਦੇ ਹਨ। ਬੁਰੀਆਂ ਆਦਤਾਂ ਤੋਂ ਬਚਦੇ ਹਨ। ਨਵੀਆਂ ਚੀਜ਼ਾਂ ਸਿੱਖਣ ਵਿਚ ਰੁਚੀ ਲੈਂਦੇ ਹਨ। ਜੀਵਨ ਨਾਲ ਜੁੜਿਆ ਵਿਸ਼ੇਸ਼ ਦਿਨ-ਦਿਹਾੜਾ ਆਉਂਦਾ ਹੈ ਤਾਂ ਉਸਨੂੰ ਤੰਦਰੁਸਤੀ ਨੂੰ ਸਮਰਪਿਤ ਕਰਦੇ ਹਨ। ਸਿਹਤ ਅਤੇ ਸੁਚੱਜੇ ਜੀਵਨ ਲਈ ਆਓ ਵੇਖੀਏ 'ਡਾ. ਭੁਰਜੀ ਸ਼ੋਅ'।

# ਪੰਜਾਬ ਪੁਲਿਸ ਦੀ ਹਾਸੋਹੀਣੀ ਸਥਿਤੀ ਬਣੀ

## ✪ ਸਵਾ ਸਾਲ ਪਹਿਲਾਂ ਮਰ ਚੁਕੇ ਕਿਸਾਨ ਆਗੂ ਨੂੰ ਗ੍ਰਿਫ਼ਤਾਰ ਕਰਨ ਪਹੁੰਚੀ ਪੁਲਿਸ

ਦੁਸਾਂਝ ਕਲਾਂ-ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਪੰਜਾਬ ਪੁਲਿਸ ਏਨੀ ਜ਼ਿਆਦਾ ਵਚਨਬੱਧ ਹੈ ਕਿ ਕਸਬੇ ਦੇ ਜੁਝਾਰੂ ਕਾਮਰੇਡ ਤੇ ਕਿਸਾਨ ਆਗੂ ਸਵ. ਮਾ. ਸ਼ਿੰਗਾਰਾ ਸਿੰਘ ਦੁਸਾਂਝ ਨੂੰ ਵੀ ਗ੍ਰਿਫ਼ਤਾਰ ਕਰਨ ਪੁੱਜ ਗਈ ਹਾਲਾਂਕਿ ਉਕਤ ਕਿਸਾਨ ਆਗੂ ਸ਼ਿੰਗਾਰਾ ਸਿੰਘ ਦੁਸਾਂਝ ਇਕ ਸਾਲ ਪਹਿਲਾਂ ਅਕਾਲ ਚਲਾਣਾ ਕਰ ਚੁੱਕੇ ਹਨ।



ਸਵਰਗੀ ਸ਼ਿੰਗਾਰਾ ਸਿੰਘ ਦੁਸਾਂਝ ਦੇ ਪਰਿਵਾਰ ਵਾਲੇ ਉਸ ਵੇਲੇ ਹੈਰਾਨ ਰਹਿ ਗਏ ਜਦੋਂ ਬੀਤੇ ਮੰਗਲਵਾਰ ਤੜਕਸਾਰ ਪੁਲਿਸ ਵਾਲੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਪਹੁੰਚੇ ਸਨ। ਉਨ੍ਹਾਂ ਦੀ ਪਤਨੀ ਬਲਦੀਸ਼ ਕੌਰ ਨੇ ਦੱਸਿਆ ਕਿ ਪੁਲਿਸ ਵਾਲੇ ਘਰ ਆਏ ਤਾਂ ਪੁੱਛਗਿੱਛ ਕੀਤੀ ਕਿ ਮਾ. ਸ਼ਿੰਗਾਰਾ ਸਿੰਘ ਦੁਸਾਂਝ ਨੂੰ ਮਿਲਣਾ ਚਾਹੁੰਦੇ ਹਨ।

ਉਨ੍ਹਾਂ ਪੁਲਿਸ ਵਾਲਿਆਂ ਨੂੰ ਦੱਸਿਆ ਕਿ ਸ਼ਿੰਗਾਰਾ ਸਿੰਘ ਦੁਸਾਂਝ ਦੀ 20-11-2023 ਮੌਤ ਹੋ ਗਈ ਸੀ। ਉਨ੍ਹਾਂ ਦੇ ਅੰਤਿਮ ਸਸਕਾਰ ਵਾਲੇ ਦਿਨ ਸਰਕਾਰੀ ਅਮਲਾ ਜਿਨ੍ਹਾਂ 'ਚ ਸੀਆਈਡੀ ਸਟਾਫ ਤੇ ਹੋਰ ਪੁਲਿਸ ਪ੍ਰਸਾਸਨ ਪਹੁੰਚਿਆ ਹੋਇਆ ਸੀ। ਪਰ ਪੁਲਿਸ ਪ੍ਰਸ਼ਾਸਨ ਨੇ ਦਰਵਾਜ਼ਾ ਖੁੱਲ੍ਹਵਾ ਕੇ ਪਤਨੀ ਬਲਦੀਸ਼ ਕੌਰ ਤੇ ਬੇਟੀ ਬਲਵਿੰਦਰ ਕੌਰ ਨਾਲ ਗੱਲਬਾਤ ਤੇ ਫਿਰ ਵਾਪਸੇ ਚਲੇ ਗਏ। ਇਸ ਸਬੰਧੀ ਐੱਸਐੱਚਓ ਗੁਰਾਇਆ ਗੁਰਸ਼ਰਨ ਸਿੰਘ ਨਾਲ ਸੰਪਰਕ ਕੀਤਾ ਤਾਂ ਦੱਸਿਆ ਕਿ ਪੁਲਿਸ ਚੌਕੀ ਇੰਚਾਰਜ ਦੇ ਧਿਆਨ ਵਿਚ ਨਹੀਂ ਸੀ ਇਸ ਕਰਕੇ ਮਾ. ਸ਼ਿੰਗਾਰਾ ਸਿੰਘ ਦੇ ਘਰ ਛਾਪੇਮਾਰੀ ਕਰਨ ਲਈ ਪਹੁੰਚੇ ਸਨ। ਹਾਲਾਂਕਿ ਇਹ ਦੱਸਣਯੋਗ ਹੈ ਕਿ ਪੁਲਿਸ ਚੌਕੀ ਵੀ ਦੁਸਾਂਝ ਕਲਾਂ ਵਿਚ ਹੀ ਬਣੀ ਹੋਈ ਹੈ।

ਪੰਜਾਬ ਟਾਈਮਜ਼ ਅਨੁਸਾਰ ਜੇਕਰ ਪੁਲਿਸ ਨੂੰ ਅਹਿਮ ਲੋਕਾਂ ਬਾਰੇ ਜਾਣਕਾਰੀ ਨਹੀਂ ਤਾਂ ਉਹ ਪ੍ਰਸ਼ਾਸ਼ਨਿਕ ਸਥਿਤੀ ਕਿਵੇਂ ਸੰਭਾਲਣਗੇ?

## ਮੇਰੀਆਂ ਅਭੁੱਲ ਯਾਦਾਂ-2

# ਕਹਾਣੀ ਬੁੱਢੇ ਤੇ ਬੀਜ ਦੀ

ਪ੍ਰਿੰ. ਸਰਵਣ ਸਿੰਘ

1975-76 ਦੀ ਗੱਲ ਹੈ। ਉਹਨੀਂ ਦਿਨੀਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਕਣਕ ਦਾ ਨਵਾਂ ਬੀਜ ਡਬਲਯੂ ਐੱਲ 711 ਤਿਆਰ ਕੀਤਾ ਸੀ। ਉਸ ਬਾਰੇ ਪ੍ਰਚਾਰ ਸੀ ਕਿ ਇਸ ਦੇ ਦਾਣੇ ਮੋਟੇ ਸ਼ਰਬਤੀ ਹਨ ਤੇ ਝਾੜ ਪੀਬੀ 18 ਤੇ ਕਲਿਆਣ ਨਾਲੋਂ ਵੱਧ ਹੈ। ਮੈਂ ਉਹ ਬੀਜ ਵੱਡੀ ਮਾਤਰਾ ਵਿਚ ਹਾਸਲ ਕਰਨ ਦੀ ਕਲਪਨਾ ਕਰ ਗਿਆ ਜਿਵੇਂ 1960ਵਿਆਂ ਵਿਚ ਬੌਡਿਆਂ ਤੋਂ ਆਪਣੇ ਪਿੰਡ ਚਕਰ ਨੂੰ ਜਾਂਦੇ ਹੋਏ ਪੀਬੀ 18 ਕਣਕ ਦੇ ਬੀਜ ਦੀ ਕੀਤੀ ਸੀ। ਉਦੋਂ ਮੈਂ ਦਮਦਮਾ ਸਾਹਿਬ ਤੋਂ ਸਾਢੇ ਤਿੰਨ ਕੁਇੰਟਲ ਬੀਜ ਬੱਸ 'ਤੇ ਲੱਦ ਲਿਆਇਆ ਸਾਂ ਜਿਸ ਨੇ ਸਾਡੇ ਖੇਤਾਂ ਦਾ ਝਾੜ ਦੁੱਗਣਾ ਕਰ ਦਿੱਤਾ ਸੀ। ਉਹ ਬੀਜ ਲਿਆਉਣ ਬਾਰੇ ਬਾਅਦ ਵਿਚ ਮੈਂ ਇਕ ਕਹਾਣੀ ਲਿਖੀ ਸੀ ਜੀਹਦਾ ਨਾਂ ਕੰਵਲ ਦੇ ਕਹਿਣ 'ਤੇ 'ਭਾਰ' ਰੱਖਿਆ। ਉਸੇ ਤਰ੍ਹਾਂ ਇਕ ਹੋਰ ਕਹਾਣੀ ਡਬਲਯੂ ਐੱਲ 711 ਬੀਜ ਬਾਰੇ ਲਿਖੀ ਗਈ ਜਿਸ ਦਾ ਨਾਂ 'ਬੁੱਢਾ ਤੇ ਬੀਜ' ਰੱਖਿਆ ਗਿਆ।

1967 'ਚ ਦਿੱਲੀ ਦੀ ਲੈਕਚਰਾਰੀ ਛੱਡ ਕੇ ਮੈਂ ਢੁੱਡੀਕੇ ਕਾਲਜ ਵਿਚ ਮੈਂ ਲੈਕਚਰਾਰ ਆ ਲੱਗਾ ਸਾਂ। ਮੇਰਾ ਵਿਆਹ ਬੀਏ ਬੀਐੱਡ ਅਧਿਆਪਕਾ ਨਾਲ ਹੋ ਚੁੱਕਾ ਸੀ। ਨਾਲੇ ਚੋਪੜੀਆਂ ਨਾਲੇ ਦੋ-ਦੋ ਵਾਲੀ ਗੱਲ ਸੀ। ਅਜਿਹੀ ਹਾਲਤ ਵਿਚ ਆਮ ਘਰਾਂ ਦੇ ਨੌਕਰੀ ਪੇਸ਼ਾ ਜੋੜੇ ਸਾਂਝੇ ਪਰਿਵਾਰ 'ਚੋਂ ਅੱਡ ਹੋ ਜਾਂਦੇ ਹਨ ਪਰ ਅਸੀਂ ਅੱਡ ਨਾ ਹੋਏ। ਮੈਂ ਮਹਿਸੂਸ ਕਰਦਾ ਸਾਂ ਕਿ ਮੇਰੀ ਪੜ੍ਹਾਈ 'ਤੇ ਪਰਿਵਾਰ ਦਾ ਖਾਸਾ ਖਰਚ ਹੋਣ ਕਰਕੇ ਮੈਨੂੰ ਸਾਂਝੇ ਘਰ ਵਿਚ ਖਾਸੇ ਪੈਸੇ ਕਮਾ ਕੇ ਦੇਣੇ ਚਾਹੀਦੇ ਹਨ।

ਮੇਰਾ ਕਿਸਾਨ ਬਾਪ ਤੇ ਮੇਰੇ ਭਰਾ ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੁੰਦੇ ਰਹਿੰਦੇ ਸਨ। ਮੈਂ ਭਰਾਵਾਂ ਦੇ ਬਰਾਬਰ ਰਹਿਣਾ ਜਾਂ ਇਓਂ ਕਹਿ ਲਓ ਕਿ ਉਨ੍ਹਾਂ ਨੂੰ ਆਪਣੇ ਬਰਾਬਰ ਰੱਖਣਾ ਚਾਹੁੰਦਾ ਸਾਂ। ਇਕ ਭਰਾ ਨੂੰ ਤਾਂ ਮੈਂ ਆਪਣੇ ਕੋਲ ਹੀ ਕਾਲਜ ਵਿਚ ਪੜ੍ਹਨ ਲਾ ਲਿਆ ਸੀ। ਫਿਰ ਉਸ ਦਾ ਅਮਰੀਕਾ 'ਚ ਆਪਣੀ ਸਾਲੀ ਨਾਲ ਵਿਆਹ ਕਰਵਾ ਦਿੱਤਾ ਤੇ ਉਹ ਸਾਰੇ ਭੈਣ ਭਰਾਵਾਂ ਨੂੰ ਹੀ ਅਮਰੀਕਨ ਬਣਾ ਕੇ ਅਗਲੇ ਪਿਛਲੇ ਭਾਰ ਲਾਹ ਗਿਆ। ਉਹ ਸਾਂਝੇ ਪਰਿਵਾਰ ਦਾ ਸਭ ਤੋਂ ਸਲੱਗ ਪੁੱਤਰ ਨਿਕਲਿਆ।

ਵਿਆਹ ਪਿੱਛੋਂ ਮੇਰੀ ਤਨਖਾਹ ਪੰਜ ਛੇ ਸੌ ਤੇ ਮੇਰੀ ਪਤਨੀ ਹਰਜੀਤ ਦੀ ਤਿੰਨ ਚਾਰ ਸੌ ਸੀ। ਉਹਨੀਂ ਦਿਨੀਂ ਅੱਠ ਨੌ ਸੌ ਰੁਪਏ ਬਹੁਤ ਹੁੰਦੇ ਸਨ। ਭਾਅ ਸਸਤੇ ਸਨ। ਆਏ ਗਏ ਦੀ ਮਹਿਮਾਨ ਨਿਵਾਜ਼ੀ ਅੱਠਾਂ ਦੀ ਦੇਸੀ ਬੋਤਲ ਤੇ ਦਸਾਂ ਦੇ ਦੇਸੀ ਕੁੱਕੜ ਨਾਲ ਹੋ ਜਾਂਦੀ ਸੀ। ਦੋ ਸੌ ਨੂੰ ਨਵਾਂ ਸਾਈਕਲ ਤੇ ਦੋ ਹਜ਼ਾਰ ਨੂੰ ਕਿੱਲਾ ਜ਼ਮੀਨ ਦਾ ਆ ਜਾਂਦਾ ਸੀ। 1971 'ਚ ਅਸੀਂ ਦਿਆਲਪੁਰੇ ਭਾਈਕੇ ਦੀ ਜ਼ਮੀਨ ਦੋ ਹਜ਼ਾਰ ਕਿੱਲੇ ਦੇ ਭਾਅ ਈ ਖਰੀਦੀ ਸੀ। ਅਸੀਂ ਅੱਧੀ ਤਨਖਾਹ ਆਪਣੇ ਉਤੇ ਖਰਚਦੇ ਤੇ ਅੱਧੀ ਸਾਂਝੇ ਘਰ 'ਚ ਦੇ ਦਿੰਦੇ। ਵੱਖਰਾ ਬੱਚਤ ਖਾਤਾ ਅਸੀਂ ਕੋਈ ਨਹੀਂ ਸੀ ਖੋਲ੍ਹਿਆ। ਸਕੂਟਰ ਦੀ ਥਾਂ ਸਾਈਕਲ ਮੇਰੀ ਸਵਾਰੀ ਸੀ। ਮੈਂ ਸਾਈਕਲ 'ਤੇ ਮੋਗੇ ਜਗਰਾਵਾਂ ਤੋਂ ਸੌਦਾ ਸੂਤ ਲੈ ਆਉਂਦਾ ਤੇ ਸਾਈਕਲ 'ਤੇ ਈ ਪਤਨੀ ਤੇ ਪੁੱਤਰ ਨੂੰ ਬਹਾ ਕੇ ਸਕੀਰੀਆਂ 'ਚ ਮਿਲ ਆਉਂਦਾ। ਸਕੂਟਰ ਮੈਂ 1986 ਵਿਚ ਲਿਆ। ਮੇਰੇ ਸਿਰ 'ਤੇ ਦਿੱਲੀ ਦੀ ਪੜ੍ਹਾਈ ਦੇ ਖਰਚੇ ਦਾ ਭਾਰ ਸੀ ਤੇ ਮੈਂ ਉਹ ਭਾਰ ਲਾਹ ਕੇ ਸੁਰਖ਼ਰੂ ਹੋਣਾ ਚਾਹੁੰਦਾ ਸਾਂ।

ਮੈਂ ਸਕੀਮਾਂ ਲਾਉਂਦਾ ਰਹਿੰਦਾ ਕਿ ਸਾਂਝੇ ਘਰ ਦੀ ਆਮਦਨ ਕਿਵੇਂ ਵਧੇ? ਮੈਂ ਖੇਤਾਂ 'ਚ ਭਾਵੇਂ ਕੰਮ ਨਹੀਂ ਸਾਂ ਕਰ ਸਕਦਾ ਪਰ ਦਿੱਲੀ ਦਾ ਤਜਰਬਾ ਹੋਣ ਕਰਕੇ ਸਕੀਮਾਂ ਤਾਂ ਲਾ ਹੀ ਸਕਦਾ ਸਾਂ। ਜਦੋਂ ਮੈਂ ਦਿੱਲੀ ਲੈਕਚਰਾਰ ਲੱਗਾ ਸਾਂ ਤਾਂ ਮੇਰੀ ਸਕੀਮ ਨਾਲ ਅਸੀਂ ਫਰੀਦਾਬਾਦ ਤੋਂ ਪੰਜ ਹਾਰਸ ਪਾਵਰ ਦਾ ਏਅਰ ਕੂਲਡ ਇੰਜਣ ਲਿਆਂਦਾ ਸੀ ਜੋ ਪਿੰਡ ਦੇ ਮਿਸਤਰੀ ਅਮਰ ਸਿੰਘ ਨਾਲ ਸਾਂਝਾ ਸੀ। ਉਸ ਇੰਜਣ ਨੇ ਸਾਡੇ ਟਿਊਬਵੈੱਲ ਦਾ ਪਾਣੀ ਕੱਢਣ ਦੇ ਨਾਲ ਕਿਰਾਏ 'ਤੇ ਚੱਲਣ ਦਾ ਵੀ ਕਾਫੀ ਕੰਮ ਕੀਤਾ। ਸਾਡੇ ਪਿੰਡ 'ਚ ਉਹ ਪਹਿਲਾ ਇੰਜਣ ਸੀ ਜਿਸ ਦੀ ਰੀਸ ਨਾਲ ਫਿਰ ਹੋਰ ਵੀ ਕਈ ਇੰਜਣ ਆਏ।

1970 ਦੇ ਆਸ ਪਾਸ ਕੰਟਰੋਲ ਰੇਟ 'ਤੇ ਟ੍ਰੈਕਟਰ ਨੀ ਸੀ ਮਿਲਦੇ। ਤੁਰਤ ਟ੍ਰੈਕਟਰ ਲੈਣ ਲਈ ਹਜ਼ਾਰਾਂ ਰੁਪਿਆਂ ਦੀ ਬਲੈਕ ਦੇਣੀ ਪੈਂਦੀ ਸੀ। ਉਹਨੀਂ ਦਿਨੀਂ ਪੰਜਾਬ ਐਗਰੋ-ਇੰਡਸਟ੍ਰੀਜ਼ ਦੀ ਇਕ ਸਕੀਮ ਨਿਕਲੀ ਕਿ ਕਿਸਾਨਾਂ ਤੋਂ ਜ਼ਮੀਨ ਦੀ ਜਮ੍ਹਾਂਬੰਦੀ ਤੇ ਸੌ ਰੁਪਏ ਦੇ ਬੈਂਕ ਡਰਾਫਟ ਨਾਲ ਅਰਜ਼ੀਆਂ ਲੈ ਕੇ ਟ੍ਰੈਕਟਰਾਂ ਦੀ ਲਾਟਰੀ ਕੱਢੀ ਜਾਵੇਗੀ। ਮੈਂ ਅਖ਼ਬਾਰ 'ਚ ਸਕੀਮ ਪੜ੍ਹੀ ਅਤੇ ਆਪਣੇ ਰਿਸ਼ਤੇਦਾਰਾਂ ਦੀ ਜ਼ਮੀਨ ਦੀਆਂ ਜਮ੍ਹਾਂਬੰਦੀਆਂ ਨਾਲ ਕੋਲੋਂ ਹਜ਼ਾਰ ਰੁਪਿਆ ਭਰ ਕੇ, 'ਕੱਠੀਆਂ ਦਸ ਅਰਜ਼ੀਆਂ ਭੇਜ ਦਿੱਤੀਆਂ ਬਈ ਕੋਈ ਤਾਂ ਨਿਕਲੂ। ਉਹਨਾਂ 'ਚੋਂ ਸੱਚੀਂ ਇਕ ਨਿਕਲ ਆਈ ਤੇ ਜਿਸ ਨਾਲ ਅਸੀਂ ਪੂਰਬੀ ਜਰਮਨੀ ਦਾ ਆਰ.ਐੱਸ.09 ਟ੍ਰੈਕਟਰ ਕੰਟਰੋਲ ਭਾਅ 'ਚ ਖਰੀਦ ਲਿਆ। ਉਸ ਟ੍ਰੈਕਟਰ ਨੇ ਸਾਡੇ ਖੇਤਾਂ ਦਾ ਤੇ ਕਿਰਾਏ 'ਤੇ ਟਰਾਲੀ ਦਾ ਬਹੁਤ ਕੰਮ ਕੀਤਾ। ਫਿਰ ਉਹ ਟ੍ਰੈਕਟਰ ਵਾਪਸ ਲੈ ਕੇ ਪੰਜਾਬ ਐਗਰੋ ਇੰਡਸਟ੍ਰੀਜ਼ ਨੇ ਜ਼ੀਟਰ 2511 ਟ੍ਰੈਕਟਰ ਉਸੇ ਭਾਅ ਦੇ ਦਿੱਤਾ ਜਿਸ ਦਾ ਸਾਨੂੰ ਬੜਾ ਫਾਇਦਾ ਹੋਇਆ। ਪੀਬੀ 18 ਕਣਕ ਦਾ ਬੀਜ ਲਿਆਉਣ ਦੀ ਕਹਾਣੀ ਮੈਂ ਦੱਸ ਈ ਚੁੱਕਾਂ। ਪਰਿਵਾਰ ਦੇ 'ਕੱਠ ਕਰਕੇ ਸਾਡਾ ਕਿਰਸਾਣਾ ਕੰਮ ਤਰੱਕੀ ਦੇ ਰਾਹ ਪੈ ਗਿਆ ਤੇ ਅਸੀਂ ਹੋਰ ਜ਼ਮੀਨ ਖਰੀਦਣ ਲੱਗ ਪਏ। ਜੇ ਮੈਂ ਵਿਆਹ ਕਰਾ ਕੇ ਅੱਡ ਹੋ ਜਾਂਦਾ ਤਾਂ ਕਹਾਣੀ ਹੀ ਹੋਰ ਹੋਣੀ ਸੀ। ਗੱਲ ਫਿਰ ਡਬਲਯੂ ਐੱਲ 711 ਦੇ ਬੀਜ ਦੀ ਕਰਦੇ ਹਾਂ। ਉਦੋਂ ਖੇਤੀਬਾੜੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਡਾ. ਮਹਿੰਦਰ ਸਿੰਘ ਰੰਧਾਵਾ ਸੀ। ਉਹਦੇ ਦਿਲ 'ਚ ਜਸਵੰਤ ਸਿੰਘ ਕੰਵਲ ਦੀ ਬੜੀ ਕਦਰ ਸੀ। ਉਸ ਨੇ ਚੰਡੀਗੜ੍ਹ ਦਾ ਕਮਿਸ਼ਨਰ ਹੁੰਦਿਆਂ ਕੰਵਲ ਨੂੰ ਚੰਡੀਗੜ੍ਹ 'ਚ ਪਲਾਟ ਲੈਣ ਨੂੰ ਕਿਹਾ ਸੀ ਪਰ ਕੰਵਲ ਨੇ ਢੁੱਡੀਕੇ ਰਹਿਣ ਨੂੰ ਹੀ ਤਰਜੀਹ ਦਿੱਤੀ। ਜੇ ਕੰਵਲ ਉਦੋਂ ਪਲਾਟ ਲੈ ਲੈਂਦਾ ਤਾਂ ਉਹਦੇ ਜਿਊਂਦੇ ਜੀਅ ਹੀ ਕਰੋੜਾਂ ਦਾ ਹੁੰਦਾ। ਇਹ ਵੱਖਰੀ ਗੱਲ ਹੈ ਕਿ ਚੰਡੀਗੜ੍ਹ 'ਚ ਕੰਵਲ ਕਦੋਂ ਦਾ ਮੁਰਝਾ ਗਿਆ ਹੁੰਦਾ! ਆਪਣੇ ਪਿੰਡ ਉਹ ਸੌ ਸਾਲ ਤੋਂ ਵੀ ਵੱਧ ਟਹਿਕਦਾ ਰਿਹਾ।

ਕਿਸਾਨਾਂ ਨੂੰ ਉਹ ਬੀਜ ਵੰਡੇ ਜਾਣ ਤੋਂ ਪਹਿਲਾਂ ਮੈਂ ਕੰਵਲ ਸਾਹਿਬ ਦਾ ਰੁੱਕਾ ਲੈ ਕੇ ਰੰਧਾਵਾ ਸਾਹਿਬ ਨੂੰ ਜਾ ਮਿਲਿਆ। ਡਾ. ਰੰਧਾਵੇ ਦਾ ਜਵਾਬ ਸਿੱਧਾ ਸਲੋਟ ਸੀ, "ਇਕ ਬੰਦੇ ਨੂੰ ਚਾਰ ਕਿਲੋ ਦੀ ਇਕੋ ਥੈਲੀ ਦੇਣੀ ਐਂ। ਤੂੰ ਘਰ ਦੇ ਬਾਕੀ ਬੰਦੇ ਵੀ ਲਾਈਨ 'ਚ ਲਾ ਦੇਈਂ।" ਇੰਜ ਡਾ. ਰੰਧਾਵੇ ਨੇ ਰੁੱਕੇ ਦੀ ਲਾਜ ਵੀ ਰੱਖ ਲਈ ਤੇ ਆਪਣਾ ਅਸੂਲ ਵੀ ਨਾ ਤੋੜਿਆ। ਮੈਂ ਘਰੇ ਸੁਨੇਹਾ ਭੇਜ ਦਿੱਤਾ ਕਿ ਪਿੰਡੋਂ ਪੰਦਰਾਂ ਵੀਹ ਜਣੇ ਟਰਾਲੀ 'ਚ ਲੁਧਿਆਣੇ ਚੱਲਾਂਗੇ ਤੇ ਨਵੇਂ ਬੀਜ ਦੀਆਂ ਪੰਦਰਾਂ ਵੀਹ ਥੈਲੀਆਂ ਲੈ ਆਵਾਂਗੇ। ਮੈਂ ਦਿਨ ਛਿਪੇ ਘਰ ਪੁੱਜਾ ਤਾਂ ਘਰਦਿਆਂ ਨੇ ਲੁਧਿਆਣੇ ਜਾਣ ਲਈ ਕਿਸੇ ਨੂੰ ਕਿਹਾ ਹੀ ਨਹੀਂ ਸੀ। ਉਲਟਾ ਮੈਨੂੰ ਕਹੀ ਜਾਣ, "ਜੇ ਕਿਸੇ ਗੁਆਂਢੀ ਨੂੰ ਕਿਹਾ ਤਾਂ ਉਹਨੇ ਬੀ ਆਪ ਲੈ ਲੈਣਾ। ਆਪਾਂ ਨੂੰ ਕੀ ਫਾਇਦਾ?"

ਅਜੀਬ ਸਥਿਤੀ ਸੀ। ਗੁਆਂਢੀ ਇਸ ਸਥਿਤੀ 'ਚ ਕੰਮ ਨਹੀਂ ਸੀ ਆ ਸਕਦੇ। ਮੈਂ ਕਿਹਾ, "ਘਰ ਦੇ ਸਾਰੇ ਬੰਦੇ ਲੈ ਚੱਲੋ। ਕੁਛ ਦਿਹਾੜੀਏ ਲੈ ਚੱਲਦੇ ਆਂ। ਅਮਲੀਆਂ ਨੂੰ ਨਸ਼ਾ ਪੱਤਾ ਖੁਆ ਪਿਆ ਕੇ ਬਿਠਾ ਲਓ। ਪੰਦਰਾਂ ਵੀਹ ਜਣੇ ਤਾਂ ਹੋਣ। ਘੱਟੋ ਘਟ ਤਿੰਨ ਚਾਰ ਕਿੱਲੇ ਤਾਂ ਬੀਜੇ ਜਾਣ। ਫੇਰ ਦੇਖਿਓ ਬੀ ਦੀ ਬਰਕਤ। ਪੀਬੀ 18 ਦਾ ਝਾੜ ਤਾਂ ਤੁਸੀਂ ਦੇਖ ਈ ਲਿਐ। ਇਹ ਨਿਕਲੂ ਕਿੱਲੇ ਦਾ ਪੰਜਾਹ ਮਣ। ਵੀਹ ਕਿੱਲੋ ਦਾ ਗੱਟੂ ਪੰਜਾਹਾਂ ਸੱਠਾਂ ਦਾ ਵਿਕੂ।" ਮੇਰੀਆਂ ਸ਼ੇਖਚਿਲੀਆਂ ਸੁਣ ਕੇ ਉਹ ਮੁਸਕਣੀਏਂ ਹੱਸੀ ਜਾਣ, "ਕਿਤੇ ਪਊਆ ਤਾਂ ਨੀ ਲਾਇਆ ਹੋਇਐ?" ਲਾਇਆ ਕਰਕੇ ਈ ਤਾਂ ਮੈਂ ਭੈਰਵੀ ਪੱਟੀ ਜਾਂਦਾ ਸਾਂ। ਉਹ ਮੇਰੀ ਗੱਲ ਮੰਨ ਗਏ।

ਅੱਧੀ ਰਾਤੇ ਅਸੀਂ ਟਰਾਲੀ ਤੋਰੀ। ਵਿਚ ਪੰਜ ਜਣੇ ਘਰ ਦੇ ਬੈਠੇ, ਪੰਜ ਦਿਹਾੜੀਏ ਲਏ ਤੇ ਪੰਜ ਖਾਣ ਪੀਣ ਵਾਲੇ ਬਿਠਾਏ। ਪਹੁਫੁਟਾਲੇ ਨਾਲ ਅਸੀਂ ਯੂਨੀਵਰਸਿਟੀ ਦੇ ਡੰਗਰ ਹਾਤੇ 'ਚ ਜਾ ਉਤਰੇ। ਉਥੇ ਰਾਤ ਦੀਆਂ ਹੀ ਲਾਈਨਾਂ ਲੱਗੀਆਂ ਹੋਈਆਂ ਸਨ। ਕਈ ਪਰਨੇ ਰੱਖ ਕੇ ਹੋਰ ਵੀ ਥਾਂ ਰੋਕੀ ਬੈਠੇ ਸਨ। ਡਾ. ਰੰਧਾਵੇ ਦੀ ਇਕ ਬੰਦਾ ਇਕ ਥੈਲੀ ਵਾਲੀ ਸਕੀਮ ਦਾ ਪਹਿਲਾਂ ਹੀ ਸਾਰੇ ਪੰਜਾਬ 'ਚ ਢੰਡੋਰਾ ਫਿਰ ਗਿਆ ਸੀ। ਸਾਥੋਂ ਪਹਿਲਾਂ ਈ ਬੰਦੇ 'ਤੇ ਬੰਦਾ ਚੜ੍ਹਿਆ ਪਿਆ ਸੀ। ਸਾਡੇ ਬੰਦੇ ਲਾਈਨ 'ਚ ਲੱਗਣ ਤੋਂ ਪਹਿਲਾਂ ਜੰਗਲ ਪਾਣੀ ਜਾਣਾ ਚਾਹੁੰਦੇ ਸਨ ਪਰ ਮੈਂ ਕਹਿ ਰਿਹਾ ਸਾਂ, "ਪਹਿਲਾਂ ਲਾਈਨ 'ਚ ਲੱਗੋ। ਲੱਗੋ ਜਿੰਨੀ ਛੇਤੀ ਲੱਗ ਹੁੰਦਾ। ਫੇਰ ਦੇਖ-ਲਾਂਗੇ ਜੰਗਲ ਪਾਣੀ ਵੀ। ਅੱਜ ਬੀ ਲੈਣ ਆਏ ਆਂ ਕਿ ਜੰਗਲ ਪਾਣੀ ਜਾਣ? ਰੋਕ ਲਓ ਜਿੰਨਾ ਚਿਰ ਰੁਕਦਾ। ਜਿਥੇ ਦਾਅ ਲੱਗਦਾ ਲਾਈਨ 'ਚ ਖੜ੍ਹ-ਜੋ, ਮੈਂ ਚਾਹ ਲੈ ਕੇ ਆਉਨਾਂ।"

ਮੇਰੇ ਚਾਹ ਲਿਆਉਂਦੇ ਨੂੰ ਉਹ ਜ਼ਿਲ੍ਹਾ ਲੁਧਿਆਣੇ ਦੀ ਲਾਈਨ 'ਚ ਲੱਗ ਗਏ ਜੋ ਕਾਫੀ ਲੰਮੀ ਸੀ। ਉਹਦੇ ਨਾਲ ਹੀ ਜ਼ਿਲ੍ਹਾ ਫਰੀਦਕੋਟ ਦੀ ਲਾਈਨ ਕੁਝ ਛੋਟੀ ਸੀ। ਮੈਂ ਸੋਚਿਆ, "ਏਥੇ ਕਿਹੜਾ ਕਿਸੇ ਦੇ ਮੂੰਹ 'ਤੇ ਲਿਖਿਆ ਬਈ ਕੋਈ ਕਿਹੜੇ ਪਿੰਡ ਦਾ? ਆਪਾਂ ਚਕਰ ਦੀ ਥਾਂ ਢੁੱਡੀਕੇ ਦਾ ਨਾਂ ਲੈ ਦਿਆਂਗੇ।" ਮੈਂ ਆਪਣੇ ਬੰਦਿਆਂ ਨੂੰ ਪਹਿਲਾਂ ਫਰੀਦਕੋਟ ਤੇ ਪਿੱਛੋਂ ਹੋਰ ਵੀ ਛੋਟੀ ਕਪੂਰਥਲੇ ਦੀ ਲਾਈਨ ਵਿਚ ਲਾ ਦਿੱਤਾ। ਨੌਂ ਵਜੇ ਹਾਤੇ ਦੀਆਂ ਤਾਕੀਆਂ ਖੁੱਲ੍ਹਣੀਆਂ ਤੇ ਪਰਚੀਆਂ ਕੱਟੀਆਂ ਜਾਣੀਆਂ ਸਨ। ਥੈਲੀਆਂ ਸਟੋਰ ਤੋਂ ਮਿਲਣੀਆਂ ਸਨ। ਭੀੜ ਲੋਹੜੇ ਦੀ ਸੀ। ਸਤੰਬਰ ਦਾ ਹੁੰਮਸ ਭਰਿਆ ਦਿਨ ਸੀ। ਡੰਗਰਾਂ ਵਾਲੇ ਹਾਤੇ 'ਚ ਹਰਾ ਇਨਕਲਾਬ ਲਿਆਉਣ ਵਾਲੇ ਅਾਂਗਹਵਧੂ ਕਿਸਾਨ ਡੰਗਰਾਂ ਵਾਂਗ ਹੀ ਡੱਕੇ ਹੋਏ ਸਨ। ਪੀਣ ਵਾਲੇ ਪਾਣੀ ਦਾ ਕੋਈ ਪ੍ਰਬੰਧ ਨਾ ਹੋਣ ਕਰਕੇ ਕਈ ਕਿਸਾਨ ਪਸ਼ੂਆਂ ਦੀ ਖੇਲ਼ 'ਚੋਂ ਪਾਣੀ ਪੀ ਰਹੇ ਸਨ। ਮੇਰਾ ਕੰਮ ਲਾਈਨਾਂ ਦਾ ਜਾਇਜ਼ਾ ਲੈਣਾ, ਆਪਣੇ ਬੰਦਿਆਂ ਨੂੰ ਚਾਹ ਪਾਣੀ ਪਿਆਉਣਾ ਤੇ ਬੀਜ ਹਾਸਲ ਕਰਨ ਦੀ ਕੋਈ ਚੋਰ ਮੋਰੀ ਲੱਭਣਾ ਸੀ।

ਸਿਤਮ ਦੀ ਗੱਲ ਇਹ ਹੋਈ ਕਿ ਤਾਕੀਆਂ ਖੁੱਲ੍ਹਣ ਤੋਂ ਘੰਟਾ ਪਹਿਲਾਂ ਹੀ ਲਾਈਨਾਂ 'ਚ ਧੱਕਾ ਪੈਣਾ ਸ਼ੁਰੂ ਹੋ ਗਿਆ। ਜਿਹੜੇ ਕਿਸਾਨ ਰਾਤੀਂ ਲਾਈਨਾਂ 'ਚ ਆ ਲੱਗੇ ਸਨ ਉਹ ਅਨੀਂਦਰੇ ਵੀ ਸਨ ਤੇ ਭੁੱਖੇ ਤਿਹਾਏ ਵੀ। ਉਨ੍ਹਾਂ ਨੂੰ ਜੰਗਲ ਪਾਣੀ ਦੀ ਵੀ ਹਾਜਤ ਸੀ। ਜਿਹੜੇ ਦਿਨ ਚੜ੍ਹੇ ਆਏ ਉਹ ਤਾਜ਼ਾ ਦਮ ਸਨ। ਅਸੀਂ ਵਿਚ-ਵਿਚਾਲੇ ਸਾਂ। ਤਾਜ਼ਾ ਦਮ ਬੰਦਿਆਂ ਨੂੰ ਧੱਕਾ ਪੁੱਗਦਾ ਸੀ। ਉਹ ਲਾਈਨਾਂ ਵਿਚ ਸਭ ਤੋਂ ਪਿੱਛੇ ਜੁ ਸਨ। ਉਹ 'ਕੱਠੇ ਹੋ ਕੇ ਜ਼ੋਰ ਦਾ ਧੱਕਾ ਮਾਰਦੇ ਜਿਸ ਨਾਲ ਬਾਰੀਆਂ ਮੂਹਰਲੇ ਬੰਦੇ ਬਾਹਰ ਜਾ ਡਿੱਗਦੇ। ਕਈ ਕਪੜੇ ਝਾੜ ਕੇ ਜੰਗਲ ਪਾਣੀ ਜਾਣ ਲਈ ਖੇਤਾਂ ਵੱਲ ਹੋ ਤੁਰਦੇ। ਕਈ ਮੁੜ ਲਾਈਨਾਂ 'ਚ ਲੱਗ ਜਾਂਦੇ। ਤਕੜੇ ਦਾ ਸੱਤੀਂ ਵੀਹੀਂ ਸੌ ਸੀ। ਸਾਡੇ ਬੰਦੇ ਧੱਕਮਧੱਕੇ 'ਚ ਲੁਧਿਆਣੇ ਵਾਲੀ ਲਾਈਨ 'ਚ ਕਾਫੀ ਮੂਹਰੇ ਆ ਗਏ ਸਨ ਤੇ ਪੈਰ ਜਮਾਈ ਖੜ੍ਹੇ ਸਨ। ਮੈਂ ਉਹਨਾਂ ਦੇ ਸਿਰੜ ਨੂੰ ਸ਼ਾਬਾਸ਼ੇ ਦਿੱਤੀ ਤੇ ਉਹਨਾਂ ਵਿਚ ਈ ਫਸ ਗਿਆ। ਪੱਗ ਉਤੋਂ ਦੀ ਠਾਠੀ ਬੰਨ੍ਹ ਲਈ ਬਈ ਆਪ ਭਾਵੇਂ ਡਿੱਗ ਪਈਏ ਪਰ ਪੱਗ ਨਾ ਡਿੱਗੇ!

ਜਦੋਂ ਧੱਕੇ ਰੁਕੇ ਈ ਨਾ ਤਾਂ ਘੋੜਿਆਂ ਵਾਲੀ ਪੁਲਿਸ ਮੰਗਾਈ ਗਈ। ਪੁਲਿਸ ਨੇ ਘੋੜੇ ਫੇਰ ਕੇ ਲਾਈਨਾਂ ਸਿੱਧੀਆਂ ਕੀਤੀਆਂ ਤਾਂ ਕਿਤੇ ਧੱਕੇ ਪੈਣੇ ਬੰਦ ਹੋਏ। ਜਿਥੇ ਮੈਂ ਅੜਿਆ ਖੜ੍ਹਾ ਸਾਂ ਮੇਰੇ ਬਰਾਬਰ ਹੀ ਨਾਲ ਦੀ ਲਾਈਨ ਵਿਚ ਇਕ ਬਜ਼ੁਰਗ ਫਸਿਆ ਖੜ੍ਹਾ ਸੀ। ਉਹ ਅੱਸੀ ਕੁ ਸਾਲਾਂ ਦਾ ਬਿਰਧ ਸੀ ਜਿਸ ਨੇ ਮੋਟੇ ਸ਼ੀਸ਼ਿਆਂ ਵਾਲੀ ਟੁੱਟੀ ਐਨਕ ਲਾਈ ਹੋਈ ਸੀ।



ਉਹਦੇ ਗੋਡੇ ਤੇ ਮੋਢੇ ਝੰਵੇ ਹੋਏ ਸਨ। ਉਸ ਨੇ ਦੱਸਿਆ 'ਕੇਰਾਂ ਉਹ ਵੀ ਧੱਕਿਆਂ ਨਾਲ ਡਿੱਗ ਪਿਆ ਸੀ ਪਰ ਹੌਸਲਾ ਕਰ ਕੇ ਫੇਰ ਲਾਈਨ 'ਚ ਆ ਲੱਗਾ ਸੀ। ਮੈਨੂੰ ਉਹਦੀ ਹਾਲਤ 'ਤੇ ਤਰਸ ਆ ਰਿਹਾ ਸੀ।

ਬਾਕੀ ਹਿਸਾ ਸਫਾ 60 ਤੇ ਪੜ੍ਹੋ

### 59 ਸਫ਼ੇ ਦੀ ਬਾਕੀ

ਮੈਂ ਖੜ੍ਹਾ-ਖੜ੍ਹਾ ਸੋਚਣ ਲੱਗਾ ਕਿ ਆਹ ਬਾਬਾ ਤਾਂ ਸਿਵਿਆਂ ਨੂੰ ਜਾਣ ਵਾਲਾ, ਇਹਨੇ ਨਵੇਂ ਬੀਜ ਦਾ ਕੀ ਕਰਨਾ? ਉਹਦੇ ਕਪੜੇ ਘਸਮੈਲੇ ਸਨ, ਜੁੱਤੀ ਗੰਢੀ ਹੋਈ, ਮੋਢੇ ਝੋਲਾ, ਦਾੜ੍ਹੀ ਉਲਝੀ ਤੇ ਜਟੂਰੀਆਂ ਪੱਗ 'ਚੋਂ ਬਾਹਰ ਨਿਕਲੀਆਂ ਹੋਈਆਂ ਸਨ। ਨੇੜੇ ਖੜ੍ਹੇ ਬੰਦੇ ਮਸ਼ਗੂਲੇ ਕਰ ਰਹੇ ਸਨ ਕਿ ਬੁੜ੍ਹੇ ਨੇ ਮੁੰਡੇ ਨੂੰ ਨੀ ਆਉਣ ਦਿੱਤਾ ਹੋਣਾ ਬਈ ਉਹਨੂੰ ਨਵੇਂ ਬੀ ਦਾ ਕੀ ਪਤਾ? ਨਾਲੇ ਕਹਿੰਦਾ ਹੋਊ ਬਈ ਮੁੰਡਾ ਬਾਹਲਾ ਖਰਚ ਕਰਦੂ। ਕੋਈ ਕਾਨਾਫੂਸੀ ਕਰਦਾ, "ਬਾਬੇ ਦਾ ਵੀ ਜੀ ਕਰਦਾ ਹੋਣਾ ਲੁਧਿਆਣੇ ਦੀ ਜ਼ਰੈਤੀ ਯੂਨੀਵਰਸਿਟੀ ਦੇਖਣ ਨੂੰ। ਲੈ ਲਵੇ ਸੁਆਦ ਹੁਣ ਯੂਨੀਵਰਸਿਟੀ ਦੇਖਣ ਦਾ!" ਪਰ ਮੈਨੂੰ ਬਾਬੇ ਦੀਆਂ ਅੱਖਾਂ 'ਚ ਬੇਵਸੀ ਦਿਸਦੀ ਸੀ।

ਉਦੋਂ ਈ ਪਤਾ ਲੱਗਾ ਜਦੋਂ ਫੇਰ ਜ਼ੋਰ ਦਾ ਧੱਕਾ ਪਿਆ। ਧੱਕੇ ਨਾਲ ਉਹ ਬਾਬਾ ਗੋਡਣੀਏਂ ਜਾ ਡਿੱਗਾ। ਉਹਦੀ ਐਨਕ ਵੀ ਡਿੱਗ ਪਈ। ਦਿਸਣਾ ਬੰਦ ਹੋ ਗਿਆ। ਉਸ ਨੇ ਭੁੰਜੇ ਹੱਥ ਫੇਰ ਕੇ ਐਨਕ ਲੱਭ ਲਈ ਤੇ ਪਰਨੇ ਨਾਲ ਪੂੰਝ ਕੇ ਅੱਖਾਂ ਉਤੇ ਫਿਰ ਲਾ ਲਈ। ਮੈਂ ਉਸ ਨੂੰ ਉਠਾਉਣ ਵਿਚ ਮਦਦ ਕੀਤੀ ਤਾਂ ਉਸ ਨੇ ਮੁੜ ਲਾਈਨ ਵਿਚ ਲੱਗਦਿਆਂ ਪੁੱਛਿਆ, "ਜੁਆਨਾਂ, ਫਰੀਦਕੋਟ ਆਲੀ ਲੈਨ ਏਹੋ ਈ ਐ ਨਾ?" ਮੈਂ ਆਖਿਆ, "ਲਾਈਨ ਤਾਂ ਬਾਬਾ ਏਹੋ ਐ ਪਰ ਮੈਨੂੰ ਨਹੀਂ ਲੱਗਦਾ ਤੁਸੀਂ ਸਿਰੇ ਲੱਗ ਸਕੋਂਗੇ। ਅਜੇ ਧੱਕੇ ਹੋਰ ਵੀ ਪੈਣਗੇ।" ਬਾਬਾ ਬੋਲਿਆ, "ਇਹ ਗੱਲ ਤੂੰ ਮੇਰੇ 'ਤੇ ਛੱਡ ਦੇ, ਧੱਕਿਆਂ ਨਾਲ ਨੀ ਮੈਂ ਲਈਦਾ, ਬੀ ਮੈਂ ਲੈ ਕੇ ਈ ਮੁੜੂੰ।" ਮੈਂ ਮਨ 'ਚ ਕਿਹਾ, "ਮੰਨ ਗਏ ਬਾਬਾ ਤੈਨੂੰ ਵੀ!"

ਘੋੜਿਆਂ ਵਾਲੀ ਪੁਲਿਸ ਦੇ ਹਟਣ ਦੀ ਦੇਰ ਸੀ ਕਿ ਭੀੜ 'ਚ ਫਿਰ ਆਪਾ ਧਾਪੀ ਪੈ ਗਈ। ਧੱਕਿਆਂ ਦੇ ਮਾਰੇ ਕਈ ਕਮਜ਼ੋਰ ਲਾਈਨਾਂ 'ਚੋਂ ਨਿਕਲ ਗਏ ਤੇ ਉਨ੍ਹਾਂ ਦੀ ਥਾਂ ਕਈ ਜ਼ੋਰਾਵਰ ਲਾਈਨਾਂ 'ਚ ਆ ਲੱਗੇ। ਬਾਰੀਆਂ ਦੀਆਂ ਤਾਕੀਆਂ ਖੁੱਲ੍ਹੀਆਂ ਤਾਂ ਕਈ ਪਰਚੀਆਂ ਲੈ ਗਏ ਤੇ ਕਈ ਰਹਿ ਗਏ। ਸਾਡੇ ਬੰਦਿਆਂ 'ਚੋਂ ਵੀ ਦਿਹਾੜੀਏ ਤੇ ਖਾਣ ਪੀਣ ਵਾਲੇ ਧੱਕੇ ਖਾ ਕੇ ਬਾਹਰ ਜਾ ਬੈਠੇ ਪਰ ਅਸੀਂ ਘਰ ਦੇ ਬੰਦੇ ਅੜੇ ਰਹੇ। ਮੈਂ ਪੰਜੇ ਥੈਲੀਆਂ ਸੰਭਾਲ ਲਈਆਂ ਤੇ ਨਾਲ ਦਿਆਂ ਨੂੰ ਮੁੜ ਲਾਈਨਾਂ 'ਚ ਲਾ ਦਿੱਤਾ। ਦੂਜਾ ਗੇੜਾ ਕਾਮਯਾਬ ਹੋਇਆ ਤਾਂ ਮੈਂ ਤੁਰਤ ਈ ਤੀਜਾ ਗੇੜਾ ਲਾਉਣ ਨੂੰ ਕਿਹਾ। ਗੇੜੇ ਲਾਉਣ ਵਾਲੇ ਮੁੜ੍ਹਕੋ ਮੁੜ੍ਹਕੀ ਹੋਏ ਪਏ ਸਨ ਤੇ ਹਾਜਤ ਨਾ ਜਾਣ ਕਰਕੇ ਉਨ੍ਹਾਂ ਦਾ ਹੋਰ ਵੀ ਬੁਰਾ ਹਾਲ ਸੀ। ਮੈਨੂੰ ਇਕ ਇਕ ਥੈਲੀ 'ਚੋਂ ਹਜ਼ਾਰ ਹਜ਼ਾਰ ਰੁਪਏ ਦਾ ਬੀਜ ਉਗਦਾ ਦਿਸ ਰਿਹਾ ਸੀ। ਮੇਰੇ ਭਰਾ ਫਿਰ ਲਾਈਨ ਵਿਚ ਜਾ ਲੱਗੇ। ਦਿਲ ਛੱਡੀ ਬੈਠੇ ਅਮਲੀ ਤੇ ਦਿਹਾੜੀਆਂ ਵੱਲ ਵੇਖ ਕੇ ਮੈਨੂੰ ਉਹ ਕਥਨ ਫਿਰ ਯਾਦ ਆ ਰਿਹਾ ਸੀ ਕਿ ਭਾੜੇ ਦੀਆਂ ਫੌਜਾਂ ਨਹੀਂ ਲੜਦੀਆਂ ਹੁੰਦੀਆਂ।

ਮੈਂ ਬੀਜ ਲੈਣ ਦੀ ਇਕ ਚੋਰ ਮੋਰੀ ਲੱਭ ਲਈ ਜਿਥੋਂ ਮਹਿੰਗੇ ਭਾਅ ਪੰਜ ਥੈਲੀਆਂ ਮਿਲੀਆਂ। ਪੰਦਰਾਂ ਥੈਲੀਆਂ ਧੱਕੇ ਖਾ ਕੇ ਹੱਥ ਆਈਆਂ। ਬਾਬੇ ਦਾ ਪਤਾ ਨਾ ਲੱਗਾ ਕਿ ਉਹ ਕੋਈ ਥੈਲੀ ਲੈ ਸਕਿਆ ਜਾਂ ਨਹੀਂ? ਕਿਤੇ ਦਿਸ ਪੈਂਦਾ ਤਾਂ ਇਕ ਥੈਲੀ ਜ਼ਰੂਰ ਉਸ ਨੂੰ ਦੇ ਦਿੰਦਾ ਤੇ ਉਸ ਦੇ ਸਿਰੜ ਨੂੰ ਸਲਾਮ ਆਖਦਾ। ਆਪੋ ਧਾਪੀ 'ਚ ਪਤਾ ਨਹੀਂ ਉਹ ਕਿਧਰ ਨਿਕਲ ਗਿਆ ਸੀ ਤੇ ਮੈਨੂੰ ਭੁੱਲ ਈ ਗਿਆ ਸੀ। ਮੁੜਦੇ ਹੋਏ ਅਸੀਂ ਉਨ੍ਹਾਂ ਖੇਤਾਂ ਬਾਰੇ ਚਰਚਾ ਕਰਦੇ ਆਏ ਜਿਨ੍ਹਾਂ ਵਿਚ ਇਹ ਨਵਾਂ ਬੀਜ ਬੀਜਣਾ ਸੀ। ਫਿਰ ਦੋ ਕਿੱਲੇ ਚਕਰ ਬੀਜੇ, ਇਕ ਕਿੱਲਾ ਦਿਆਲਪੁਰੇ ਤੇ ਦੋ ਥੈਲੀਆਂ ਮੈਂ ਕੋਠੇ ਫੁੱਲ ਹੋਰਾਂ ਨੂੰ ਬੀਜਣ ਲਈ ਦੇ ਆਇਆ। ਸਾਰੇ ਥਾਈਂ ਚੰਗਾ ਝਾੜ ਨਿਕਲਿਆ ਜਿਸ ਨਾਲ ਬੀਜ ਵੇਚਣ ਦੀਆਂ ਲਹਿਰਾਂ ਬਹਿਰਾਂ ਹੋ ਗਈਆਂ।

ਇਕ ਦਿਨ ਉਹੀ ਬਾਬਾ ਸਾਡੇ ਕੋਲੋਂ ਬੀਜ ਲੈਣ ਆ ਗਿਆ ਜਿਹੜਾ ਜ਼ਰਾਇਤੀ ਯੂਨੀਵਰਸਿਟੀ 'ਚ ਮਿਲਿਆ ਸੀ ਤੇ ਮੈਂ ਡਿੱਗੇ ਨੂੰ ਉਠਾਉਣ 'ਚ ਮਦਦ ਕੀਤੀ ਸੀ। ਉਹਦੇ ਉਹੀ ਘਸਮੈਲਾ ਜੋੜਾ ਜਾਮਾ, ਉਹੀ ਮੋਟੇ ਸ਼ੀਸ਼ਿਆਂ ਵਾਲੀ ਟੁੱਟੀ ਐਨਕ ਤੇ ਉਹੀ ਗੰਢੀ ਹੋਈ ਜੁੱਤੀ ਸੀ। ਉਵੇਂ ਜਿਵੇਂ ਉਹਦੀਆਂ ਜਟੂਰੀਆਂ ਪੱਗ 'ਚੋਂ ਬਾਹਰ ਝਾਕ ਰਹੀਆਂ ਸਨ। ਮੈਂ ਉਹਦਾ ਮੁਹਾਂਦਰਾ ਪਛਾਣਦਿਆਂ ਕਿਹਾ, "ਤੁਸੀਂ ਤਾਂ ਬਾਬਾ ਪਿਛਲੇ ਸਾਲ ਈ ਡਬਲਯੂ ਐੱਲ 711 ਦਾ ਬੀ ਲੈ ਆਏ ਸੀ...।"

ਉਹ ਵਿਚੋਂ ਈ ਬੋਲਿਆ, "ਪਿਛਲੇ ਸਾਲ ਮੈਂ ਹੱਠ ਤਾਂ ਬਥੇਰਾ ਕੀਤਾ ਪਰ ਬੁੱਢਾ ਸਰੀਰ ਧੱਕੇ ਨਾ ਝੱਲ ਸਕਿਆ। ਧੱਕਿਆਂ 'ਚ ਮੇਰਾ ਝੋਲਾ ਵੀ ਗੁਆਚ ਗਿਆ ਜੀਹਦੇ 'ਚ ਬੀ ਜੋਗੇ ਪੈਸੇ ਸੀ। ਜ਼ੋਰ ਤਾਂ ਬਥੇਰਾ ਲਾਇਆ ਪਰ ਮੈਂ ਬੀ ਨੀ ਲੈ ਸਕਿਆ। ਹੁਣ ਜਦੋਂ ਫੇਰ ਯੂਨੀਵਰਸਿਟੀ ਨੇ ਨਵਾਂ ਬੀ ਕੱਢਿਆ ਤਾਂ ਉਹ ਜਰੂਰ ਲੈ ਕੇ ਰਹੂੰ, ਭਾਵੇਂ ਜਾਨ ਜਾਂਦੀ ਰਹੇ!"

ਉਚਾਟ ਹੁੰਦੀਆਂ ਨੀਂਦਾਂ 'ਚੋਂ ਮੈਂ ਅੱਜ ਵੀ ਸੋਚਦਾਂ, ਹਰਾ ਇਨਕਲਾਬ ਸੁੱਤੇ ਪਿਆਂ ਨਹੀਂ ਸੀ ਆਇਆ। ਲੁੱਟੇ-ਪੁੱਟੇ ਜਾਂਦੇ ਕਿਸਾਨ ਮੋਰਚੇ ਐਵੇਂ ਨਹੀਂ ਲਾਉਂਦੇ।

ਬੁੱਢੇ-ਵਾਰੇ ਜੂਝਦਾ ਉਹ ਬਾਬਾ ਮੇਰੇ ਮਨ 'ਤੇ ਹੈਮਿੰਗਵੇ ਦੇ ਨਾਵਲ 'ਬੁੱਢਾ ਤੇ ਸਮੁੰਦਰ' ਦੇ ਨਾਇਕ ਵਾਂਗ ਲੰਮਾ ਸਮਾਂ ਛਾਇਆ ਰਿਹਾ। ਫਿਰ ਉਸ ਬਾਬੇ ਬਾਰੇ ਮੈਂ ਕਹਾਣੀ ਲਿਖੀ ਜੀਹਦਾ ਨਾਂ 'ਬੁੱਢਾ ਤੇ ਬੀਜ' ਰੱਖਿਆ ਅਤੇ ਉਹ 'ਆਰਸੀ' ਵਿਚ ਛਪੀ। ਬਾਅਦ ਵਿਚ ਉਸ ਕਹਾਣੀ ਬਾਰੇ ਵਰਿਆਮ ਸਿੰਘ ਸੰਧੂ ਦੀ ਟਿੱਪਣੀ ਛਪੀ: 'ਬੁੱਢਾ ਤੇ ਬੀਜ' ਉਸ ਸਿਰੜੀ, ਸਿਦਕੀ, ਸਬਰ-ਸਬੂਰੀ ਵਾਲੇ ਸੰਘਰਸ਼ਸ਼ੀਲ ਪੰਜਾਬੀ ਦੀ ਸਦਾ ਚੇਤਿਆਂ 'ਚ ਵਸ ਜਾਣ ਵਾਲੀ ਦਾਸਤਾਨ ਹੈ ਜਿਹੜਾ ਹਾਲਾਤ ਅੱਗੇ ਕਦੀ ਵੀ ਹਾਰ ਨਹੀਂ ਮੰਨਦਾ; ਜੋ ਵਾਰ ਵਾਰ ਡਿੱਗ ਕੇ ਮੁੜ ਉੱਠਦਾ ਹੈ ਤੇ ਹਰੇਕ ਅਸਾਵੀਂ ਤੇ ਅਣਸੁਖਾਵੀਂ ਸਥਿਤੀ ਵਿਚ ਹਰ ਵਾਰ ਨਵੀਂ ਲੜਾਈ ਲੜਨ ਲਈ ਤਿਆਰ ਰਹਿੰਦਾ ਹੈ।

*principalsarwansingh@gmail.com*

* * * * *

## ਨਸ਼ੇ ਦੇ ਵਡੇ ਸਮਗਲਰ ਪਿਓ-ਪੁੱਤ ਗ੍ਰਿਫਤਾਰ, ਨਸ਼ਾ ਤੇ ਹਥਿਆਰ ਬਰਾਮਦ



ਅੰਮ੍ਰਿਤਸਰ-ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਮੰਗਲਵਾਰ ਨੂੰ ਇੱਥੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਚੱਲ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੌਰਾਨ ਇੱਕ ਵੱਡੀ ਸਫਲਤਾ ਵਿੱਚ, ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਇੱਕ ਵਿਅਕਤੀ ਅਮੋਲਕ ਸਿੰਘ ਅਤੇ ਉਸਦੇ ਪੁੱਤਰ ਮਹਾਂਬੀਰ ਸਿੰਘ ਗ੍ਰਿਫ਼ਤਾਰ ਕੀਤਾ ਹੈ, ਜਿਸਨੂੰ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਵਿੱਚ ਵੱਡੀ ਮੱਛੀ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਵੱਡੀ ਮਾਤਰਾ 'ਚ ਹੈਰੋਇਨ ਤੇ ਡਰੱਗ ਮਨੀ ਬਰਾਮਦ ਕੀਤੀ ਹੈ। ਦੋਵੇਂ ਤਰਨਤਾਰਨ ਦੇ ਪਿੰਡ ਠੱਠਾ ਦੇ ਵਸਨੀਕ ਹਨ। ਨਸ਼ੀਲੇ ਪਦਾਰਥਾਂ ਦੀ ਮਨੀ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ ਜਾਅਲੀ ਹਥਿਆਰ ਲਾਇਸੈਂਸ, ਦੋ ਹਥਿਆਰ - ਇੱਕ .30 ਬੋਰ ਪਿਸਤੌਲ ਦੇ ਨਾਲ-ਨਾਲ ਦੋ ਮੈਗਜ਼ੀਨ ਅਤੇ 15 ਕਾਰਤੂਸ ਅਤੇ ਇੱਕ .306 ਸਿੰਗਲ ਬੈਰਲ ਸਪਰਿੰਗਫੀਲਡ ਰਾਈਫਲ ਦੇ ਨਾਲ-ਨਾਲ ਪੰਜ ਕਾਰਤੂਸ ਵੀ ਬਰਾਮਦ ਕੀਤੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੀ ਟੋਇਟਾ ਕੋਰੋਲਾ ਕਾਰ ਨੂੰ ਜ਼ਬਤ ਕੀਤਾ ਹੈ। ਸੀਪੀ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਵੇਂ ਮੁਲਜ਼ਮਾਂ ਦੀਆਂ ਰਾਜ ਦੇ ਅੰਦਰ ਅਤੇ ਬਾਹਰ ਕਈ ਜਾਇਦਾਦਾਂ ਸਨ, ਅਤੇ ਉਹ ਗ੍ਰਿਫ਼ਤਾਰੀ ਤੋਂ ਬਚਣ ਲਈ ਅਕਸਰ ਆਪਣੇ ਘਰ ਬਦਲਦੇ ਰਹਿੰਦੇ ਸਨ। ਉਨ੍ਹਾਂ ਅੱਗੇ ਕਿਹਾ ਕਿ ਹੋਰ ਜਾਂਚ ਜਾਰੀ ਹੈ।

## ਕੈਨੇਡਾ ਜਾਣ ਵਾਲੇ ਪੰਜਾਬੀਆਂ ਲਈ ਵਧੀਆਂ ਮੁਸ਼ਕਲਾਂ

### ✪ ਵੀਜ਼ਾ ਨਾਲ ਸਬੰਧਤ ਨਿਯਮਾਂ ਨੂੰ ਹੋਰ ਸਖ਼ਤ ਕੀਤਾ

ਟਰਾਂਟੋ-ਪੰਜਾਬੀਆਂ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਕੈਨੇਡਾ ਵਿਚ ਵੀਜ਼ਾ ਨਾਲ ਸਬੰਧਤ ਨਿਯਮਾਂ ਨੂੰ ਹੋਰ ਸਖ਼ਤ ਕਰ ਦਿੱਤਾ ਗਿਆ ਹੈ, ਜਿਸ ਕਾਰਨ ਪੰਜਾਬ ਸਮੇਤ ਪੂਰੇ ਭਾਰਤ ਦੇ ਕਰੋੜਾਂ ਲੋਕ ਪ੍ਰਭਾਵਿਤ ਹੋਣਗੇ। ਜ਼ਿਆਦਾਤਰ, ਇਹ ਸਟੱਡੀ ਵੀਜ਼ਾ 'ਤੇ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰੇਗਾ। ਦੱਸ ਦਈਏ ਕਿ ਨਵੇਂ ਸਖ਼ਤ ਨਿਯਮ ਲਾਗੂ ਹੋਣ ਤੋਂ ਬਾਅਦ, ਉਨ੍ਹਾਂ ਦੇ ਪਰਮਿਟ ਰੱਦ ਕੀਤੇ ਜਾ ਰਹੇ ਹਨ। ਸਟੱਡੀ ਵੀਜ਼ਾ 'ਤੇ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਵਿੱਚੋਂ 35-40 ਪ੍ਰਤੀਸ਼ਤ ਭਾਰਤੀ ਹੁੰਦੇ ਹਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਵੀ ਸ਼ਾਮਲ ਹਨ। ਕੈਨੇਡਾ ਵਿੱਚ ਲਾਗੂ ਕੀਤੇ ਗਏ ਨਵੇਂ ਨਿਯਮਾਂ ਅਨੁਸਾਰ, ਹੁਣ ਸਰਹੱਦੀ ਅਤੇ ਇਮੀਗ੍ਰੇਸ਼ਨ ਅਧਿਕਾਰੀ ਸਟੱਡੀ ਵੀਜ਼ਾ ਅਤੇ ਵਰਕ ਪਰਮਿਟ ਵਰਗੇ ਅਸਥਾਈ ਰਿਹਾਇਸ਼ੀ ਵੀਜ਼ੇ ਰੱਦ ਕਰ ਸਕਦੇ ਹਨ। ਨਵੇਂ ਨਿਯਮਾਂ ਅਨੁਸਾਰ, ਜੇਕਰ ਕੋਈ ਵਿਦਿਆਰਥੀ ਕੰਮ ਜਾਂ ਅਧਿਐਨ ਵੀਜ਼ਾ ਦੇਣ ਤੋਂ ਇਨਕਾਰ ਕਰਦਾ ਹੈ, ਤਾਂ ਉਸਦੇ ਇਮੀਗ੍ਰੇਸ਼ਨ ਪੇਪਰ ਰੱਦ ਕਰ ਦਿੱਤੇ ਜਾਣਗੇ। ਇਸ ਤੋਂ ਇਲਾਵਾ ਜੇਕਰ ਕਿਸੇ ਵਿਦਿਆਰਥੀ ਦਾ ਸਟੱਡੀ ਪਰਮਿਟ ਰੱਦ ਹੋ ਜਾਂਦਾ ਹੈ, ਤਾਂ ਉਸਨੂੰ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵਰਕ ਪਰਮਿਟ ਪ੍ਰਾਪਤ ਕਰਨ ਵਿੱਚ ਵੀ ਮੁਸ਼ਕਲ ਆਵੇਗੀ। ਇਹ ਧਿਆਨ ਦੇਣ ਯੋਗ ਹੈ ਕਿ ਜਾਅਲੀ ਦਸਤਾਵੇਜ਼ਾਂ, ਗਲਤ ਜਾਣਕਾਰੀ ਅਤੇ ਅਪਰਾਧਿਕ ਰਿਕਾਰਡ ਵਾਲੇ ਲੋਕਾਂ ਵਿਰੁੱਧ ਵੀਜ਼ੇ ਰੱਦ ਕਰਨ ਦੀ ਕਾਰਵਾਈ ਕੀਤੀ ਜਾਵੇਗੀ।

**Tail Piece**

## CENTRE SHALL HELP PUNJAB IN ROOTING OUT DRUG-SMUGGLING- AMIT SHAH HOME MINISTER



Drugg-smuggling has become an international trade and very bigpeople have adopted this line at international level. The biggestpopulated country has become a Mandi for this trade and Pakistan isused as gate-way. Pakistan cannot deny that even its forces arehelping the international smugglers to locate doors for entry intoIndia.

Punjab being the first state from this side f through which theseitems are supplied to other parts of India and therefore, youths ofPunjab are the first hit lot because of frustration. The presentgovernment started locating big traders and even their propertiesraised because of this trade and attatched those properties. Even theChief minister Punjab Mr. Bhagwant Maan declared that Punjab shall befree from the smuggling of drugs within three months. This statementfrom Home Minister shall help and forces on borders from the side ofCentre shall ensure no entry of drugs from this ide.

Since drugg-smuggling is an international trade, world-levelagencies must identify the countries who are producing these items mutbe identified and directed to close down such units because health ofworld level is at danger point.

Dalip Singh Wasan, Advofate,